# ਗਰੀਬ ਬਨਾਮ ਭਾਰਤੀ ਅਰਥਚਾਰਾ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ.**

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

**ਗਰੀਬ ਬਨਾਮ ਭਾਰਤੀ ਅਰਥਚਾਰਾ**

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।

ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2013

© ਲੇਖਕ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲੇਜ ਰੋਡ, ਬਰਨਾਲਾ-148101

ਫ਼ੋਨ : 01679-241744, 233244 ਫ਼ੈਕਸ : 241744

Email : tarksheel@gmail.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **100/-**

---

*© 2013 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
   ਭਾਗ-1 ਭਾਗ-2
   ਭਾਗ-3 ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ
15. ਮੌਜੂਦਾ ਵਿਕਾਸ ਬਨਾਮ ਮੇਹਨਤਕਸ਼
16. ਪੂੰਜੀਵਾਦ ਦਾ ਵਿਨਾਸ਼ ਜਰੂਰੀ
17. ਕਟਹਿਰੇ ’ਚ ਰਾਜਨੀਤੀ
18. ਦਾਗੀ ਰਾਜਨੀਤੀ ਦੇ ਨਾਇਕ
19. ਆਲਮੀ ਤਪਸ਼ ਤੇ ਮਹਿੰਗਾਈ
20. ਸ਼ੀਸ਼ਾ ਬੋਲਦਾ ਹੈ
21. ਸ਼ਬਦ ਬੂੰਦ
22. ਨੰਗੇ ਹਰਫ਼
23. ਭ੍ਰਿਸ਼ਟਾਚਾਰ ਦਾ ਖਾਤਮਾ ਕਿਵੇਂ?
24. ਪਛੜੇ ਵਰਗ ਦੀ ਮੁਕਤੀ ਕਿਵੇਂ?
25. ਕੌਮਾਂਤਰੀ ਸਮੱਸਿਆਵਾਂ
26. ਔਰਤਾਂ ਦੀ ਦਸ਼ਾ ਤੇ ਦਿਸ਼ਾ
27. ਮਾਓਵਾਦੀ ਵਿਚਾਰਧਾਰਾ ਤੇ ਆਦਿਵਾਸੀ
28. ਭ੍ਰਿਸ਼ਟਾਚਾਰ ਤੇ ਹੋਰ ਭਖਦੇ ਮਸਲੇ
29. ਫਾਂਸੀ, ਦੰਗੇ ਤੇ ਹੋਰ ਕੌਮੀ ਮਸਲੇ
30. ਬਿਮਾਰੀਆਂ ਤੋਂ ਬਚਾਅ ਕਿਵੇਂ?
31. ਗਰੀਬ ਬਨਾਮ ਭਾਰਤੀ ਅਰਥਚਾਰਾ
32. ਓਸਾਮਾ ਜਾਂ ਓਬਾਮਾ ਅੱਤਵਾਦੀ ਕੌਣ?

# ਤਤਕਰਾ


ਕੀ ਮੇਹਨਤ ਹੀ ਅੱਗੇ ਵਧਣ ਦਾ ਇਕੋ ਇਕ ਸਾਧਨ ਹੈ? 5
ਕੀ ਜਗੀਰਦਾਰਾਂ ਦੀ ਰਖਵਾਲੀ ਕਰਦੀ ਹੈ ਸਰਕਾਰ? 7
ਕੀ ਹੋਇਆ ਮੰਡੀਲਾ ਗੈਸਕਾਂਚ 'ਚ? 9
ਕੀ ਅਪਰਾਧ ਦੀ ਜੰਜ਼ੀਰਾਂ 'ਚ ਜਕੜੀ ਹੈ ਦਿੱਲੀ? 11
ਵਿਕਾਸ ਕਰਦਾ ਭਾਰਤ ਪਰ ਕਿਸ ਦਾ? 14
ਉਚ ਸਿਖਿਆ ਸੰਸਥਾਵਾਂ 'ਚ ਜਾਤੀ ਮਤਭੇਦ ਕਿਉਂ? 16
ਕੁਦਰਤ ਦੇ ਵਿਨਾਸ਼ 'ਤੇ ਕਾਹਦਾ ਵਿਕਾਸ? 19
ਕੀ ਦੋ ਵਕਤ ਦੀ ਰੋਟੀ ਲਈ ਮੋਹਤਾਜ ਹੈ ਜਨਤਾ? 21
ਰਾਜਸਥਾਨ 'ਚ ਬੱਚੇ ਜੋ ਗੁੰਮ ਹੋਏ, ਉਹ ਕਿਥੇ ਗਏ? 24
ਭਾਰਤ ਵਿਚ ਭੁੱਖਮਰੀ ਤੇ ਭੁੱਖਮਾਰੀ ਦੀ ਰਾਜਨੀਤੀ 26
ਮਸੌਦਾ ਕੌਮੀ ਦਵਾ ਮੁੱਲ ਨਿਰਧਾਰਣ ਨੀਤੀ-2011 31
ਸਿਨੇਮਾ ਬਨਾਮ ਔਰਤ ਦੀ ਸਮਾਜੀ ਭੂਮਿਕਾ 35
ਨਸ਼ਿਆਂ 'ਚ ਡੁੱਬੀ ਪੰਜਾਬ ਦੀ ਜੁਆਨੀ ਕਿਧਰ ਨੂੰ? 43
ਕੀ ਕੌਮੀ ਮੈਨੂਫੈਕਚਰਿੰਗ ਨੀਤੀ ਲੁੱਟ ਦਾ ਦਸਤਾਵੇਜ ਹੈ? 45
ਕੀ ਸੀ ਡਾ. ਭੀਮ ਰਾਓ ਅੰਬੇਦਕਰ ਤੇ ਉਹਨਾਂ ਦੀ ਵਿਚਾਰਧਾਰਾ? 50
ਕੀ ਹੈ ਗੁੜਗਾਉ ਦੇ ਹੈਲਥ ਕੇਅਰ ਮਜ਼ਦੂਰਾਂ ਦੀ ਹੜਤਾਲ ਤੇ ਸਥਿਤੀ? 55
ਪੈਰਿਸ ਕਮਿਊਨ (ਪਹਿਲਾ ਮਜ਼ਦੂਰ ਰਾਜ) ਦੀ ਸ਼ੁਰੂਆਤ ਹੋਈ ਕਿਵੇਂ? 60
ਜਹਾਜ਼ ਤੋੜਨ ਵਾਲੇ ਮਜ਼ਦੂਰ ਮੌਤ ਦੇ ਕੰਢੇ ਕਿਵੇਂ? 64
ਦਿੱਲੀ ਦੀ ਬਦਾਮ ਸਨਅਤ 'ਚ ਮਜ਼ਦੂਰਾਂ ਦੀ ਹੁੰਦੀ ਲੁੱਟ ਕਿਵੇਂ? 68
ਅਨਾਥ ਆਸ਼ਰਮ ਬਨਾਮ ਲੁੱਟ ਜ਼ਬਰ ਦੇ ਅੱਡੇ 74
ਕੀ ਕੌਮੀ ਔਰਤ ਕਮਿਸ਼ਨ ਇਕ ਦਿਖਾਵਟੀ ਸੰਸਥਾ ਹੀ ਹੈ? 77
ਖੇਤੀ ਪ੍ਰਸੰਗ ਤੇ ਪੈਦਾਵਾਰ ਦੇ ਵੱਖ-ਵੱਖ ਪਹਿਲੂ 79
ਵਿਚੋਲਿਆਂ ਦਾ ਭਾਰਤੀ ਕਿਸਾਨਾਂ ਦੀ ਗਰੀਬੀ 'ਚ ਰੋਲ 91
ਅਨਾਜ ਸੁਰਖਿਆ-ਸੱਟੇਬਾਜ਼ਾਂ ਦੇ ਚੁੰਗਲ ਵਿਚ 94
ਮੌਜੂਦਾ ਸੰਕਟ ਬਨਾਮ ਲੋਕ ਸੰਘਰਸ਼ 98
ਭਾਰਤ 'ਚ ਗਰੀਬੀ ਰੇਖਾ ਤਹਿ ਕਰਨ ਦਾ ਅਰਥ ਸਾਸ਼ਤਰ ਤੇ ਰਾਜਨੀਤੀ 109
ਗਰੀਬਾਂ ਦੀ ਅਸਲੀ ਸਥਿਤੀ ਕੀ ਹੈ? ਇਕ ਤਿਰਛੀ ਨਜ਼ਰ 115
ਕੀ ਚਿੰਤਾ ਕਿਸਾਨ ਦੀ ਨਹੀਂ, ਉਸ ਦੀ ਜ਼ਮੀਨ ਹੜੱਪਣ ਦੀ ਹੈ? 117
ਔਰਤ-ਮਰਦ ਦੀ ਬਰਾਬਰੀ ਦੀ ਕੀਮਤ ਕੀ ਹੋਵੇਗੀ? 120
ਬਿਹਾਰ ਦੇ ਪਿੰਡਾਂ 'ਚ ਲੁੱਟ-ਘਸੁੱਟ ਦੇ ਤੌਰ ਤਰੀਕੇ ਹਨ ਕੀ? 124
ਬੱਚਿਆਂ ਦੀ ਮੰਡੀ ਦਾ ਕਿਵੇਂ ਫੈਲਦਾ ਹੈ ਵਪਾਰ? 134
ਵਾਧੂ ਅਨਾਜ ਦੇ ਬਾਵਜੂਦ ਭੁਖਮਰੀ ਤੇ ਕੁਪੋਸ਼ਣ ਕਿਉਂ? 137
ਐਫ-ਵਨ ਰੇਸ ਮੇਹਨਤਕਸ਼ਾਂ ਨਾਲ ਇਕ ਭੱਦਾ ਮਜ਼ਾਕ? 142
ਮੁਨਾਫੇ ਦੀ ਹਵਸ਼ ਦਾ ਸ਼ਿਕਾਰ ਹੁੰਦੇ ਮਜ਼ਦੂਰ 144
ਸਿੱਖਿਆ ਅਧਿਕਾਰ ਦਾ ਛੁਨਛਨਾ? 147
ਕੀ ਆਨਰ ਕਿਲਿੰਗ- ਇਕ ਗੈਰ ਮਨੁਖੀ ਕਾਨੂੰਨ ਹੈ? 151
ਕੀ ਹੈ ਵਿਸ਼ਵੀਕਰਣ ਦੀ ਦੁਨੀਆਂ ਦਾ ਭੇਦ? 154
ਮਿੰਨੀ ਕਹਾਣੀ / ਚੌਕਸੀ ਠਾਣੇਦਾਰ ਦੀ 160

# ਕੀ ਮੇਹਨਤ ਹੀ ਅੱਗੇ ਵਧਣ ਦਾ ਇਕੋ ਇਕ ਸਾਧਨ ਹੈ?

ਇਧਰ ਟਾਟਾ ਆਪਣੀ ਸਟੀਲ ਤੇ ਆਪਣੇ ਮੁੱਲਾਂ ਦਾ ਮਿਲਕੇ ਪ੍ਰਚਾਰ ਕਰ ਰਿਹਾ ਹੈ। ਇਹ ਪ੍ਰਚਾਰ ਪ੍ਰਿੰਟ ਮੀਡੀਆ ਵਿਚ ਤਾਂ ਹੋ ਹੀ ਰਿਹਾ ਹੈ ਪਰ ਟੀ. ਵੀ. 'ਤੇ ਕੁਝ ਜ਼ਿਆਦਾ ਹੀ ਜੋਰ ਸ਼ੋਰ ਨਾਲ ਹੋ ਰਿਹਾ ਹੈ। ਇਕ ਇਸ਼ਤਿਹਾਰ 'ਚ ਪਹਿਲੀ ਭਾਰਤ ਔਰਤ ਐਵਰੇਸਟ ਵਿਜੇਤਾ ਬਸ਼ੇਂਦਰੀ ਪਾਲ ਉਤਰਾਖੰਡ ਦੇ ਆਪਣੇ ਪਿੰਡ ਮਾਣਾ ਦੇ ਕੋਲ ਲਪਕਦੀ ਹੋਈ ਨਜ਼ਰ ਆਉਂਦੀ ਹੈ ਅਤੇ ਉਹ ਅੱਗੇ ਵਧਣ ਦਾ ਮੰਤਰ ਵੀ ਸਿਖਾਉਂਦੀ ਹੈ ਕਿ ਜੇ ਅਸੀਂ ਕੋਸ਼ਿਸ਼ ਕਰੀਏ ਤਾਂ ਸਭ ਕੁਝ ਕਰ ਸਕਦੇ ਹਾਂ। ਬਸ਼ੇਂਦਰੀ ਟਾਟਾ ਸਟੀਲ ਐਂਡਵੇਂਟਿਅਰ ਫਾਊਂਡੇਸ਼ਨ ਲਈ ਕੰਮ ਕਰਦੀ ਹੈ। ਵੈਸੇ ਸਰਮਾਏਦਾਰੀ ਵਾਰ-ਵਾਰ ਇਹ ਕਹਿਣ ਦੀ ਕੋਸ਼ਿਸ਼ ਕਰਦੀ ਹੈ ਕਿ ਜੇ ਤੁਸੀਂ ਕੋਸ਼ਿਸ਼ ਕਰੋਗੇ ਤਾਂ ਤੁਹਾਡਾ ਅੱਗੇ ਵਧਣਾ ਨਿਸ਼ਚਿਤ ਹੈ। ਸਾਡੇ ਸਮਾਜ 'ਚ ਪ੍ਰਗਤੀ ਦਾ ਸਿਰਫ਼ ਇਕ ਹੀ ਮੰਤਰ ਹੈ, ਉਹ ਹੈ ਮੇਹਨਤਾ ਨਿਸਚੈ ਹੀ ਇਹ ਮੰਤਰ ਪੂੰਜੀਵਾਦ ਤੇ ਪੂੰਜੀਪਤੀਆਂ ਲਈ ਸਭ ਤੋਂ ਵੱਧ ਮੁਫੀਦ ਹੈ। ਮਿਹਨਤ ਦਾ ਮੰਤਰ ਕਿਸੇ ਵੀ ਤਰ੍ਹਾਂ ਦੀ ਅਸਫਲਤਾ ਲਈ ਪੂਰੀ ਤਰ੍ਹਾਂ ਆਪ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਇਹ ਅਖੌਤੀ ਸਫਲਤਾ-ਅਸਫਲਤਾ ਦੇ ਸਮਾਜਕ ਕਾਰਨਾਂ 'ਚ ਨਹੀਂ ਜਾਂਦਾ। ਇਹ ਵੀ ਨਹੀਂ ਦਸਦਾ ਕਿ ਬੰਦੇ ਦੀ ਆਪਣੀ ਸੀਮਤਾਈ ਹੈ। ਮੇਹਨਤ ਦੇ ਨਾਲ ਹੋਰ ਹਾਲਾਤ ਵੀ ਆਪਣੇ ਅਨਕੂਲ ਹੋਣੇ ਚਾਹੀਦੇ ਹਨ ਨਹੀਂ ਤਾਂ ਮਿਹਨਤ ਇਕ ਅਰਥਹੀਣ ਕਵਾਇਤ 'ਚ ਬਦਲ ਜਾਂਦੀ ਹੈ। ਇਹ ਮੰਤਰ ਕੁਲ ਮਿਲਾਕੇ ਇਕ ਅਨੁਸਾਸ਼ਿਤ ਮੇਹਨਤੀ ਕਿਰਤੀ ਜਮਾਤ ਪੈਦਾ ਕਰਦਾ ਹੈ ਤੇ ਉਸ ਦੀਆਂ ਔਲਾਦਾਂ ਲਈ ਉਹੀ ਸੁਪਨਾ ਛਡਦਾ ਹੈ ਜਿਸ ਨੂੰ ਉਸ ਦੇ ਮਾਂ ਬਾਪੂ ਨੂੰ ਉਪਯੋਗੀ ਬਣਾਇਆ ਸੀ।

ਟਾਟਾ ਸਟੀਲ ਦੇ ਤਜੱਸਵੀ ਪ੍ਰੋਗ੍ਰਾਮ ਦਾ ਦੂਜਾ ਪੋਸਟਰ ਵਿਅਕਤਿਤਵ ਆਦੀਵਾਸੀ ਜਾਂ ਦਲਿਤ ਵਰਗੀ ਨਜ਼ਰ ਆਉਣ ਵਾਲੀ ਔਰਤ ਆਸ਼ਾ ਹੰਸ ਦਾ ਹੈ। ਇਹ ਦਸਦੀ ਹੈ ਕਿ ਕਿਸ ਤਰ੍ਹਾਂ ਨਾਲ ਟਾਟਾ ਸਨਅਤ ਨੇ ਘਰੇਲੂ ਔਰਤ ਤੋਂ ਡਰਾਈਵਰ ਬਣਾਇਆ ਤੇ ਹੁਣ ਉਹ ਕਿੰਨੀ ਸੰਤੁਸ਼ਟ ਹੈ। ਤੀਜੇ ਇਸ਼ਤਿਹਾਰ 'ਚ ਤੀਰ ਅੰਦਾਜ਼ ਦੀਪਿਕਾ ਕੁਮਾਰੀ ਹੈ। ਜੋ ਕਹਿੰਦੀ ਹੈ ਕਿ ਕਿਸ ਥਾਂ ਤੋਂ ਟਾਟਾ ਸਟੀਲ ਨੇ ਉਹਨਾਂ 'ਚ ਸਵੈ-ਵਿਸਵਾਸ਼ ਭਰਿਆ ਇਸ ਲਈ ਉਹਨਾਂ ਨੂੰ ਹੁਣ ਲਗਦਾ ਹੈ ਕਿ "ਜ਼ਿੰਦਗੀ 'ਚ ਕੁਝ ਵੀ ਕਰਨਾ ਮੁਸ਼ਕਲ ਨਹੀਂ ਹੈ, ਮਨ 'ਚ ਵਿਸਵਾਸ਼ ਹੋਵੇ ਤਾਂ ਚੰਦ 'ਤੇ ਵੀ ਜਾਇਆ ਜਾ ਸਕਦਾ ਹੈ।" ਇਸ ਤੋਂ ਇਲਾਵਾ ਇਕ ਹੋਰ ਧਿਆਨ ਖਿਚਣ ਵਾਲਾ ਇਸ਼ਤਿਹਾਰ ਹੈ। ਕੀ ਸਾਡੇ ਆਰ. ਐਡ. ਡੀ. ਪ੍ਰਮੁੱਖ ਸਾਡੇ ਬੱਚਿਆਂ ਦੇ ਭਵਿੱਖ ਬਾਰੇ ਸੋਚਦੇ ਹਨ? ਇਕ ਮੁਸਕਰਾਉਂਦੇ ਯੋਗੀਪੀ ਦੀ ਤਸਵੀਰ ਨਾਲ ਸਜੇ ਇਸ ਇਸ਼ਤਿਹਾਰ 'ਚ ਅੱਗੇ ਕਿਹਾ ਗਿਆ ਹੈ; "ਕਿਉਂਕਿ ਮਾਰਕ ਬੀ ਡੇ ਨਿਸ ਇਸਪਾਤ ਨੂੰ ਵੱਧ ਊਰਜਾ ਦਕਸ਼, ਵਾਤਾਵਰਣ ਸੰਵੇਦਨ ਢੰਗਾਂ ਨਾਲ ਉਤਪਾਦਿਤ ਕਰਨ ਲਈ ਵਚਨਬੱਧ ਹੈ।" ਹਰ ਇਸ਼ਤਿਹਾਰ ਦੇ ਪਿੱਛੋਂ ਟਾਟਾ ਦੇ ਜਾਣੇ ਪਹਿਚਾਣੇ ਟ੍ਰੇਡ ਮਾਰਕ ਤੋਂ ਪਿੱਛੋਂ ਸੁਨੇਹਾ

ਆਉਂਦਾ ਹੈ ਕਿ "ਵੈਲਯੂ ਆਫ ਸਟੀਲ" ਉਰਫ 'ਇਸਪਾਤ ਤੋਂ ਵੀ ਮਜ਼ਬੂਤ ਸਾਡੇ ਅਸੂਲ' ਇਸ਼ਤਿਹਾਰ ਦੀ ਦੁਨੀਆਂ ਦੇ ਮਾਹਰ ਉਨ੍ਹਾਂ ਨੂੰ ਸਮਾਜਕ ਮਹੱਤਵ ਦੇ ਇਸ਼ਤਿਹਾਰ ਦਸਦੇ ਹਨ। ਕੀ ਨਿੱਜੀ ਖੇਤਰ ਦੇ ਇਸ਼ਤਿਹਾਰ 'ਚ ਕੋਈ ਖ਼ਾਸ ਗੱਲ ਅਜੇਹੀ ਵੀ ਹੁੰਦੀ ਹੈ ਜੋ ਸਿਰਫ ਸਮਾਜਕ ਹਿੱਤ ਲਈ ਹੋਵੇ?

ਸੁਆਲ ਹੈ ਕਿ ਆਖਰ ਟਾਟਾ ਨੂੰ ਅਚਾਨਕ ਆਪਣੇ ਮੁੱਲ ਦਸਣ ਦੀ ਕਿਉਂ ਲੋੜ ਪੈ ਗਈ। ਟਾਟਾ ਨੂੰ ਤਾਂ ਦੇਸ਼ ਦਾ ਸਭ ਤੋਂ ਇਮਾਨਦਾਰ ਉਦਯੋਗਪਤੀ ਮੰਨਿਆ ਜਾਂਦਾ ਸੀ। ਇਕ ਬਾਰਗੀ ਨੂੰ ਦੇਸ਼ ਇਹ ਮੰਨ ਸਕਦਾ ਹੈ ਕਿ ਇਸ ਦਾ ਇਸਪਾਤ ਕੰਮਜ਼ੋਰ ਹੋਵੇਗਾ ਪਰ ਉਸ ਦੇ ਅਸੂਲ? ਉਹ ਕਿਵੇਂ ਕੰਮਜ਼ੋਰ ਹੋ ਸਕਦੇ ਹਨ? ਅਸਲ 'ਚ 2-ਜੀ ਸਪੈਕਟਰਮ ਕਾਂਡ ਨੇ ਯੂ. ਪੀ. ਏ. ਸਰਕਾਰ ਦਾ ਸਾਰਾ ਨੈਤਿਕ ਆਧਾਰ ਹੀ ਖ਼ਤਮ ਨਹੀਂ ਕੀਤਾ ਹੈ ਬਲਕਿ ਉਸ ਦਾ ਇਕ ਕੈਬਨਿਟ ਮੰਤਰੀ ਜੇਹਲ 'ਚ ਹੈ ਅਤੇ ਦੂਜਾ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਹੈ। ਭਾਰਤੀ ਸਨਅਤਕਾਰਾਂ ਦੇ ਅਸਲੀ ਕਿਰਦਾਰ ਨੂੰ ਵੀ ਸਪਸ਼ਟ ਕਰ ਦਿੱਤਾ ਹੈ। ਦੇਸ਼ ਦੇ ਸਭ ਤੋਂ ਵੱਡੇ ਉਦਯੋਗ ਰਿਲਾਇੰਸ ਦੀ 'ਇਮਾਨਦਾਰੀ' ਦੇ ਪਿਛੋਕੜ ਨੂੰ ਕੌਣ ਨਹੀਂ ਜਾਣਦਾ ਪਰ ਇਸ ਵਾਰੀ ਤਾਂ ਟਾਟਾ ਨੂੰ ਵੀ ਆਪਣੀ ਦਿਖ ਬਚਾਉਣੀ ਮਹਿੰਗੀ ਪੈ ਗਈ ਹੈ। ਐਨਡੀਏ ਦੌਰਾਨ ਬੀ. ਐਸ. ਐਨ. ਐਲ. ਦੇ ਅਪਨਿਵੇਸ ਦੇ ਕੇਸ 'ਚ ਕਿਸ ਤਰ੍ਹਾਂ ਨਾਲ ਰਾਤੋਰਾਤ ਹਜ਼ਾਰਾਂ ਕਰੋੜ ਕਮਾਇਆ ਸੀ ਤੇ ਇਹ ਕੋਈ ਲੁਕੀ ਹੋਈ ਗੱਲ ਨਹੀਂ ਹੈ। ਨਿਸ਼ਚੈ ਹੀ ਇਹ ਪੈਸਾ ਅਖੌਤੀ ਇਸਪਾਤੀ ਅਸੂਲਾਂ ਰਾਹੀਂ ਕਮਾਇਆ ਗਿਆ ਸੀ।

2-ਜੀ ਸਪੈਕਟਰਮ ਮਾਮਲੇ 'ਚ ਟਾਟਾ ਨੇ ਰਾਡੀਆਂ ਦੀ ਜਿਸ ਤਰ੍ਹਾਂ ਵਰਤੋਂ ਕੀਤੀ ਸੀ, ਇਹ ਨਵਾਂ ਹੀ ਰਿਕਾਰਡ ਹੈ। ਟਾਟਾ ਰਾਡੀਆ ਦੀ ਪੀ ਆਰ ਅਤੇ ਲਾਇਜਾਂ ਫਰਮ ਨੂੰ ਸਲਾਨਾ 60 ਕਰੋੜ ਰੁਪਏ ਕਿਉਂ ਉਂਜ ਹੀ ਦਿੰਦਾ ਸੀ/ਹੈ? ਕਲਾਲੀ ਤੇ ਫਿਕਸਿੰਗ ਉਦਾਰੀਕਰਨ ਦੇ ਦੌਰ ਦੇ ਆਪਣੇ ਤਰੀਕੇ ਤੇ ਅਸੂਲ ਹਨ। ਇਸ ਦੀ ਮਜ਼ਬੂਤੀ ਨਾਲ ਅਸੂਲਾਂ ਦੀ ਮਜ਼ਬੂਤੀ ਟੱਕਰ ਨਹੀਂ ਲੈ ਸਕਦੀ। ਨਿਸ਼ਚੈ ਹੀ ਟਾਟਾ ਦੀ ਮੈਨੇਂਜਮੈਂਟ ਜਾਣਦੀ ਹੈ ਕਿ ਪੈਸਾ ਕਮਾਉਣ ਲਈ ਇਕ ਈਮਾਨਦਾਰੀ ਦਿੱਖ ਦਾ ਹੋਣਾ ਜ਼ਰੂਰੀ ਹੈ। ਬਾਜ਼ਾਰ 'ਚ ਅੱਜ ਤਕ ਉਸ ਦੀ ਦਿੱਖ ਉਸ ਦੇ ਮਾਲ ਤੋਂ ਵੱਧ ਉਸ ਦੀ ਈਮਾਨਦਾਰ ਦਿਖ ਲਈ ਬਣੀ ਹੋਈ ਸੀ। ਯਾਨੀ ਇਕ ਸਫਲ ਵਪਾਰੀ/ਸਨਅਤਕਾਰ ਹੋਣ ਦੇ ਅਸੂਲਾਂ ਨੂੰ ਮੰਨਣ ਤੋਂ ਵੱਧ ਉਹਨਾਂ ਤੇ ਚਰਚਾ ਕਰਨੀ ਜ਼ਰੂਰੀ ਹੁੰਦੀ ਹੈ ਅਤੇ ਟਾਟਾ ਉਹੀ ਕਰ ਰਿਹਾ ਹੈ। ਬਹੁਤ ਸੰਭਵ ਹੈ। ਉਸ ਨੂੰ ਇਹ ਉਸ ਦੀ ਸਲਾਹਕਾਰ ਪੀ. ਆਰ. ਫਰਮ (ਰਾਡੀਆ ਕੀ?) ਨੇ ਦੱਸਿਆ ਹੋਵੇਗਾ ਠੀਕ ਉਸੇ ਤਰ੍ਹਾਂ ਜਿਵੇਂ ਮੈਡ੍ਰੋਕ ਨੂੰ ਉਸ ਦੀ ਪੀ. ਆਰ. ਓ. ਫਰਮ ਨੇ ਸਮਝਾਇਆ ਸੀ ਕਿ ਉਹ ਬ੍ਰਿਟਿਸ਼ ਪਾਰਲੀਮੈਂਟ ਦੇ ਸਾਹਮਣੇ ਬੇਸਹਾਰਾ ਬਜ਼ੁਰਗ ਵਜੋਂ ਆਪਣੇ ਆਪ ਨੂੰ ਪੇਸ਼ ਕਰੇ ਜਿਸ ਨਾਲ ਲੋਕਾਂ ਦੀ ਹਮਦਰਦੀ ਬਟੋਰੀ ਜਾ ਸਕੇ। ਉਹੀ ਹਮਦਰਦੀ ਜਿਸ ਦੀ ਦੁਰਵਰਤੋਂ ਕਰਨ 'ਚ ਉਸ ਦੇ ਅਖਬਾਰ ਮਾਹਰ ਹਨ ਜਾਂ ਘਟੋ ਘੱਟ ਬੰਦ ਹੋਇਆ ਅਖਬਾਰ 'ਨਿਊਜ ਆਫ ਦਾ ਵਰਲਡ' ਤਾਂ ਸੀ ਹੀ।

# ਕੀ ਜਗੀਰਦਾਰਾਂ ਦੀ ਰਖਵਾਲੀ ਕਰਦੀ ਹੈ ਸਰਕਾਰ?

ਰਾਜਸਥਾਨ ਸਰਕਾਰ ਭੂਮੀ ਸੁਧਾਰ ਕਾਨੂੰਨ 'ਚ ਸੋਧ ਕਰ ਰਹੀ ਹੈ ਤਾਂ ਕਿ ਉਸਨੂੰ 500 ਕਰੋੜ ਰੁਪਏ ਦੀ 12000 ਏਕੜ ਖੇਤੀਯੋਗ ਜਮੀਨ ਦੇ ਨਾਲ 84 ਸਾਬਕਾ ਜਗੀਰਦਾਰਾਂ (ਜਮੀਨ ਦੇ ਮਾਲਕਾਂ) ਨੂੰ ਮੁਆਵਜਾ ਨਾ ਦੇਣਾ ਪਵੇ। ਕੈਬਨਿਟ ਨੇ ਹਰ ਜਾਗੀਰਦਾਰ ਲਈ 18 ਏਕੜ ਜਮੀਨ ਦੀ ਹੱਦ ਬੰਨ ਦਿੱਤੀ ਹੈ। ਜਿਸ ਨੂੰ ਜੈ ਸਿਲਮੇਰ ਦੇ ਰੇਗਿਸਤਾਨੀ ਇਲਾਕੇ 'ਚ ਅਲਾਟ ਕੀਤਾ ਜਾਵੇਗਾ। ਇਸ ਕੰਮ 'ਚ ਰਾਜ ਦੇ ਇਕ ਕਰੋੜ ਰੁਪਏ ਖਰਚ ਆਉਣਗੇ। ਮੰਨਿਆ ਜਾ ਰਿਹਾ ਹੈ ਕਿ ਰਾਜਸਥਾਨ ਭੂਮੀ ਸੁਧਾਰ ਤੇ ਜਾਗੀਰਾਂ ਤੋਂ ਦੁਬਾਰਾ ਕਬਜੇ ਕਰਨ ਦੇ 1952 ਦੇ ਕਾਨੂੰਨ 'ਚ ਸੋਧ ਕਰਕੇ ਮੁਖ ਮੰਤਰੀ ਅਸ਼ੋਕ ਗਲਹੋਤ ਖੁਦ ਨੂੰ ਸਮਾਜਕ ਨਿਆਂ ਦਾ ਮਸੀਹਾ ਦਰਸਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਜਗੀਰਦਾਰਾਂ ਨੂੰ ਮੁਆਵਜਾ ਦੇਣ ਦੀ ਵਿਵਸਥਾ 1950 ਦੇ ਦਹਾਕੇ 'ਚ ਸ਼ਾਮਲ ਕੀਤੀ ਗਈ ਸੀ ਤਦ ਸਰਕਾਰ ਨੂੰ ਲੱਗਿਆ ਕਿ 'ਆਜਾਦੀ' ਪਿਛੋਂ ਜਾਗੀਰਾਂ ਨੂੰ ਜਬਤ ਕਰਨ ਦੀ ਆਪਾ ਧਾਪੀ 'ਚ ਕਈ ਭੌਂਇ ਮਾਲਕ ਬਹੁਤ ਘੱਟ ਜਮੀਨ ਜਾਂ ਬੇਜ਼ਮੀਨੇ ਰਹਿ ਗਏ, ਰਾਜ ਸਰਕਾਰ ਨੇ ਸ਼ੁਰੂ ਦੇ ਸਾਲਾਂ 'ਚ ਉਹਨਾਂ ਨੂੰ ਹਜ਼ਾਰਾਂ ਏਕੜ ਜ਼ਮੀਨ ਅਲਾਟ ਕੀਤੀ ਗਈ, ਪਰ ਹੁਣ ਉਸ ਦਾ ਕਹਿਣਾ ਹੈ ਕਿ ਬਾਕੀ ਬਚੇ 84 ਜਗੀਰਦਾਰਾਂ ਨੂੰ ਦੇਣ ਲਈ ਉਹਨਾਂ ਪਾਸ ਜ਼ਮੀਨ ਨਹੀਂ ਹੈ। ਗਲਹੋਤ ਸਾਬਕਾ ਮੁਖ ਮੰਤਰੀ ਅਤੇ ਧੋਲਪੁਰ ਦੀ ਉਸ ਵੇਲੇ ਦੀ ਮਹਾਂਰਾਨੀ ਵਸੁੰਦਰ ਰਾਜੇ ਨਾਲ ਟਕਰਣ ਦੀ ਤਿਆਰੀ ਕਰ ਰਹੇ ਹਨ।

1967 ਪਿਛੋਂ ਸਰਕਾਰ ਨੇ ਜ਼ਮੀਨ ਦੀ ਅਲਾਟਮੈਂਟ ਇਹ ਕਹਿੰਦਿਆਂ ਰੋਕ ਦਿੱਤੀ ਸੀ ਕਿ ਜਗੀਰਦਾਰ ਜ਼ਮੀਨ ਲੈਣ ਲਈ ਗਲਤ ਤਰੀਕੇ ਵਰਤ ਰਹੇ ਹਨ। ਕਿਸਾਨਾਂ ਅਨਸੂਚਿਤ ਜਾਤੀਆਂ ਤੇ ਜਨ-ਜਾਤੀਆਂ ਨੂੰ ਉਹਨਾਂ ਦੇ ਅਧਿਕਾਰਾਂ ਤੋਂ ਬੇਦਖਲ ਕਰ ਰਹੇ ਹਨ। ਸਰਕਾਰ ਜ਼ਮੀਨ ਇਸ ਲਈ ਵੀ ਨਹੀਂ ਦੇਣਾ ਚਾਹੁੰਦੀ ਕਿਉਂਕਿ ਉਹਨਾਂ ਪਾਸ ਆਪਣੀ ਵਰਤੋਂ ਲਈ ਬਹੁਤ ਘਟ ਜ਼ਮੀਨ ਹੈ। ਅਦਾਲਤ ਪਿਛੋਂ ਜਗੀਰਦਾਰਾਂ ਦੇ ਦਾਅਵਿਆਂ ਨੂੰ ਮੰਨਣ ਲੱਗੀਆਂ ਜਿਸ ਨਾਲ ਗਲੋਹਤ ਤੇ ਮੁਖ ਮੰਤਰੀ ਦੇ ਰੂਪ ਵਿੱਚ ਉਹਨਾਂ ਦੇ 2002 ਦੇ ਕਾਰਜਕਾਲ 'ਚ ਜਮੀਨ ਅਲਾਟ ਕਰਨ ਦਾ ਦਬਾਅ ਪਿਆ ਪਰ ਜਮੀਨ ਸਿਰਫ਼ ਜੈਸਲਮੇਰ 'ਚ ਹੀ ਦਿੱਤੀ ਗਈ ਜਦ ਅਦਾਲਤਾਂ ਨੇ ਇਸ ਆਦੇਸ਼ ਨੂੰ ਖਾਰਿਜ ਕਰ ਦਿੱਤਾ ਤਾਂ ਰਾਜੇ ਦੀ ਸਰਕਾਰ ਨੇ ਕੁਝ ਅੱਛੀਆਂ ਥਾਵਾਂ ਵਿੱਚ ਕੁਝ ਜਾਗੀਰਦਾਰਾਂ ਨੂੰ ਜਮੀਨ ਅਲਾਟ ਕਰ ਦਿੱਤੀ ਜਿਸ ਪਿੱਛੋਂ ਕਈ ਸਾਬਕਾ ਭੋਇੰ ਮਾਲਕ ਅਦਾਲਤਾਂ 'ਚ ਚਲੇ ਗਏ, 2008 'ਚ ਸੱਤਾ 'ਚ ਵਾਪਸੀ ਪਿਛੋਂ ਗਲੋਹਤ ਨੇ ਭੂਮੀ ਸੁਧਾਰ ਕਾਨੂੰਨ 'ਚ ਸੋਧ ਕਰਨ ਦਾ ਫੈਸਲਾ ਕੀਤਾ। ਰਾਜਸਵ ਦੇ ਪ੍ਰਧਾਨ ਸਕੱਤਰ ਬੀ ਐਲ ਆਰੀਆ ਦਾ ਕਹਿਣਾ ਹੈ ਕਿ ਸੋਧ ਨਾਲ ਉਹਨਾਂ ਝਮੇਲਿਆਂ ਨੂੰ ਹੱਲ ਕਰਨ 'ਚ ਮਦਦ ਮਿਲੇਗੀ ਜੋ ਖੋਹੀ ਗਈ ਜਮੀਨ ਦੀ ਮਾਤਰਾ ਬਾਰੇ ਸਬੂਤਾਂ ਦੀ ਘਾਟ 'ਚ ਪੈਦਾ ਹੋਏ। ਉਹਨਾਂ ਦੱਸਿਆ "ਸਰਕਾਰ ਨੇ ਵਿਅਕਤੀਗਤ ਅਧਿਕਾਰਾਂ ਦੀ ਤੁਲਨਾ 'ਚ ਜਨਹਿਤ ਦਾ ਪੱਖ ਲਿਆ ਹੈ। ਮਾਲੀਆ ਮੰਤਰੀ ਹੇਮਰਾਜ ਚੌਧਰੀ ਨੇ ਕਿਹਾ "ਇਹ ਮੁੱਦਾ ਹੌਲੀ-ਹੌਲੀ ਵੱਡਾ ਹੋ ਰਿਹਾ ਹੈ।

ਦਾਅਵੇਦਾਰਾਂ ਵਲੋਂ ਜਬਰਦਸਤ ਦਬਾਅ ਹੈ ਅਤੇ ਮੌਜੂਦਾ ਕਾਨੂੰਨਾਂ ਮੁਤਾਬਕ ਜ਼ਮੀਨ ਅਲਾਟ ਕਰਾਉਣ ਲਈ ਦਾਅਵੇਦਾਰ ਵੱਡੀ ਰਿਸ਼ਵਤ ਦੇਣ ਦੀ ਪੇਸ਼ਕਸ ਕਰ ਰਹੇ ਹਨ ਪਰ ਸਾਡੇ ਪਾਸ ਜੋ ਕੁਝ ਹੈ ਅਸੀਂ ਉਹਨਾਂ ਨੂੰ ਨਹੀਂ ਦੇ ਸਕਦੇ। ਸਾਡੇ ਪਾਸ ਲੋੜੀਂਦੀ ਜ਼ਮੀਨ ਹੀ ਨਹੀਂ ਹੈ।" ਦੱਸਿਆ ਜਾਂਦਾ ਹੈ ਕਿ ਕਈ ਜਾਗੀਰਦਾਰਾਂ ਨੇ ਸੋਧ ਰੱਖੇ ਜਾਣ ਤੋਂ ਪਹਿਲਾਂ ਕੀਮਤੀ ਜ਼ਮੀਨ ਲਈ ਅਧਿਕਾਰੀਆਂ ਨਾਲ ਮਿਲੀ ਭੁਗਤ ਕਰਨ ਲਈ ਦਲਾਲਾਂ ਦੀ ਮਦਦ ਲਈ ਹੈ। ਪ੍ਰਸਤਾਵਿਤ ਸੋਧ ਵਿੱਚ ਜ਼ਮੀਨ ਦੀ ਅਲਾਟ ਮੈਂਟ ਇੰਦਰਾ ਗਾਂਧੀ ਨਹਿਰ ਦੇ ਦੂਜੇ ਪੜਾਅ ਦੇ ਖੇਤਰ ਜੈਸਲਮੇਰ 'ਚ ਨੱਚਣਾ ਅਤੇ ਮੋਹਨਗੜ ਰੇਗਿਸਤਾਨ ਲਈ ਸੀਮਤ ਕਰ ਦਿੱਤਾ ਸੀ। ਜਿੱਥੇ ਉਪਜਾਊ ਜ਼ਮੀਨ ਘੱਟ ਹੈ। ਸਾਬਕਾ ਭੋਇੰ ਮਾਲਕਾਂ ਨੂੰ ਵੀ ਮੁਸ਼ਕਲ ਦੌਰ 'ਚੋਂ ਲੰਘਣਾ ਪੈ ਰਿਹਾ ਹੈ। 88 ਸਾਲ ਦੀ ਮੁਸਾਵਾਰੂ ਨਿਸਾ ਇਕ ਟੁੱਟੀ ਫੁੱਟੀ ਹਵੇਲੀ 'ਚ ਰਹਿੰਦੀ ਹੈ। ਜੋ ਉਹਨਾਂ ਦੇ ਭਾਈ ਤੇ ਟੋਂਕ ਦੇ ਆਖਰੀ ਨਵਾਬ ਸਵਰਗੀ ਮੁਹੰਮਦ ਇਸਮਾਇਲ ਅਲੀ ਖਾਨ ਦੀ ਹੈ। ਉਹਨਾਂ ਦੀ 1974 'ਚ ਮੌਤ ਹੋ ਗਈ ਸੀ। ਉਹਨਾਂ ਦਾ ਕੋਈ ਵਾਰਿਸ ਨਹੀਂ ਸੀ ਉਹਨਾਂ ਨੇ ਮੁਸਵਾਰੂਨਿਸਾ ਦੇ ਬੇਟੇ ਅਜੀਜ-ਉਲ-ਹੱਕ ਨੂੰ ਬਤੌਰ ਆਪਣੇ ਵਾਰਿਸ ਗੋਦ ਲਿਆ ਸੀ। ਜੋ ਹੁਣ 59 ਸਾਲਾਂ ਦੇ ਹਨ।

ਸਰਕਾਰ ਉਹਨਾਂ ਦੀ ਕਬਜੇ ਹੇਠ ਕੀਤੀ ਗਈ 5400 ਏਕੜ ਜ਼ਮੀਨ ਬਦਲੇ 308 ਏਕੜ ਜ਼ਮੀਨ ਦੇਣ ਲਈ ਤਿਆਰ ਹੋ ਗਈ ਸੀ। ਹੁਣ ਤੱਕ ਉਸ ਨੇ ਉਹਨਾਂ ਦੀ ਸਿਰਫ਼ 54 ਏਕੜ ਜ਼ਮੀਨ ਹੀ ਵਾਪਸ ਕੀਤੀ ਹੈ। ਅਜੀਜ-ਉਲ-ਹੱਕ ਨੂੰ ਉਮੀਦ ਸੀ ਕਿ ਉਸ ਨੇ 200 ਏਕੜ ਜ਼ਮੀਨ ਜੈਪੁਰ ਦੇ ਕੋਟਪੁਤਲੀ ਇਲਾਕੇ 'ਚ ਕਿਸੇ ਅੱਛੀ ਥਾਂ ਮਿਲੇਗੀ। ਉਹਨਾਂ ਨੇ ਸਰਕਾਰ ਦਾ ਪ੍ਰਸਤਾਵ ਨਾ-ਮਨਜ਼ੂਰ ਕਰਦਿਆ ਕਿਹਾ "ਅਸੀਂ ਅਮੀਰ ਨਹੀਂ ਹਾਂ ਅਤੇ ਰੇਗਿਸਤਾਨ 'ਚ ਜ਼ਮੀਨ ਦੇ ਏਨੇ ਛੋਟੇ ਟੁਕੜੇ ਲਈ ਨਹੀਂ ਜਾ ਸਕਦੇ" 74 ਸਾਲਾ ਸੇਵਾਮੁਕਤ ਪਟਵਾਰੀ ਗਿਰਵਰਦਨ ਚਰਣ ਨੂੰ ਜੈਪੂਰ ਤੋਂ 52 ਕਿਲੋਮੀਟਰ ਦੂਰ ਬਿਸ਼ਨਪੁਰਾ ਪਿੰਡ 'ਚ ਉਹਨਾਂ ਦੇ ਪੁਰਖਿਆਂ ਦੀ ਜਾਗੀਰ ਬਦਲੇ 42 ਏਕੜ ਜ਼ਮੀਨ ਨਹੀਂ ਮਿਲ ਸਕੀ। ਚਰਣ ਨੇ ਆਪਣੀ ਖਸਤਾਹਾਲ ਹਵੇਲੀ ਵੱਲ ਦੇਖਦਿਆ ਆਖਿਆ 'ਸਾਡੀ ਜਾਇਦਾਦ ਨੇ ਸਰਕਾਰ ਦੀ ਨੀਂਹ ਰੱਖੀ ਪਰ ਸਾਨੂੰ ਕਿਸੇ ਪਾਸੇ ਦਾ ਨਹੀਂ ਛੱਡਿਆ ਗਿਆ।" ਉਹ ਚਾਹੁੰਦੇ ਹਨ ਕਿ ਸਰਕਾਰ ਉਹਨਾਂ ਨੂੰ ਪੈਸੇ ਵਜੋਂ ਮੁਆਵਜਾ ਤੇ ਵਿਕਸਤ ਜ਼ਮੀਨ 'ਚ ਹਿੱਸਾ ਦੇਵੇ। ਸਹਿਕਾਰਿਤਾ ਵਿਭਾਗ ਤੋਂ ਨਿਰਖਕ ਵਜੋਂ ਰਾਇਟਰਡ 77 ਸਾਲ ਇਗਰਾਮ ਅਲੀ ਜੈਪੁਰ 'ਚ ਚਾਰ ਦਰਵਾਜਾ ਸਥਿਤ ਹਵੇਲੀ 'ਚ ਰਹਿੰਦੇ ਹਨ। ਉਹਨਾਂ ਨੂੰ ਉਹਨਾਂ ਦੇ 62 ਏਕੜ ਦੇ ਦਾਅਵੇ ਦੇ ਬਾਵਜੂਦ ਕੋਈ ਮੁਆਵਜਾ ਨਹੀਂ ਮਿਲਿਆ ਜਿਸ ਬਾਰੇ ਉਹਨਾਂ ਦਾ ਕਹਿਣਾ ਹੈ ਕਿ ਜ਼ਮੀਨ ਉਹਨਾਂ ਨੂੰ 20 ਕਿ. ਮੀ. ਦੂਰ ਮਾਨਪੁਰਾ 'ਚ ਅਲਾਟ ਕੀਤੀ ਗਈ ਸੀ। ਭੂਮੀ ਸੁਧਾਰ ਕਾਨੂੰਨ 'ਚ ਸੋਧ ਇਹਨਾਂ ਭੂਮੀਹੀਣ ਜਾਗੀਰਦਾਰਾਂ ਦੇ ਦਹਾਕਿਆਂ ਪੁਰਾਨੇ ਸੰਘਰਸ਼ ਨੂੰ ਇਕ ਹੋਰ ਧੱਕਾ ਹੈ ਜੋ ਆਪਣੀ ਜਮੀਨ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ।

# ਕੀ ਹੋਇਆ ਮੰਡੀਲਾ ਗੈਸਕਾਂਚ 'ਚ?

ਮੁਨਾਫ਼ੇ ਦੀ ਅੰਨੀ ਹਵਸ਼ ਵਾਰ-ਵਾਰ ਮੇਹਨਤਕਸ਼ਾਂ ਨੂੰ ਆਪਣਾ ਸ਼ਿਕਾਰ ਬਣਾਉਂਦੀ ਰਹਿੰਦੀ ਹੈ। ਇਸ ਦੀ ਇਕ ਤਾਜਾ ਮਿਸਾਲ ਮੰਡੀਲਾ (ਹਰਦੋਈ) ਸਨਅਤੀ ਖੇਤਰ 'ਚ ਸਥਿਤ 'ਅਮਿਤ ਹਾਈਡ੍ਰੋਕੇਮ ਲੈਬਸ ਇੰਡੀਆ ਪ੍ਰਾ: ਲਿਮਟਿਡ' 'ਚ ਹੋਇਆ ਗੈਸਰਸਾਅ। ਇਸ ਫੈਕਟਰੀ 'ਚੋਂ ਫਾਸਜੀਨ ਗੈਸ ਦਾ ਰਿਸਾਅ ਹੋਇਆ ਜੋ ਕਿ ਇਕ ਪਾਬੰਦੀ ਸੁਦਾ ਗੈਸ ਹੈ। ਇਸ ਗੈਸ ਦਾ ਪ੍ਰਭਾਵ ਫੈਕਟਰੀ ਦੇ ਆਸ ਪਾਸ 600 ਮੀਟਰ ਤੋਂ ਵੱਧ ਖੇਤਰ 'ਚ ਫੈਲ ਗਿਆ। ਪ੍ਰਭਾਵ ਏਨਾ ਘਾਤਕ ਸੀ ਕਿ ਪੰਜ ਬੰਦਿਆਂ ਤੇ ਦਰਜਨਾਂ ਪਸ਼ੂਆਂ ਦੀ ਮੌਤ ਹੋ ਗਈ ਅਤੇ ਅਨੇਕਾ ਬੰਦੇ ਹਸਪਤਾਲ 'ਚ ਗੰਭੀਰ ਸਥਿਤੀ 'ਚ ਦਾਖਲ ਹੋਏ। ਇਸ ਘਟਨਾ ਦੇ ਅਗਲੇ ਦਿਨ ਇਸ ਫੈਕਟਰੀ 'ਚ ਰਸਾਇਣ ਨਾਲ ਭਰਿਆ ਇਕ ਜਾਰ ਫਟ ਗਿਆ, ਜਿਸ ਨਾਲ ਗੈਸ ਦਾ ਰਸਾਅ ਹੋਰ ਤੇਜ਼ ਹੋ ਗਿਆ। ਕਿਸੇ ਵੱਡੀ ਘਟਨਾ ਦੇ ਡਰ ਨੂੰ ਵੇਖਦਿਆਂ ਪੂਰੇ ਸਨਅਤੀ ਖੇਤਰ ਨੂੰ ਹੀ ਖਾਲੀ ਕਰਵਾ ਲਿਆ ਗਿਆ। ਇਸ ਫੈਕਟਰੀ 'ਚ ਕੈਂਸਰ ਰੋਧੀ ਮੈਟੀਰੀਅਲ ਬਣਾਉਣ ਦੇ ਬਹਾਨੇ ਮੌਤ ਦੀ ਖੇਡ ਖੇਡੀ ਜਾ ਰਹੀ ਸੀ। ਇਸ ਤਰ੍ਹਾਂ ਦੇ ਅਨੇਕਾਂ ਹੋਰ ਉਦਯੋਗ ਹਨ ਜਿਹਨਾਂ 'ਤੇ ਨਜਾਇਜ਼ ਤੌਰ 'ਤੇ ਜ਼ਿੰਦਗੀ ਲਈ ਖ਼ਤਰਨਾਕ ਰਸਾਇਣਾਂ ਨੂੰ ਤਿਆਰ ਕੀਤਾ ਜਾਂਦਾ ਹੈ। ਭਾਰਤ ਵਰਗੇ ਪਿਛੜੇ ਦੇਸ਼ਾਂ 'ਚ ਸਨਅਤੀ ਪੈਦਾਵਾਰ ਲਈ ਅਜੇਹੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜੋ ਵਿਕਸਤ ਦੇਸ਼ਾਂ 'ਚ ਪਾਬੰਦੀ ਸ਼ੁਧਾ ਹਨ। ਸਨਅਤੀ ਪੈਦਾਵਾਰ ਦੀ ਅਧੁਨਿਕ ਤਕਨੀਕ ਤੇ ਪੈਦਾਵਾਰ ਦਾ ਅਮਲ ਜੋ ਮਨੁੱਖੀ ਜ਼ਿੰਦਗੀ ਲਈ ਸੁਰੱਖਿਅਤ ਹੁੰਦਾ ਹੈ, ਮਹਿੰਗਾ ਪੈਂਦਾ ਹੈ। ਇਸ ਲਈ ਭਾਰਤ ਵਰਗੇ ਦੇਸ਼ਾਂ ਵਿੱਚ ਪਿਛੜੀਆਂ ਪੈਦਾਵਾਰੀ ਤਕਨੀਕਾਂ ਤੇ ਅਮਲਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਕਈ ਵਾਰੀ ਤਾਂ ਇਹ ਪਤਾ ਹੁੰਦੇ ਹੋਏ ਵੀ ਕਿ ਅਜੇਹਾ ਕਰਨਾ ਗੈਰ-ਕਾਨੂੰਨੀ ਹੈ? ਇਸ 'ਤੇ ਧਿਆਨ ਨਹੀਂ ਦਿੱਤਾ ਜਾਂਦਾ ਕਿਉਂਕਿ ਪੂੰਜੀਪਤੀ ਰਿਸ਼ਵਤ ਦੇ ਕੇ ਆਪਣਾ ਉੱਲੂ ਸਿੱਧਾ ਕਰ ਲੈਂਦੇ ਹਨ।

ਭ੍ਰਿਸ਼ਟਾਚਾਰ ਤੇ ਮੁਨਾਫ਼ੇ ਕਮਾਉਣ ਦੀ ਅੰਨ੍ਹੀ ਦੌੜ ਕਾਰਨ ਅਜੇਹੇ ਖਤਰਨਾਕ ਉਦਯੋਗ ਭਾਰਤ ਵਰਗੇ ਦੇਸ਼ਾਂ 'ਚ ਚਲਦੇ ਰਹਿੰਦੇ ਹਨ। ਲਖਨਊ 'ਚ ਚਾਰੇ ਪਾਸੇ ਸਨਅਤੀ ਖੇਤਰ ਹੈ। ਇਹਨਾਂ 'ਚ ਅਮੌਸੀ ਸਰੋਜਨੀ ਨਗਰ, ਚਿਨਹਟ, ਤਾਲ ਕਟੋਰਾ ਮੁੱਖ ਹਨ। ਇਹਨਾਂ ਖੇਤਰਾਂ ਦੀਆਂ ਫੈਕਟਰੀਆਂ 'ਚ ਕੈਮੀਕਲ, ਸੀਸ਼ਾ, ਪੇਂਟ, ਪਲਾਸਟਿਕ ਦਵਾਈਆਂ ਬਣਾਉਣ ਤੋਂ ਲੈ ਕੇ ਸਨਮਾਈਕਾ ਤੇ ਪਲਾਈਵੁਡ ਬਣਾਉਣ ਦਾ ਕੰਮ ਹੁੰਦਾ ਹੈ ਅਤੇ ਇਹਨਾਂ ਲਈ ਅਮੋਨੀਆ, ਕਲੋਰੀਨ, ਨਾਈਟ੍ਰੋਜਨ, ਆਰਗਨ, ਆਕਸੀਜਨ ਆਦਿ ਕਈ ਤਰ੍ਹਾਂ ਦੀਆਂ ਗੈਸਾਂ ਦੀ ਵਰਤੋਂ ਹੁੰਦੀ ਹੈ। ਇਹ ਗੈਸਾਂ ਜ਼ਹਿਰੀਲੀਆਂ ਹੋਣ ਦੇ ਨਾਲ ਜਲਣ ਸ਼ੀਲ ਵੀ ਹੁੰਦੀਆਂ ਹਨ। ਗੈਸ ਰਸਾਅ ਵਰਗੀ ਆਫਿਤ ਦੀ ਹਾਲਤਾਂ ਨਾਲ ਨਿਪਟਣ ਲਈ ਇਹਨਾਂ ਫੈਕਟਰੀਆਂ 'ਚ ਕੋਈ ਪ੍ਰਬੰਦ ਨਹੀਂ। ਪ੍ਰਸਾਸ਼ਨ ਤੇ ਅੱਗ ਬੁਝਾਊ ਵਿਭਾਗ ਵੀ ਲਾਹਪ੍ਰਵਾਹ ਹਨ। ਦੋ ਸਾਲ ਪਹਿਲਾਂ ਸਰਜੋਨੀ ਨਗਰ ਸਥਿਤ ਸਨਅਤੀ ਖੇਤਰ ਵਿਚ ਪਲਾਸਟਕ ਦਾ ਦਾਣਾ ਬਣਾਉਣ ਵਾਲੀਆਂ ਫੈਕਟਰੀਆਂ 'ਚ ਹੋਏ ਗੈਸ ਰਸਾਅ ਨਾਲ ਚਾਰ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਦਰਜਨਾ ਪ੍ਰਭਾਵਿਤ

ਹੋਏ ਸਨ। ਜੇ ਮੌਜੂਦਾ ਕਾਨੂੰਨ ਮੁਤਾਬਕ ਵੇਖਿਆ ਜਾਵੇ ਤਾਂ ਕਾਰਖਾਨਿਆਂ ਤੇ ਖਾਣਾ ਵਿੱਚ ਕੰਮ ਮੁਤਾਬਕ ਦੇਖਿਆ ਜਾਵੇ ਤਾਂ ਕਾਰਖਾਨਿਆਂ ਤੇ ਖਾਣਾ ਵਿੱਚ ਕੰਮ ਕਰਨ ਦੀਆਂ ਥਾਵਾਂ ਤੇ ਹਾਲਤਾਂ ਜਾਂਚ ਕਰਨ ਅਤੇ ਸਹੀ ਦਿਸ਼ਾ ਨਿਰਦੇਸ਼ਨਾ ਦੀ ਪਾਲਣਾ ਕਰਨ ਲਈ ਫੈਕਟਰੀ ਇੰਸਪੈਕਟਰ ਤੇ ਬਾਇਲਰ ਇੰਸਪੈਕਟਰ ਦੀ ਨਿਯੁਕਤੀ ਕੀਤੀ ਜਾਂਦੀ ਹੈ ਜੋ ਕਿ ਹਵਾ ਪ੍ਰਦੂਸ਼ਣ, ਤਾਪਮਾਨ ਸੁਰੱਖਿਆ ਉਪਰਕਰਣ, ਜ਼ਹਿਰੀਲੀਆਂ ਗੈਸਾਂ ਦੀ ਵਰਤੋਂ, ਰਸਾਇਣਕ ਕਚਰਿਆਂ ਦੇ ਖਾਤਮੇ ਆਦਿ ਪਹਿਲੂਆਂ ਦੀ ਜਾਂਚ ਕਰਨ ਤੇ ਉਸ ਦਾ ਪਾਲਣ ਕਰਨ ਲਈ ਨਿਯੁਕਤ ਹੁੰਦੇ ਹਨ।

ਇਸ ਲੁਟੇਰੀ ਤੇ ਮਨੁੱਖਧ੍ਰੋਹੀ ਪ੍ਰਣਾਲੀ 'ਚ ਸਾਰੇ ਕਾਨੂੰਨ ਕਾਗਜ਼ਾਂ ਤੇ ਲਿਖੀ ਇਬਾਰਤ ਬਣ ਕੇ ਹੀ ਰਹਿ ਜਾਂਦੇ ਹਨ। ਆਏ ਦਿਨ ਦੇਸ਼ ਦੇ ਵੱਖ-ਵੱਖ ਸਨਅਤੀ ਖੇਤਰਾਂ 'ਚ ਕਦੀ, ਗੈਸ ਰਿਸਾਅ ਤੇ ਕਦੀ ਬਾਇਲਰ ਫਟਣ, ਕਦੀ ਅੱਗ ਲੱਗਣ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਤੇ ਮਜ਼ਦੂਰਾਂ ਦੀ ਜਾਨ ਲੈ ਕੇ ਸ਼ਾਂਤ ਹੁੰਦੀਆਂ ਹਨ। ਅਜੇ ਫਰੀਦਾਬਾਦ (ਹਰਿਆਣਾ) ਵਿਚ ਵੀ ਇਕ ਕਾਰਖਾਨੇ 'ਚ ਗੈਸ ਰਿਸਾਅ ਹੋਇਆ ਹੈ। ਕਲੋਰੀਨ ਗੈਸ ਦੀ ਰਸਾਅ ਕਾਰਨ ਲੋਕਾਂ ਨੂੰ ਚੱਕਰ ਆਉਣੇ, ਉਲਟੀ, ਖਾਰਸ, ਅੱਖਾਂ 'ਚ ਜਲਣ ਵਰਗੀਆਂ ਸਾਰੀਆਂ ਪ੍ਰੇਸ਼ਾਨੀਆਂ ਹੋਣ ਲੱਗੀਆਂ। ਇਸ ਤਰ੍ਹਾਂ ਦੀਆਂ ਘਟਨਾਵਾਂ ਘਟਣ ਪਿਛੋਂ ਸਰਕਾਰੀ ਮਹਿਕਮੇ ਆਪਣੀ ਲਾਜ ਬਚਾਉਣ ਲਈ ਕੁਝ ਫੌਰੀ ਜਾਂਚ ਪੜਤਾਲ ਕਰਦੇ ਹਨ ਅਤੇ ਸਭ ਤੋਂ ਛੋਟੇ ਪਿਆਦਿਆਂ ਨੂੰ ਆਪਣਾ ਨਿਸ਼ਾਨਾ ਬਣਾ ਕੇ ਫਿਰ ਸ਼ਾਂਤ ਹੋ ਜਾਂਦੇ ਹਨ। ਮੰਡੀਲਾ ਦੀ ਘਟਨਾ ਪਿਛੋਂ ਯੂ. ਪੀ. ਪ੍ਰਦੂਸ਼ਣ ਕੰਟਰੋਲ ਬੋਰਡ ਨੇ ਜਾਂਚ ਕਰਨ ਦਾ ਐਲਾਨ ਕੀਤਾ ਹੈ ਅਤੇ ਦੋਸ਼ੀ ਪਾਏ ਜਾਣ 'ਤੇ ਕਰਵਾਈ ਦੀ ਗੱਲ ਕੀਤੀ ਗਈ ਹੈ। ਪਰ ਇਹਨਾਂ ਕਾਰਵਾਈਆਂ ਦਾ ਹਸ਼ਰ ਸਭ ਨੂੰ ਪਤਾ ਹੈ। ਸੰਡੀਲ ਦੀ ਜਿਸ ਸਨਅਤੀ ਇਕਾਈ 'ਚ ਗੈਸ ਰਿਸਾਅ ਹੋਇਆ ਹੈ। ਉਸ ਦੇ ਮਾਲਕ ਬੀ. ਐਲ. ਲਾਲ ਤੇ ਅਮਿਤ ਸ੍ਰੀ ਵਾਸਤਾਵ ਖਿਲਾਫ਼ ਗੈਰ ਇਰਾਦਤਤਨ ਹੱਤਿਆ ਦਾ ਮੁਕੱਦਮਾ ਦਰਜ ਕਰਨ ਦੀ ਗੱਲ ਕੀਤੀ ਗਈ ਹੈ।

ਕੈਮੀਕਲ ਇੰਜਨੀਅਰ ਸ਼ੈਲੇਂਦਰ ਤੇ ਸਥਾਨਕ ਉਜਾੜੇ ਨੂੰ ਹਿਰਾਸਤ 'ਚ ਲੈ ਕੇ ਮਾਮਲੇ ਦੀ ਖਾਨਾਪੂਰਤੀ ਕੀਤੀ ਜਾ ਰਹੀ ਹੈ। ਮਾਲਕਾਂ ਨੂੰ ਬਚਾਉਣ ਲਈ ਪੂਰਾ ਮਹਿਕਮਾ ਲੱਗਿਆ ਹੋਇਆ ਹੈ। ਸੰਡੀਲਾ ਖੇਤਰੀ ਅਧਿਕਾਰੀ ਅਨੁਸਾਰ ਰਾਤ ਦੀ ਵਾਰੀ 'ਚ ਸਿਰਫ਼ ਸੱਤ ਮਜ਼ਦੂਰ ਕੰਮ ਕਰਦੇ ਸਨ। ਜਦਕਿ ਸਚਾਈ ਇਹ ਹੈ ਕਿ ਲਗਭਗ ਦੋ ਦਰਜਨ ਲੋਕਮਤ ਦੀ ਸ਼ਿਫਟ 'ਚ ਕੰਮ ਕਰਦੇ ਸਨ ਤੇ ਉਹ ਹੁਣ ਲਾਪਤਾ ਹਨ। ਲੋਕਾਂ ਨੂੰ ਡਰ ਹੈ ਕਿ ਫੈਕਟਰੀ ਦੀਆਂ ਦੋ ਐਬੂਲੈਂਸ ਵੀ ਗਾਇਬ ਹਨ। ਜ਼ਿਲ੍ਹਾ ਅਧਿਕਾਰੀ ਮਾਮਲੇ ਤੇ ਮਿੱਟੀ ਪਾਉਣ ਲਈ 20 ਲੱਖ ਰੁਪਏ ਦੇਣ ਦਾ ਐਲਾਨ ਕਰਕੇ ਚੁੱਪ ਬੈਠੇ ਹਨ। ਸੁਆਲ ਇਹ ਹੈ ਕਿ ਕਦ ਤਕ ਇਸ ਤਰ੍ਹਾਂ ਦੀਆਂ ਘਟਨਾਵਾਂ ਹੁੰਦੀਆਂ ਰਹਿਣਗੀਆਂ ਤੇ ਲੋਕਾਂ ਦੀ ਜ਼ਿੰਦਗੀ ਤਬਾਹ ਹੁੰਦੀ ਰਹੇਗੀ। ਜਦ ਤੱਕ ਜਾਲਮਾਨਾ ਤੇ ਮਨੁੱਖ ਦੋਖੀ ਮੌਜੂਦਾ ਅਰਧ ਜਾਗੀਰੂ ਅਰਧ ਬਸਤੀਵਾਦੀ ਪ੍ਰਣਾਲੀ ਬਣੀ ਰਹੇਗੀ ਤਦ ਤੱਕ ਮੇਹਨਤਕਸ਼ ਦੀ ਮੌਤ ਦੀ ਮੌਜੂਦ ਖੇਡ ਜਾਰੀ ਰਹੇਗੀ। ਇਹ ਖੇਡ ਬੰਦ ਤਾਂ ਹੀ ਹੋਵੇਗੀ ਜਦ ਇਸ ਵਿਵਸਥਾ ਨੂੰ ਬਦਲ ਕੇ ਦੂਜੀ ਬੇਹਤਰ ਮਾਨਵਪੱਖੀ ਪ੍ਰਣਾਲੀ ਨਹੀਂ ਸਥਾਪਤ ਕਰ ਦਿੱਤੀ ਜਾਂਦੀ।

# ਕੀ ਅਪਰਾਧ ਦੀ ਜੰਜ਼ੀਰਾਂ 'ਚ ਜਕੜੀ ਹੈ ਦਿੱਲੀ?

ਦੇਸ਼ 'ਚ ਸ਼ਾਇਦ ਹੀ ਐਸੀ ਥਾਂ ਹੋਵੇ ਜਿੱਥੇ ਔਰਤਾਂ ਖੁਦ ਨੂੰ ਸੁਰੱਖਿਅਤ ਕਰਦੀਆਂ ਹੋਣ। ਇੱਥੋਂ ਤਕ ਕਿ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਵੀ ਔਰਤਾਂ ਦੀ ਸੁਰੱਖਿਆ ਮਹੱਤਵਪੂਰਨ ਸੁਆਲ ਬਣ ਕੇ ਉਭਰਦੀ ਹੈ। ਦਿੱਲੀ 'ਚ ਅਜਿਹਾ ਕੋਈ ਦਿਨ ਵੀ ਨਹੀਂ ਲੰਘਦਾ ਜਦ ਔਰਤਾਂ ਨੂੰ ਛੇੜਛਾੜ ਹਿੰਸਾ ਜਾਂ ਦੁਰ ਵਿਹਾਰ ਦਾ ਸ਼ਿਕਾਰ ਨਾ ਹੋਣਾ ਪੈਂਦਾ ਹੋਵੇ। ਇਕ ਸਰਵੇਖਣ ਰਾਹੀਂ ਦਿਲੀ ਸਰਕਾਰ ਨੇ ਔਰਤ ਲੁੱਟ ਘਸੁੱਟ ਦੀ ਤਹਿ ਤਕ ਪਹੁੰਚਣ ਦਾ ਕੋਸ਼ਿਸ਼ ਕੀਤੀ ਹੈ। ਇਸ ਸਰਵੇਖਣ ਅਨੁਸਾਰ ਰਾਜਧਾਨੀ ਦੀਆਂ ਕਰੀਬ 60 ਫੀਸਦੀ ਔਰਤਾਂ ਕਿਸੇ ਨਾ ਕਿਸੇ ਰੂਪ 'ਚ ਦੁਰ ਵਿਹਾਰ ਦਾ ਸ਼ਿਕਾਰ ਹੁੰਦੀਆਂ ਹਨ। ਇਸ ਸਰਵੇਖਣ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਪਿਛਲੇ ਸਾਲ (2010) ਦੌਰਾਨ ਹਰ ਤਿੰਨ 'ਚੋਂ ਦੋ ਔਰਤਾਂ ਯੌਨ ਹਿੰਸਾ ਦਾ ਸ਼ਿਕਾਰ ਹੋਈਆਂ ਹਨ। ਸਭ ਤੋਂ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜਦ ਕਿਸੇ ਔਰਤ ਨਾਲ ਦੁਰ ਵਿਹਾਰ ਦੀ ਘਟਨਾ ਸਾਹਮਣੇ ਆਉਂਦੀ ਹੈ ਤਾਂ ਪੁਲਸ ਚੌਕਸੀ ਵਧਾਉਣ ਦਾ ਦਾਅਵਾ ਕਰਦੀ ਹੈ। ਆਪਣੀ ਮੁਸਤੈਦੀ ਨੂੰ ਜਗ ਜਾਹਿਰ ਕਰਨ ਲਈ ਕੁਝ ਸਮੇਂ ਤਕ ਅਜਿਹਾ ਕਰਨ ਦੀ ਨਾਟਕੀ ਕੋਸ਼ਿਸ਼ ਕਰਦੀ ਹੈ ਪਰ ਸਭ ਉੱਠ ਦੇ ਬੁਲ ਦੇ ਡਿੰਗਣ ਵਾਂਗ। ਇਸ ਕਾਰਨ ਹੈ ਕਿ ਔਰਤਾਂ ਨੂੰ ਲੁੱਟ ਘਸੁੱਟ ਤੇ ਜਬਰ ਦਾ ਸ਼ਿਕਾਰ ਹੋਣ ਲਈ ਮਜ਼ਬੂਰ ਕਰ ਦਿੱਤਾ ਗਿਆ ਹੈ। ਦੇਸ਼ ਨੂੰ ਰਾਜਸੀ ਗੁਲਾਮੀ ਤੋਂ 'ਅਜਾਦੀ' ਮਿਲਿਆ 6 ਦਹਾਕੇ ਬੀਤ ਚੁੱਕੇ ਹਨ ਪਰ ਅੱਜ ਦੀ ਬਦਮਾਸ਼ੀ ਦੀ ਮਾਨਸਿਕਤਾ ਕੁਝ ਲੋਕਾਂ 'ਚ ਇਸ ਤਰ੍ਹਾਂ ਭਰੀ ਪਈ ਹੈ ਕਿ ਉਹਨਾਂ ਦੀ ਇਸ ਮਾਨਸਿਕਤਾ ਨਾਲ ਆਮ ਲੋਕਾਂ ਦਾ ਜਿਉਣਾ ਦੁਭਰ ਹੋ ਗਿਆ ਹੈ। ਸਭਿਅਤਾ ਦੇ ਵਿਕਾਸ ਦੀ ਕਹਾਣੀ ਆਪਣੇ ਪੰਨੇ ਪਲਟ ਕੇ ਫਿਰ ਉਥੇ ਖੜ੍ਹੀ ਹੋ ਗਈ ਹੈ। ਜਿੱਥੇ ਪਾਸ਼ਵਿਕਤਾ ਭਰਿਆ ਯੁੱਗ ਸੀ। ਹੁਣ ਤਾਂ ਇਹੀ ਅਹਿਸਾਸ ਹੋਣ ਲੱਗਿਆ ਹੈ ਕਿ ਅਸੀਂ ਦੇਸ਼ ਦੀ ਰਾਜਧਾਨੀ ਦਿੱਲੀ 'ਚ ਨਾ ਰਹਿ ਕੇ ਕਿਸੇ ਜੰਗਲ ਰਾਜ 'ਚ ਰਹਿ ਰਹੇ ਹੋਈਏ। ਅਕਤੂਬਰ 2010 ਦੇ ਤੀਜੇ ਹਫਤੇ ਦੀ ਗੱਲ ਹੈ। ਪੂਰਵੀ ਦਿੱਲੀ ਦੇ ਇੱਕ ਚਾਰਟਰਡ ਬਸ ਦੇ ਡਰਾਈਵਰ ਸ਼ੇਖ ਕਾਲੂ ਨੂੰ ਗਾਜਿਆਬਾਦ ਬਾਰਡਰ ਦੇ ਨੇੜੇ ਕਾਰ ਸੁਆਰ ਅਣਪਛਾਤੇ ਨੌਜਵਾਨਾਂ ਨੇ ਪੱਥਰ-ਇੱਟਾਂ ਨਾਲ ਕੁਟ-ਕੁਟ ਕੇ ਮਾਰ ਦਿੱਤਾ। ਉਸ ਦੀ ਗਲਤੀ ਸਿਰਫ਼ ਏਨੀ ਸੀ ਕਿ ਰਾਤ ਦੇ ਕਰੀਬ ਦੋ ਵਜੇ ਘਰ ਵਾਪਸ ਪਰਤ ਰਿਹਾ ਸ਼ੇਖ ਕਾਲੂ ਪਿੱਛੋਂ ਤੋਂ ਹਾਰਨ ਵਜਾਉਂਦੀ ਅਤੇ ਬਸ ਨੂੰ ਟੱਕਰ ਮਾਰਦੀ ਕਾਰ ਨੂੰ ਸੜਕ ਤੰਗ ਹੋਣ ਕਰਕੇ ਸਾਈਡ ਨਹੀਂ ਦੇ ਪਾ ਰਿਹਾ ਸੀ। ਏਨੀ ਗੱਲ ਤੇ 42 ਸਾਲਾ ਸ਼ੇਖ ਕਾਲੂ ਨੂੰ ਜਾਨ ਤੋਂ ਮਾਰ ਦੇਣ ਦੀ ਵਾਰਦਾਤ ਸਾਡੇ ਸਮਾਜ 'ਚ ਪਣਪ ਰਹੀ ਜਾਲਮ ਮਾਨਸਿਕਤਾ ਤੋਂ ਸਿਵਾਏ ਹੈ ਕੀ? ਇਹਨਾਂ ਨੌਜਵਾਨਾਂ ਨੇ ਸਿਰਫ਼ ਸ਼ੇਖ ਕਾਲੂ ਦੀ ਹੀ ਹੱਤਿਆ ਨਹੀਂ ਕੀਤੀ ਬਲਕਿ ਉਸ ਦੇ ਪ੍ਰੀਵਾਰ ਦੇ ਨੌ ਮੈਂਬਰਾਂ ਨੂੰ ਵੀ ਤਿਲ ਤਿਲ ਕਰਕੇ ਮਰਨ ਲਈ ਮਜ਼ਬੂਰ ਕਰ ਦਿੱਤਾ। ਕਿਉਂਕਿ ਉਸ ਪ੍ਰੀਵਾਰ 'ਚ ਸਿਰਫ਼ ਸ਼ੇਖ ਕਾਲੂ ਹੀ ਕਮਾਉਣ ਵਾਲਾ ਸੀ।

ਦਿੱਲੀ ਦੀਆਂ ਸੜਕਾਂ 'ਤੇ ਮੰਡਰਾਉਂਦੇ ਮੌਤ ਦੇ ਪ੍ਰਛਾਵੇਂ :- ਦਿੱਲੀ ਦੀਆਂ ਸੜਕਾਂ 'ਤੇ ਬੰਦਾ ਸਭ ਤੋਂ ਵੱਧ ਅਸੁਰੱਖਿਅਤ ਹੈ ਪਤਾ ਨਹੀਂ ਕਦੀ ਕੋਈ ਮਾਰ ਕੇ

ਦੌੜ ਜਾਵੇ ਜਾਂ ਤੁਸੀਂ ਗੱਡੀ ਦੇਖਣ ਬਾਹਰੀ ਨਿਕਲੋਂ ਤੱਕ ਤਾਂ ਤੁਹਾਡੇ 'ਤੇ ਧੜਾ ਧੜ ਲੱਤਾਂ-ਮੁੱਕੇ ਪੈਣ ਲੱਗਣ। ਸੜਕ ਪਾਰ ਕਰਦੀਆਂ ਮੁਟਿਆਰਾਂ ਨੂੰ ਕਾਰਾਂ 'ਚ ਪਾ ਕੇ ਲਿਜਾਇਆ ਜਾਂਦਾ ਹੈ। ਫਿਰ ਉਹਨਾਂ ਨਾਲ ਸਮੂਹਕ ਬਲਾਤਕਾਰ ਕਰਨ ਪਿੱਛੋਂ ਉਹਨਾਂ ਨੂੰ ਦਿੱਲੀ ਦੀਆਂ ਸੜਕਾਂ ਉੱਪਰ ਸੁੱਟ ਦਿੱਤਾ ਜਾਂਦਾ ਹੈ। ਦੋ ਸਾਲ ਪਹਿਲਾਂ ਜਦ ਕਾਲ ਸੈਂਟਰਾਂ ਦੀਆਂ ਗੱਡੀਆਂ 'ਚ ਕੁੱਝ ਮੁਟਿਆਰਾਂ ਨਾਲ ਦੁਰਵਿਹਾਰ ਦੀਆਂ ਘਟਨਾਵਾਂ ਸਾਹਮਣੇ ਆਈਆਂ ਤਾਂ ਚਾਲਕਾਂ ਦੀ ਪਹਿਚਾਣ, ਗੱਡੀਆਂ ਦੀ ਸੁਰੱਖਿਆ ਉਪਕਰਣ, ਕਾਲ ਸੈਂਟਰਾਂ ਦੇ ਕੇਂਦਰੀ ਦਫ਼ਤਰ 'ਚ ਚੇਤਾਵਨੀ ਸਬੰਧੀ ਘੰਟੀ, ਅਤੇ ਗੱਡੀਆਂ 'ਚ ਗਲੋਬਲ ਪੋਜੀਸ਼ਨਿੰਗ ਸਿਸਟਮ ਲਾਉਣ ਵਰਗੇ ਕਦਮ ਉਠਾਏ ਗਏ ਸਨ। ਕੁਝ ਦਿਨਾਂ ਤਕ ਹੀ ਇਹਨਾਂ ਨਿਯਮਾਂ ਦਾ ਪਾਲਣ ਕੀਤਾ ਗਿਆ ਪਰ ਪਿੱਛੋਂ ਸੁਸਤੀ (ਘੇਸਲ) ਦਾ ਦੌਰ ਇਉਂ ਵਧਿਆ ਕਿ ਸ਼ਰੇਆਮ ਬਾਜ਼ਾਰ 'ਚ ਔਰਤਾਂ ਨਾਲ ਦੁਰਵਿਹਾਰ ਹੱਣ ਲੱਗਿਆ। ਦਰਅਸਲ, ਦਿੱਲੀ ਦੀਆਂ ਗ਼ਰੀਬ ਬਸਤੀਆਂ ਵਿਚ ਬਹੁਤੇ ਲੋਕ ਮੇਹਨਤ-ਮਜ਼ਦੂਰੀ ਕਰਕੇ ਆਪਣੇ ਪ੍ਰੀਵਾਰ ਦਾ ਪੇਟ ਪਾਲਣ ਵਾਲੇ ਲੋਕ ਰਹਿੰਦੇ ਹਨ। ਇਹਨਾਂ ਇਲਾਕਿਆਂ 'ਚ ਅਪਰਾਧੀ ਤੇ ਗੈਰ ਸਮਾਜੀ ਤੱਤਾਂ ਨੇ ਵੀ ਡੇਰਾ ਜਮਾ ਰੱਖਿਆ ਹੈ। ਇਹੀ ਗੱਲ ਨਹੀਂ ਹੈ ਕਿ ਪੁਲਸ ਨੂੰ ਮਾਮਲੇ ਸਬੰਧੀ ਜਾਣਕਾਰੀ ਨਹੀਂ ਹੈ ਪਰ ਅੱਖਾਂ ਬੰਦ ਰੱਖਣ ਬਦਲੇ ਜਦ ਲੈਣ-ਦੇਣ ਦਾ ਰਿਸ਼ਤਾ ਬਣਿਆ ਹੋਵੇ ਤਾਂ ਭਲਾ ਕਿਉਂ ਕੋਈ ਅੱਖਾਂ ਖੋਹਲਣ ਦੀ ਕੋਸ਼ਿਸ਼ ਕਰੇਗਾ। ਇਹ ਗੱਲ ਦੂਜੀ ਹੈ ਕਿ ਜਦ ਵਾਰਦਾਤ ਕਿਸੇ ਰਸੂਖਦਾਰ ਵਿਅਕਤੀ ਨਾਲ ਹੁੰਦੀ ਹੈ ਤਾਂ ਪੁਲਸ ਹਰਕਤ 'ਚ ਆ ਜਾਂਦੀ ਹੈ। ਆਮ ਆਦਮੀ ਦੀ ਰਪਟ ਤਾਂ ਉਹ ਲਿਖਦੀ ਹੀ ਨਹੀਂ ਕਿਉਂਕਿ ਨਾ ਦਿੱਲੀ ਦੀਆਂ ਸੜਕਾਂ 'ਤੇ ਹਿੱਟ ਤੇ ਰਨ ਦੀਆਂ ਵਾਰਦਾਤਾਂ ਹੁੰਦੀਆਂ ਰਹਿਣ। ਭ੍ਰਿਸ਼ਟਾਚਾਰ ਤੇ ਅਪਰਾਧ ਸਾਡੀ ਮਾਨਸਿਕਤਾ 'ਚ ਇਸ ਤਰ੍ਹਾਂ ਰਚ ਮਿਚ ਗਏ ਹਨ ਕਿ ਇਹ ਸਾਡੀ ਜ਼ਿੰਦਗੀ ਦੇ ਅਟੁੱਟ ਅੰਗ ਬਣ ਗਏ ਹਨ। ਸੰਸਾਰ ਦੇ ਭ੍ਰਿਸ਼ਟ ਦੇਸ਼ਾਂ ਵਿੱਚ ਸਾਡੇ ਦੇਸ਼ ਦਾ ਗ੍ਰਾਫ ਬਹੁਤ ਉੱਚਾ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਪੈਸਾ ਦੇ ਕੇ ਕਿਸ ਤੋਂ ਵੀ ਕੁਝ ਵੀ ਕੰਮ ਕਰਵਾਇਆ ਜਾ ਸਕਦਾ ਹੈ। ਅੱਜ ਕਈ ਨੇਤਾਵਾਂ 'ਤੇ ਕਿਸੇ ਨਾ ਕਿਸੇ ਘਪਲੇ ਦਾ ਦੋਸ਼ ਹੈ। ਇੱਥੋਂ ਤੱਕ ਕਿ ਸੰਸਦ 'ਚ ਪੈਸੇ ਦੇ ਕੇ ਸੁਆਲ ਪੁੱਛਣ ਦਾ ਵੀ ਦੋਸ਼ ਹੈ। ਰਾਸ਼ਟਰਮੰਡਲ ਖੇਡਾਂ 'ਚ ਅਰਬਾਂ ਰੁਪਏ ਦੇ ਘਪਲੇ ਦੀ ਚਰਚਾ ਅਸੀਂ ਜਾਣ ਵੀ ਗਏ ਹਾਂ। ਦਰਅਸਲ ਲੋਕਾਂ ਦੀ ਮਾਨਸਿਕਤਾ ਹੀ ਇਹ ਬਣ ਗਈ ਹੈ ਕਿ ਰਿਸ਼ਵਤ ਲੈਂਦੇ ਫੜੇ ਗਏ ਤਾਂ ਰਿਸ਼ਵਤ ਦੇ ਕੇ ਛੁਟ ਵੀ ਜਾਵਾਂਗੇ।

ਅਪਰਾਧ ਤੇ ਦਿੱਲੀ :- ਦਿੱਲੀ 'ਚ ਅਪਰਾਣ ਦਾ ਗ੍ਰਾਫ ਦਿਨੋ ਦਿਨ ਜਿੰਨਾ ਵੱਧਦਾ ਜਾ ਰਿਹਾ ਹੈ ਉਸ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਦਿੱਲੀ ਹੁਣ ਅਪਰਾਧ ਦੀ ਰਾਜਧਾਨੀ ਬਣ ਗਈ ਹੈ। ਪਿਛਲੇ ਸਾਲ ਹਰ ਤਰ੍ਹਾਂ ਦੇ ਅਪਰਾਧਾਂ 'ਚ ਵਾਧਾ ਦਰਜ ਕੀਤਾ ਗਿਆ ਹੈ। ਬਲਾਤਕਾਰ ਦੀਆਂ ਘਟਨਾਵਾਂ 'ਚ ਵੀ ਕਾਫ਼ੀ ਵਾਧਾ ਹੋਇਆ ਹੈ। ਸੰਨ 2009 'ਚ ਬਲਾਤਕਾਰ ਲਈ ਸਿਰਫ਼ 237 ਵਾਰਦਾਤਾਂ ਹੋਈਆਂ ਸਨ ਜਦਕਿ ਸੰਨ 2010 ਵਿੱਚ 30 ਜੂਨ ਤਕ ਬਲਾਤਕਾਰ ਦੇ 277 ਮਾਮਲੇ ਸਾਹਮਣੇ ਆਏ ਹਨ। ਫਿਰੌਤੀ ਲਈ ਵੀ ਅਗਵਾਹ ਦੀਆਂ ਵਾਰਦਾਤਾਂ ਵਧੀਆਂ ਹਨ। ਸੰਨ 2009 'ਚ ਫਿਰੌਤੀ ਲਈ ਸਿਰਫ਼ 10 ਕੀਤੇ ਗਏ ਸਨ ਜਦਕਿ ਸੰਨ 2010 ਦੀ ਪਹਿਲੀ ਛਿਮਾਹੀ ਵਿੱਚ ਵੀ ਅਗਵਾਹ ਦੇ 10 ਕੇਸ ਸਾਹਮਣੇ ਆ ਚੁੱਕੇ ਹਨ। ਦਿੱਲੀ ਦੀ ਮੁਖ ਮੰਤਰੀ

ਸ਼ੀਲਾ ਦੀਕਸ਼ਤ ਵਲੋਂ ਮੁਹੱਈਆ ਕਰਵਾਏ ਅੰਕੜੇ ਦਸਦੇ ਹਨ ਕਿ ਦਿੱਲੀ 'ਚ ਪਿਛਲੇ ਸਾਲ 2010 ਵਿੱਚ ਲੁਟਮਾਰ ਤੇ ਹੱਤਿਆ ਦੇ ਮਾਮਲਿਆਂ ਦੀ ਤਾਂ ਜਿਵੇਂ ਹੜ੍ਹ ਹੀ ਆ ਗਿਆ ਹੈ। ਇੱਥੇ ਇਹ ਦਸਣਾ ਲਾਜਮੀ ਹੈ ਕਿ ਦਿੱਲੀ ਪੁਲਸ ਕਹਿੰਦੀ ਹੈ ਕਿ ਪਿਛਲੇ ਸਾਲ ਦਿੱਲੀ ਪੁਲਸ ਦੇ ਅਧੁਨੀਕਰਣ 'ਤੇ ਕਰੋੜਾਂ ਰੁਪਏ ਖਰਚ ਹੋਏ ਅਤੇ ਦਿੱਲੀ 'ਚ ਅਪਰਾਧ ਘਟੇ ਹਨ ਜਦਕਿ ਅਗਸਤ 18, 2010 ਨੂੰ ਵਿਧਾਨ ਸਭਾ 'ਚ ਮੁਖ ਮੰਤਰੀ ਸੀਲਾ ਦੀਕਸ਼ਤ ਦੇ ਲਿਖਤੀ ਜੁਆਬ ਨੇ ਪੁਲਸ ਦੇ ਇਹਨਾਂ ਦਾਅਵਿਆਂ ਦੀ ਪੋਲ ਹੀ ਖੋਹਲ ਕੇ ਰੱਖ ਦਿੱਤੀ ਹੈ। ਮੁੱਖ ਮੰਤਰੀ ਨੇ ਮੰਨਿਆ ਕਿ ਦਿੱਲੀ 'ਚ ਪਿਛਲੇ ਸਾਲ ਬੇਹੱਦ ਵਧੇ ਹਨ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਅਪਰਾਧ ਦਰਜ ਕਰਨ ਵਾਲੀ ਵੀ ਪੁਲਸ ਹੀ ਹੈ। ਫਿਰ ਉਹ ਛੇ ਸਾਲਾਂ ਦੇ ਅੰਕੜੇ ਦੇਖਣ ਪਿਛੋਂ ਝੂਠ ਕਿਉਂ ਬੋਲ ਰਹੀ ਹੈ? ਸੰਨ 2010 ਦੇ ਸ਼ੁਰੂ ਅਤੀ 6 ਮਹੀਨਿਆਂ 'ਚ ਲੁੱਟ ਦੀਆਂ 318 ਵਾਰਦਾਤਾਂ ਦਰਜ ਹੋਈਆਂ। ਸੰਨ 2005 ਤੋਂ ਸੰਨ 2009 ਤੱਕ ਕਿਸੇ ਵੀ ਇਕ ਸਾਲ 'ਚ ਲੁੱਟ ਦੇ ਏਨੇ ਕੇਸ ਸਾਹਮਣੇ ਨਹੀਂ ਆਏ ਹਨ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪਿਛਲੇ 6 ਸਾਲਾਂ 'ਚ ਲੁੱਟ, ਹੱਤਿਆ, ਝਪਟਮਾਰੀ, ਕਾਰ ਚੋਰੀ ਤੇ ਬਲਾਤਕਾਰ ਵਰਗੇ ਸਭ ਤੋਂ ਵੱਧ ਮਾਮਲੇ ਸਾਲ 2010 'ਚ ਦਰਜ ਕੀਤੇ ਗਏ। ਦਰਅਸਲ ਹੋਰ ਰਾਜਨੀਤੀ-ਬਾਜ ਹੋਣ ਜਾਂ ਸੱਤਾ 'ਚ ਸ਼ਾਮਲ ਰਾਜਨੀਤੀ-ਬਾਜ ਹਰ ਕਿਸੇ ਨੂੰ ਹਰ ਸਮੇਂ ਆਪਣਾ ਸੁਆਰਥ ਹੀ ਦਿਸਦਾ ਹੈ। ਇਸ ਕਾਰਣ ਵਿਵਸਥਾ ਤੇ ਵਿਕਾਸ 'ਤੇ ਧਿਆਨ ਨਾ ਦੇ ਕੇ ਆਪਣਾ ਧਿਆਨ ਸਿਰਫ਼ ਰਾਜਸੀ ਤਿਕੜਮਬਾਜੀ 'ਚ ਲਾਇਆ ਹੁੰਦਾ ਹੈ। ਇਸ ਲਈ ਜ਼ਿੰਮੇਵਾਰ ਹੈ ਉਚੇ ਅਹੁਦਿਆਂ 'ਤੇ ਬਿਰਾਜਮਾਨ ਅਧਿਕਾਰੀ ਤੋਂ ਲੈ ਕੇ ਮੰਤਰੀ ਤੇ ਮੁਖ ਮੰਤਰੀ ਤੱਕ।

# ਵਿਕਾਸ ਕਰਦਾ ਭਾਰਤ ਪਰ ਕਿਸ ਦਾ?

ਨਿਊਜ਼ ਚੈਨਲਾਂ ਤੇ ਅਖ਼ਬਾਰਾਂ 'ਚ ਅਕਸਰ, ਕੁਝ ਸ਼ਬਦ ਤੇ ਘਟਨਾਵਾਂ ਜ਼ਰੂਰ ਦੇਖਣ ਸੁਣਨ ਨੂੰ ਮਿਲਦੀਆਂ ਹਨ ਜਿਵੇਂ ਕਿ 'ਵਿਸ਼ਵ ਦੀ ਸਭ ਤੋਂ ਵੱਡੀ ਜਮਹੂਰੀਅਤ', 'ਤੇਜ਼ ਰਫ਼ਤਾਰ ਨਾਲ ਵਿਕਾਸ ਕਰਦਾ ਭਾਰਤ', ਭਾਰਤ 'ਚ ਹੈ ਵਿਸ਼ਵਾਸ', 'ਸਭ ਪੜ੍ਹੋ ਸਭ ਵਧੋ', 'ਜਾਗੋ ਗਾਹਕ ਜਾਗੋ', ਪਹਿਲਾਂ ਅਸੀਂ ਰੁਜ਼ਗਾਰ ਨੂੰ ਲਭਦੇ ਸਾਂ ਹੁਣ ਰੁਜ਼ਗਾਰ ਸਾਨੂੰ ਲਭਦਾ ਹੈ' ਆਦਿ। ਇਸ ਤਰ੍ਹਾਂ ਦੇ ਨਾਹਰਿਆਂ ਨੂੰ ਪੁਸ਼ਟ ਕਰਨੇ ਲਈ ਤਰਕ ਵੀ ਦਿੱਤਾ ਜਾਂਦਾ ਹੈ ਅਤੇ ਲੋਕਾਂ 'ਚ ਇਕ ਭਰਮ ਦੀ ਸਥਿਤੀ ਬਰਕਰਾਰ ਰਹਿੰਦੀ ਹੈ। ਅਜੇ ਪਿਛੇ ਜਿਹੇ ਹੀ ਭਾਰਤ ਸਰਕਾਰ ਨੇ ਦਸਿਆ ਕਿ ਭਾਰਤ ਦੀ ਫੀ ਵਿਅਕਤੀ ਆਮਦਨ 46.117 ਰੁਪਏ ਤੋਂ ਵੱਧ ਕੇ 53.331 ਰੁਪਏ ਹੋ ਗਈ ਹੈ। ਭਾਰਤ ਸਰਕਾਰ ਵਲੋਂ ਇਸ ਨੂੰ ਵਿਕਾਸਸ਼ੀਲ ਭਾਰਤ ਵਜੋਂ ਪੇਸ਼ ਕੀਤਾ ਜਾਂਦਾ ਹੈ। ਸਰਕਾਰ ਦੀ ਗੋਦ 'ਚ ਬੈਠ ਕੇ ਪ੍ਰਤਕਾਰਿਤਾ ਕਰਨ ਵਾਲੇ ਬੁਧੀਜੀਵੀਆਂ ਲਈ 'ਵਿਕਾਸ' ਦੀ ਪੁਸ਼ਟੀ ਕਰਨ ਵਾਲੇ ਅਜੇਹੇ ਨਵੇਂ ਅੰਕੜੇ ਮਿਲਣਾ ਬਹੁਤ ਅੱਛੀ ਗੱਲ ਹੋ ਸਕਦੀ ਹੈ। ਖਾਂਦੇ ਪੀਂਦੇ ਮੱਧ ਵਰਗਾਂ ਦੇ ਕੰਨਾਂ ਤੱਕ ਜਦ ਵਿਕਾਸ ਦੀ ਗੱਲ ਆਉਂਦੀ ਹੈ ਤਾਂ ਉਹਨਾਂ ਦੀਆਂ ਅੱਖਾਂ ਮੂਹਰੇ ਚਮਕਦਾ ਮੈਟ੍ਰੋ, ਸ਼ੇਅਰ ਬਾਜ਼ਾਰ ਦੀ ਬਿਲਡਿੰਗ, ਵੱਡੇ-ਵੱਡੇ ਮਾਲ, ਕੰਮਪਿਊਟਰ 'ਤੇ ਕੰਮ ਕਰਨ ਵਾਲੇ ਉਚ ਮੱਧ ਵਰਗੀ ਨੌਜਵਾਨ, ਤਾਜ ਮਹਿਲ ਦੀ ਸੈਰ, ਕਾਰ 'ਚ ਮੁਸਕਰਾਉਂਦਾ ਪ੍ਰੀਵਾਰ ਤੇ ਏਵਰੇਸਟ 'ਤੇ ਝੂਲਦਾ ਝੰਡਾ ਵਰਗੀਆਂ ਤਸਵੀਰਾਂ ਆਉਂਦੀਆਂ ਹਨ। ਆਓ ਥੋੜਾ ਇਸ ਦੀ ਤਹਿ 'ਚ ਜਾ ਕੇ ਪਤਾ ਲਾਈਏ ਕਿ ਨਿਜੀ ਆਮਦਨ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ? ਇਕ ਮਿਸਾਲ ਲੈਂਦੇ ਹਾਂ, ਸਮਝਣਾ ਸੌਖਾ ਹੋਵੇਗਾ। ਮੰਨ ਲਓ 20 ਲੋਕ ਕੁੰਭਕਰਨ ਦੀ ਸੇਵਾ 'ਚ ਲੱਗੇ ਹੋਏ ਹਨ। ਇਕ ਬੰਦਾ ਇਕ ਸਮੇਂ 'ਚ ਪੰਜ ਰੋਟੀਆਂ ਖਾਂਦਾ ਹੋਵੇ ਅਤੇ ਕੁੰਭਕਰਨ 1000 ਰੋਟੀਆਂ ਖਾਂਦਾ ਹੈ। ਅਸੀਂ ਇਸ ਹਿਸਾਬ ਨੂੰ ਕੁੰਭਕਰਨ ਅਤੇ ਉਸ ਦੇ ਪਾਸ ਕੰਮ ਕਰਨ ਵਾਲੇ ਸਾਰੇ ਲੋਕਾਂ ਦੀ ਇਕ ਸਮੇਂ ਦੀ ਰੋਟੀ ਦੀ ਖਪਤ ਦੀ ਔਸਤ ਕੱਢੀਏ ਤਾਂ 52 ਰੋਟੀਆਂ ਤੋਂ ਵੱਧ ਬਣੇਗੀ। ਜੇ ਤੁਹਾਨੂੰ ਇਹ ਦਸਿਆ ਜਾਵੇ ਕਿ ਕੁੰਭਕਰਨ ਦੇ ਇਥੇ ਫੀ ਵਿਅਕਤੀ ਰੋਟੀ ਦੀ ਖਪਤ ਇਕ ਸਮੇਂ 'ਚ 50 ਹੈ ਤਾਂ ਤੁਸੀ ਹੈਰਾਨੀ 'ਚ ਪੈ ਜਾਵੋਗੇ। ਭਾਰਤ ਸਰਕਾਰ ਦਾ ਅੰਕੜਾ ਵੀ ਰੂਬਰੂ ਐਸਾ ਹੀ ਹੈ। ਜਿਸ ਭਾਰਤ 'ਚ ਇਕ ਪਾਸੇ ਪ੍ਰਤੀ ਮਿੰਟ 2 ਕਰੋੜ ਰੁਪਏ ਕਮਾਉਣ ਵਾਲੇ ਲੋਕ ਹੋਣ ਤੇ ਦੂਜੇ ਪਾਸੇ 84 ਕਰੋੜ 20 ਰੁਪਏ ਰੋਜ਼ਾਨਾ ਤੇ ਗੁਜਰ ਬਸਰ ਕਰਦੇ ਹੋਣ ਤਾਂ ਦੋਨਾਂ ਨੂੰ ਮਿਲਾ ਕੇ ਇਕ ਔਸਤ ਆਮਦਨ ਕੱਢਣਾ ਬੇਇਮਾਨੀ ਹੈ। ਅਸਲ 'ਚ ਆਮਦਨ 'ਚ ਵਾਧਾ ਉਪਰ ਦੀ 10 ਫ਼ੀ ਸਦੀ ਅਬਾਦੀ ਦਾ ਹੀ ਹੋ ਰਿਹਾ ਹੈ ਅਤੇ ਹੇਠਾਂ ਦੀ 90 ਫ਼ੀਸਦੀ ਆਬਾਦੀ ਤਾਂ ਨਰਕ ਭੋਗ ਰਹੀ ਹੈ। 'ਅਤੁਲਅ ਭਾਰਤ' ਦੀ ਸਚਾਈ ਇਹ ਹੈ ਕਿ ਇਕ ਤਿਹਾਈ ਅਬਾਦੀ ਭੁਖੇ ਪੇਟ ਸੌਂਦੀ ਹੈ ਤੇ ਮਨਮੋਹਨ ਸਰਕਾਰ ਦੇ ਮੰਤਰੀ ਮੰਡਲ 'ਚ 77 ਫ਼ੀ ਸਦੀ ਮੰਤਰੀ ਕਰੋੜਪਤੀ ਹਨ। ਜਿਹਨਾਂ ਸਾਂਸਦਾਂ ਨੇ ਆਪਣੇ ਆਪ ਨੂੰ ਕਰੋੜਪਤੀ ਨਹੀਂ ਦਸਿਆ ਉਹਨਾਂ ਦੀ ਅਸਲੀਅਤ ਉਸ ਖੇਤਰ ਦੀ ਯੋਜਨਾ 'ਚ ਛੁਪੀ ਹੋਈ ਹੈ। ਜਿਹਨਾਂ ਮੰਤਰੀਆਂ ਨੇ ਆਪਣੀ ਜਾਇਦਾਦ ਦਾ ਵੇਰਵਾ ਦਿੱਤਾ ਹੈ, ਜਰਾ ਉਸ ਨੂੰ

ਹੀ ਵੇਖੋ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਪਾਸ 5 ਕਰੋੜ ਦੀ ਜਾਇਦਾਦ ਹੈ। ਜਿਸ 'ਚ ਕੁਝ ਫਲੈਟ ਹਨ, ਇਕ 1996 ਮਾਡਲ ਦੀ ਮਰੂਤੀ ਕਾਰ ਤੇ 15000 ਨਕਦ, ਉਸ ਪਾਸ ਕੋਈ ਜ਼ਮੀਨ ਨਹੀਂ ਹੈ। ਖੇਤੀ ਮੰਤਰੀ ਸਰਦ ਪਵਾਰ, ਜੋ ਬੀ.ਸੀ.ਸੀ.ਆਈ ਦੇ ਪ੍ਰਧਾਨ ਵੀ ਹਨ ਦੇ ਪਾਸ 3.46 ਕਰੋੜ ਦੀ ਜਾਇਦਾਦ ਹੈ ਤੇ ਕਪਿਲ ਸਿਬਲ ਕੋਲ 35 ਕਰੋੜ ਦੀ ਚੱਲ-ਅਚੱਲ ਜਾਇਦਾਦ ਹੈ। ਹਲਾਂਕਿ ਜਾਇਦਾਦ ਦੇ ਇਹ ਐਲਾਨ ਧੋਖਾਧੜੀ ਤੇ ਬੇਇਮਾਨੀ ਵੱਧ ਹਨ, ਪਰ ਇਹਨਾਂ 'ਚ 'ਅਤੁਲਅ ਭਾਰਤ' ਦੀ ਸਚਾਈ ਉਜਾਗਰ ਹੋ ਹੀ ਜਾਂਦੀ ਹੈ।

'ਅਤੁਲਅ' ਇਸ ਲਈ ਕਿਉਂਕਿ ਜਨਤਾ ਤੇ ਪੂੰਜੀਪਤੀਆਂ ਅਤੇ ਉਹਨਾਂ ਦੀ ਚਾਕਰੀ ਕਰਨ ਵਾਲੇ ਨੇਤਾ ਮੰਤਰੀਆਂ 'ਚ ਕੋਈ ਤੁਲਨਾ ਨਹੀਂ ਹੈ ਅਤੇ 'ਮਹਾਨ' ਇਸ ਲਈ ਕਿ ਭੁਖਮਾਰੀ ਦੇ ਸ਼ਿਕਾਰ ਲੋਕਾਂ ਦੇ ਦੇਸ਼ ਦੇ ਨੇਤਾ ਮੰਤਰੀ ਕਰੋੜਪਤੀ ਹਨ। ਸਿਖਿਆ ਪ੍ਰਣਾਲੀ ਐਸੀ ਹੈ ਕਿ ਆਮ ਆਦਮੀ ਲਈ ਉਚ ਸਿਖਿਆ ਅਕਾਸ਼ ਛੂਹਣ ਵਾਂਗ ਹੈ। ਬਾਰਵੀਂ ਪਾਸ ਕਰਨ ਵਾਲੇ ਸਾਰੇ ਬੱਚਿਆਂ 'ਚੋਂ ਸਿਰਫ਼ 7 ਫ਼ੀ ਸਦੀ ਸਿਖਿਆ ਤਕ ਪਹੁੰਚਦੇ ਹਨ। ਵੱਡੇ ਘਰਾਂ ਦੇ ਬੱਚੇ ਉਚੇ ਅਹੁਦੇ 'ਤੇ ਉਚੀ ਸਿਖਿਆ ਹਾਸਲ ਕਰ ਰਹੇ ਹਨ। 84 ਕਰੋੜ ਗਾਹਕ ਜੋ 20 ਰੁਪਏ ਰੋਜ਼ਾਨਾ ਦੀ ਆਮਦਨ 'ਤੇ ਜਿਉਂਦੇ ਹਨ ਉਹਨਾਂ ਲਈ 'ਜਾਗੋ ਗਾਹਕ ਜਾਗੋ' ਦੇ ਨਾਹਰੇ ਬਦਲੇ 'ਭਾਗੋ ਗਾਹਕ ਭਾਗੋ' ਹੋਣਾ ਚਾਹੀਦਾ ਹੈ। ਸਰਵ ਸਿਖਿਆ ਮੁਹਿੰਮ 'ਚ 'ਸਭ ਪੜੋ ਸਭ ਵਧੋ ਦੀ ਥਾਂ ਸਹੀ ਨਾਹਰਾ 'ਕੁਝ ਪੜੋ ਕੁਝ ਵਧੋ ਤੇ ਬਾਕੀ ਮਰੋ' ਹੋਣਾ ਚਾਹੀਦਾ ਹੈ। ਮਨਰੇਗਾ ਤਹਿਤ ਜੋ ਰੁਜ਼ਗਾਰ ਦੀ ਗੱਲ ਸਰਕਾਰ ਕਰਦੀ ਹੈ ਉਹ ਸਰਾਸਰ ਮਜ਼ਾਕ ਹੈ। ਮਨਰੇਗਾ ਅਸਲ 'ਚ ਪਿੰਡ 'ਚ ਮੌਜੂਦ ਨੌਕਰਸ਼ਾਹੀ ਲਈ ਕਮਾਈ ਕਰਨ ਦਾ ਅੱਛਾ ਜ਼ਰੀਆ ਹੈ। ਇਸ ਲਈ ਸਚਾਈ ਲਗਭਗ ਸਾਰੇ ਸੂਬਿਆਂ 'ਚ ਜਾਹਰ ਹੋ ਚੁੱਕੀ ਹੈ। ਦਰਅਸਲ ਸਰਕਾਰ ਤੇ ਵਿਵਸਥਾ ਦੀ ਚਾਕਰੀ ਕਰਨ ਵਾਲੇ ਮੀਡੀਆ ਦੇ 'ਵਿਕਾਸ' ਦਾ ਸਾਰਾ ਸ਼ੋਰ ਇਸ ਵਿਵਸਥਾ ਵਲੋਂ ਪੈਦਾ ਆਮ ਲੋਕਾਂ ਦੇ ਜੀਵਨ ਦੀ ਤਬਾਹੀ ਤੇ ਬਰਬਾਦੀ ਨੂੰ ਢਕਣ ਲਈ ਥੁੜ ਖੜੀ ਕਰਦਾ ਹੈ। ਵਿਕਾਸ ਦੇ ਇਹਨਾਂ ਕਥਨਾਂ ਪਿਛੇ ਵੱਧ ਤੋਂ ਵੱਧ ਦੀ ਬਰਬਾਦੀ ਸਮੋਈ ਹੁੰਦੀ ਹੈ।

# ਉਚ ਸਿਖਿਆ ਸੰਸਥਾਵਾਂ 'ਚ ਜਾਤੀ ਮਤਭੇਦ ਕਿਉਂ?

ਦੇਸ ਦੀਆਂ ਸਰਵਉਚ ਸਿੱਖਿਆ ਸੰਸਥਾਵਾਂ 'ਚ ਕਈ ਦਲਿਤ ਆਦੀਵਾਸੀ ਵਿਦਿਆਰਥੀਆਂ ਦੀਆਂ ਆਤਮ-ਹੱਤਿਆਵਾਂ ਦੀ ਵਜਾਹ ਉਹਨਾਂ ਦੀ ਜਾਤੀ ਹੈ। ਉਹਨਾਂ ਨੂੰ ਤਸੀਹੇ ਮਿਲਣੇ ਉਸ ਦਿਨ ਹੀ ਸ਼ੁਰੂ ਹੋ ਜਾਂਦੇ ਹਨ ਜਿਸ ਦਿਨ ਤੋਂ ਉਹਨਾਂ ਨੂੰ ਸਿੱਖਿਆ ਅਦਾਰਿਆਂ 'ਚ ਦਾਖਲਾ ਮਿਲਦਾ ਹੈ। ਆਤਮ-ਹੱਤਿਆ ਦੀ ਦਹਿਲੀਜ਼ 'ਤੇ ਉਹਨਾਂ ਨੂੰ ਪਹੁੰਚਾਉਂਦੇ ਹਨ ਅਪਮਾਨ, ਅਤਿਆਚਾਰ, ਜਾਤੀਗਤ, ਗਾਲੀ ਗਲੋਚ, ਨਜ਼ਰ ਅੰਦਾਜੀ। ਪਿਛੇ ਜਿਹੇ ਹੀ ਆਲ ਇੰਡੀਆ ਮੈਡੀਕਲ ਇੰਸਟੀਚਿਊਟ (ਏਮਜ -) 'ਚ 3 ਮਾਰਚ ਨੂੰ ਐਮ.ਬੀ.ਬੀ.ਐਸ ਦੇ 22 ਸਾਲਾ ਵਿਦਿਆਰਥੀ ਅਨਿਲ ਕੁਮਾਰ ਮੀਣਾ ਦੀ ਆਤਮ ਹੱਤਿਆ ਨੇ ਸੰਸਥਾ 'ਚ ਜਾਰੀ ਜਾਤੀਗਤ ਭੇਦਭਾਵ ਨੂੰ ਫਿਰੇ ਬੇਪੜਦ ਕਰ ਦਿਤਾ। ਏਮਜ 'ਚ ਜਾਤੀਗਤ ਅਤਿਆਚਾਰ ਦੇਖਣ ਲਈ 12 ਸਤੰਬਰ 2006 ਨੂੰ ਕੇਂਦਰ ਸਰਕਾਰ ਦੇ ਸਿਹਤ ਤੇ ਪ੍ਰੀਵਾਰ ਕਲਿਆਣ ਵਿਭਾਗ ਨੇ ਸੁਖਦੇਵ ਥੇਰਾਟ ਕਮੇਟੀ ਦਾ ਗਠਨ ਕੀਤਾ ਸੀ।

ਪ੍ਰਬੰਧਕਾਂ ਨੇ ਜੇ ਇਸ ਕਮੇਟੀ ਦੀਆਂ ਸਿਫ਼ਾਰਸਾਂ ਲਾਗੂ ਕੀਤੀਆਂ ਹੁੰਦੀਆਂ ਤਾਂ ਅਨਿਲ ਆਤਮ ਹੱਤਿਆ ਨਾ ਕਰਦਾ। ਫ਼ਿਲਹਾਲ ਪ੍ਰਬੰਧਕਾਂ ਨੇ ਜਲਦ ਬਾਜੀ 'ਚ ਅਨਿਲ ਮੀਣਾ ਦੀ ਆਤਮ ਹੱਤਿਆ ਦੀ ਜਾਂਚ ਤੇ ਜਾਤੀ ਲੁਟ ਘਸੁੱਟ ਦਾ ਅੰਦਾਜ਼ਾ ਲੈਣ ਲਈ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੇ ਸਾਬਕਾ ਮੁਖੀ ਸੁਖਦੇਵ ਥੇਰਾਟ ਦੀ ਅਗਵਾਈ 'ਚ ਫਿਰ ਤੋਂ ਕਮੇਟੀ ਦਾ ਗਠਨ ਕਰ ਦਿੱਤਾ ਹੈ। ਪ੍ਰੋ: ਥੇਰਾਟ ਕਹਿੰਦੇ ਹਨ ਕਿ ਇਸ ਵਾਰ ਏਮਜ਼ ਪ੍ਰਬੰਧਕਾਂ ਦਾ ਰਵੱਈਆ ਪਹਿਲਾਂ ਦੇ ਮੁਕਾਬਲੇ ਸਕਾਰਾਤਮਕ ਹੈ। ਸਰਕਾਰ ਤੇ ਏਮਜ਼ ਪ੍ਰਬੰਧਕਾਂ ਨੂੰ ਅਹਿਸਾਸ ਹੋਇਆ ਹੈ ਕਿ ਉਥੇ ਜਾਤੀਗਤ ਭੇਦਭਾਵ ਹੈ। ਦੋਨੋਂ ਚਾਹੁੰਦੇ ਹਨ ਕਿ ਇਸ ਵੱਲ ਧਿਆਨ ਦਿੱਤਾ ਜਾਵੇ। ਜਿਸ 'ਚ ਏਮਜ਼ ਦੀ ਵਿਦਿਆਰਥੀ ਯੂਨੀਅਨ ਤੇ ਪ੍ਰਬੰਧਕ ਦੋਨੋਂ ਸਹਿਯੋਗ ਦੇ ਰਹੇ ਹਨ। ਪ੍ਰੋ: ਥੈਰਾਟ ਕਹਿੰਦੇ ਹਨ ਜਾਂਚ ਪਿਛੋਂ ਜੋ ਵੀ ਸਿਫ਼ਾਰਸਾਂ ਉਹ ਕਰਨਗੇ ਉਹ ਨਾ ਸਿਰਫ਼ ਏਮਜ਼ ਬਲਕਿ ਸਿਹਤ ਤੇ ਪ੍ਰੀਵਾਰ ਕਲਿਆਣ ਦੇ ਤਹਿਤ ਆਉਣ ਵਾਲੇ ਸਾਰੇ ਮੈਡੀਕਲ ਸਿਖਿਆ ਅਦਾਰਿਆਂ 'ਚ ਲਾਗੂ ਕੀਤੀਆਂ ਜਾਣ। ਦੇਸ਼ ਦੇ ਸਰਵਉਚ ਸਿਖਿਆ ਅਦਾਰੇ 'ਚ ਦਲਿਤ ਜਬਰ ਖਿਲਾਫ ਅਤੇ ਦਲਿਤ ਵਿਦਿਆਰਥੀਆਂ ਲਈ ਸਹਾਇਤਾ ਵਿਵਸਥਾ ਤਿਆਰ ਕਰਨ ਵਾਲੀ ਸੰਸਥਾ ਇਨਸਾਈਟ ਫਾਊਂਡੇਸ਼ਨ ਦੇ ਕੌਮੀ ਆਗੂ ਅਨੂਪ ਕੁਮਾਰ ਕਹਿੰਦੇ ਹਨ, "ਏਮਜ਼ 'ਚ ਦਲਿਤ ਜਾਂ ਗ਼ੈਰ ਦਲਿਤ ਸਭ ਨੂੰ ਸਖਤ ਇਮਤਿਹਾਨ ਪਾਸ ਕਰਨ ਪਿਛੋਂ ਹੀ ਦਾਖਲਾ ਮਿਲਦਾ ਹੈ। ਰਿਜ਼ਰਵੇਸ਼ਨ ਦੇ ਤਹਿਤ ਦਲਿਤ ਆਦੀਵਾਸੀ ਵਿਦਿ: ਨੂੰ ਸਿਰਫ 5 ਫ਼ੀ ਸਦੀ ਛੋਟ ਮਿਲਦੀ ਹੈ। ਇਸ ਛੋਟ ਤੋਂ ਇਹ ਕਿਵੇਂ ਤਹਿ ਕਰ ਲਿਆ ਜਾਂਦਾ ਹੈ ਕਿ ਰਿਜ਼ਰਵੇਸ਼ਨ ਤਹਿਤ ਆਇਆ ਵਿਦਿ: ਨਾਲਾਇਕ ਹੈ। ਅਨੂਪ ਕਹਿੰਦੇ ਹਨ ਕਿ ਹਰ ਕੋਰਟ ਬਟਲਰ ਟੈਕਨੋਲੋਜੀ ਇਸਟੀਚਿਊਟ ਕਾਨਪੁਰ 'ਚ ਇੰਜਨੀਅਰਿੰਗ ਦੀ ਪੜਾਈ ਦੌਰਾਨ ਉਹਨਾਂ ਵੇਖਿਆ ਕਿ ਪਹਿਲੇ ਦਿਨ ਤੋਂ ਰਾਖਵੇਂ ਕਰਨ ਰਾਹੀਂ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਜਾਤੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ।

ਪਿਛੜੇ ਇਲਾਕਿਆਂ ਤੋਂ ਮਹਾਂਨਗਰਾਂ 'ਚ ਆਉਣ ਵਾਲੇ ਦਲਿਤ ਆਦੀਵਾਸੀ ਵਿਦਿਆਰਥੀਆਂ ਨੂੰ ਵਖਰੇ ਸਮਾਜਕ ਤੇ ਸਭਿਆਚਾਰਕ ਮਹੌਲ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਸੇਂਟ ਸਟੀ ਫੰਸ ਦੇ ਵਿਦਿ: ਵਾਗੂੰ ਅੰਗਰੇਜੀ ਦਾ ਜਾਣੂੰ ਨਹੀਂ ਹੁੰਦੇ। ਕਿਵੇਂ ਮੰਨ ਲਿਆ ਜਾਵੇ ਰਿਜ਼ਰਵੇਸ਼ਨ ਦੇ ਤਹਿਤ ਆਇਆ ਵਿਦਿਆਰਥੀ ਆਮ ਸੀਟ ਦੇ ਵਿਦਿ: ਤੋਂ ਘੱਟ ਲਾਇਕ ਹੈ? ਬਲਕਿ ਉਹ ਤਾਂ ਵੱਧ ਲਾਇਕ ਹੈ ਕਿਉਂਕਿ ਆਪਣੀ ਗ਼ਰੀਬੀ, ਪਿਛੜਿਆਪਣ, ਸਕੂਲੀ ਸਿਖਿਆ, ਘਰ 'ਚ ਅਣਪੜਤਾ ਆਦਿ ਸਭ ਔਕੜਾਂ ਪਾਰ ਕਰਕੇ ਉਹ ਨਾਮੀ ਸਿਖਿਆ ਅਦਾਰੇ 'ਚ ਦਾਖਲ ਹੁੰਦਾ ਹੈ, ਸੰਸਥਾ ਦਾ ਅਧਿਐਨ ਦਸਦਾ ਹੈ ਕਿ ਰਾਖਵੇਂ ਕਰਨ ਤੇ ਆਏ ਸੀਟ ਵਾਲੇ ਨੂੰ ਕੋਟੇ ਵਾਲਾ ਕਿਹਾ ਜਾਂਦਾ ਹੈ। ਪਹਿਲੇ ਦਿਨ ਕਹਿੰਦੇ ਹਨ 'ਕੋਟੇ ਵਾਲਿਆਂ ਨੂੰ ਖ਼ੂਬ ਮੇਹਨਤ ਕਰਨੀ ਪਵੇਗੀ ਕਿਉਂਕਿ ਨੰਬਰ ਮਾਇਆਵਤੀ ਨਹੀਂ ਦਿੰਦੀ' ਵਿਦਿਆਰਥੀਆਂ ਦੀ ਹਿੰਮਤ ਟੁੱਟ ਜਾਂਦੀ ਹੈ। ਕੋਈ ਉਹਨਾਂ ਨੂੰ ਸੁਨਣ ਲਈ ਤਿਆਰ ਨਹੀਂ। ਉਚ ਜਾਤ ਵਰਗ ਦੇ ਵਿਦਿ: ਉਹਨਾਂ ਨੂੰ ਅਪਣੇ 'ਚ ਸ਼ਾਮਲ ਨਹੀਂ ਕਰਦੇ। ਗਿਣਤੀ 'ਚ ਅਨੁਸੂਚਿਤ ਜਾਤੀ, ਜਨਜਾਤੀ ਦੇ ਵਿਦਿਆਰਥੀ ਘੱਟ ਹੁੰਦੇ ਹਨ।

ਮੁਸ਼ਕਲ ਵਿਸ਼ੇ ਵੱਖਰੇ ਤੌਰ 'ਤੇ ਸਮਝਣ 'ਚ ਪ੍ਰੋ਼ਫ਼ੈਸਰ ਮਦਦ ਨਹੀਂ ਕਰਦੇ। ਉਨ੍ਹਾਂ ਨੂੰ ਜਾਤੀਗਤ ਗੰਦੀਆਂ ਗਾਲਾਂ ਕੱਢੀਆਂ ਜਾਂਦੀਆਂ ਹਨ। ਉਹ ਆਪਣੇ ਆਪ 'ਚ ਹੀ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦੇ ਹਨ। ਘਰ ਵਾਪਸ ਜਾ ਨਹੀਂ ਸਕਦੇ ਕਿਉਂਕਿ ਪ੍ਰੀਵਾਰ ਮੰਨਣ ਨੂੰ ਤਿਆਰ ਨਹੀਂ ਕਿ ਦਿੱਲੀ 'ਚ ਕੋਈ ਜਾਤਪਾਤ ਮੰਨਦਾ ਹੈ। ਘਰ ਵਾਲੇ ਵੀ ਇਹਨਾਂ ਨੂੰ ਹੀ ਦੋਸ਼ ਦਿੰਦੇ ਹਨ। ਇਹਨਾਂ ਵਿਦਿ: ਕੋਲ ਫਿਰ ਆਤਮ ਹੱਤਿਆ ਤੋਂ ਸਿਵਾਏ ਕੋਈ ਰਾਹ ਨਹੀਂ ਬਚਦਾ।

ਰਾਖਵੇਂਕਰਨ ਰਾਹੀਂ ਆਉਣ ਵਾਲੇ ਵਿਦਿ: ਨੂੰ ਕਮਜ਼ੋਰ ਮੰਨਿਆ ਜਾਂਦਾ ਹੈ। 1996-97 'ਚ ਏਮਜ਼ ਦੀ ਦਾਖਲਾ ਪ੍ਰੀਖਿਆ 'ਚ ਪਹਿਲੇ ਦੂਜੇ ਤੇ ਤੀਜੇ ਥਾਂ 'ਤੇ ਆਉਣ ਵਾਲੇ ਤਿੰਨੋ ਵਿਦਿ: ਦਲਿਤ ਆਦੀਵਾਸੀ ਸਨ। ਜੋ ਆਮ ਸੀਟ 'ਤੇ ਇਮਤਿਹਾਨ 'ਚ ਬੈਠੇ ਸਨ। ਇਸ ਤੇ ਖ਼ੂਬ ਹੱਲਾ ਮੱਚਿਆ ਹੋਵੇਗਾ ਕਿ ਰਾਖਵੇਂਕਰਨ ਵਾਲੇ ਰਾਖਵੇਂਕਰਨ 'ਚ ਜਾਣਾ ਦਲਿਤ ਤੇ ਗ਼ੈਰ ਦਲਿਤ ਵਿਚਕਾਰ ਫ਼ਾਸਲਾ ਘੱਟ ਕਰਨ ਲਈ ਸਿਖਿਆ ਸੰਸਥਾਵਾਂ ਅਨੁਸਾਰ ਕੁਝ ਹੋਸਟਲਾਂ 'ਚ ਉਹਨਾਂ ਦੇ ਫਲੋਰ ਨੂੰ 'ਛੱਡੂ' ਕਹਿੰਦੇ ਹਨ। ਉਹਨਾਂ ਨੂੰ ਸਲਾਨਾ ਸਭਿਆਚਾਰਕ ਪ੍ਰੋਗਰਾਮ 'ਚ ਸ਼ਾਮਲ ਨਹੀਂ ਕੀਤਾ ਜਾਂਦਾ। ਉਹਨਾਂ ਦਾ ਕਮਰਾ ਬਾਹਰੋਂ ਜਿੰਦਰਾ ਮਾਰ ਦਿਤਾ ਜਾਂਦਾ ਹੈ ਜਾਂ ਉਥੇ ਪੇਸ਼ਾਬ ਕਰ ਦਿਤਾ ਜਾਂਦਾ ਹੈ। ਜਾਤੀਗਤ ਗਾਲੀਆਂ ਲਿਖੀਆਂ ਜਾਂਦੀਆਂ ਹਨ। ਰੈਗਿੰਗ ਦੇ ਬਹਾਨੇ ਲੁਟ ਘਸੁਟ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। ਜ਼ਿਆਦਾਤਰ ਨਾਮੀ ਸਿਖਿਆ ਸੰਸਥਾਵਾਂ 'ਚ ਜਾਤੀਗਤ ਭੇਦਭਾਵ ਦੀਆਂ ਜੜ੍ਹਾਂ ਡੂੰਘੀਆਂ ਹਨ। ਸਮਾਜਕ ਵਿਗਿਆਨ 'ਚ ਤਾਂ ਕੋਈ ਦਿੱਕਤ ਨਹੀਂ ਆਉਂਦੀ ਹੈ ਪਰ ਤਕਨੀਕੀ ਸਿਖਿਆ 'ਚ ਦਲਿਤ ਵਿਦਿਆਰਥੀਆਂ ਪ੍ਰਤੀ ਵਿਹਾਰ ਰੌਂਗਟੇ ਖੜ੍ਹੇ ਕਰ ਦੇਣ ਵਾਲਾ ਹੈ। ਦਲਿਤਾਂ ਦਾ ਸਿਖਿਆ ਹਾਸਲ ਕਰਨ ਦਾ ਇਤਿਹਾਸ ਪੁਰਾਣਾ ਨਹੀਂ ਹੈ।

ਗੁਰੂਕੁਲ ਪ੍ਰਣਾਲੀ 'ਚ ਸਿਖਿਆ ਲੈਣ ਤੇ ਦੇਣ ਵਾਲੇ ਸਿਰਫ ਬ੍ਰਾਹਮਣ ਸਨ। ਸਿਖਿਆ ਪ੍ਰਣਾਲੀ ਮੁਗਲਾਂ ਦੇ ਹੱਥਾਂ 'ਚ ਆਈ ਤਾਂ ਮਦਰੱਸਿਆਂ 'ਚ ਮੁਸਲਮਾਨਾਂ, ਕਸਮੀਰੀ ਪੰਡਿਤਾਂ ਤੇ ਕਾਇਸਥਾਂ ਨੇ ਗਿਆਨ ਲਿਆ। ਬ੍ਰਿਟਿਸ਼ ਕਾਲ 'ਚ ਜਾ ਕੇ

ਦਲਿਤਾਂ ਨੂੰ ਸਿਖਿਆ ਦੇ ਮੌਕੇ ਮਿਲਣੇ ਸ਼ੁਰੂ ਹੋਏ। ਇਹੀ ਕਾਲਾ ਇਤਿਹਾਸ ਅੱਜ ਉਹਨਾਂ ਲਈ ਅੜਿਕੇ ਡਾਹ ਰਿਹਾ ਹੈ। ਦਲਿਤ ਦੇ ਵਿਕਾਸ 'ਚ ਅੰਗ੍ਰੇਜੀ ਭਾਸ਼ਾ ਵੀ ਅੜਿਕਾ ਹੈ। ਰੂਸ, ਚੀਨ, ਜਰਮਨੀ, ਪੁਰਤਗਾਲ, ਸਪੇਨ ਸਭ ਥਾਂ ਮਾਤਾਭਾਸ਼ਾ ਪੜਾਈ ਜਾਂਦੀ ਹੈ ਅਤੇ ਇਹਨਾਂ 'ਚੋਂ ਇਕ ਵੀ ਦੇਸ਼ ਪਿਛੜਿਆ ਨਹੀਂ ਹੈ। ਬੀਤੇ ਸਾਲਾਂ 'ਚ ਰਾਜਸੀ ਪਾਰਟੀਆਂ ਨੇ ਜਾਤੀ ਥੰਮ ਮਜ਼ਬੂਤ ਕੀਤਾ ਹੈ।

# ਕੁਦਰਤ ਦੇ ਵਿਨਾਸ਼ 'ਤੇ ਕਾਹਦਾ ਵਿਕਾਸ?

ਪਿਛੇ ਜਿਹੇ ਹੀ ਜਾਰੀ ਮਨੁਖੀ ਵਿਕਾਸ ਰੀਪੋਟ 2011 (ਹਿਊਮਨ ਡੀਵੈਲਪਮੈਂਟ ਰੀਪੋਟ) ਇਸ ਵਾਰੀ ਖੁਲ੍ਹਕੇ ਇਹ ਕਹਿ ਰਹੀ ਹੈ ਕਿ ਵਿਕਾਸ ਦੇ ਨਾਂ ਹੇਠ ਮੱਚੀ ਕੁਦਰਤੀ ਦੌਲਤਾਂ ਦੀ ਲੁੱਟ ਨਾਲ ਹੋ ਰਹੇ ਵਾਤਾਵਰਣ ਨੂੰ ਹਰਜੇ ਦੀ ਵਜਾਹ ਕਾਰਨ ਪਹਿਲਾਂ ਤੋਂ ਹੀ ਵਾਂਝੇ ਲੋਕਾਂ ਦੀ ਸਥਿਤੀ ਹੋਰ ਖਰਾਬ ਤੇ ਘੱਟ ਵਿਕਸਤ ਜਾਂ ਸਤਾਏ ਹੋਏ ਦੇਸ਼ਾਂ ਦੇ ਆਮ ਲੋਕਾਂ ਦੀ ਹਾਲਤ ਹੋਰ ਬਦਤਰ ਹੋ ਰਹੀ ਹੈ। ਸਥਿਤੀ ਏਨੀ ਭਿਆਨਕ ਹੈ ਕਿ ਕਦੀ ਵੀ ਖੌਫਨਾਕ ਕੁਦਰਤੀ ਆਫ਼ਤਾਂ ਕਰੋੜਾਂ ਲੋਕਾਂ ਦੀ ਜਾਨ ਲੈ ਸਕਦੀਆਂ ਹਨ। ਜ਼ਿਕਰਯੋਗ ਹੈ ਕਿ 1987 'ਚ ਬ੍ਰੰਟਲੈਂਡ, ਕਮਿਸ਼ਨ ਦੀ ਰੀਪੋਟ ਤੇ 1972 'ਚ ਸਟਾਕਹੋਮ ਤੋਂ ਲੈ ਕੇ 2002 'ਚ ਜੋਹੰਸਬਰਗ ਤਕ ਦੇ ਲਗਭਗ ਸਾਰੇ ਐਲਾਨਾਂ 'ਚ ਵੀ ਇਹ ਗੱਲ ਸਪਸ਼ਟਤਾ ਨਾਲ ਉਭਰੀ। ਪਰ ਵਿਕਾਸ ਦੇ ਨਾਂ ਹੇਠ ਸਭ ਅਮੀਰ ਦੇਸ਼ਾਂ ਤੇ ਅਮੀਰ ਘਰਾਣਿਆਂ ਨੇ ਕੁਦਰਤ, ਵਾਤਾਵਰਣ, ਸਮਤਾ, ਨਿਆਂ ਤੇ ਆਪਸੀ ਸਹਿ ਹੋਂਦ ਦੇ ਸਿਧਾਤਾਂ ਨੂੰ ਨਕਾਰ ਕੇ ਕੁਦਰਤ ਤੇ ਕੁਦਰਤੀ ਦੌਲਤਾਂ ਦੀ ਲੁੱਟ ਨਾਲ ਖੁਸ਼ਹਾਲੀ ਹਾਸਲ ਕੀਤੀ। ਮਨੁੱਖੀ ਵਿਕਾਸ ਰੀਪੋਟ 2011 ਵੀ ਇਸ ਧਾਰਨਾ ਨੂੰ ਮੰਨ ਕੇ ਇਹ ਮੰਨ ਰਹੀ ਹੈ ਕਿ 'ਮਨੁਖੀ ਵਿਕਾਸ ਦੀਆਂ ਨਾਬਰਾਬਰੀਆਂ ਵਿਸ਼ਵੀ ਵਾਤਾਵਰਣੀ ਅਸੰਤੁਲਨ ਨੂੰ ਵਧਾਉਂਦੀਆਂ ਹਨ'।

ਸਾਲ 2010 ਤਕ ਦੇ ਅੰਕੜਿਆਂ ਦੇ ਵਿਸਲੇਸ਼ਣ ਦੇ ਅਧਿਐਨ ਨਾਲ ਮੌਜੂਦਾ ਐਚ.ਡੀ.ਆਰ 2011 ਰਿਪੋਟ ਦਾ ਸਾਫ ਤੌਰ 'ਤੇ ਮੰਨਣਾ ਹੈ ਕਿ ਵਿਸ਼ਵੀ ਪੱਧਰ 'ਤੇ ਲੋਕਾਂ 'ਚ ਖੁਸ਼ਹਾਲੀ ਦੇ ਨਾਂ ਹੇਠ ਵਾਤਾਵਰਣੀ ਸੰਕੇਤਕਾਂ ਦਾ ਹਰਜਾ ਹੋਇਆ ਹੈ। ਇਸ ਰੀਪੋਟ ਦੇ ਗਿਣਤੀ ਦੇ ਪੁਨਰ ਅਨੁਮਾਨ ਦਸਦੇ ਹਨ ਕਿ ਸਾਲ 2050 ਤਕ ਮਨੁੱਖੀ ਵਿਕਾਸ ਸੰਕੇਤਕ (HDR) 8 ਫ਼ੀ ਸਦੀ ਤੇ ਦੱਖਣੀ ਏਸ਼ੀਆ ਤੇ ਸਭ ਸਹਾਰਾ ਅਫ਼ਰੀਕੀ ਦੇਸ਼ਾਂ ਵਿਚ 12 ਫ਼ੀ ਸਦੀ ਘੱਟ ਹੋ ਜਾਣਗੇ। ਇਸ ਦੇ ਮੁੱਖ ਕਾਰਨਾਂ 'ਚ ਗਲੋ ਬਿਲ ਵਾਰਮਿੰਗ ਦੀ ਵਜਾਹ ਕਰਕੇ ਖੇਤੀ ਪੈਦਾਵਾਰ 'ਤੇ ਪੈਣ ਵਾਲੇ ਮਾੜੇ ਅਸਰ ਸਾਫ ਪੀਣ ਦੇ ਪਾਣੀ ਦਾ ਸੰਕਟ, ਪ੍ਰਦੂਸ਼ਣ, ਗੰਭੀਰ ਕੁਦਰਤੀ ਆਫ਼ਤਾਂ ਆਦਿ ਪ੍ਰਮੁੱਖ ਹਨ, ਜਾਹਿਰ ਹੈ, ਇਸ ਕਥਿਤ ਵਿਕਾਸ ਤੋਂ ਹਾਸਲ ਵਾਤਾਵਰਣੀ ਚਣੌਤੀਆਂ ਕਾਰਨ ਅਗਲੇ ਦਹਾਕਿਆਂ ਵਿਚ ਵਿਨਾਸ਼ਕਾਰੀ ਕੁਦਰਤੀ ਆਫ਼ਤਾਂ ਕਰਕੇ ਵਿਸ਼ਵੀ ਐਚ.ਡੀ.ਆਰ ਅਨੁਮਾਨ ਨਾਲ ਕਰੀਬ 15 ਫ਼ੀ ਸਦੀ ਤਕ ਘੱਟ ਹੋ ਜਾਣਗੀਆਂ। ਮੋਟੇ ਰੂਪ 'ਚ ਵੇਖੀਏ ਤਾਂ ਵਾਤਾਵਰਣ ਬਦਲਾਵਾਂ ਦਾ ਸਿੱਧਾ ਅਸਰ ਉਹਨਾਂ ਕਰੋੜਾਂ ਲੋਕਾਂ 'ਤੇ ਹੈ, ਜਿਹਨਾਂ ਦੀ ਰੋਟੀ ਰੋਜ਼ੀ ਸਿਧੇ ਕੁਦਰਤੀ ਸਾਧਨਾਂ ਤੇ ਨਿਰਭਰ ਹੈ। ਐਚ.ਡੀ.ਆਰ 2011 ਰੀਪੋਟ ਦਸਦੀ ਹੈ ਕਿ ਵਿਸ਼ਵੀ ਪੱਧਰ 'ਤੇ ਲਗਭਗ 40 ਫ਼ੀ ਸਦੀ ਜ਼ਮੀਨ ਕਈ ਕਾਰਨਾਂ ਕਰਕੇ ਖੇਤੀ ਲਾਇਕ ਨਹੀਂ ਰਹਿ ਗਈ ਹੈ। ਇਹਨਾਂ 'ਚ ਉਤਪਾਦਿਕਤਾ 50 ਫ਼ੀ ਸਦੀ ਤਕ ਘੱਟ ਹੋ ਗਈ ਹੈ। ਪਾਣੀ ਦੀ 70 ਤੋਂ 85 ਫ਼ੀ ਸਦੀ ਤਕ ਵਰਤੋਂ ਖੇਤੀ ਵਿਚ ਹੁੰਦੀ ਹੈ ਪਰ ਪਾਣੀ ਦੇ ਸੰਕਟ ਨਾਲ ਵੀ ਖੇਤੀ ਪ੍ਰਭਾਵਿਤ ਹੋਵੇਗੀ। ਜੰਗਲਾਂ ਦੀ ਅੰਨੇਵਾਹ ਕਟਾਈ ਨਾਲ ਲਤੀਨੀ, ਅਮਰੀਕਾ, ਕੈਰੀਬਿਅਨ, ਸਬ ਸਹਾਰਾ ਅਫ਼ਰੀਕੀ ਦੇਸ਼ਾਂ ਵਿਚ ਜੰਗਲ ਬੁਰੀ ਤਰ੍ਹਾਂ ਖਤਮ ਹੋ ਜਾਣ ਕੰਢੇ ਹਨ। ਇਸ ਪਿਛੋਂ ਅਰਬ ਦੇਸ਼ਾਂ

ਦਾ ਨੰਬਰ ਹੈ। ਦੁਨੀਆਂ ਦੀ ਕੋਈ ਇਕ ਤਿਹਾਈ ਅਬਾਦੀ ਜੋ ਮਾਰੂਥਲ ਤੇ ਖੁਸ਼ਕ ਸੂਬਿਆਂ 'ਚ ਰਹਿੰਦੀ ਹੈ, ਭਿਅੰਕਰ ਵਾਤਾਵਰਣੀ ਬਦਲਾਅ ਕਰਕੇ ਹੋਂਦ ਦੇ ਸੰਕਟ 'ਚ ਘਿਰੀ ਹੋਈ ਹੈ। ਰੀਪੋਟ ਇਹ ਵੀ ਇਸ਼ਾਰਾ ਕਰਦੀ ਹੈ ਕਿ ਆਉਣ ਵਾਲੇ ਦਹਾਕਿਆਂ 'ਚ ਦੁਨੀਆਂ ਭਰ 'ਚ ਅਨਾਜ ਦੀਆਂ ਕੀਮਤਾਂ 'ਚ 30 ਤੋਂ 50 ਫ਼ੀ ਸਦੀ ਦਾ ਵਾਧਾ ਹਾਹਾਕਾਰ ਮਚਾ ਦੇਵੇਗਾ। ਇਸ ਨਾਲ ਗ਼ਰੀਬ ਤਬਕਿਆਂ ਦੀ ਹਾਲਤ ਹੋਰ ਬਦਤਰ ਹੋਵੇਗੀ। ਸਭ ਤੋਂ ਵੱਧ ਖਤਰਾ ਕਰੀਬ ਉਹਨਾਂ 1-3 ਅਰਬ ਲੋਕਾਂ 'ਤੇ ਹੈ ਜੋ ਖੇਤੀ, ਮੱਛੀ ਪਾਲਣ, ਵਾਨਿਕੀ, ਪਸ਼ੂ ਪਾਲਣ ਆਦਿ ਕੰਮਾਂ 'ਚ ਲੱਗੇ ਹਨ। ਜਲਵਾਯੂ ਤਬਦੀਲੀ ਦੇ ਬੋਝ ਦਾ ਅਸਰ ਏਨਾ ਘਾਤਕ ਹੋਵੇਗਾ ਕਿ ਵੱਖ-ਵੱਖ ਸਮੂਹਾਂ 'ਚ ਗੈਰ ਬਰਾਬਰੀ ਤੇਜੀ ਨਾਲ ਵਧੇਗੀ। ਇਸ ਰੀਪੋਟ ਦਾ ਵਿਸ਼ਲੇਸ਼ਣ ਕਰੀਏ ਤਾਂ ਪਤਾ ਲੱਗੇਗਾ ਕਿ ਸਾਰੇ ਗ਼ਰੀਬ ਹੀ ਕਥਿਤ ਵਿਕਾਸ ਦੀ ਵਜਾਹ ਨਾਲ ਹੋ ਰਹੇ ਵਾਤਾਵਰਣੀ ਨੁਕਸਾਨ ਦੀ ਮਾਰ ਝੱਲ ਰਹੇ ਹਨ। ਵਿਕਾਸ ਸ਼ੀਲ ਦੇਸ਼ 'ਚ ਹਰੇਕ ਦਸ ਵਿਚੋਂ ਘੱਟੋ-ਘੱਟ ਛੇ ਜਣੇ ਇਹੀ ਤਸੀਹੇ ਝਲਦੇ ਹਨ। ਵਿਕਾਸ ਸ਼ੀਲ ਦੇਸ਼ਾਂ 'ਚ ਵਾਤਾਵਰਣੀ ਤਬਦੀਲੀਆਂ ਕਾਰਨ ਹੋਣ ਵਾਲੇ ਰੋਗਾਂ ਤੋਂ ਅਸਰਅੰਦਾਜ਼ ਲੋਕਾਂ ਦੀ ਗਿਣਤੀ ਵਿਕਸਤ ਦੇਸ਼ਾਂ ਦੀ ਤੁਲਨਾਂ 'ਚ ਕਈ ਗੁਣਾ ਵੱਧ ਹੈ। ਰੀਪੋਟ ਕਹਿੰਦੀ ਹੈ ਕਿ ਨਿਮਨ HDR ਦੇਸ਼ਾਂ 'ਚ ਮਰਨ ਵਾਲਿਆਂ ਦੀ ਗਿਣਤੀ 11 ਗੁਣਾ ਵੱਧ ਹੈ।

ਇਸ ਰੀਪੋਟ 'ਚ ਲਿਖੇ ਵੱਖ-ਵੱਖ ਅੰਕੜੇ ਇਹ ਦਸਣ ਲਈ ਕਾਫੀ ਹਨ ਕਿ ਬੀਤੇ ਕੁਝ ਦਹਾਕਿਆਂ ਖਾਸ ਕਰਕੇ ਵੀਹਵੀਂ ਸਦੀ ਦੇ ਅੰਤ ਅਤੇ 21ਵੀਂ ਸਦੀ ਦੇ ਆਰੰਭ 'ਚ ਸਥਿਤੀ ਤੇਜੀ ਨਾਲ ਵਿਗੜੀ ਹੈ। ਮੌਜੂਦਾ ਹਾਲਤਾਂ 'ਚ ਜੋ ਸੰਕੇਤ ਮਿਲ ਰਹੇ ਹਨ ਉਹਨਾਂ ਤੋਂ ਲਗਦਾ ਹੈ ਕਿ ਭਾਵੀ ਪੀੜੀਆਂ ਅੱਜ ਦੇ ਦੌਰ ਨੂੰ ਸ਼ਾਇਦ ਇਸ ਰੂਪ 'ਚ ਯਾਦ ਕਰਨਗੀਆਂ ਕਿ ਉਹਨਾਂ ਲਈ ਬੇਹਤਰ ਭਵਿੱਖ ਦੇ ਦਰਵਾਜੇ ਹੌਲੀ-ਹੌਲੀ ਬੰਦ ਹੋ ਰਹੇ ਹਨ। ਰੀਪੋਟ ਇਸ਼ਾਰਾ ਕਰਦੀ ਹੈ ਕਿ ਰਾਜਸੀ ਪਾਰਟੀਆਂ ਦੇ ਲੋਕ ਇਸ ਭਿਅੰਕਰ ਸਥਿਤੀਆਂ ਦੀ ਵੀ ਅਪਣੇ ਰਾਜਸੀ ਲਾਭਾਂ ਲਈ ਵਰਤੋਂ ਕਰਦੇ ਹਨ ਅਤੇ ਆਮ ਲੋਕਾਂ ਨੂੰ ਝੂਠੇ ਵਿਸ਼ਵਾਸ ਦਵਾ ਕੇ ਬੇਵਕੂਫ ਬਣਾਉਂਦੇ ਹਨ।

ਮਾਨਵ ਵਿਕਾਸ ਰੀਪੋਟ 2011 ਵੱਡੀ ਹਿੰਮਤ ਨਾਲ ਵਿਕਾਸ 'ਚ ਟਿਕਾਊਪਨ, ਤੇ ਸਮਤਾਂ ਦੀ ਤਲਾਸ਼ ਕਰਦੀ ਪ੍ਰਤੀਤ ਹੁੰਦੀ ਹੈ। ਰੀਪੋਟ ਦਾ ਸੁਝਾਅ ਹੈ ਕਿ ਸੂਰਜੀ ਊਰਜਾ ਵਰਗੀ ਕੁਦਰਤੀ ਊਰਜਾ ਦੀ ਵਰਤੋਂ ਨੂੰ ਵਧਾ ਕੇ ਸਮਤਾ ਤੇ ਟਿਕਾਊ ਵਿਕਾਸ ਵੱਲ ਵਧਿਆ ਜਾ ਸਕਦਾ ਹੈ। ਰਿਪੋਟ 'ਚ ਸਿਖਿਆ ਤੇ ਸਿਹਤ ਸਬੰਧੀ ਨਾ ਬਰਾਬਰੀ ਘੱਟ ਕਰਨ, ਘੱਟ ਆਮਦਨ ਤੇ ਵੱਧ ਆਮਦਨ ਵਾਲੇ ਲੋਕਾਂ ਵਿਚਕਾਰ ਦੇ ਫ਼ਾਸਲੇ ਨੂੰ ਘੱਟ ਕਰਨ ਆਦਿ ਦੀ ਤਰਫ ਵੀ ਇਸ਼ਾਰਾ ਹੈ। ਮਨੁੱਖੀ ਵਿਕਾਸ ਦੇ ਪ੍ਰਸੰਗ 'ਚ ਇਹ ਰੀਪੋਟ ਪਹਿਲੀ ਵਾਰੀ ਖੁੱਲ੍ਹਕੇ ਇਸ ਅਖੌਤੀ ਵਿਕਾਸ 'ਤੇ ਸੁਆਲ ਖੜ੍ਹੇ ਕਰ ਰਹੀ ਹੈ। ਭਾਰਤ 'ਚ ਕਈ ਸਮਾਜਕ ਕਾਰਕੁੰਨ ਤੇ ਲੋਕ ਪੱਖੀ ਅਰਥ ਸਾਸ਼ਤਰੀ ਇਹ ਅਰਸੇ ਤੋਂ ਕਹਿ ਰਹੇ ਹਨ ਕਿ ਜਲ, ਜੰਗਲ ਤੇ ਜ਼ਮੀਨ ਕਿਸੇ ਦੀ ਨਿਜੀ ਜਗੀਰ ਨਹੀਂ ਹੋ ਸਕਦੇ।

# ਕੀ ਦੋ ਵਕਤ ਦੀ ਰੋਟੀ ਲਈ ਮੋਹਤਾਜ ਹੈ ਜਨਤਾ?

ਗ਼ਰੀਬਾਂ ਦਾ ਮਜ਼ਾਕ ਉਡਾਉਣ ਵਾਲੇ ਅੰਕੜਿਆਂ ਨਾਲ ਹੋਈ ਤਾਜ਼ਾ ਫ਼ਜੀਹਤ ਪਿਛੋਂ ਸਰਕਾਰ ਨੇ ਦੇਸ਼ਾਂ ਵਿਚ ਗ਼ਰੀਬੀ ਰੇਖਾ ਤਹਿ ਕਰਨ ਲਈ ਇਕ ਹੋਰ ਸੰਮਤੀ ਦੇ ਗਠਨ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਨੇ ਮੰਨਿਆ ਹੈ ਕਿ ਗ਼ਰੀਬੀ ਰੇਖਾ ਨੂੰ ਨਵੇਂ ਸਿਰੇ ਤੋਂ ਪ੍ਰਭਾਸ਼ਿਤ ਕਰਨ ਦੀ ਜ਼ਰੂਰਤ ਹੈ। ਗੌਰ ਕਰਨ ਲਾਇਕ ਹੈ ਕਿ ਪਿਛਲੇ ਹੀ ਦਿਨੀ ਯੋਜਨਾ ਕਮਿਸ਼ਨ ਤੋਂ ਗਰੀਬੀ ਰੇਖਾ ਨਿਰਧਾਰਿਨ ਲਈ ਜਾਰੀ ਅੰਕੜਿਆਂ ’ਤੇ ਫਿਰ ਵਿਵਾਦ ਛਿੜ ਗਿਆ। ਯੋਜਨਾ ਕਮਿਸ਼ਨ ਦੇ ਤਾਜ਼ਾ ਅੰਕੜਿਆ ਮੁਤਾਬਕ ਸ਼ਹਿਰਾਂ ’ਚ ਪ੍ਰਤੀ ਵਿਅਕਤੀ 28 ਰੁਪਏ ਰੋਜ਼ਾਨਾ ਤੋਂ ਘੱਟ ਖਰਚ ਕਰਨ ਵਾਲਿਆਂ ਨੂੰ ਗ਼ਰੀਬੀ ਰੇਖਾ ਤੋਂ ਹੇਠਾ ਮੰਨਿਆ ਜਾਵੇਗਾ। ਭਾਰਤ ’ਚ ਜੇ ਕੋਈ ਬੰਦਾ 22 ਰੁਪਏ ਜਾਂ ਉਸ ਤੋਂ ਘੱਟ ਖਰਚ ਕਰਦਾ ਹੈ ਤਾਂ ਹੀ ਉਹ ਗ਼ਰੀਬ ਹੋਵੇਗਾ। ਇਸ ਪੈਮਾਨੇ ’ਤੇ ਭਾਰਤ ਵਿਚ ਸੰਨ 2009-10 ’ਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ 29.8 ਫ਼ੀ ਸਦੀ ਹੋ ਗਈ ਜਦਕਿ 2004-05 ’ਚ ਗਰੀਬੀ ਦੀ ਗਿਣਤੀ 37.2 ਫ਼ੀ ਸਦੀ ਸੀ। ਸਰਕਾਰ ਦੇ ਇਹਨਾਂ ਅੰਕੜਿਆਂ ’ਤੇ ਅਧਾਰਤ ਇਹ ਦਸਣ ਦੀ ਕੋਸ਼ਿਸ਼ ਕੀਤੀ ਗਈ ਕਿ ਦੇਸ਼ ’ਚ ਗ਼ਰੀਬੀ ਘੱਟ ਹੋ ਗਈ ਹੈ। ਪਰ ਇਨ੍ਹਾਂ ਅੰਕੜਿਆਂ ਨੂੰ ਗ਼ੈਰ ਵਿਹਾਰਕ ਦਸਦਿਆਂ ਸੰਸਦ ਤੋਂ ਲੈ ਕੇ ਸੜਕਾਂ ਤੱਕ ਹੰਗਾਮਾ ਹੁੰਦਾ ਰਿਹਾ। ਜਾਣੇ-ਪਛਾਣੇ ਅਰਥ ਸ਼ਾਸਤਰੀ ਕਮਲ ਨਾਇਕ ਕਾਬਰਾ ਦਾ ਕਹਿਣਾ ਹੈ ਕਿ ‘ਯੋਜਨਾ ਕਮਿਸ਼ਨ ਦੇ ਜਾਰੀ ਕੀਤੇ ਗਏ ਅੰਕੜੇ ਹਾਸੋਹੀਣ ਹਨ। ਅਸਲ ’ਚ ਵੇਖਿਆ ਜਾਵੇ ਤਾਂ ਯੋਜਨਾ ਕਮਿਸ਼ਨ ਨੇ ਘਟੋ-ਘੱਟ ਪੱਧਰ ’ਤੇ ਆਦਮੀ ਨੂੰ ਜਿਉਂਦਾ ਰਖਣ ਲਈ ਇਸ ਨੂੰ ਨਿਰਧਾਰਿਤ ਕੀਤਾ ਗਿਆ ਹੈ। ਇਸ ਤਰ੍ਹਾਂ ਦੇ ਅੰਕੜੇ ਕਿਸੇ ਵੀ ਤਰ੍ਹਾਂ ਜੀ.ਡੀ.ਪੀ ਦੇ ਲਾਭ ਨੂੰ ਸਾਬਤ ਕਰਨ ਦੀ ਕੋਸ਼ਿਸ਼ ਹੀ ਹੈ। ਸਚਾਈ ਇਹ ਹੈ ਕਿ ਨਵਉਦਾਰਵਾਦ ਦਾ ਖੋਖਲਾਪਣ ਜਿਵੇਂ-ਜਿਵੇਂ ਜਾਹਿਰ ਹੋ ਰਿਹਾ ਹੈ, ਸਰਕਾਰ ਉਸ ਨੂੰ ਛੁਪਾਉਣ ਲਈ ਅੰਕੜਿਆਂ ਦੀ ਬਾਜੀਗਿਰੀ ਕਰ ਰਹੀ ਹੈ। ਕੀਮਤਾਂ ’ਚ ਬੇਹੱਦ ਵਾਧਾ ਦੇ ਬਾਵਜੂਦ ਇਸ ਤਰ੍ਹਾਂ ਦੇ ਅੰਕੜੇ ਜਾਰੀ ਕਰਨਾ ਲੋਕਾਂ ਨੂੰ ਧੋਖਾ ਦੇਣਾ ਹੈ। ਲਿਹਾਜ਼ਾ ਸਰਕਾਰ ਨੂੰ ਗ਼ਰੀਬੀ ਦੇ, ਸਟੀਕ ਮੁਲਅੰਕਣ ਲਈ ਜ਼ਿੰਮੇਵਾਰੀ ਨਾਲ ਕੰਮ ਕਰਨਾ ਚਾਹੀਦਾ ਹੈ।

ਗ਼ਰੀਬੀ ਨਿਰਧਾਰਿਤ ਕਰਨ ਦਾ ਪ੍ਰਸਤਾਅ ਸਭ ਤੋਂ ਪਹਿਲਾਂ ਸੰਨ 1957 ’ਚ ਇੰਡੀਅਨ ਲੇਬਰ ਕਾਨਫ਼ਰੰਸ ਦੌਰਾਨ ਕੀਤਾ ਗਿਆ ਸੀ, ਉਸ ਪਿਛੋਂ ਯੋਜਨਾ ਕਮਿਸ਼ਨ ਨੇ ਇਕ ਕਾਰਜਕਾਰੀ ਸਮੂਹ ਬਣਾਇਆ ਸੀ ਜਿਸ ਨੇ ਬੇਲੋੜੀ ਕੈਲੋਰੀ ਵਰਤੋਂ ਦੀ ਧਾਰਨਾ ’ਤੇ ਅਧਾਰਿਤ, ਗ਼ਰੀਬੀ ਰੇਖਾ ਦਾ ਪ੍ਰਸਤਾਵ ਦੇਸ਼ ਲਈ ਕੀਤਾ। ਇਸ ਦੇ ਤਹਿਤ ਉਸ ਸਮੇਂ 20 ਰੁਪਏ ਫ਼ੀ ਮਹੀਨਾ ਨੂੰ ਵੰਡ ਰੇਖਾ ਵਜੋਂ ਮੰਨਿਆ ਗਿਆ। ਸੰਨ 1979 ’ਚ ਯੋਜਨਾ ਕਮਿਸ਼ਨ ਨੇ ਗ਼ਰੀਬੀ ਨੂੰ ਫਿਰ ਤੋਂ ਪ੍ਰਭਾਸ਼ਿਤ ਕਰਨ ਲਈ ਟਾਸਕ ਫੋਰਸ ਦਾ ਗਠਨ ਕੀਤਾ ਗਿਆ। ਸੰਨ 1973 ਦੀਆਂ ਕੀਮਤਾਂ ਨੂੰ ਅਧਾਰ ਦਸਦਿਆਂ ਪੇਂਡੂ ਖੇਤਰਾਂ ਲਈ 49 ਰੁਪਏ ਫੀ ਵਿਅਕਤੀ ਪ੍ਰਤੀ ਮਹੀਨਾ ਅਤੇ ਸ਼ਹਿਰੀ ਖੇਤਰਾਂ ਲਈ 57 ਰੁਪਏ ਦੀ ਵੰਡ ਰੇਖਾ ਤਹਿ ਕੀਤੀ ਗਈ। ਇਸ ਪਿਛੋਂ ਗ਼ਰੀਬੀ ਅੰਗਣ ਲਈ ਸਮੇਂ-ਸਮੇਂ ਸਿਰ ਕਈ ਸੰਮਤੀਆਂ ਅਲਘ ਸੰਮਤੀ, ਲਕੜਵਾਲਾ ਸੰਮਤੀ, ਤੇਂਦੂਲਕਰ

ਸੰਮਤੀ ਅਤੇ ਐਨ.ਸੀ ਸੈਕ ਸੇਨਾ ਨੇ ਆਪਣੀ ਰੀਪੋਟ ਦਿਤੀ। ਪਰ ਕਿਸੇ ਨੇ ਵੀ ਦੇਸ਼ ਦੀ ਗ਼ਰੀਬੀ ਦੇ ਅੰਗਣ ਦਾ ਇਕ ਸਾਰ ਪੈਮਾਨਾ ਤਿਆਰ ਨਹੀਂ ਕੀਤਾ ਜਾ ਸਕਿਆ। ਭਾਰਤ ਸਰਕਾਰ ਦੇ ਅੰਕੜਾ ਤੇ ਪ੍ਰੋਗਰਾਮ ਅਮਲ 'ਚ ਲਿਆਉਣ ਵਾਲੇ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਪੇਂਡੂ ਇਲਾਕਿਆਂ 'ਚ ਜਿਹਨਾਂ ਨੂੰ 2400 ਕੈਲੋਰੀ ਅਤੇ ਸ਼ਹਿਰੀ ਇਲਾਕਿਆਂ 'ਚ 2100 ਕੈਲੋਰੀ ਦਾ ਭੋਜਨ ਜਾਂ ਖੁਰਾਕੀ ਵਸਤਾਂ ਮਿਲਦੀਆਂ ਹਨ ਉਹ ਗ਼ਰੀਬ ਨਹੀਂ ਹੈ। ਇਕ ਦਿਨ 'ਚ 2400 ਕੈਲੋਰੀ ਦਾ ਮਤਲਬ ਹੈ ਦੋ ਡੰਗ ਦੀਆਂ ਛੇ ਰੋਟੀਆਂ ਸਬਜ਼ੀ ਤੇ ਇਕ ਕੌਲੀ ਦਾਲ ਗ਼ਰੀਬੀ ਤਹਿ ਕਰਨ ਲਈ ਹੁਣ ਤੱਕ ਬਣੀਆਂ ਵੱਖ-ਵੱਖ ਸੰਮਤੀਆਂ 'ਚ ਇਸ ਨੂੰ ਅਧਾਰ ਮੰਨਿਆ ਗਿਆ ਹੈ।

ਅੱਜਕਲ੍ਹ ਯੋਜਨਾ ਕਮਿਸ਼ਨ ਨੇ ਗ਼ਰੀਬੀ ਤਹਿ ਕਰਨ ਲਈ ਬਣਾਈ ਤੇਂਦੂਲਕਰ ਸੰਮਤੀ ਦੀ ਰੀਪੋਟ ਨੂੰ ਅਧਾਰ ਬਣਾਇਆ ਹੈ। ਅਜੇਹੇ 'ਚ ਜਾਨਣਾ ਅਹਿਮ ਹੈ ਕਿ ਆਖਰ ਇਹਨਾਂ ਸੰਮਤੀਆਂ ਪਿਛੋਂ ਸਰਕਾਰ ਨੂੰ ਇਕ ਹੋਰ ਮਾਹਰਾਂ ਦੇ ਸਮੂਹ ਦਾ ਗਠਨ ਕਰਨ ਦੀ ਲੋੜ ਪੈ ਗਈ। ਇਸ ਦੇ ਜੁਆਬ 'ਚ ਯੋਜਨਾ ਰਾਜ ਮੰਤਰੀ, ਅਰਸਿਨੀ ਕੁਮਾਰ ਕਹਿੰਦੇ ਹਨ ਕਿ ਵਿਸ਼ੇਸ਼ ਸਮੂਹ ਮੂਲ ਰੂਪ ਨਾਲ ਗ਼ਰੀਬੀ ਤਹਿ ਕਰਨ ਦੇ ਉਹਨਾਂ ਨਵੇਂ ਤਰੀਕਿਆਂ 'ਤੇ ਕੰਮ ਕਰੇਗਾ ਜੋ ਦੇਸ਼ 'ਚ ਜੁੜੀਆਂ ਮੌਜੂਦਾ ਹਕੀਕਤਾਂ ਨੂੰ ਜਾਹਰ ਕਰੇ। ਪਿਛਲੇ ਕੁਝ ਸਾਲਾਂ 'ਚ ਦੇਸ਼ ਦੇ ਅਰਥ ਚਾਰੇ ਤੇ ਲੋਕਾਂ ਦੇ ਜੀਵਨ ਪੱਧਰ 'ਚ ਕਾਫੀ ਤਬਦੀਲੀਆਂ ਆਈਆਂ ਹਨ, ਇਸ ਲਈ ਇਕ ਨਵੀਂ ਨੀਤੀ ਦੇ ਗਠਨ ਦੀ ਲੋੜ ਵਧ ਗਈ ਹੈ। ਆਰਥਕ ਮਾਮਲਿਆਂ ਦੇ ਮਾਹਰ ਰਮੇਸ਼ ਸ਼ਰਨ ਕਹਿੰਦੇ ਹਨ, 'ਚਾਰ ਪਾਸਿਓ ਹੋ ਰਹੀ ਅਲੋਚਨਾ ਤੋਂ ਬਚਣ ਲਈ ਅਜੇਹਾ ਕੀਤਾ ਜਾ ਰਿਹਾ ਹੈ। ਨਵੀਂ ਸੰਮਤੀ ਦਾ ਐਲਾਨ ਮੌਜੂਦਾ ਝਮੇਲੇ ਨੂੰ ਟਾਲਣ ਦੀ ਨੀਤੀ ਦੇ ਤਹਿਤ ਕੀਤੀ ਗਈ ਹੈ। ਅਸਲ 'ਚ ਯੋਜਨਾ ਕਮਿਸ਼ਨ ਵਲੋਂ ਅਪਣਾਈ ਗਈ ਤੇਂਦੂਲਕਰ ਸੰਮਤੀ ਦੀ ਰੀਪੋਟ ਹੀ ਗਲਤ ਹੈ। ਜੇ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਨੂੰ ਪ੍ਰਭਾਵਿਤ ਕਰਨਾ ਹੈ ਤਾਂ ਉਹਨਾਂ ਦਾ ਅਧਾਰ ਸਿਰਫ ਖੁਰਾਕ ਹੀ ਕਿਉਂ ਬਣਾਇਆ ਜਾਵੇ? ਗ਼ਰੀਬੀ ਦੀ ਗਹਿਰਾਈਆਂ ਜਾਨਣ ਲਈ ਤਿੰਨ ਪੈਮਾਨੇ ਸ਼ਾਮਲ ਕਰਨੇ ਜ਼ਰੂਰੀ ਹਨ। ਇਸ 'ਚ ਭੋਜਨ ਪੱਧਰ, ਸਿਖਿਆ, ਸਿਹਤ ਸ਼ਾਮਲ ਹਨ। ਜੀਵਨ ਭਰ 'ਚ ਭੋਜਨ ਤੋਂ ਇਲਾਵਾ ਕਪੜੇ ਤੇ ਰਹਾਇਸ ਨੂੰ ਵੀ ਸ਼ਾਮਲ ਕਰਨ ਦੀ ਲੋੜ ਹੈ। ਜੇ ਸਰਕਾਰ ਦੇਸ਼ 'ਚ ਗ਼ਰੀਬੀ ਵਾਕਿਆ ਹੀ ਪ੍ਰਭਾਸਤ ਕਰਨਾ ਚਾਹੁੰਦੀ ਹੈ ਤਾਂ ਉਸ ਲਈ ਇਕ ਨਵੀਂ ਕਮੇਟੀ ਬਣਾਉਣ ਦੀ ਲੋੜ ਨਹੀਂ ਹੈ। ਸਰਕਾਰ ਨੂੰ ਐਨ.ਸੀ ਸੈਕ ਸੈਨਾ ਦੀ ਰੀਪੋਟ ਨੂੰ ਅਧਾਰ ਬਣਾਉਣਾ ਚਾਹੀਦਾ ਹੈ। ਯੋਜਨਾ ਕਮਿਸ਼ਨ ਅਨੁਸਾਰ ਦੇਸ਼ 'ਚ ਗ਼ਰੀਬੀ ਦੀ ਗਿਣਤੀ ਘਟੀ ਹੈ। ਸੰਨ 2009-10 'ਚ ਦੇਸ਼ 'ਚ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਜਿਉਂ ਰਹੇ ਲੋਕਾਂ ਦੀ ਤੈਦਾਦ 35.5 ਕਰੋੜ ਸੀ, ਜਦ 2004-05 'ਚ ਇਹਨਾਂ ਦੀ ਤੈਦਾਦ 40.7 ਕਰੋੜ ਸੀ। ਭਾਰਤ 'ਚ ਗ਼ਰੀਬਾਂ ਦੀ ਗਿਣਤੀ ਬਾਰੇ ਯੂਨਾਈਟਡ ਨੈਸ਼ਨ ਡੀਵੈਲਪਮੈਂਟ ਪ੍ਰੋਗਰਾਮ (UANDP) ਦੀ ਰੀਪੋਟ ਵਖਰੀ ਹੀ ਤਸਵੀਰ ਪੇਸ਼ ਕਰਦੀ ਹੈ। ਰੀਪੋਟ ਮੁਤਾਬਕ ਭਾਰਤ 'ਚ ਸਭ ਤੋਂ ਵੱਧ ਗ਼ਰੀਬ ਰਹਿੰਦੇ ਹਨ ਤੇ ਕੁੱਝ ਗਰੀਬਾਂ ਦੀ ਗਿਣਤੀ 42 ਕਰੋੜ ਤੋਂ ਉਪਰ ਹੈ। ਜੋ 26 ਅਫਰੀਕੀ ਦੇਸ਼ਾਂ ਦੇ ਗ਼ਰੀਬਾਂ ਤੋਂ ਇਕ ਕਰੋੜ ਵੱਧ ਹੈ। ਰੀਪੋਟ 'ਚ ਕਿਹਾ ਗਿਆ ਹੈ ਕਿ ਭਾਰਤ 'ਚ ਬਿਹਾਰ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਮੱਧ ਪ੍ਰਦੇਸ਼, ਛਤੀਸਗੜ੍ਹ, ਝਾਰਖੰਡ, ਉੜੀਸਾ ਤੇ ਰਾਜਸਥਾਨ 'ਚ ਗ਼ਰੀਬੀ ਦਾ ਹੜ੍ਹ

ਹੈ।

ਯੂ.ਐਨ ਡੀ.ਪੀ. ਦੀ ਨਜ਼ਰ ’ਚ ਗ਼ਰੀਬ ਦਾ ਮਤਲਬ ਉਹ ਪ੍ਰੀਵਾਰ ਹੈ, ਜਿਸ ਨੂੰ ਰੋਜ਼ਾਨਾ ਇਕ ਡਾਲਰ ਤੋਂ ਘੱਟ ਆਮਦਨ ਤੇ ਗੁਜ਼ਾਰਾ ਕਰਨਾ ਪੈਂਦਾ ਹੈ। ਯਾਨੀ ਅੱਜ ਦੇ ਹਿਸਾਬ ਨਾਲ ਜਿਸ ਪ੍ਰੀਵਾਰ ਦੀ ਆਮਦਨੀ ਕਰੀਬ 50 ਰੁਪਏ ਜਾਂ ਉਸ ਤੋਂ ਘੱਟ ਹੈ। ਫੂਡ ਪ੍ਰਾਈਸ ਇਲੈਕਸ਼ਨ ਇਨ ਸਾਊਥ ਏਸ਼ੀਆ ਏ ਸੀਰੀਅਸ ਐਂਡ ਗ੍ਰੋਇੰਗ ਕੰਸਰਨ ਸੁਰਖੀ ਨਾਲ ਪ੍ਰਕਾਸ਼ਿਤ ਏਸ਼ੀਅਨ ਡੀਵੈਲਪਮੈਂਟ ਬੈਂਕ (ADB) ਦੀ ਰੀਪੋਟ ’ਚ ਦਾਅਵਾ ਕੀਤਾ ਗਿਆ ਹੈ ਕਿ ਖਾਣ ਪੀਣ ਦੀਆਂ ਚੀਜਾਂ ਦੇ ਭਾਅ ’ਚ ਜੇ ਦਸ ਫ਼ੀ ਸਦੀ ਵੀ ਵਾਧਾ ਹੁੰਦਾ ਹੈ ਤਾਂ ਦੇਸ਼ ਦੇ ਹੋਰ ਤਿੰਨ ਕਰੋੜ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਚਲੇ ਜਾਂਦੇ ਹਨ। ਰੀਪੋਟ ’ਚ ਇਸ ਸਾਲ ਫਰਵਰੀ ’ਚ ਜਰੂਰੀ ਚੀਜਾਂ ਦੇ ਫੁਟਕਲ ਰੇਟਾਂ ’ਚ ਆਈ ਤੇਜੀ ਨੂੰ ਅਧਾਰ ਬਣਾਇਆ ਗਿਆ ਹੈ। ਗਲੋਬਲ ਇਕਨਾਮਿਕਸ ਪ੍ਰੋਸਪੈਕਟਸ ਅਨੁਸਾਰ ਦੁਨੀਆਂ ’ਚ ਅਜ 1.25 ਡਾਲਰ (62–65) ਰੁਪਏ ’ਚ ਰੋਜ਼ਾਨਾ ਗੁਜ਼ਾਰਾ ਕਰਨ ਵਾਲੇ ਲੋਕਾਂ ਦੀ ਗਿਣਤੀ ਸੰਨ 1990 ਦੇ ਮੁਕਾਬਲਣਤਣ ਅੱਧੀ ਰਹਿ ਗਈ ਹੈ। ਯਾਨੀ ਦੁਨੀਆਂ ’ਚ ਗ਼ਰੀਬੀ ਤੇਜੀ ਨਾਲ ਘਟੀ ਹੈ। ਚੀਨ ’ਚ ਹੁਣ ਤੱਕ 66 ਕਰੋੜ ਲੋਕ ਗ਼ਰੀਬੀ ਰੇਖਾ ਤੋਂ ਉਪਰ ਜਾ ਚੁੱਕੇ ਹਨ। ਉਥੇ ਭਾਰਤ ’ਚ ਕਰੀਬ 66 ਕਰੋੜ ਲੋਕ ਹੀ ਗ਼ਰੀਬੀ ਰੇਖਾ ਤੋਂ ਉਪਰ ਬੈਠੇ ਹਨ।

ਅਜੇਹੇ ਸਮੇਂ ਸੁਆਲ ਪੈਦਾ ਹੁੰਦਾ ਹੈ ਕਿ ਭਾਰਤ ’ਚ ਗ਼ਰੀਬਾਂ ਦੀ ਗਿਣਤੀ ਚੀਨ ਦੇ ਮੁਕਾਬਲੇ ਤੇਜੀ ਨਾਲ ਕਿਉਂ ਨਹੀਂ ਘਟੀ? ਸਾਡੀ ਵਿਵਸਥਾ ਦੀਆਂ ਕਮਜ਼ੋਰੀਆਂ ਕੀ ਹਨ? ਇਸ ਦਾ ਜੁਆਬ ਦਿੰਦਿਆ ਅਰਥਕ ਮਾਹਰ ਪ੍ਰੋ: ਨਵਲ ਕਿਸ਼ੋਰ ਚੌਧਰੀ ਕਹਿੰਦੇ ਹਨ ‘ਦੇਸ਼ ’ਚ ਪੈਦਾਵਾਰ ਦੇ ਸਾਧਨ ਕੁਝ ਲੋਕਾਂ ਦੇ ਹੱਥਾਂ ’ਚ ਕੇਂਦਰਿਤ ਹਨ। ਸੰਨ 1991 ਤੋਂ ਉਦਾਰੀ ਕਰਨ, ਨਿਜੀਕਰਨ ਤੇ ਵਿਸ਼ਵੀਕਰਨ ਦੇ ਕਾਰਨ ਆਮਦਨ ਤੇ ਧਨ ਦੀ ਨਾ ਬਰਾਬਰ ਵੰਡ (ਕਾਣੀ ਵੰਡ) ਹੋਈ ਹੈ। ਰਵਾਇਤੀ ਜੀਵਿਕਾ ਦੇ ਸਾਧਨ ਜਿਵੇਂ ਜਲ, ਜੰਗਲ, ਜੀਵਨ ਆਦਿ ਦੀ ਮੁਨਾਫ਼ਾਖੋਰੀ ਦੇ ਲਾਲਚ ’ਚ ਲੁੱਟ ਹੋ ਰਹੀ ਹੈ। ਵਿਕਾਸ ਦਾ ਰੁਝਾਣ ਤੇ ਮਾਡਲ ਲੋਕਾਂ ਦੇ ਹੱਥਾਂ ’ਚ ਕੇਂਦਰਿਤ ਹੋਣ ਕਾਰਨ ਬਹੁਤੇ ਲੋਕ ਆਰਥਕ ਸਮਾਜਕ ਕਾਰਣਾਂ ਕਰਕੇ ਵਿਕਾਸ ਦੀ ਮੁੱਖ ਧਾਰਾ ਤੋਂ ਪਿਛੇ ਛੁਟਦੇ ਜਾ ਰਹੇ ਹਨ।

# ਰਾਜਸਥਾਨ ’ਚ ਬੱਚੇ ਜੋ ਗੁੰਮ ਹੋਏ, ਉਹ ਕਿਥੇ ਗਏ?

ਰਾਜਸਥਾਨ ’ਚ ਦੱਖਣੀ ਜ਼ਿਲ੍ਹੇ ਹਨੂੰਮਾਨਗੜ੍ਹ ਦੇ ਪੁਲਿਸ ਮੁੱਖ ਦਫ਼ਤਰ ਦੇ ਸਾਹਮਣੇ 19 ਮਾਰਚ ਨੂੰ ਇਕ ਵਿਧਵਾ ਧਰਨੇ ’ਤੇ ਬੈਠੀ, ਗੰਗਾ ਰਾਮ ਦੀ ਇਸ ਵਿਧਵਾ ਨੇ ਆਪਣੀਆਂ ਮੰਗਾਂ ਦੇ ਹੱਕ ’ਚ ਇਕ ਬੈਨਰ ’ਤੇ ਲਿਖਿਆ ‘ਜਾਂਚ ਅਧਿਕਾਰੀਆਂ ਨੂੰ ਪੈਸੇ ਦੇਣੇ ਹਨ, ਕ੍ਰਿਪਾ ਜਲਦੀ ਤੋਂ ਜਲਦੀ ਚੰਦਾ ਦਿਉ ਤਾਂ ਕਿ ਮੇਰੀ ਧੀ ਜਲਦੀ ਘਰ ਵਾਪਸ ਆ ਜਾਵੇ’। ਗੰਗਾ ਦਾ ਦੋਸ਼ ਹੈ ਕਿ ਉਸ ਦੀ ਨਾਬਾਲਗ਼ ਧੀ ਉੱਤਰ ਪ੍ਰਦੇਸ਼ ਦੇ ਜੇ.ਪੀ ਨਗਰ ’ਚ ਦਲਾਲਾਂ ਦੇ ਹੱਥੋਂ ਵੇਚ ਦਿਤੀ ਗਈ ਹੈ। ਇਕ ਮਾਸੂਮ ਨੂੰ ਵੇਚੇ ਜਾਣ ਦੇ ਇਸ ਵਾਅਕੇ ’ਚ ਪੁਲਸੀਆਂ ਰਵੱਈਆ ਦੇਖ ਕੇ ਇਹ ਮੰਨਿਆ ਜਾ ਸਕਦਾ ਹੈ ਕਿ ਰਾਜ ’ਚ ਪਿਛਲੇ 8 ਸਾਲਾਂ ’ਚ 10 ਹਜ਼ਾਰ ਲੋਕਾਂ ਦੀ ਗੁੰਮਸ਼ੁਦੀ ਹੋਈ ਹੈ ਅਤੇ ਪੁਲਸ ਨੇ ਇਹਨਾਂ ਕੇਸਾਂ ’ਚ ਕਿੰਨਾ ਫ਼ਰਜ ਨਿਭਾਇਆ ਹੋਵੇਗਾ। ਹਨੂੰਮਾਨਗੜ੍ਹ, ਰੇਲਵੇ ਸਟੇਸ਼ਨ ਨੇੜੇ ਸੁਦੇਸ਼ਿਆ ਖੇਤਰ ’ਚ ਰਹਿ ਰਹੀ ਗੰਗਾ ਨੇ ਪਿਛਲੇ ਮਹੀਨੇ ਬੇਟੀ ਦੇ ਅਗਵਾ ਦੇ ਮਾਮਲੇ ’ਚ ਰਾਜੇ ਸਿੰਘ, ਬਾਲਾ ਦੇਵੀ, ਮਦਨ ਸਿੰਘ, ਹਰੀਸ ਕੁਮਾਰ, ਪੱਪੂ ਸੁੱਖਾ ਦੇ ਖਿਲਾਫ਼ ਨਾਮਜ਼ਦ ਰਿਪੋਟ ਦਰਜ ਕਰਵਾਈ। ਇਸ ਔਰਤ ਨੇ ਅਗਵਾਕਾਰਾਂ ਦਾ ਨਿਸ਼ਚਤ ਟਿਕਾਣਾ ਵੀ ਦਸਿਆ। ਜਿਸ ਨੂੰ ਪੁਲਸ ਨੇ ਸਹੀ ਪਾਇਆ। ਇਸ ਦੇ ਬਾਵਜੂਦ ਦੋਸ਼ੀਆਂ ਨੂੰ ਫੜ੍ਹਨ ਤੇ ਗੰਗਾ ਦੀ 17 ਸਾਲਾਂ ਬੇਟੀ ਨੂੰ ਸਹੀ ਸਲਾਮਤ ਵਾਪਸ ਲਿਆਉਣ ’ਚ ਪੁਲਿਸ ਨੇ ਅਸਮਰਥਾ ਦਰਸਾਈ। ਬਕੌਲ ਗੰਗਾ ਇਸ ਅਸਮਰਥਾ ਦਾ ਕਾਰਨ ਉਤਰ ਪ੍ਰਦੇਸ਼ ਦੇ ਜੀ.ਪੀ ਨਗਰ ’ਚ ਛੁਪੇ ਅਗਵਾਕਾਰਾਂ ਨੂੰ ਫੜ੍ਹਨ ਲਈ ਪੁਲਿਸ ਪਾਸ ਗੱਡੀ ਦਾ ਨਾ ਹੋਣਾ ਸੀ। ਪੁਲਸ ਅਧਿਕਾਰੀਆਂ ਵਲੋਂ ਵਰਤੀ ਜਾ ਰਹੀ ਢਿਲਮੱਠ ਤੋਂ ਪ੍ਰੇਸ਼ਾਨ ਗੰਗਾ ਬੇਟੀ ਦੀ ਬਰਾਮਦਗੀ ਲਈ ਪੁਲਸ ਨੂੰ ਵਾਰ-ਵਾਰ ਬੇਨਤੀ ਕਰਨ ਲੱਗੀ। ਪੁਲਸ ਅਧਿਕਾਰੀਆਂ ਨੇ ਉਸ ਨੂੰ ਦੋ ਟੁੱਕ ਕਿਹਾ ਕਿ ਸਾਡੇ ਥਾਣੇ ’ਚ ਇਕ ਹੀ ਗੱਡੀ ਹੈ ਜੋ ਤੁਹਾਡੀ ਧੀ ਨੂੰ ਲੱਭਣ ਉੱਤਰ ਪ੍ਰਦੇਸ਼ ਨਹੀਂ ਜਾ ਸਕਦੀ। ਬੇਟੀ ਦੀ ਵਾਪਸੀ ਚਾਹੁੰਦੀ ਹੋ ਤਾਂ 4000 ਰੁਪਏ ਲਿਆਓ ਜਾਂ ਫਿਰ ਫੋ-ਵੀਲਰ ਗੱਡੀ ਦਾ ਇੰਤਜਾਮ ਕਰਕੇ ਦਿਉ। ਗੰਗਾ ਮੁਤਾਬਕ ‘ਮੈਂ ਪੁਲਸ ਵਾਲਿਆਂ ਲਈ 4000 ਰੁਪਏ ਇੱਕਠੇ ਕਰ ਰਹੀ ਹਾਂ ਜਿਸ ਨਾਲ ਉਹ ਮੇਰੀ ਬੇਟੀ ਨੂੰ ਦਲਾਲਾਂ ਦੇ ਚੁੰਗਲ ’ਚੋ ਛੁਡਾ ਲਿਆਉਣ, ਜਦੋਂ ਤੱਕ ਮੇਰੀ ਬੇਟੀ ਦੀ ਵਾਪਸੀ ਨਹੀਂ ਹੁੰਦੀ ਮੈਂ ਧਰਨੇ ’ਤੇ ਹੀ ਬੈਠੀ ਰਹੂੰਗੀ।

ਸੰਭਵ ਹੈ ਪਿਛਲੇ ਕੁੱਝ ਦਿਨਾਂ ’ਚ ਪੁਲਸ ਅਧਿਕਾਰੀ ਵਿਚਕਾਰਲਾ ਕੋਈ ਰਾਹ ਕੱਢ ਲੈਣ ਤੇ ਉਸ ਔਰਤ ਨੂੰ ਯਕੀਨ ਦਾ ਕੋਈ ਛੁਣਛੁਣਾ ਫੜਾ ਕੇ ਘਰ ਬਿਠਾ ਦੇਣ। ਪਰ ਨਾਬਾਲਗ ਬੱਚੀ ਦੇ ਵੇਚੇ ਜਾਣ ਦੇ ਇਸ ਮਾਮਲੇ ਤੋਂ ਦੋ ਗੱਲਾਂ ਸਪੱਸ਼ਟ ਹੋ ਗਈਆਂ ਹਨ। ਪਹਿਲੀ ਇਹ ਕਿ ਰਾਜਸਥਾਨ ’ਚ ਲੜਕੀਆਂ ਦੇ ਵੇਚੇ ਜਾਣ ਦਾ ਮਾਮਲਾ ਕੋਈ ਵੱਡਾ ਸੁਆਲ ਨਹੀਂ ਹੈ ਅਤੇ ਦੂਸਰਾ ਇਹ ਕਿ ਇਸ ਤਰ੍ਹਾਂ ਦੇ ਗੰਭੀਰ ਅਪਰਾਧਿਕ ਮਾਮਲਿਆਂ ’ਚ ਜੇ ਕੋਈ ਮਾਪੇ ਨਿਆਂ ਹਾਸਲ ਕਰਨ ਦੀ ਕੋਸ਼ਿਸ਼ ’ਚ ਪੁਲਸ ਕੋਲ ਜਾਂਦੇ ਹਨ ਤਾਂ ਉਹਨਾਂ ਨੂੰ ਫ਼ੁਸਲਾਉਣ (ਟਾਲਣ) ਜਾਂ ਚੁਪ ਕਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਜੇਹਾ ਉਦੋਂ ਹੈ ਜਦੋਂ ਜੈਪੁਰ ਹਾਈਕੋਰਟ ਨੇ ਇਸ ਨੂੰ ਮਹੀਨੇ ਦੇ ਅੰਤ ਤੱਕ ਰਾਜ ਦੇ ਪੁਲਿਸ ਮੁਖੀ ਤੇ ਗ੍ਰਿਹ ਸਕੱਤਰ ਤੋਂ ਪਿਛਲੇ 8 ਸਾਲਾਂ

'ਚ ਗੁੰਮਸ਼ੁਦਾ 10,000 ਲੋਕਾਂ ਦੇ ਮਾਮਲਿਆਂ 'ਚ ਜੁਆਬ ਮੰਗਿਆ ਹੈ।

ਜੈਪੁਰ ਹਾਈਕੋਰਟ ਦੇ ਚੀਫ਼ ਜਸਟਿਸ ਅਰੁਣ ਮਿਸ਼ਰ ਤੇ ਐਨ.ਕੇ ਜੈਨ ਦੇ ਬੈਂਚ ਵਲੋਂ ਦੋ ਮਾਰਚ ਨੂੰ ਦਿਤੇ ਗਏ, ਇਸ ਫ਼ੈਸਲੇ 'ਚ 18 ਫਰਵਰੀ ਨੂੰ ਪਟੀਸ਼ਨ ਦਾਇਰ ਕੀਤੀ ਗਈ ਸੀ। ਐਂਟੀ ਸੋਸ਼ਲ ਐਕਟੀਵਿਸਟ ਪ੍ਰਿਵੇਂਸ਼ਨ ਸੁਸਾਇਟੀ ਵਲੋਂ ਕ੍ਰਿਸ਼ਨਾ ਕੁਕੜ ਦੀ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਗਾਇਬ ਹੋਣ ਵਾਲਿਆਂ 'ਚ 70 ਫ਼ੀ ਸਦੀ ਬੱਚੇ ਤੇ ਔਰਤਾਂ ਹਨ, ਜਿਹਨਾਂ 'ਚ ਲੜਕੀਆਂ ਦੀ ਗਿਣਤੀ ਵੱਧ ਹੈ। ਗੁੰਮਸ਼ੁਦੀ ਦੇ ਇਹ ਅੰਕੜੇ ਸਿਰਫ਼ 2004 ਤੋਂ ਫਰਵਰੀ 2012 ਤੱਕ ਦੇ ਹਨ। ਇਸ ਤੋਂ ਪਹਿਲਾਂ ਕਿੰਨੇ ਲੋਕ ਗਾਇਬ ਹਨ, ਇਸ ਦਾ ਕੋਈ ਅਤਾ-ਪਤਾ ਹੀ ਨਹੀਂ ਹੈ ਕਿਉਂਕਿ ਰਾਜ ਥਾਣਿਆਂ ਜਾਂ ਪੁਲਸ ਮੁੱਖ ਦਫ਼ਤਰ 'ਚ ਕੋਈ ਸੂਚੀ ਬੱਧ ਜਾਣਕਾਰੀ ਨਹੀਂ ਹੈ। ਇਹ ਹਾਲਤ ਉਦੋਂ ਹੈ ਜਦੋਂ ਕੇਂਦਰ ਸਰਕਾਰ ਨੇ ਰਾਜ ਵਿਚ ਮਨੁਖੀ ਤਸਕਰੀ ਤੋਂ ਪ੍ਰਭਾਵਿਤ ਦਸ ਜ਼ਿਲ੍ਹਿਆਂ 'ਜਿਨ੍ਹਾਂ 'ਚ ਡੂੰਗਰਪੁਰ, ਧੌਲਪੁਰ, ਭਰਤਪੁਰ ਆਦਿ 'ਚ ਇਸ ਨੂੰ ਰੋਕਣ ਲਈ ਵਖਰਾ ਬਜਟ ਦਿੱਤਾ ਗਿਆ ਹੈ। ਰਾਜਸਥਾਨ ਦੇ ਇਕ ਪੁਲਸ ਉਚ ਅਧਿਕਾਰੀ ਨੇ ਮੰਨਿਆ ਕਿ 'ਪਹਿਲਾਂ ਇਸ ਮਾਮਲੇ 'ਚ ਸਿਰਫ ਸੂਚਨਾ ਦਰਜ ਕੀਤੀ ਜਾਂਦੀ ਸੀ, ਪਰ ਹੁਣ 'ਮਿਸਿੰਗ ਪਰਸਨ ਰੀਪੋਟ' ਦੇ ਤਹਿਤ ਬਕਾਇਦਾ ਐਫ਼.ਆਈ.ਆਰ ਦਰਜ ਕੀਤੀ ਜਾਂਦੀ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਹੁਣ ਵੀ ਥਾਣਾ ਮੁਖੀ ਮੁਕੱਦਮੇ ਦਰਜ ਕਰਨ ਤੋਂ ਮਨ੍ਹਾਂ ਕਰਦੇ ਹਨ।

ਇਸ ਮਾਮਲੇ ਨੂੰ ਅਦਾਲਤ 'ਚ ਲੈ ਜਾਣ ਵਾਲੇ ਜੈਪੁਰ ਹਾਈਕੋਰਟ ਦੇ ਵਕੀਲ ਏ.ਕੇ ਜੈਨ ਕਹਿੰਦੇ ਹਨ 'ਇਹਨਾਂ ਮਾਮਲਿਆਂ 'ਚ ਐਫ਼.ਆਈ.ਆਰ ਦਰਜ ਨਹੀਂ ਕੀਤੀ ਜਾਂਦੀ, ਸਿਰਫ਼ ਗੁੰਮਸ਼ੁਦੀ ਦੀ ਸੂਚਨਾ ਥਾਣੇ 'ਚ ਦਰਜ ਹੁੰਦੀ ਹੈ। ਸੂਚਨਾ ਦਰਜ ਕਰਨ ਪਿਛੋਂ ਖੋਜਣ ਦੀ ਜਿੰਮੇਵਾਰੀ ਪ੍ਰੀਵਾਰ ਦੀ ਮੰਨ ਲਈ ਜਾਂਦੀ ਹੈ। ਮਜ਼ਬੂਤ ਪ੍ਰੀਵਾਰਿਕ ਪਿਛੋਕੜ ਦੇ ਲੋਕ ਤਾਂ ਕੁੱਝ ਕੇਸਾਂ 'ਚ ਸਫ਼ਲਤਾ ਹਾਸਲ ਕਰ ਲੈਂਦੇ ਹਨ ਪਰ ਆਮ ਤੇ ਗ਼ਰੀਬ ਘਰਾਂ ਤੋਂ ਗਾਇਬ ਲੋਕ ਕਦੀ ਵਾਪਸ ਨਹੀਂ ਮੁੜਦੇ, ਕੀ ਸਰਕਾਰ ਅਗਲੇ ਨਿਤਾਰੀ ਕਾਂਡ ਦੀ ਉਡੀਕ ਵਿਚ ਹੈ? ਦਿਲੀ ਦੇ ਲਾਗੇ ਨੋਇਡਾ 'ਚੋਂ ਲਗਾਤਾਰ, ਬੱਚੇ ਗਾਇਬ ਹੋ ਰਹੇ ਹਨ ਅਤੇ ਪਿਛੋਂ ਇਸ ਪਿਛੇ ਇਕ ਕਿਡਨੀ ਤਸਕਰੀ ਦਾ ਹੱਥ ਸਾਹਮਣੇ ਆਇਆ ਸੀ, ਜੋ ਕਿਡਨੀ (ਗੁਰਦਾ) ਕੱਢ ਕੇ ਬੱਚੇ ਨੂੰ ਮਾਰ ਦਿੰਦਾ ਸੀ। ਰਾਜਸਥਾਨ ਦੇ ਮੌਜੂਦਾ ਬਜਟ ਸ਼ੈਸ਼ਨ 'ਚ ਕੋਟਾ ਦੱਖਣੀ ਦੇ ਭਾਜਪਾ ਐਮ.ਐਲ.ਏ ਓਮ ਬਿਰਲਾ ਨੇ ਸਦਨ 'ਚ ਇਹ ਮਾਮਲਾ ਉਠਾਇਆ ਸੀ ਪਰ ਅਸਰ ਕੋਈ ਨਹੀਂ ਹੋਇਆ। ਏਨੀ ਵੱਡੀ ਗਿਣਤੀ 'ਚ ਗਾਇਬ ਹੋਣ ਦਾ ਕੇਸ ਸਾਹਮਣੇ ਆਉਣ ਪਿਛੋਂ ਵੀ ਰਾਜ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਰਾਜਸਥਾਨ ਦੇ ਅੰਕੜੇ ਝਾਰਖੰਡ, ਪੱਛਮ ਬੰਗ, ਅਸਮ, ਦਿੱਲੀ ਆਦਿ ਤੋਂ ਘੱਟ ਹਨ। ਇਹਨਾਂ ਸੂਬਿਆਂ 'ਚ ਹਰ ਸਾਲ ਹਜ਼ਾਰਾਂ ਲੜਕੇ-ਲੜਕੀਆਂ ਗਾਇਬ ਹੋ ਰਹੀਆਂ ਹਨ। ਪੱਛਮੀ ਬੰਗ 'ਚ ਰਾਜ ਪੁਲਸ ਖੁਦ ਮੰਨਦੀ ਹੈ ਕਿ ਹਰ ਸਾਲ ਬੰਗਾਲ 'ਚ ਕਰੀਬ ਇਕ ਹਜ਼ਾਰ ਲੋਕਾਂ ਦੀ ਗੁੰਮਸ਼ਦੀ ਹੁੰਦੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਮੁਤਾਬਕ ਪੱਛਮੀ ਬੰਗ 'ਚ ਸਭ ਤੋਂ ਵੱਧ ਲੋਕ ਗੁੰਮਸ਼ੁਦਾ ਹਨ। ਸੁਪਰੀਮ ਕੋਰਟ ਦੀ ਸਖਤੀ ਦੇ ਮੱਦੇਨਜ਼ਰ ਰਾਜਸਥਾਨ ਸਰਕਾਰ ਕੋਈ ਸਾਕਾਰਤਕਮਕ ਪਹਿਲ ਕਰਦੀ ਹੈ ਜਾਂ ਪੀੜਤ ਪ੍ਰਤੀ ਇਸ ਤਰ੍ਹਾਂ ਸੰਵੇਦਨਹੀਣ ਬਣੀ ਰਹਿੰਦੀ ਹੈ।

# ਭਾਰਤ ਵਿਚ ਭੁੱਖਮਰੀ ਤੇ ਭੁੱਖਮਾਰੀ ਦੀ ਰਾਜਨੀਤੀ

ਜਿਵੇਂ ਕਿ ਭਾਰਤ 'ਚ ਭਿਅੰਕਰ ਪੱਧਰ ਤੇ ਮੌਜੂਦ ਭੁਖਮਰੀ ਹੈ, ਇਥੇ ਇਸ ਦੀ ਰਾਜਨੀਤੀ ਵੀ ਉਨੇ ਹੀ ਵੱਡੇ ਪੈਮਾਨੇ 'ਤੇ ਚਾਲੂ ਹੈ। ਇਸ ਵਿਚ ਸਰਕਾਰ ਵੱਧ ਚੜ੍ਹ ਕੇ ਆਪਣੀ ਭੂਮਿਕਾ ਨਿਭਾ ਰਹੀ ਹੈ। ਉਸ ਦੀ ਪੂਰੀ ਕੋਸ਼ਿਸ਼ ਹੈ ਕਿ ਭੁਖਮਰੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ ਨੂੰ ਘਟੋ-ਘੱਟ ਦਰਸਾਇਆ ਜਾਵੇ। ਇਸ ਦੇ ਇਕ ਪਾਸੇ ਤਾਂ ਪੂੰਜੀਵਾਦੀ ਵਿਕਾਸ ਦੀ ਛਵੀ ਉਜਵਲ ਹੋਵੇਗੀ ਦੂਜੇ ਪਾਸੇ ਇਹਨਾਂ ਲਈ ਰਾਹਤ ਯੋਜਨਾਵਾਂ 'ਤੇ ਖਰਚ 'ਚ ਕਮੀ ਕੀਤੀ ਜਾ ਸਕੇਗੀ। ਜਦੋਂ ਤੋਂ ਦੇਸ਼ 'ਚ ਭੁਖਮਰੀ ਦੇ ਸ਼ਿਕਾਰ ਲੋਕਾਂ ਲਈ ਖੁਰਾਕ ਸੁਰਖਿਆ ਬਿੱਲ ਦਾ ਮਾਮਲਾ ਉਠਿਆ ਹੈ ਤਦ ਤੋਂ ਇਸ ਮਾਮਲੇ 'ਚ ਸਰਕਾਰ ਦੀਆਂ ਸਰਗਰਮੀਆਂ ਹੋਰ ਤੇਜ ਹੋ ਗਈਆਂ ਹਨ। ਪਿਛਲੇ ਦਿਨੀਂ ਇਸ ਤੇ ਜਨਤਕ ਤੌਰ 'ਤੇ ਰੌਲਾ ਉਦੋਂ ਪਿਆ ਜਦ ਸਰਕਾਰ ਦੇ ਯੋਜਨਾ ਕਮਿਸ਼ਨ ਨੇ ਇਹ ਐਲਾਨਿਆ ਕਿ ਸ਼ਹਿਰਾਂ ਲਈ ਰੋਜ਼ਾਨਾ ਫੀ ਵਿਅਕਤੀ 32 ਰੁਪਏ ਖਰਚ, ਭੁਖਮਰੀ ਦੀ ਰੇਖਾ ਮੰਨੀ ਜਾਵੇਗੀ। ਦੇਸ਼ ਦੀ ਸੁਪਰੀਮ ਕੋਰਟ ਨੇ ਵੀ, ਜਿਸ ਨੂੰ ਮੌਜੂਦਾ ਸਰਮਾਏਦਾਰਾਂ ਵਿਵਸਥਾ ਨੂੰ ਬਚਾਉਣ ਦੀ ਵੱਧ ਚਿੰਤਾ ਹੈ। ਇਸ 'ਤੇ ਆਪਣੀ ਹੈਰਾਨ ਦਰਸਾਈ ਪਰ ਭਾਰਤ ਦਾ ਯੋਜਨਾ ਕਮਿਸ਼ਨ ਤੇ ਖਾਸ਼ ਕਰਕੇ ਇਸ ਦੇ ਪ੍ਰਧਾਨ ਉਦਾਰਵਾਦੀ ਮੋਨਟੇਕ ਸਿੰਘ ਆਹੂਲਵਾਲੀਆਂ ਦੇਸ਼ 'ਚ ਦੋ ਦਹਾਕੇ ਪਹਿਲਾਂ ਨਿਜੀਕਰਣ-ਉਦਾਰੀਕਰਣ-ਵਿਸ਼ਵੀਕਰਣ ਦੀਆਂ ਨੀਤੀਆਂ ਨੂੰ ਸਭ ਤੋਂ ਵੱਧਾ ਚੜ੍ਹਾ ਕੇ ਲਾਗੂ ਕਰਨ ਵਾਲੀ ਤਿਕੜੀ ਦੇ ਇਕ ਮੈਂਬਰ ਹਨ। ਦੂਜੇ ਦੋ ਹਨः ਮਨਮੋਹਨ ਸਿੰਘ ਤੇ ਪੀ. ਚਿੰਦਬਰਮ 1991 'ਚ ਲਾਗੂ ਨਵੀਆਂ ਆਰਥਕ ਨੀਤੀਆਂ ਦਾ ਬਲਿਊ ਪ੍ਰਿੰਟ ਇਸ ਆਹਲੂਵਾਲੀਆ ਨੇ ਹੀ ਤਿਆਰ ਕੀਤਾ ਸੀ, ਜਦ ਉਹ ਚੰਦਰ ਸ਼ੇਖਰ ਸਰਕਾਰ 'ਚ ਆਰਥਕ ਸਲਾਹਕਾਰ ਸਨ। ਹੁਣੇ ਯੋਜਨਾ ਕਮਿਸ਼ਨ ਨੇ ਇਕ ਹੋਰ ਕਾਰਨਾਮਾ ਕੀਤਾ ਹੈ। ਉਸ ਨੇ ਐਲਾਨਿਆ ਹੈ ਕਿ 2004-05 ਅਤੇ 2009-10 ਵਿਚਕਾਰ ਭੁਖਮਰੀ ਦੀ ਰੇਖਾ ਨੀਚੇ ਰਹਿਣ ਵਾਲਿਆਂ ਦੀ ਗਿਣਤੀ 'ਚ 7 ਫ਼ੀ ਸਦੀ ਦੀ ਕਮੀ ਆਈ ਹੈ। ਇਹ ਦੇਖਦੇ ਹੋਇਆਂ ਸਰਕਾਰ ਪਹਿਲਾਂ 28.5 ਫ਼ੀ ਸਦੀ ਭੁਖਮਰੀ ਦੀ ਗੱਲ ਕਰਦੀ ਰਹੀ ਹੈ। ਯੋਜਨਾ ਕਮਿਸ਼ਨ ਅਨੁਸਾਰ ਦੇਸ਼ 'ਚ ਭੁਖਮਰੀ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ ਸਿਰਫ਼ 21.5 ਫ਼ੀ ਸਦੀ ਹੈ। ਕੁਝ ਅਮੀਰ ਨੇ ਤਾਂ ਇਸ ਗੱਲ 'ਤੇ ਖੁਸ਼ੀ ਵੀ ਜਾਹਰ ਕੀਤੀ ਹੈ। ਕਰਨ ਵੀ ਕਿਉਂ ਨਾ? ਚਮਕਦਾ ਹੋਇਆ ਭਾਰਤ, ਹੋਰ ਵੱਧ ਚਮਕ ਰਿਹਾ ਹੈ ਇਹਨਾਂ ਅੰਕੜਿਆਂ ਵਿਚ ਜਦ 26 ਤੇ 32 ਰੁਪਏ ਰੋਜ਼ਾਨਾ ਪ੍ਰਤੀ ਵਿਅਕਤੀ ਵਾਲੇ ਯੋਜਨਾ ਕਮਿਸ਼ਨ ਦੇ ਸੁਪਰੀਕ ਕੋਰਟ 'ਚ ਹਲਫ਼ਨਾਮੇ 'ਤੇ ਹੰਗਾਮਾ ਹੋਇਆ ਸੀ ਕਿ ਏਨੇ ਘੱਟ ਖਰਚ 'ਚ ਅੱਜ ਕੋਈ ਬੰਦਾ ਕਿਵੇਂ ਜਿਉਂਦਾ ਰਹਿ ਸਕਦਾ ਹੈ ਤਾਂ ਆਹਲੂਵਾਲੀਆ ਸਾਹਿਬ ਨੇ ਫ਼ਰਮਾਇਆ ਸੀ ਕਿ ਇਹ ਜਿਉਂਦੇ ਰਹਿਣ ਦਾ ਹੀ ਖਰਚ ਹੈ, ਆਰਾਮ ਨਾਲ ਜਿਉਂਦੇ ਰਹਿਣ ਦਾ ਖਰਚ ਨਹੀਂ ਹੈ। ਹੁਣ ਉਹਨਾਂ ਨੇ ਫਿਰ ਇਕ ਮਾਰਕਾ ਦੀ ਗੱਲ ਕਹੀ ਹੈ। ਉਹਨਾਂ ਕਿਹਾ ਕਿ ਦੇਸ਼ 'ਚ ਭੁਖਮਰੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ ਤਾਂ ਘਟੀ ਹੈ ਪਰ ਅਮੀਰੀ-ਗਰੀਬੀ 'ਚ ਨਾ ਬਰਾਬਰੀ ਦੀ ਖਾਈ ਵਧੀ ਹੈ। ਅਜੇਹੇ ਕਹਿਕੇ ਉਹਨਾਂ ਨੇ

ਇਹ ਕਸੂਤੀ ਹਾਲਤ ਪੈਦਾ ਕਰ ਦਿਤੀ ਹੈ ਕਿ ਕੀ ਇਹ ਸੰਭਵ ਹੈ ਕਿ ਨਾ ਬਰਾਬਰੀ ਤਾਂ ਵਧੇ ਪਰ ਭੁਖਮਰੀ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ ਨਾ ਵਧੇ? ਭੁਖਮਰੀ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ ਸਬੰਧੀ ਜੋ ਰਾਜਨੀਤੀ ਹੋ ਰਹੀ ਹੈ, ਉਸ ਨੂੰ ਸਮਝਣ ਲਈ ਪਹਿਲਾਂ ਇਸ ਦੇ ਸਿਧਾਂਤਕ ਪਹਿਲੂਆਂ ’ਤੇ ਚਰਚਾ ਕੀਤੀ ਜਾਵੇ। ਭੁਖਮਰੀ ਦੀ ਰੇਖਾ ਕੋਈ ਨਿਰਪੇਖ ਮਾਪਦੰਡ ਨਹੀਂ ਹੈ ਅਤੇ ਨਾ ਹੀ ਹੋ ਸਕਦੀ ਹੈ। ਇਹ ਹਰੇਕ ਸਮਾਜ ’ਚ ਵੱਖ-ਵੱਖ ਹੁੰਦੀ ਹੈ। ਸਾਡੇ ਦੇਸ਼ ’ਚ ਸ਼ਹਿਰਾਂ ’ਤੇ ਪਿੰਡਾਂ ਲਈ ਦੋ ਵੱਖ-ਵੱਖ ਰਾਸ਼ੀ ਤਹਿ ਕਰਕੇ ਭਾਰਤ ਸਰਕਾਰ ਵੀ ਇਸ ਬੁਨਿਆਦੀ ਸੱਚ ਨੂੰ ਮੰਨਦੀ ਹੈ। ਗ਼ਰੀਬੀ ਤੇ ਭੁਖਮਰੀ ਸਮਾਜ ’ਚ ਸਾਪੇਖ ਚੀਜ ਹੈ, ਇਹ ਕਿਸੇ ਵੀ ਸਮਾਜ ਦੇ ਆਮ ਵਿਕਾਸ ਤੇ ਉਸ ’ਚ ਵੱਖ-ਵੱਖ ਵਰਗਾਂ ਦੇ ਸਾਪੇਖਿਕ ਵਿਕਾਸ ’ਤੇ ਨਿਰਭਰ ਕਰਦੀ ਹੈ। ਇਸ ਲਈ ਅਜਿਹਾ ਹੁੰਦਾ ਹੈ ਕਿ ਉਸ ਦੇਸ਼ ’ਚ ਸਮੇਂ ਦੇ ਨਾਲ ਗ਼ਰੀਬੀ ਦੀ ਹੱਦ ਤਬਦੀਲ ਹੋ ਜਾਂਦੀ ਹੈ। ਗ਼ਰੀਬੀ ਤੇ ਅਮੀਰੀ ਪੂਰੀ ਤਰ੍ਹਾਂ ਮੁਕਾਬਲਤਨ ਚੀਜ਼ ਹੈ। ਇਸ ਦਾ ਕੋਈ ਇਕ ਸਿੱਧਾ ਸਾਧਾ ਪੈਮਾਨਾ ਨਹੀਂ ਹੁੰਦਾ। ਇਸ ਲਈ ਕਿਸੇ ਵੀ ਸਮਾਜ ਦੇ ਆਮ ਵਿਕਾਸ ਤੇ ਉਸ ’ਚ ਵੱਖ-ਵੱਖ ਵਰਗਾਂ ਦੇ ਮੁਕਾਬਲਤਨ ਵਿਕਾਸ ਦੇ ਚਲਦਿਆਂ ਗ਼ਰੀਬੀ-ਅਮੀਰੀ ਦਾ ਪੈਮਾਨਾ ਬਦਲ ਜਾਂਦਾ ਹੈ। ਇਕ ਮਿਸਾਲ ਨਾਲ ਇਸ ਨੂੰ ਸਮਝਿਆ ਜਾ ਸਕਦਾ ਹੈ। ਮੰਨ ਲਓ ਕਿ ਦੋ ਬੰਦੇ ਆਸ ਪਾਸ ਰਹਿੰਦੇ ਹਨ ‘ਕ’ ਪਾਸ ਇਕ ਕਮਰੇ ਦਾ ਘਰ ਹੈ ਅਤੇ ‘ਖ’ ਕੋਲ ਦੋ ਕਮਰੇ ਦਾ। ਕੁਝ ਸਾਲ ਪਿਛੋਂ ‘ਕ’ ਦੇ ਪਾਸ ਦੋ ਕਮਰੇ ਦਾ ਮਕਾਨ ਹੋ ਜਾਂਦਾ ਹੈ ਪਰ ਇਸ ਦੌਰਾਨ ‘ਖ’ ਦੇ ਪਾਸ ਚਾਰ ਕਮਰਿਆਂ ਦੇ ਦੋ ਮਕਾਨ ਹੋ ਜਾਂਦੇ ਹਨ। ਅਜੇਹੇ ’ਚ ‘ਕ’ ‘ਖ’ ਦੇ ਮੁਕਾਬਲੇ ਹੁਣ ਪਹਿਲਾਂ ਤੋਂ ਵੱਧ ਖੁਦ ਨੂੰ ਗ਼ਰੀਬ ਮਹਿਸੂਸ ਕਰੇਗਾ। ਹਾਲਾਂਕਿ ਉਸ ਦੀ ਆਪਣੀ ਹਾਲਤ ਚ ਪਹਿਲਾਂ ਦੇ ਮੁਕਾਬਲੇ ’ਚ ਦੋ ਗੁਣਾਂ ਦੀ ਬੇਹਤਰੀ ਹੋ ਗਈ ਪਰ ਕਿਉਂਕਿ ਇਸ ਦੌਰਾਨ ‘ਖ’ ਚਾਰ ਗੁਣਾ ਅੱਗੇ ਵੱਧ ਗਿਆ ਹੈ। ‘ਕ’ ਹੁਣ ‘ਖ’ ਦੇ ਮੁਕਾਬਲੇ ਅੱਧੇ ਦੇ ਮੁਕਾਬਲਤਨ ਚੌਥਾਈ ਜਾਇਦਾਦ ਦਾ ਮਾਲਕ ਹੈ। ਮਨੁੱਖ ਦੀ ਜਾਇਦਾਦ ਤੇ ਉਸ ਦੀ ਵਰਤੋਂ ਸਭਿਅਤਾ ਦੇ ਵਿਕਾਸ ਦੇ ਨਾਲ ਵਧਦੀ ਗਈ ਹੈ। ਕਿਸੇ ਖਾਸ ਸਮੇ ’ਚ ਮਨੁੱਖ ਆਪਣੀ ਵਰਤੋਂ ਜਾਂ ਜਾਇਦਾਦ ਨਾਲ ਕਿੰਨੀ ਸੰਤੁਸ਼ਟੀ ਮਹਿਸੂਸ ਕਰਦਾ ਹੈ, ਇਹ ਇਸ ’ਤੇ ਨਿਰਭਰ ਕਰਦਾ ਹੈ ਕਿ ਉਸ ਦੇ ਨੇੜੇ-ਤੇੜੇ ਜਾਇਦਾਦ ਤੇ ਖਪਤ ਦਾ ਪੱਧਰ ਕੀ ਹੈ? ਮਨੁਖ ਦੀ ਸਰੀਰਕ ਬਣਤਰ ਹਜ਼ਾਰਾਂ ਸਾਲਾਂ ਤੋਂ ਇਕੋ ਜਿਹੀ ਹੈ। ਪਰ ਇਸ ਦੌਰਾਨ ਜੋ ਪਹਿਲੀਆਂ ਖੁਰਾਕਾਂ ਸਨ, ਉਹ ਹੁਣ ਨਹੀਂ। ਸਮਾਜਕ ਕਾਰਨਾਂ ਕਰਕੇ ਹੋਇਆ ਹੈ ਕਿ ਆਮ ਸਮਾਜਕ ਖਪਤ ਹੁਣ ਬਦਲ ਚੁਕੀ ਹੈ। ਪੰਜਾਹ ਸਾਲ ਪਹਿਲਾਂ ਭਾਰਤ ’ਚ ਕਣਕ ਦੀ ਰੋਟੀ ਖੁਸ਼ਹਾਲੀ ਦਾ ਪ੍ਰਤੀਕ ਸੀ ਹੁਣ ਇਹ ਆਮ ਖੁਰਾਕ ਹੈ। ਪੰਜਾਹ ਸਾਲ ਪਹਿਲਾਂ ਸਾਈਕਲ ਜਾਂ ਰੇਡੀਉ ਖੁਸ਼ਹਾਲੀ ਦੀ ਨਿਸ਼ਾਨੀ ਸਨ, ਹੁਣ ਟੈਲੀਵਿਜ਼ਨ ਤੇ ਮੋਟਰ ਸਾਈਕਲ ਇਸ ਸ੍ਰੇਣੀ ’ਚ ਆ ਗਏ ਹਨ। ਦੇਸ਼ ਦੇ ਕੁਝ ਹਿਸਿਆਂ ਵਿਚ ਤਾਂ ਇਹ ਵੀ ਹੁਣ ਆਮ ਬਣ ਚੁਕੀ ਹੈ। ਇਸ ਲਈ ਭੁਖਮਰੀ ਜਾਂ ਗ਼ਰੀਬੀ ਇਸ ਨਾਲ ਤਹਿ ਹੋਵੇਗੀ ਕਿ ਸਬੰਧਤ ਸਮਾਜ ’ਚ ਖਪਤ ਤੇ ਜਾਇਦਾਦ ਦਾ ਆਮ ਪੱਧਰ ਕੀ ਹੈ? ਇਸ ਆਮ ਪੱਧਰ ਤੋਂ ਉਪਰ ਉਠ ਜਾਣ ਤੇ ਗ਼ਰੀਬੀ ਤੇ ਭੁਖਮਰੀ ਦੀ ਰੇਖਾ ਦਾ ਪੱਧਰ ਵੀ ਉਪਰ ਉਠ ਜਾਵੇਗਾ। ਪਹਿਲਾਂ ਜੋ ਖੁਸ਼ਹਾਲੀ ਦਾ ਚਿੰਨ੍ਹ ਮੰਨੀ ਜਾਂਦੀ ਸੀ, ਉਹ ਹੁਣ ਗ਼ਰੀਬੀ ਦਾ ਆਮ ਵਰਤੋਂ ਹੋ ਜਾਵੇਗੀ। ਇਸ ਕਾਰਨ

ਕਰਕੇ ਅਜੇਹਾ ਹੋਵੇਗਾ ਕਿ ਜੇ ਸਮਾਜ ਦੇ ਧਨੀ ਲੋਕਾਂ ਦੀ ਜਾਇਦਾਦ ਤੇ ਖਪਤ ਤੇਜ਼ੀ ਨਾਲ ਵਧਦੀ ਹੈ ਤਾਂ ਇਸ ਅਨੁਪਾਤ 'ਚ ਪਹਿਲਾਂ ਦੇ ਮੁਕਾਬਲੇ ਕੁਝ ਹੋਰ ਗ਼ਰੀਬਾਂ 'ਚ ਸ਼ਾਮਲ ਹੋ ਜਾਣਗੇ। ਇਸ ਤਰ੍ਹਾਂ ਜੇ ਅਮੀਰ ਲੋਕਾਂ ਦੀ ਵਰਤੋਂ ਤੇਜ਼ੀ ਨਾਲ ਵਧਦੀ ਹੈ ਤਾਂ ਕੁਝ ਲੋਕ ਭੁਖਮਰੀ ਦੀ ਰੇਖਾ ਦੇ ਹੇਠਾਂ ਚਲੇ ਜਾਣਗੇ। ਭਾਵੇਂ ਹੀ ਉਹਨਾਂ ਦੀ ਆਪਣੀ ਖਪਤ ਪਹਿਲਾਂ ਦੇ ਮੁਕਾਬਲੇ ਵਧੀ ਹੋਵੇ। ਪਹਿਲਾਂ ਗ਼ਰੀਬ ਲੋਕ ਮੋਟਾ ਅਨਾਜ ਖਾਂਦੇ ਸਨ ਹੁਣ ਕਣਕ ਚੌਲ ਖਾਂਦੇ ਹਨ। ਇਸ ਦੌਰਾਨ ਅਮੀਰ ਲੋਕ ਕਣਕ ਬ੍ਰੈਡ-ਬਟਰ ਤੋਂ ਅੱਗੇ ਵਧਦੇ ਹੋਏ ਭਿੰਨ-ਭਿੰਨ ਦੀ ਉਚ ਵਰਤੋਂ ਤਕ ਪਹੁੰਚ ਜਾਂਦੇ ਹਨ। ਅਜੇਹੇ 'ਚ ਗ਼ਰੀਬਾਂ ਨੂੰ ਮੋਟੇ ਅਨਾਜ ਤੋਂ ਕਣਕ ਤਕ ਵਾਧਾ ਪਹਿਲਾਂ ਦੇ ਮੁਕਾਬਲੇ ਵੱਧ ਸੰਤੁਸ਼ਟੀ ਦੇ ਸਕਦਾ। ਇਸ ਦੇ ਉਲਟ ਉਸ ਦੀ ਅਸੰਤੁਸ਼ਟੀ ਵਧੇਗੀ ਹੀ। ਆਪਣੀ ਖਪਤ ਬੇਹਤਰ ਹੋ ਜਾਣ ਦੇ ਬਾਵਜੂਦ ਗ਼ਰੀਬ ਆਦਮੀ ਆਪਣੇ ਆਪ ਨੂੰ ਹੋਰ ਵੱਧ ਗ਼ਰੀਬ ਮਹਿਸੂਸ ਕਰੇਗਾ ਅਤੇ ਸੱਚ ਹੋਵੇਗਾ ਕਿਉਂਕਿ ਗ਼ਰੀਬੀ-ਅਮੀਰੀ ਸਮਾਜ ਦੀ ਮੁਕਾਬਲਤਨ ਚੀਜ਼ ਹੈ। ਇਸ ਤੋਂ ਇਹ ਆਮ ਸਿੱਟਾ ਨਿਕਲਦਾ ਹੈ ਕਿ ਕਿਸੇ ਵੀ ਸਮਾਜ 'ਚ ਵਰਤੋਂ ਆਮਦਨ ਤੇ ਜਾਇਦਾਦ ਦੀ ਨਾ ਬਰਾਬਰੀ ਵਧਣ ਦਾ ਮਤਲਬ ਹੈ ਭੁਖਮਰੀ ਦੀ ਰੇਖਾ ਦੇ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ 'ਚ ਵਾਧਾ ਜੇ ਸਮਾਜ 'ਚ ਸਰਵਉਚ ਪਾਏਦਾਨ 'ਤੇ ਰਹਿਣ ਵਾਲੇ, ਉਪਰਲੇ ਇਕ, ਪੰਜ ਜਾਂ ਦਸ ਫ਼ੀ ਸਦੀ ਦੀ ਆਮਦਨ ਜਾਇਦਾਦ ਜਾਂ ਖਪਤ ਨਾਲ ਜ਼ਿਆਦਾ ਵਧਦੀ ਹੈ ਤਾਂ ਹੇਠਲੇ ਕੁਝ ਹੋਰ ਲੋਕ ਹੁਣ ਖੁਦ ਨੂੰ ਭੁਖਮਰੀ ਦੀ ਰੇਖਾ ਦੇ ਹੇਠਾਂ ਮਹਿਸੂਸ ਕਰਨਗੇ। ਇਹ ਤਕਨੀਕੀ, ਅੰਕੜਿਆਂ ਦੀ ਦ੍ਰਿਸ਼ਟੀ ਨਾਲ ਸਿਰਫ਼ ਕੁਝ ਅਪਵਾਦ ਹਾਲਤਾਂ 'ਚ ਹੀ ਹੋ ਸਕਦਾ ਹੈ ਕਿ ਨਾ ਬਰਾਬਰੀ ਤਾਂ ਵਧੇ ਪਰ ਭੁਖਮਰੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਤੈਦਾਦ ਨਾ ਵਧੇ ਜਾਂ ਉਸ ਵਿਚ ਕਮੀ ਆਵੇ। ਪਰ ਇਹ ਵੀ ਤਾਂ ਸੰਭਵ ਹੋਵੇਗਾ ਜਦ ਕੁਝ ਲੋਕ ਭੁਖਮਰੀ ਦੀ ਰੇਖਾ ਦੇ ਕਰੀਬ ਸਿਮਟ ਜਾਣ। ਉਪਰ ਵਾਲੇ ਤਾਂ ਉਪਰ ਉਠ ਜਾਣ। ਨੀਚੇ ਵਾਲਿਆਂ 'ਚ ਭੁਖਮਰੀ ਦੀ ਰੇਖਾ ਦੇ ਹੇਠਾਂ ਰਹਿਣ ਵਾਲਿਆਂ ਵਿਚੋਂ ਕੁਝ ਲੋਕ ਇਸ ਰੇਖਾ ਤੋਂ ਥੋੜਾ ਉਪਰ ਪਹੁੰਚ ਜਾਣ ਅਤੇ ਨਾਲ ਹੀ ਭੁਖਮਰੀ ਦੀ ਰੇਖਾ ਦੇ ਉਪਰ ਵਾਲੇ ਗ਼ਰੀਬਾਂ ਵਿਚੋਂ ਕੁੱਝ ਹੋਰ ਲੋਕ ਹੇਠਾਂ ਡਿੱਗ ਕੇ ਇਸ ਰੇਖਾ ਦੇ ਨੇੜੇ ਆ ਜਾਣਾ ਇਹ ਬੇਹੱਦ ਤਕਨੀਕੀ, ਗਿਣਤੀ ਦੀ ਸਥਿਤੀ 'ਚ ਹੀ ਨਾ ਬਰਾਬਰੀ 'ਚ ਵਾਧਾ 'ਤੇ ਭੁਖਮਰੀ ਦੀ ਰੇਖਾ ਦੇ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ ਵਿਚ ਕਮੀ ਇਕੋ ਵੇਲੇ ਹੋ ਸਕਦੀ ਹੈ। ਸਿਰਫ਼ ਬੇਹੱਦ ਘ੍ਰਿਣਿਤ ਪੂੰਜੀਵਾਦੀ ਵਿਵਸਥਾ 'ਚ ਹੀ ਇਸ ਵਿਕਾਸ 'ਤੇ ਖੁਸ਼ੀਆਂ ਮਨਾਈਆਂ ਜਾ ਸਕਦੀਆਂ ਹਨ। ਉਪਰ ਦੇ 10 ਲੋਕਾਂ ਨੂੰ ਹੁਣ 200 ਰੁਪਏ ਦੇ ਬਦਲੇ 800 ਰੁਪਏ ਮਿਲ ਰਹੇ ਹਨ। ਪਰ ਇਸ ਗੱਲ 'ਤੇ ਖੁਸ਼ੀ ਮਨਾਈ ਜਾ ਰਹੀ ਹੈ ਕਿ ਹੇਠਾਂ ਦੇ 30 ਵਿਚੋਂ ਸਿਰਫ਼ 20 ਹੀ 25 ਰੁਪਏ ਤੋਂ ਹੇਠਾਂ ਰਹਿ ਗਏ ਹਨ। ਜਦਕਿ ਇਸ ਦੌਰਾਨ ਉਸ ਦੇ ਉਪਰ ਦੇ 30 ਵਿਚੋਂ 20 ਹੇਠਾਂ ਡਿੱਗ ਕੇ 26-27 ਰੁਪਏ ਤਕ ਸਿਮਟ ਆਏ ਹਨ ਜਦਕਿ ਪਹਿਲਾਂ ਉਹ 35-40 ਰੁਪਏ 'ਤੇ ਸਨ। ਪੂੰਜੀਵਾਦੀ ਵਿਕਾਸ ਦਾ ਇਹ ਆਮ ਰੁਝਾਣ ਹੈ ਕਿ ਉਹ ਗਰੀਬੀ-ਅਮੀਰੀ ਵਿਚਕਾਰ ਖਾਈ ਨੂੰ ਚੌੜਾ ਕਰੇਗਾ ਅਤੇ ਇਸ ਕਾਰਣ ਗ਼ਰੀਬ ਲੋਕਾਂ ਤੇ ਭੁਖਮਰੀ ਦੀ ਰੇਖਾ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ ਵਧੇਗੀ। ਵਿਚਕਾਰਲੇ ਕੁਝ ਹੋਰ ਗ਼ਰੀਬਾਂ 'ਚ ਭੁਖਮਰੀ ਦੇ ਸ਼ਿਕਾਰ ਲੋਕਾਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਜਾਣਗੇ। ਅਜੇਹਾ ਇਸ ਲਈ ਹੁੰਦਾ ਹੈ ਕਿ ਪੂੰਜੀਵਾਦ

’ਚ ਪੂੰਜੀਪਤੀ ਤੇ ਮਜ਼ਦੂਰ ਦੀ ਸਥਿਤੀ ਹਮੇਸ਼ਾ ਵੱਖ ਹੁੰਦੀ ਹੈ। ਲਾਜ਼ਮੀ ਤੌਰ ’ਤੇ ਮਜ਼ਦੂਰਾਂ ਨੂੰ ਮਜ਼ਦੂਰੀ ਬਸ ਏਨੀ ਮਿਲਦੀ ਹੈ ਕਿ ਉਹ ਕਿਵੇਂ ਨਾ ਕਿਵੇਂ ਜਿਉਂਦੇ ਰਹਿਣ ਤੇ ਪੂੰਜੀਵਾਦੀ ਲਈ ਕੰਮ ਕਰਨ (ਅਤੇ ਮਰਨ ਤੋਂ ਪਹਿਲਾਂ ਆਪਣੇ ਵਰਗੇ ਮਜ਼ਦੂਰ ਪੈਦਾ ਕਰ ਜਾਣ।) ਦੂਜੇ ਪਾਸੇ ਸ਼ਰਮਾਏਦਾਰ ਕਾਰੋਬਾਰ ਇਸ ਲਈ ਕਰਦਾ ਹੈ ਕਿ ਉਹ ਜਮਾ ਕਰੇ, ਉਸ ਦੀ ਪੂੰਜੀ ਵਧੇ। ਇਸ ਤਰ੍ਹਾਂ ਇਕ ਪਾਸੇ ਮਜ਼ਦੂਰ ਲਗਾਤਾਰ ਜਾਇਦਾਦ ਤੋਂ ਵਾਂਝਿਆਂ ਰਹਿੰਦਾ ਹੈ ਤੇ ਉਸ ਦੀ ਖਪਤ ਘਟੋ-ਘੱਟ ’ਤੇ ਟਿਕੀ ਰਹਿੰਦੀ ਹੈ। ਦੂਜੇ ਪਾਸੇ ਸਰਮਾਏਦਾਰ ਦੀ ਪੂੰਜੀ ਵਧਦੀ ਜਾਂਦੀ ਹੈ ਤੇ ਨਾਲ ਹੀ ਉਸ ਦੀ ਖਪਤ ਵੀ। ਇਕ ਨਿਯਮ ਵਜੋਂ ਪੂੰਜੀਪਤੀ ਤੇ ਮਜ਼ਦੂਰ ਵਿਚਕਾਰ ਖਾਈ ਵਧਦੀ ਚਲੀ ਜਾਂਦੀ ਹੈ। ਇਹ ਤਦ ਹੀ ਹੋਵੇਗਾ। ਜਦ ਖਪਤ ’ਚ ਵਾਧਾ ਜਾਂ ਮਜ਼ਦੂਰ ਸੰਘਰਸ਼ਾਂ ਦੇ ਸਿਟੇ ਵਜੋਂ ਮਜ਼ਦੂਰਾਂ ਦੀ ਹਾਲਤ ਪਹਿਲਾਂ ਨਾਲੋਂ ਬੇਹਤਰ ਹੋ ਜਾਵੇ। ਇਸ ਨੂੰ ਮਜ਼ਦੂਰ ਇਸ ਰੂਪ ’ਚ ਦੇਖਦਾ ਹੈ ਕਿ ਦਸ-ਵੀਹ ਸਾਲਾਂ ’ਚ ਉਹ ਤਾਂ ਮਜ਼ਦੂਰ ਹੀ ਬਣਿਆ ਰਹਿੰਦਾ ਹੈ ਜਦਕਿ ਉਸ ਦੇ ਸਰਮਾਏਦਾਰ ਮਾਲਕ ਦੀਆਂ ਇਕ ਦੀ ਥਾਂ ਦੋ ਜਾਂ ਤਿੰਨ-ਚਾਰ ਫੈਕਟਰੀਆਂ ਲੱਗ ਚੁੱਕੀਆਂ ਹੁੰਦੀਆਂ ਹਨ ਜਾਂ ਉਸ ਪਲਾਟ ਦਾ ਦੋ ਗੁਣਾ, ਚਾਰ ਗੁਣਾ ਵਿਸਥਾਰ ਹੋ ਗਿਆ ਹੁੰਦਾ ਹੈ। ਛੋਟੀ ਜਾਇਦਾਦ ਵਾਲਿਆਂ ਦੀ ਛੋਟੀ ਜਾਇਦਾਦ ਦਾ ਵੱਡੀ ਪੂੰਜੀ ਵਲੋਂ ਵਿਨਾਸ਼ ਤੇ ਉਹਨਾਂ ਦੀ ਜਾਇਦਾਦ ਖੋਹਣਾ ਵੀ ਛੋਟੀ ਜਾਇਦਾਦ ਵਾਲਿਆਂ ਲਈ ਇਕ ਦੂਜੇ ਰੂਪ ’ਚ ਇਹੀ ਸਿੱਟੇ ਪੈਦਾ ਕਰਦਾ ਹੈ। ਹੁਣ ਉਹ ਜਾਂ ਤਾਂ ਵੱਡੀ ਪੂੰਜੀ ਦੇ ਮੁਕਾਬਲੇ ਪਹਿਲਾਂ ਤੋਂ ਘੱਟ ਜਾਇਦਾਦ ਜਾਂ ਛੋਟੀ ਜਾਇਦਾਦ ਦੇ ਮਾਲਕ ਬਣ ਕੇ ਰਹਿ ਜਾਂਦੇ ਹਨ। ਜਾਂ ਫਿਰ ਹੁਣ ਉਹ ਜਾਇਦਾਦ ਵਿਹੂਣੇ ਹੋ ਜਾਂਦੇ ਹਨ। ਦੋਨੋਂ ਹੀ ਹਾਲਤਾਂ ’ਚ ਉਹਨਾਂ ਦੀ ਕੁਲ ਮਿਲਾ ਕੇ ਹਾਲਤ ਨੀਵੀਂ ਹੋ ਜਾਂਦੀ ਹੈ। ਜੇ ਉਹ ਪਹਿਲਾਂ ਭੁਖਮਰੀ ਦੀ ਰੇਖਾ ਤੋਂ ਉਪਰ ਸਨ ਤਾਂ ਹੁਣ ਉਹ ਉਸ ਤੋਂ ਹੇਠਾਂ ਚਲੇ ਜਾਂਦੇ ਹਨ। ਭਾਰਤ ਸਰਕਾਰ ਭੁਖਮਰੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ ਦੇ ਮੁਲਅੰਕਣ ਬਾਰੇ ਪੂੰਜੀਵਾਦੀ ਸਮਾਜ ਦੀ ਇਸ ਆਮ ਸਚਾਈ ਨੂੰ ਝੁਠਲਾਉਣ ਦੀ ਕੋਸ਼ਿਸ਼ ਕਰਦੀ ਹੈ। (ਵੈਸੇ ਐਸੀ ਕੋਸ਼ਿਸ਼ ਦੁਨੀਆਂ ਦੀਆਂ ਸਾਰੀਆਂ ਹੀ ਪੂੰਜੀਵਾਦੀ ਸਰਕਾਰਾਂ ਕਰਦੀਆਂ ਹਨ) ਉਹ ਇਹ ਜਚਾਉਣ ਦੀ ਕੋਸ਼ਿਸ਼ ਕਰਦੀਆਂ ਹਨ ਕਿ ਦੇਸ਼ ਦੀ ਪੂੰਜੀਵਾਦੀ ਵਿਕਾਸ ਦੇ ਨਾਲ ਇਸ ਗਿਣਤੀ ’ਚ ਕਮੀ ਆਈ ਹੈ। ਜਦਕਿ ਸਿਧਾਂਤਿਕ ਤੌਰ ’ਤੇ ਪੂੰਜੀਵਾਦ ਵਿਕਾਸ ਦਾ ਨਿਯਮ ਇਹ ਕਹਿੰਦਾ ਹੈ ਕਿ ਇਸ ਸੰਖਿਆ ’ਚ ਵਾਧਾ ਹੋਣਾ ਚਾਹੀਦਾ ਹੈ।

ਭਾਰਤ ਸਰਕਾਰ ਇਸ ਨੂੰ ਇਕ ਮਜ਼ੇਦਾਰ ਅੰਕੜਿਆਂ ਨਾਲ ਤਿਆਰ ਕਰਦੀ ਹੈ। ਦੂਰ ਅਤੀਤ ’ਚ ਸੰਨ 1973 ’ਚ ਸਰਕਾਰ ਨੇ ਭੁਖਮਰੀ ਦਾ ਇਕ ਪੈਮਾਨਾ ਨਿਸ਼ਚਤ ਕੀਤਾ। ਇਸ ਦੇ ਲਈ ਖਪਤ ਦਾ ਇਕ ਪੱਧਰ ਤਿਆਰ ਕੀਤਾ ਗਿਆ। ਮੰਨਿਆ ਗਿਆ ਕਿ ਸ਼ਹਿਰਾਂ ਵਿਚ ਜੇ ਕੋਈ ਬੰਦਾ ਰੋਜ਼ਾਨਾ 2100 ਕੈਲੋਰੀ ਤੋਂ ਵੱਧ ਊਰਜਾ ਪਾ ਰਿਹਾ ਹੈ ਤਾਂ ਉਹ ਭੁਖਮਰੀ ਦਾ ਰੇਖਾ ਤੋਂ ਉਪਰ ਹੈ। ਪਿੰਡਾਂ ’ਚ ਇਹ 2400 ਕੈਲੋਰੀ ਸੀ। ਨਾਲ ਹੀ ਫੀ ਵਿਅਕਤੀ ਰੋਜ਼ਾਨਾ 40 ਗ੍ਰਾਮ ਪ੍ਰੋਟੀਨ ਖੁਰਾਕ ਦੀ ਵੀ ਵਿਵਸਥਾ ਰਖੀ ਗਈ ਸੀ। ਇਸ ਲਈ ਕੁਝ ਖੁਰਾਕੀ ਵਸਤਾਂ ਦੀ ਸੂਚੀ ਬਣਾਈ ਗਈ ਜਿਹਨਾਂ ਨਾਲ ਉਹਨਾਂ ਦੀ ਪੂਰਤੀ ਹੋ ਜਾਂਦੀ ਹੈ। ਫਿਰ ਇਹਨਾਂ ਦੀਆਂ ਕੀਮਤਾਂ ਨੂੰ ਜੋੜ ਕੇ ਰੁਪਏ ਪੈਸੇ ’ਚ ਭੁਖਮਰੀ ਦੀ ਰੇਖਾ ਤਹਿ ਕਰ ਦਿਤੀ ਗਈ। ਇਹ ਸ਼ਹਿਰਾਂ ਲਈ 56 ਤੇ ਪਿੰਡਾਂ

ਲਈ 49 ਰੁਪਏ ਰੋਜ਼ਾਨਾ ਸੀ। ਉਦੋਂ ਤੋਂ ਲੈ ਕੇ ਹੁਣ ਤਕ ਭੁਖਮਰੀ ਦੇ ਅੰਕੜੇ ਨੂੰ ਤਹਿ ਕਰਨ ਦਾ ਸਿੱਧਾ ਤਰੀਕਾ ਹੈ। 1973 ਤੋਂ ਲੈ ਕੇ ਆਕਲਨ ਸਾਲ 'ਚ ਮਹਿੰਗਾਈ (ਖਪਤ ਸੂਚਕ ਅੰਕ ਅਨੁਸਾਰ) ਦਾ ਅੰਦਾਜ਼ਾ ਲਾਇਆ ਜਾਂਦਾ ਹੈ। ਇਸ ਮਹਿੰਗਾਈ ਦਰ ਦੇ ਹਿਸਾਬ ਨਾਲ ਫਿਰ ਭੁਖਮਰੀ ਦੀ ਰੇਖਾ ਨੂੰ ਵਧਾ ਦਿੱਤਾ ਜਾਂਦਾ ਹੈ। ਫਿਰ ਐਨ.ਐਸ.ਐਸ.ਓ ਦੇ ਸਰਵੇਂ ਤੋਂ ਇਹ ਅਨੁਮਾਨ ਲਾਇਆ ਜਾਂਦਾ ਹੈ ਕਿ ਸ਼ਹਿਰਾਂ ਤੇ ਪਿੰਡਾਂ 'ਚ ਕਿੰਨੇ ਫ਼ੀ ਸਦੀ ਲੋਕ ਇਸ ਰੇਖਾ ਤੋਂ ਘੱਟ ਖਰਚ ਕਰ ਰਹੇ ਹਨ। ਇਹ ਪ੍ਰਤੀਸ਼ਤ ਭੁਖਮਰੀ ਦੀ ਰੇਖਾ ਤੋਂ ਹੇਠਾਂ ਦਾ ਪ੍ਰਤੀਸ਼ਤ ਬਣ ਜਾਂਦਾ ਹੈ। ਇਹ ਕਿੰਨਾ ਅਜੀਬੋ-ਗਰੀਬ ਹੈ ਪਿਛਲੇ ਚਾਰ ਦਹਾਕਿਆਂ 'ਚ ਦੇਸ਼ ਦੇ ਆਮ ਵਿਕਾਸ ਦੇ ਸਿੱਟੇ ਵਜੋਂ ਖਪਤ, ਆਮਦਨ ਤੇ ਜਾਇਦਾਦ 'ਚ ਤਬਦੀਲ ਹੁੰਦੀ ਗਈ ਹੈ। ਵਰਤੋਂ 'ਚ ਕਾਫੀ ਫ਼ਰਕ ਆਇਆ। ਸਰਮਾਏਦਾਰੀ ਦੀ ਪੂੰਜੀ ਤੇ ਖਪਤ ਤੇਜ਼ੀ ਨਾਲ ਵਧੀ। ਮੁਲਾਜ਼ਮਾਂ ਦੀਆਂ ਤਨਖਾਹਾਂ ਵੀ ਵਧੀਆਂ। ਜੇ ਸਹੀ ਅੰਦਾਜ਼ਾ ਲਾਇਆ ਜਾਵੇਗਾ ਤੇ ਭੁਖਮਰੀ ਦੀ ਰੇਖਾ ਹੇਠਾਂ ਜਾਵੇਗੀ ਤਾਂ ਇਹ ਸਿਰਫ ਮਹਿੰਗਾਈ ਕਰਕੇ। ਲਗਾਤਾਰ ਮਹਿੰਗਾਈ ਦੀ ਰੇਖਾ ਨੂੰ ਹੇਠਾਂ ਗਿਰਾ ਕੇ ਸਰਕਾਰ ਨੇ ਇਸ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ 'ਚ ਕਮੀ ਵਿਖਾਈ। ਇਸ ਚਲਾਕੀ ਕਰਕੇ ਇਹ ਗਿਣਤੀ ਵਧਣ ਦੀ ਬਜਾਏ ਘਟਦੀ ਦਿਸ ਰਹੀ ਹੈ। ਅੱਜ ਦੇਸ਼ 'ਚ 3/4 ਅਬਾਦੀ ਮਸਾਂ ਹੀ ਜਿੰਦਾ ਹੈ। 85 ਫ਼ੀ ਸਦੀ ਪੇਂਡੂ ਭੁਖਮਰੀ ਦੀ ਰੇਖਾ ਤੋਂ ਹੇਠਾਂ ਹਨ। ਪਰ ਇਸ ਨਾਲ ਸਰਮਾਏਦਾਰਾਂ ਦੀ ਸਰਕਾਰ ਨੂੰ ਕੀ? ਉਸ ਨੂੰ ਚਿੰਤਾ ਸਰਮਾਏਦਾਰਾਂ ਦੇ ਮੁਨਾਫ਼ੇ ਦੀ ਹੈ। ਅੰਕੜਿਆਂ ਦੀ ਬਾਜਗਿਰੀ ਕਰਕੇ ਭੁਖਮਰੀ ਨਾਲ ਨਿਪਟਣਾ ਇਹ ਹੈ ਦਲਾਲ ਸਰਮਾਏਦਾਰਾਂ ਦਾ ਅਸਲੀ ਰਾਜਨੀਤੀ।

# ਮਸੌਦਾ ਕੌਮੀ ਦਵਾ ਮੁੱਲ ਨਿਰਧਾਰਣ ਨੀਤੀ-2011 ਜਾਂ ਮੁਨਾਫ਼ੇ ਲਈ ਮਨੁਖੀ ਜਾਨਾਂ ਨਾਲ ਖੇਡਣ ਦਾ ਮਸੌਦਾ

ਕਿਸ ਵੀ ਦੇਸ਼ ਦੇ ਸ਼ਹਿਰੀਆਂ ਤਕ ਜੀਵਨ ਰਖਿਅਕ ਤੇ ਅਤਿ ਜਰੂਰੀ ਦਵਾਈਆਂ ਦੀ ਸੌਖੀ ਤੇ ਸਸਤੀ ਉਪਲੱਭਤਾ ਨੂੰ ਯਕੀਨੀ ਬਣਾਉਣਾ ਹਰੇਕ ਹਕੂਮਤ ਦੇ ਸਭ ਤੋਂ ਅਹਿਮ ਫ਼ਰਜਾਂ ਵਿਚੋਂ ਇਕ ਹੈ। ਇਕ ਸਿਹਤ ਮੰਦੀ ਮਨੁਖੀ ਜਿੰਦਗੀ ਲਈ ਲਾਜ਼ਮੀ ਹੋਣ ਕਾਰਨ ਅੱਜ ਦੇਸ਼ ਦੇ ਲੋਕਾਂ ਦਾ ਮੁੱਖ ਜਮਹੂਰੀ ਅਧਿਕਾਰ ਤੇ ਮਨੁੱਖੀ ਅਧਿਕਾਰ ਵੀ ਹੈ, ਪਰ ਜੋ ਰਾਜ ਲੋਕਾਂ ਦੀਆਂ ਸਭ ਤੋਂ ਬੁਨਿਆਦੀ-ਲੋੜਾਂ-ਪੇਟ ਭਰ ਭੋਜਨ, ਕਪੜੇ ਤੇ ਸਿਰਾਂ ਉਪਰ ਛੱਤ ਨੂੰ ਵੀ ਪੂਰਾ ਨਾ ਕਰਨਾ ਹੋਵੇ ਉਸ ਤੋਂ ਬੇਹਤਰ ਸਿਹਤ ਸਹੂਲਤਾਂ ਦੇ ਸਸਤੀਆਂ ਦਰਾਂ 'ਤੇ ਮੁਹੱਈਆ ਕਰਾਉਣ ਦਾ ਭਰਮ ਪਾਲਣਾ ਹੀ ਇਕ ਨਾਦਾਨੀ ਭਰੀ ਸੋਚ ਹੈ। ਖਾਸ ਕਰਕੇ ਨਵ-ਉਦਾਰਵਾਦ ਤੇ ਵਿਸ਼ਵੀਕਰਣ ਦੇ ਇਸ ਦੌਰ ਵਿਚ ਜਦਕਿ ਦੇਸ਼ ਦੀ ਬਹੁਗਿਣਤੀ ਮੇਹਨਤਕਸ਼ ਅਬਾਦੀ ਦੀ ਪੂੰਜੀ ਦੇ ਅਧੁਨਿਕ ਗੁਲਾਮਾਂ ਤੇ ਮੁਨਾਫ਼ਾ ਨਿਚੋੜਨ ਲਈ ਇਸਤੇਮਾਲ ਹੋਣ ਵਾਲੇ ਯੰਤਰਾਂ ਤੋਂ ਵੱਧ ਕੋਈ ਕੀਮਤ ਨਾ ਹੋਵੇ ਤਾਂ ਸਿਰਫ ਪੂੰਜੀਵਾਦੀ ਰਾਜ ਤੋਂ ਸਿਰਫ ਇਹੀ ਉਮੀਦ ਕੀਤੀ ਜਾ ਸਕਦੀ ਹੈ ਕਿ ਇਹ ਇਕ-ਇਕ ਕਰਕੇ ਸਿਹਤ ਸਹੂਲਤਾਂ, ਦਵਾ-ਇਲਾਜ ਆਦਿ ਨੂੰ ਮੁਨਾਫ਼ੇ ਦੀ ਹਵਸ 'ਚ ਅੰਨੇ ਸਰਮਾਏਦਾਰਾਂ ਤੇ ਉਸ ਦੇ ਜੰਗਲ (ਬਾਜ਼ਾਰ) ਨੂੰ ਸੌਂਪਿਆ ਜਾਵੇ। ਕੌਮੀ ਦਵਾਈ ਮੁਲ ਨਿਰਧਾਰਨ ਨੀਤੀ-2011 ਦਾ ਮਸੌਦਾ ਇਸ ਦਿਸ਼ਾ ਵਿਚ ਉਠਾਇਆ ਇਕ ਬੇ-ਰਹਿਮ ਕਦਮ ਹੈ ਕਿਉਂਕਿ ਇਸ ਰਾਹੀਂ ਰਾਜ ਕੌਮੀ ਅਤਿ ਜਰੂਰੀ ਦਵਾਈ ਸੂਚੀ-2011 (ਐਨ.ਐਲ.ਏ.ਐਮ-2011) 'ਚ ਸ਼ਾਮਲ ਸਭ 348 ਦਵਾਈਆਂ ਨੂੰ ਮੁੱਲ ਨਿਰਧਾਰਿਤ ਦੇ ਤਹਿਤ ਲਿਆਉਣ ਲਈ ਸਰਕਾਰ ਦਵਾ ਖੇਤਰ 'ਚ ਲੱਗੇ ਸਰਮਾਏਦਾਰਾਂ ਦੇ ਮੁਨਾਫ਼ੇ ਨੂੰ ਵਧਾਉਣ ਵਾਲੀ ਇਸ ਨੀਤੀ ਨੂੰ ਲਾਗੂ ਕਰਨਾ ਚਾਹੁੰਦੀ ਹੈ। ਐਨ.ਪੀ.ਪੀ.ਪੀ-2011 'ਤੇ ਚਰਚਾ ਤੋਂ ਪਹਿਲਾਂ ਆਓ ਇਕ ਵਾਰ ਆਜ਼ਾਦ ਭਾਰਤ ਵਿਚ ਦਵਾਈਆਂ ਦੇ ਮੁੱਲ ਨਿਰਧਾਰਿਣ ਦੇ ਇਤਿਹਾਸ 'ਤੇ ਇਕ ਨਜ਼ਰ ਮਾਰ ਲੈਂਦੇ ਹਾਂ। ਦਵਾਈਆਂ ਦੇ ਮੁੱਲ ਨਿਰਧਾਰਣ ਦੀ ਕਵਾਇਤ ਸਭ ਤੋਂ ਪਹਿਲਾਂ 1962 'ਚ ਦਵਾਈ ਮੁੱਲ ਪ੍ਰਦਰਸ਼ਨ ਆਦੇਸ ਅਤੇ 1963 ਦਵਾਈ ਮੁੱਲ ਨਿਰਧਾਰਿਨ ਆਦੇਸ਼ (ਡੀ.ਪੀ.ਸੀ.ਓ) ਰਾਹੀਂ ਸ਼ੁਰੂ ਕੀਤੀ ਗਈ। ਪਰ ਵਿਆਪਕ ਦਵਾਈ ਮੁੱਲ ਨਿਰਧਾਰਣ ਨੀਤੀ ਦੀ ਉਸਾਰੀ 1979 'ਚ ਕੀਤੀ ਗਈ। ਇਸ ਤਹਿਤ 347 ਦਵਾਈਆਂ ਨੂੰ ਮੁਲ ਮੁਕਰਰ ਕਰਨ ਦੇ ਤਹਿਤ ਲਿਆ ਗਿਆ। ਪਰ ਹੌਲੀ-ਹੌਲੀ ਨਹਿਰੂ ਦੇ ਸਮਾਜਵਾਦੀ ਮਖੌਟੇ ਵਾਲੇ ਪਬਲਿਕ ਸੈਕਟਰ ਪੂੰਜੀਵਾਦ ਦੀ ਹਵਾ ਨਿਕਲਣ ਦੇ ਨਾਲ ਹੀ ਦਵਾਈਆਂ ਦੇ ਖੇਤਰ 'ਚ ਵੀ ਬਾਜ਼ਾਰ ਦਾ ਪ੍ਰਭਾਵ ਵਧਦਾ ਗਿਆ। 1987 ਤੇ 1994 'ਚ ਡੀ.ਪੀ.ਸੀ.ਓ 1979 'ਚ ਕੀਤੀਆਂ ਗਈਆਂ ਸੋਧਾਂ ਰਾਹੀਂ ਜ਼ਿਆਦਾਤਰ ਦਵਾਈਆਂ ਨੂੰ ਮੁਲ ਨਿਰਧਾਰਣ ਦੇ ਦਾਇਰ ਤੋਂ ਬਾਹਰ ਕਰ ਦਿੱਤਾ ਗਿਆ। ਦਵਾਈ ਨੂੰ ਮੁਲ ਨਿਰਧਾਰਣ ਤੋਂ ਬਾਹਰ ਕੀਤੇ ਜਾਣ ਦੀ ਇਸ ਪ੍ਰੀਕ੍ਰਿਆ ਦੀ ਲੜੀ ਵਿਚ ਹੀ ਸਾਲ 2002 'ਚ ਉਸ ਵੇਲੇ ਦੀ ਰਾਜ ਸਰਕਾਰ ਵਲੋਂ ਇਕ ਨਵੀਂ ਐਨ.ਪੀ.ਪੀ.ਪੀ. ਪੇਸ਼

ਕੀਤੀ ਗਈ ਇਸ ਰਾਹੀਂ ਮੁਲ ਕੰਟਰੋਲ ਦੀ ਜਦ ਵਿਚ ਆਉਣ ਵਾਲੀਆਂ ਦਵਾਈਆਂ ਦੀ ਗਿਣਤੀ 74 ਤੋਂ ਘਟ ਕੇ 35 ਤੋਂ ਵੀ ਘੱਟ ਕਰਨ ਦੀ ਯੋਜਨਾ ਸੀ। ਪਰ ਇਸ ਨੀਤੀ ਦੇ ਖਿਲਾਫ਼ ਕੁਝ ਸੁਧਾਰਵਾਦੀ ਸੰਗਠਨਾਂ ਵਲੋਂ ਕਰਨਾਟਕਾ ਉਚ ਹਾਈਕੋਰਟ 'ਚ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ। ਜਿਸ 'ਤੇ ਸੁਣਵਾਈ ਕਰਦਿਆ ਕਰਨਾਟਕ ਹਾਈਕੋਰਟ ਨੇ ਐਨ.ਪੀ.ਪੀ.ਪੀ 2002 ਦੇ ਅਮਲ 'ਤੇ ਰੋਕ ਲਗਾ ਦਿਤੀ। ਕਰਨਾਟਕਾ ਹਾਈਕੋਰਟ ਦੇ ਇਸ ਫੈਸਲੇ ਖਿਲਾਫ਼ 2003 'ਚ ਸਰਕਾਰ ਨੇ ਦੇਸ਼ ਦੀ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ। ਜਿਥੇ ਉਸ ਨੂੰ ਆਪਣੇ ਮਨ ਇੱਛਤ ਨਿਰਦੇਸ਼ ਮਿਲਿਆ ਸੁਪਰੀਮ ਕੋਰਟ ਨੇ ਕਰਨਾਟਕਾ ਹਾਈਕੋਰਟ ਦੇ ਫੈਸਲੇ ਨੂੰ ਰੱਦ ਕਰਦੇ ਹੋਇਆ ਸਰਕਾਰ ਨੂੰ 2 ਮਈ 2003 ਤੋਂ ਪਹਿਲਾਂ ਅਤਿ ਜ਼ਰੂਰੀ ਤੇ ਜੀਵਨ ਰਖਿਅਕ ਦਵਾਈਆਂ ਨੂੰ ਮੁੱਲ ਕੰਟਰੋਲ ਦੀ ਸੀਮਾ ਤੋਂ ਬਾਹਰ ਹੋਣ ਤੋਂ ਬਚੌਣ ਲਈ ਦਵਾਈਆਂ ਦੀ ਜ਼ਰੂਰਤ ਦਾ ਉਕਤ ਪੈਗਾਮਾ ਸੂਤਰੀ ਕ੍ਰਿਤ  ਕਰਨ ਦਾ ਨਿਰਦੇਸ਼ ਦਿੱਤਾ। ਇਸ ਦੇ ਨਾਲ ਹੀ ਅਤਿ ਜ਼ਰੂਰੀ ਤੇ ਜੀਵਨ ਰਖਿਅਕ ਦਵਾਈਆਂ ਦੀ ਪੁਨਰ ਸਮੀਖਿਆ ਕਰਨ ਦਾ ਵੀ ਨਿਰਦੇਸ਼ ਦਿੱਤਾ ਗਿਆ। ਸਰਕਾਰ ਲਈ ਅਜੇਹੇ ਨਿਰਦੇਸ਼ਾਂ ਦਾ ਪਾਲਨ ਕਰਨ ਬਹੁਤ ਸੌਖਾ ਕੰਮ ਸੀ। ਪਹਿਲਾਂ ਤਾਂ ਸੁਪਰੀਮ ਕੋਰਟ ਦੇ ਇਹਨਾਂ ਨਿਰਦੇਸ਼ਾਂ ਅਨੁਸਾਰ ਕੁੱਝ ਕਮੇਟੀਆਂ ਬਣਾਈਆਂ ਗਈਆਂ। ਇਹਨਾਂ ਕਮੇਟੀਆਂ ਰਾਹੀਂ 2005 'ਚ ਦਿੱਤੀ ਗਈ ਰੀਪੋਟ ਦੇ ਅਧਾਰ 'ਤੇ ਸ਼ੁੱਧ ਤਹਿ ਕਰਨ ਮਾਮਲੇ ਦੇ ਹੱਲ ਲਈ ਦੋ 'ਗਰੁੱਪ ਆਫ਼ ਮਨਿਸਟਰਸ' ਦੀ ਉਸਾਰੀ ਕੀਤੀ ਗਈ ਪਰ ਦੂਜੇ ਮਾਮਲੇ ਵਾਗੂੰ ਇਸ ਵਿਚ ਵੀ ਉਹੀ ਪੁਰਾਣੀ ਕਹਾਣੀ ਦੁਹਰਾਈ ਗਈ 7 ਸਾਲਾਂ ਵਿਚ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਨਿਕਲ ਸਕਿਆ। ਇਸ ਦੌਰਾਨ ਦਵਾਈਆਂ ਤੇ ਸਿਹਤ ਸਹੂਲਤਾਂ ਦਾ ਮੁਨਾਫ਼ੇ ਦੇ ਇਕ ਵੱਡੇ ਸਰੋਤ ਵਜੋਂ ਨਿਜੀ ਕੰਪਨੀਆਂ ਵਲੋਂ ਇਸਤੇਮਾਲ ਵੱਡੇ ਪੈਮਾਨੇ 'ਤੇ ਹੋਣ ਲਗਿਆ। ਦਵਾਈਆਂ ਦੀਆਂ ਕੀਮਤਾਂ ਵਧਦੀਆਂ ਗਈਆਂ, ਸਰਕਾਰੀ ਹਸਪਤਾਲ ਦੀ ਡਿਸਪੈਂਸਰੀ ਤੋਂ ਮਿਲਣ ਵਾਲੀਆਂ ਦਵਾਈਆਂ ਦੀ ਗਿਣਤੀ ਲਗਾਤਾਰ ਘਟਦੀ ਗਈ, ਇਕ ਹੀ ਦਵਾ ਦੇ ਅਨੇਕਾਂ ਬ੍ਰਾਂਡ ਮਾਰਕੀਟ 'ਚ ਆ ਗਏ ਜਿਹਨਾਂ ਦੇ ਰੇਟਾਂ ਦਾ ਆਪਸ 'ਚ ਕਾਫੀ ਫ਼ਰਕ ਹੁੰਦਾ ਹੈ। ਇਸ ਤਰ੍ਹਾਂ ਦਵਾ ਬਾਜ਼ਾਰ 'ਚ ਅੱਜ ਭਿਆਨਕ ਅਰਾਜਕਤਾ ਮੌਜੂਦ ਹੈ ਅਤੇ ਡਾਕਟਰਾਂ ਤੇ ਕੈਮਿਸਟਾਂ ਅਤੇ ਨੇਤਾਵਾਂ-ਮੰਤਰੀਆਂ-ਨੌਕਰਸ਼ਾਹਾਂ ਨਾਲ ਗੰਢ ਤੁਪ ਕਰਕੇ ਬਜ਼ਾਰ ਦੀਆਂ ਵੱਡੀਆਂ ਕੰਪਨੀਆਂ ਦਵਾਈਆਂ ਦੇ ਭਾਵਾਂ ਨੂੰ ਮਨਮਰਜ਼ੀ ਨਾਲ ਵਧਾਉਂਦੀਆਂ ਰਹਿੰਦੀਆਂ ਹਨ। ਇਹਨਾਂ ਸਰਕਾਰੀ ਨੀਤੀਆਂ ਦਾ ਸਿੱਟਾ ਅੱਜ ਸਾਡੇ ਸਾਹਮਣੇ ਹੈ। ਦਿਨ-ਬ-ਦਿਨ ਦਰਿਦਰ ਹੁੰਦੀ ਦੇਸ਼ ਦੀ ਆਮ ਮੇਹਨਤਕਸ਼ ਅਬਾਦੀ ਲਈ ਸਾਧਾਰਣ ਦਵਾਈ ਇਲਾਜ ਤਕ ਕਰਵਾਉਣ ਵੀ ਅੱਜ ਅਸੰਭਵ ਹੋ ਗਿਆ ਹੈ। ਦੇਸ਼ 'ਚ ਅੱਜ ਕਲ੍ਹ ਬੀਮਾਰ ਅਬਾਦੀ ਦਾ 1/5 ਦਾ ਕੋਈ ਇਲਾਜ ਨਹੀਂ ਹੁੰਦਾ। ਦੇਸ਼ 'ਚ ਹਰ ਸਾਲ 2-4% ਲੋਕ ਦਵਾ-ਇਲਾਜ 'ਤੇ ਖਰਚੇ ਕਾਰਣ ਵੀ ਡਾਇਰੀਆ, ਹੈਜ਼ਾ, ਬੁਖਾਰ ਵਰਗੀਆਂ ਸਾਧਾਰਣ ਬੀਮਾਰੀਆਂ ਨਾਲ ਲੋਕਾਂ ਦੀ ਮੌਤ ਹੁੰਦੀ ਰਹਿੰਦੀ ਹੈ। ਅਜੇਹੇ 'ਚ ਦੇਸ਼ ਦੇ ਲੋਕਾਂ ਨਾਲ ਕੀਤੇ ਜਾ ਰਹੇ ਇਸ ਘੋਰ ਅਨਿਆਂ ਤੇ ਲੁਟ ਨੂੰ ਹੋਰ ਸ਼ਾਤਰ ਰੂਪ 'ਚ ਜਾਰੀ ਰੱਖਣ ਦੇ ਉਦੇਸ਼ ਨਾਲ ਹੀ ਮੌਜੂਦਾ ਐਨ.ਪੀ.ਪੀ.ਪੀ-2011 ਤਿਆਰ ਕੀਤੀ ਗਈ ਹੈ। ਆਓ ਇਸ ਮਸੌਦੇ ਦੀ ਚੀਰ ਫਾੜ ਕਰੀਏ। ਐਨ.ਪੀ.ਪੀ.ਪੀ -2011 ਦੇ ਮਸੌਦੇ ਦੀ ਸ਼ੁਰੂਆਤ ਇਕ ਬਹੁਤ

ਹੀ ਲੋਕਪੱਖੀ ਦਿਸਣ ਵਾਲੇ ਪ੍ਰਸਤਾਵ ਤੋਂ ਹੁੰਦੀ ਹੈ। ਮਸੌਦੇ 'ਚ ਕੋਈ ਅਤਿ ਜ਼ਰੂਰੀ ਦਵਾ-ਸੂਚੀ 2011 'ਚ ਸਾਮਲ ਸਭ 348 ਦਵਾਈਆਂ ਨੂੰ ਮੁੱਲ ਨਿਰਧਾਰਿਣ ਦੇ ਦਾਇਰੇ ਦੇ ਤਹਿਤ ਲੈਣ ਨੂੰ ਕਿਹਾ ਗਿਆ ਹੈ। ਇਸ ਦੇ ਨਾਲ ਹੀ ਦਵਾਈਆਂ ਨੂੰ ਕਿਸੇ ਕੰਪਨੀ ਦੇ ਮਾਰਕੀਟ ਸ਼ੇਅਰ ਤੇ ਹੋਰ ਬਜ਼ਾਰ ਅਧਾਰਤ ਅਧਾਰਾਂ 'ਤੇ ਨਹੀਂ ਬਲਕਿ ਦਵਾਈਆਂ ਦੀ ਲਾਜ਼ਮੀਅਤ ਦੇ ਅਧਾਰ 'ਤੇ ਮੁਲ ਤਹਿ ਕਰਨ ਦੇ ਤਹਿਤ ਲੈਣ ਦੀ ਗੱਲ ਕਹੀ ਗਈ ਹੈ। ਪਰ ਇਹ ਪ੍ਰਸਤਾਅ ਤਾਂ ਸਿਰਫ ਹਾਥੀ ਦੇ ਦੰਦ ਦਿਖਾਉਣ ਲਈ ਹਨ ਤੇ ਉਪਰੀ ਸਜਾਵਟ ਵਜੋਂ ਸ਼ਾਮਲ ਕੀਤੇ ਗਏ ਹਨ। ਅਤੇ ਹਾਂ ਇਸ ਦੇਸ਼ ਦੀ ਸੁਪਰੀਮ ਕੋਰਟ ਨੂੰ ਸੰਤੁਸ਼ਟੀ ਵੀ ਜ਼ਰੂਰੀ ਮਿਲ ਗਈ ਹੋਵੇਗੀ ਕਿਉਂਕਿ ਉਸ ਦੇ ਨਿਰਦੇਸ਼ਾਂ ਦਾ ਸਰਕਾਰ ਨੇ ਪਾਲਣ ਜੋ ਕੀਤਾ ਹੈ ਪਰ ਥੋੜ੍ਹਾ ਹੀ ਅੱਗੇ ਪੜ੍ਹਨ ਤੇ ਜਲਦੀ ਹੀ ਇਸ ਮਸੌਦੇ ਦਾ ਲੋਕ ਵਿਰੋਧੀ ਕਿਰਦਾਰ ਸਾਹਮਣੇ ਆ ਜਾਂਦਾ ਹੈ ਜਦ ਮਸੌਦੇ 'ਚ ਦਵਾਈਆਂ ਦੇ ਮੁਲ ਤਹਿ ਕਰਨ ਲਈ ਨਿਮਨ ਲਿਖਤ ਦੋ ਸਿਧਾਂਤ ਪੇਸ਼ ਕੀਤੇ ਜਾਂਦੇ ਹਨ।

(1) ਸਿਰਫ ਅੰਤਿਮ ਉਤਪਾਦਾਂ (ਫਾਰਮੂਲੇਸ਼ਨ) ਦੇ ਮੁੱਲਾਂ ਦਾ ਵਟਾਂਦਰਾ।

(2) ਮੁਲ ਤਹਿ ਕਰਨ ਲਈ ਬਜ਼ਾਰ ਅਧਾਰਤ, ਮੁਲ ਨਿਰਧਾਰਿਤ ਪ੍ਰਣਾਲੀ ਦੀ ਵਰਤੋਂ ਅਜੇ ਤਕ ਦਵਾਈਆਂ ਦੇ ਮੁਲ 'ਚ ਦੋ ਪੱਧਰ 'ਤੇ ਵਟਾਂਦਰੇ ਕੀਤੇ ਜਾਂਦੇ ਰਹੇ ਹਨ।

ਪਹਿਲੀ ਪੱਧਰ 'ਤੇ ਦਵਾਈਆਂ ਦੀ ਪੈਦਾਵਾਰ ਲਈ ਕੱਚੇ ਮਾਲ ਜਾਂ 'ਬਲਕ ਡਰੱਗ' ਦੀ ਪੈਦਾਵਾਰ ਦੇ ਮੁੱਲ 'ਤੇ ਕੰਟਰੋਲ ਲਾਇਆ ਜਾਂਦਾ ਹੈ। ਇਸ 'ਚ ਕੱਚੇ ਮਾਲ ਦੀ ਵਿਕਰੀ ਤੋਂ ਹੋਣ ਵਾਲੇ ਮੁਨਾਫ਼ੇ ਨੂੰ ਪੈਦਾਵਾਰੀ ਲਾਗਤ ਦੀ ਇਕ ਨਿਸਚਤ ਦਰ 'ਤੇ ਫਿਕਸ ਕਰ ਦਿੱਤਾ ਜਾਂਦਾ ਹੈ। ਦੂਜੀ ਪੱਧਰ 'ਤੇ ਫਾਰਮੂਲੇਸ਼ਣ ਜਾਂ ਅੰਤਿਮ ਵਸਤਾਂ ਦੇ ਮੁੱਲ ਨੂੰ ਵਟਾਂਦਰੇ ਤਹਿਤ ਲਿਆਂਦਾ ਜਾਂਦਾ ਹੈ। ਇਸ ਦੇ ਲਈ ਫਾਰਮੂਲੇਸ਼ਣ ਦੀ ਉਤਪਾਦਨ ਲਾਗਤ ਦੀ ਗਿਣਤੀ ਕੀਤੀ ਜਾਂਦੀ ਹੈ ਅਤੇ ਪੈਦਾਵਾਰ ਪਿਛੋਂ ਹੋਣ ਵਾਲੇ ਖਰਚੇ 'ਚ ਕੰਪਨੀ ਦਾ ਮੁਨਾਫ਼ਾ ਵੀ ਸ਼ਾਮਲ ਹੁੰਦਾ ਹੈ ਜੋ 1995 ਡੀ.ਪੀ.ਸੀ.ਓ ਅਨੁਸਾਰ 100 ਫ਼ੀ ਸਦੀ ਤਹਿ ਕੀਤਾ ਗਿਆ ਸੀ। ਇਸ ਤਰ੍ਹਾਂ ਜੇ ਕਿਸੇ ਦਵਾਈ ਦੀ ਪੈਦਾਵਾਰ ਲਾਗਤ ਇਕ ਰੁਪਿਆ ਹੈ ਤਾਂ ਉਸ ਦਾ ਵੱਧ ਤੋਂ ਵੱਧ ਬਜ਼ਾਰ ਮੁੱਲ ਦੋ ਰੁਪਏ ਹੋ ਸਕਦਾ ਹੈ ਪਰ ਮੌਜੂਦਾ ਮਸੌਦੇ 'ਚ 'ਬਲਕ ਡਰੱਗ' ਦੇ ਵਟਾਂਦਰੇ ਨੂੰ ਖਤਮ ਕਰਨ ਪਿਛੇ ਸਰਕਾਰ ਇਹ ਤਰਕ ਦਿੰਦੀ ਹੈ ਕਿ ਕੰਪਨੀਆਂ ਮਲ ਤਹਿ ਕਰਨ ਦੇ ਤਹਿਤ ਆਉਣ ਵਾਲੀ ਬਲਕ ਡਰੱਗ ਦੀ ਵਰਤੋਂ ਨਾ ਕਰਕੇ ਮੁਲ ਤਹਿ ਕਰਨ ਤੋਂ ਬਾਹਰ ਆਉਣ ਵਾਲੀ 'ਬਲਕ ਡਰੱਗ' ਦੀ ਵਰਤੋਂ ਕਰਦੀ ਹੈ। ਇਸ ਵਜ੍ਹਾ ਕਰਕੇ ਬਲਕ ਡਰੱਗ ਦੇ ਕਿਸੇ ਮਿਸ਼ਰਣ ਰਾਹੀਂ ਬਣਨ ਵਾਲੀ ਫਾਰਮੂਲੇਸ਼ਨ ਦੀ ਪੈਦਾਵਾਰ ਤੇ ਸਿੱਟੇ ਵਜੋਂ ਬਜ਼ਾਰ 'ਚ ਉਸ ਫਾਰਮੂਲੇਸ਼ਣ ਦੀ ਉਪਲੱਭਤਾ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਪਰ ਇਹ ਤਰਕ ਸਰਾਸਰ ਗਲਤ ਹੈ ਕਿਉਂਕਿ ਬਲਕ ਡਰੱਗਸ ਸਿੱਧੇ ਖਪਤਕਾਰ ਨੂੰ ਨਹੀਂ ਬਲਕਿ ਫਾਰਮੂਲੇਸ਼ਨ ਦੇ ਉਤਪਾਦਕਾਂ ਨੂੰ ਵੇਚੇ ਜਾਂਦੇ ਹਨ ਅਤੇ ਇਸ ਲਈ ਇਹਨਾਂ ਦੇ ਵਿਕਰੀ ਤੋਂ ਹੋਣ ਵਾਲੇ ਮੁਨਾਫ਼ੇ ਨੂੰ ਵਧਾਉਣਾ ਉਸ ਪ੍ਰਕਾਰ ਦੇ ਜੋੜ-ਤੋੜ ਰਾਹੀਂ ਸੰਭਵ ਨਹੀਂ ਹੈ। ਜਿਹੋ ਜਿਹਾ ਕਿ ਡਾਕਟਰਾਂ ਤੇ ਕੈਮਿਸਟਾਂ ਦੇ ਨਾਲ ਮਿਲੀਭੁਗਤ ਕਰਕੇ ਖਪਤਕਾਰਾਂ ਨੂੰ ਵੇਚੇ ਜਾਣ ਵਾਲੇ ਫਾਰਮੂਲੇਸ਼ਨ ਦੇ ਨਾਲ ਸੰਭਵ ਹੈ ਬਲਕਿ ਇਸ ਮਾਮਲੇ ਵਿਚ ਤਾਂ ਬਜ਼ਾਰੂ ਮੁਕਾਬਲਾ 'ਬਲਕ ਡਰੱਗਸ' ਦੇ ਮੁੱਲ ਨੂੰ

ਕੰਟਰੋਲ ਰਖਦਾ ਹੈ। ਉਲਟੇ ਇਸ ਵਿਵਸਥਾਨੂੰ ਲਾਗੂ ਕਰਨ 'ਤੇ ਕੰਪਨੀਆਂ ਬੇਹੱਦ ਜ਼ਰੂਰੀ 'ਬਲਕ ਡਰੱਗਸ' ਤੋਂ ਅਧਾਰਭੂਤ (Non-Essential) ਫਾਰਮੂਲੇਸ਼ਨਸ ਬਣਾਉਣਾ ਪ੍ਰੇਰਿਤ ਹੋਵੇਗਾ ਕਿਉਂਕਿ ਇਹ ਫ਼ਾਰਮੂਲੇਸ਼ਨ ਮੁਲ ਕੰਟਰੋਲ ਤੋਂ ਬਾਹਰ ਹੋਣਗੇ ਜੇ ਉਹਨਾਂ ਦੇ ਬੁਨਿਆਦੀ ਸੰਘਟਕਾਂ 'ਚ ਇਕ ਵੀ ਐਨ.ਐਲ.ਈ.ਐਮ-2011 'ਚ ਜਾਰੀ ਸੂਚੀ ਤੋਂ ਬਾਹਰ ਆਉਂਦਾ ਹੈ। ਅੱਜ ਵੀ ਦੇਸ਼ ਦੇ ਦਵਾ ਬਜ਼ਾਰ 'ਚ ਅਜੇਹੇ ਗੈਰ ਤਰਕਸ਼ੀਲ, ਗੈਰ ਜਰੂਰੀ ਫਾਰਮੂਲੇਸ਼ਣਾਂ ਦੀ ਭਰਮਾਰ ਹੈ ਅਤੇ ਇਹ ਵਿਵਸਥਾਵਾਂ ਇਸ ਸੰਕਟ ਗ੍ਰਸਿਤ ਸਥਿਤੀ ਨੂੰ ਹੋਰ ਵੱਧ ਬਦਤਰ ਹੀ ਬਣਾਵੇਗਾ। ਦੂਜੀਆਂ ਵਿਵਸਥਾਵਾਂ ਜੋ ਬਜ਼ਾਰ ਅਧਾਰਿਤ ਮੁਲ ਨਿਰਧਾਰਣ ਪ੍ਰਣਾਲੀ ਦੀ ਗੱਲ ਕਰਦੀਆਂ ਹਨ। ਇਹਨਾਂ ਅਨੁਸਾਰ ਕਿਸੇ ਫਾਰਮੂਲੇਸ਼ਣ ਦਾ ਮੁੱਲ ਇਕ ਉਪਰੀ ਸੀਮਾ ਰਾਹੀਂ ਕੰਟਰੋਲ ਕੀਤਾ ਜਾਵੇਗਾ ਜੋ ਇਸ ਫਾਰਮੂਲੇਸ਼ਨ ਦੀ ਪੈਦਾਵਾਰ ਕਰਨ ਵਾਲੇ ਬਜ਼ਾਰ ਹੈਸੀਅਤ ਦੇ ਹਿਸਾਬ ਤੋਂ ਉਪਰ ਆਉਣ ਵਾਲੇ ਬ੍ਰਾਂਡਸ ਦੀਆਂ ਵਸਤਾਂ ਦੀ ਕੀਮਤ ਸਭ ਤੋਂ ਵੱਧ ਹੁੰਦੀ ਹੈ। ਇਸ ਤਰ੍ਹਾਂ ਆਪਣੇ ਇਸ ਮਸੌਦੇ ਰਾਹੀਂ ਸਰਕਾਰ ਨੇ ਵੱਡੀਆਂ ਦਵਾ ਕੰਪਨੀਆਂ ਦੇ ਸਾਹਮਣੇ ਪੂਰੀ ਤਰ੍ਹਾਂ ਨਾਲ ਗੋਡੇ ਟੇਕ ਦਿੱਤੇ ਹਨ। ਏਮਰਿਲ (ਐਂਟੀ ਬਾਇਟਕ) ਉਪਰ ਦੇ ਤਿੰਨ ਬ੍ਰਾਂਡਸ ਦੀ ਔਸਤ 59.3 ਰੁਪਏ ਹੈ ਜਦਕਿ ਹੇਠਾਂ ਦੇ ਤਿੰਨ ਬ੍ਰਾਂਡਸ ਦੀ ਔਸਤ 10.8 ਰੁਪਏ ਹੈ। ਅਜੇਹੇ 'ਚ ਸਰਕਾਰ ਵਲੋਂ ਪੇਸ਼ ਮੌਜੂਦਾ ਮਸੌਦੇ ਅਨੁਸਾਰ ਏਮਰਿਲ ਦੇ ਬਜ਼ਾਰ ਮੁੱਲ ਦੀ ਉਪਰੀ ਸੀਮਾ 59.3 ਰੁਪਏ ਹੋਵੇਗੀ। ਇਸ ਦਵਾ ਦੀ ਪੈਦਾਵਾਰ ਕਰਨ ਵਾਲਾ ਕੋਈ ਮੂਰਖ ਹੀ ਹੋਵੇਗਾ ਜੋ ਆਪਣੇ ਰੇਟਾਂ ਨੂੰ 59.3 ਰੁਪਏ ਤੋਂ ਘੱਟ ਰੱਖੂ। ਭਾਵ ਬਜ਼ਾਰ ਮੁਕਾਬਲਾ ਰੇਟਾਂ ਨੂੰ ਘੱਟ ਕਰਨ ਦੀ ਬਜਾਏ ਰੇਟਾਂ ਨਾਲ ਵਧਾਵੇਗਾ। ਕੇਂਦਰ ਸਰਕਾਰ ਦੇ ਇਸ ਮਸੌਦੇ ਨਾਲ ਦਲਾਲ ਸਰਮਾਏਦਾਰਾਂ ਨੂੰ ਭਰਪੂਰ ਹੱਲਾਸ਼ੇਰੀ ਮਿਲੀ ਹੋਵੇਗੀ।

ਇਹ ਨੀਤੀ ਉਹਨਾਂ ਸਾਰੀਆਂ ਨੀਤੀਆਂ 'ਚੋਂ ਇਕ ਹੈ ਜੋ ਆਉਣ ਵਾਲੇ ਸਮੇਂ 'ਤੇ ਪੂੰਜੀ ਦੇ ਹਿੱਤ ਵਿਚ ਬਣਾਈਆਂ ਜਾਣ ਵਾਲੀਆਂ ਹਨ। ਨਵਉਦਾਰਵਾਦ ਦੇ ਮੌਜੂਦਾ ਦੌਰ 'ਚ ਇਕ ਦਲਾਲ ਨੌਕਰਸ਼ਾਹ ਸਰਮਾਏਦਾਰੀ ਹਕੂਮਤ ਇਹ ਕਹਿਣ ਲਈ ਮਜ਼ਬੂਰ ਹੈ। ਸਾਫ ਹੈ ਕਿ ਇਹ ਵਿਵਸਥਾ ਅੱਜ ਸਿਰਫ ਮਨੁੱਖ ਧ੍ਰੋਹੀ ਦਾ ਰੂਪ ਧਾਰਨ ਕਰ ਚੁੱਕੀ ਹੈ ਤੇ ਹੁਣ ਇਹ ਦੇਸ਼ ਦੀ ਗਰੀਬ ਜਨਤਾ ਦੇ ਖ਼ੂਨ ਦਾ ਕਤਰਾ-ਕਤਰਾ ਚੂਸ ਕੇ ਹੀ ਜਿਉਂਦੀ ਰਹਿ ਸਕਦੀ ਹੈ।

# ਸਿਨੇਮਾ ਬਨਾਮ ਔਰਤ ਦੀ ਸਮਾਜੀ ਭੂਮਿਕਾ

ਮਨੋਰੰਜਨ ਦੇ ਮਕਸਦ ਨਾਲ ਬਣਾਈਆਂ ਜਾਣ ਵਾਲੀਆਂ ਫਿਲਮਾਂ ਦਾ ਸਬੰਧ ਵੀ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਸਮੇਂ ਦੇ ਅਥਾਰਥ ਨਾਲ ਹੁੰਦਾ ਹੈ। ਇਸ ਲਈ ਇਹ ਸੁਭਾਵਿਕ ਹੈ ਕਿ ਸਮਾਜ 'ਚ ਔਰਤ ਦੀ ਬਦਲਦੀ ਭੂਮਿਕਾ ਦਾ ਪ੍ਰਤੀਬਿੰਬ ਫਿਲਮਾਂ ਵਿਚ ਹੀ ਦਿਖਾਈ ਦਿੰਦਾ ਹੈ। ਹਿੰਦੀ ਫਿਲਮਾਂ 'ਚ ਔਰਤ ਜੀਵਨ ਦਾ ਝਲਕਾਰਾਂ ਕਈ ਰੂਪਾਂ 'ਚ ਹੁੰਦਾ ਰਿਹਾ ਹੈ ਪਰ ਕਈ ਦਹਾਕੇ ਤਕ ਔਰਤ ਮੁੱਖ ਤੌਰ 'ਤੇ ਜਾਂ ਤਾਂ ਦੇਵੀ ਦੇ ਰੂਪ 'ਚ ਜਾਂ ਖਲਨਾਇਕ ਵਜੋਂ ਪੇਸ਼ ਕੀਤੀ ਜਾਂਦੀ ਰਹੀ ਹੈ। ਦੇਵੀ ਵਜੋਂ ਵਿਖਾਈ ਜਾਣ ਵਾਲੀ ਔਰਤ 'ਤੇ ਦਾਬੇ ਵਾਲੇ ਪ੍ਰੀਵਾਰਾਂ 'ਚ ਰਹਿ ਕੇ ਆਪਣੇ ਫ਼ਰਜ਼ਾਂ ਦਾ ਪਾਲਣ ਕਰਨ ਵਾਲੀ ਇਕ ਆਦਰਸ਼ ਪਤਨੀ, ਮਾਂ, ਭੈਣ ਤੇ ਬੇਟੀ ਦੀ ਭੂਮਿਕਾ 'ਚ ਹੁੰਦੀ ਸੀ। ਜਿਸ ਫਿਲਮ 'ਚ ਉਹ ਘਰ ਦੀ ਚਾਰ ਦਿਵਾਰੀ ਨੂੰ ਲੰਘ ਕੇ ਬਾਹਰ ਜਾਣ ਦੀ ਹਿੰਮਤ ਕਰਦੀ ਉਥੇ ਉਹ ਖਲਨਾਇਕਾ ਹੀ ਹੁੰਦੀ ਸੀ। ਪਰ ਔਰਤ ਦੀ ਇਸ ਰਵਾਇਤੀ ਛਵੀ ਨੂੰ ਤੋੜਨ ਦੀ ਹਿੰਮਤ ਘੱਟ ਹੀ ਸਹੀ, ਪਰ ਨਿਰੰਤਰ ਦਿਖਾਈ ਜਾਂਦੀ ਰਹੀ ਹੈ। ਅਜ਼ਾਦੀ ਤੋਂ ਬਾਅਦ ਦੇ ਦੌਰ 'ਚ ਬਣਨ ਵਾਲੀਆਂ ਕਈ ਫਿਲਮਾਂ 'ਚ ਅਜੇਹੀਆਂ ਔਰਤਾਂ ਨੂੰ ਵੀ ਪੇਸ਼ ਕੀਤਾ ਜਾਂਦਾ ਰਿਹਾ ਜੋ ਮਰਦਾਂ ਦੀ ਤਰ੍ਹਾਂ ਘਰੋਂ ਬਾਹਰ ਜਾ ਕੇ ਕੰਮ ਕਰਦੀਆਂ ਹਨ ਅਤੇ ਉਹਨਾਂ ਦਾ ਅਜਿਹਾ ਕਰਨਾ ਕਿਸੇ ਤਰ੍ਹਾਂ ਉਹਨਾਂ ਨੂੰ ਕਮਤਰ ਨਹੀਂ ਬਣਾਉਂਦਾ। ਰਾਜ ਕਪੂਰ ਦੀ ਫਿਲਮ 'ਅਵਾਰਾ' (1951) ਦੀ ਨਾਇਕਾ ਰੀਤਾ (ਨਰਗਿਸ) ਪੇਸ਼ੇ ਤੋਂ ਵਕੀਲ ਹੁੰਦੀ ਹੈ ਅਤੇ ਫਿਲਮ ਦੇ ਅੰਤ ਵਿਚ ਉਹ ਨਾਇਕ ਦੇ ਪੱਖ 'ਚ ਕੁਸ਼ੁਲ ਵਕੀਲ ਵਾਗੂੰ ਮੁਕੱਦਮਾ ਲੜਦੀ ਹੈ। ਇਸ ਤਰ੍ਹਾਂ ਰਾਜ ਕਪੂਰ ਦੀ ਇਕ ਹੋਰ ਫਿਲਮ 'ਸੀ 420' (1955) ਦੀ ਨਾਇਕਾ (ਨਰਗਿਸ) ਅਧਿਆਪਕਾ ਹੈ। ਉਹ ਇਕ ਅਜ਼ਾਦੀ ਘੁਲਾਟੀਏ ਦੀ ਧੀ ਹੈ ਅਤੇ ਗ਼ਰੀਬਾਂ ਤੇ ਅਨਾਥ ਬੱਚਿਆਂ ਲਈ ਸਕੂਲ ਚਲਾਉਂਦੀ ਹੈ। 'ਮਦਰ ਇੰਡੀਆ' (1957) ਫਿਲਮ 'ਚ ਪਹਿਲੀ ਵਾਰੀ ਅਜਿਹੀ ਔਰਤ ਦੀ ਕਹਾਣੀ ਬਿਆਨ ਕੀਤੀ ਗਈ ਸੀ ਜੋ ਖੇਤਾਂ 'ਚ ਕੰਮ ਕਰਦੀ ਹੈ ਅਤੇ ਆਪਣੇ ਬੱਚਿਆਂ ਦੀ ਪਾਲਣਾ ਪੋਸਣੇ ਅਪਣੇ ਦਮ 'ਤੇ ਕਰਦੀ ਹੈ। ਪਤੀ ਦੇ ਅਪਾਹਜ਼ ਹੋ ਜਾਣ ਪਿਛੋਂ ਇਕੱਲੀ ਖੇਤ ਸੰਭਾਲਦੀ ਹੈ ਅਤੇ ਪਤੀ ਦੇ ਘਰ ਛੱਡ ਕੇ ਚਲੇ ਜਾਣ ਪਿਛੋਂ ਵੀ ਪੂਰੀ ਜ਼ੁਅਰਤ ਦੇ ਨਾਲ ਬੱਚਿਆਂ ਨੂੰ ਪਾਲਣ ਦੇ ਸੰਘਰਸ਼ 'ਚ ਜੁਟ ਜਾਂਦੀ ਹੈ। ਇਸ ਕਿਸਾਨ ਔਰਤ ਦੇ ਹਿੰਮਤ ਭਰੇ ਜੀਵਨ ਦੀ ਕਹਾਣੀ ਨੇ ਹੀ ਫਿਲਮਕਾਰਾਂ ਨੂੰ ਪ੍ਰੇਰਿਤ ਕੀਤਾ ਹੋਵੇਗਾ। ਪਰ ਇਸ ਫਿਲਮ ਦੀ ਸੀਮਾ ਇਹ ਸੀ ਕਿ ਇਸ ਦੀ ਨਾਇਕਾ ਪ੍ਰੀਵਾਰਿਕ ਮਜ਼ਬੂਰੀਆਂ ਕਾਰਨ ਹੀ ਘਰ ਦੀ ਚਾਰ ਦਿਵਾਰੀ ਲੰਘ ਕੇ ਖੇਤਾਂ 'ਚ ਕੰਮ ਕਰਨ ਦਾ ਫੈਸਲਾ ਕਰਦੀ ਹੈ। ਇਸ ਲਈ ਇਹ ਉਸ ਦੀ ਮਜ਼ਬੂਤੀ ਦੀ ਨਹੀਂ ਉਸ ਦੀ ਮਜ਼ਬੂਰੀ ਦਾ ਪ੍ਰਤੀ ਬਿੰਬ ਹੈ। ਕਈ ਦਹਾਕਿਆਂ ਤਕ ਭਾਰਤੀ ਫਿਲਮਾਂ 'ਚ ਕੰਮਕਾਜੀ ਔਰਤ ਦੇ ਦੋ ਹੀ ਰੂਪ ਵੇਖਣ ਨੂੰ ਮਿਲਦੇ ਹਨ। ਇਕ ਉਹ ਔਰਤ ਸੀ ਜੋ ਮਜ਼ਬੂਰੀ ਵਸ ਘਰੋਂ ਬਾਹਰ ਨਿਕਲ ਕੇ ਕੰਮ ਕਰਦੀ ਸੀ ਅਤੇ ਇਸ ਤਰ੍ਹਾਂ ਆਪਣੇ ਪ੍ਰੀਵਾਰ ਦਾ ਪਾਲਣ ਪੋਸ਼ਣ ਕਰਦੀ ਸੀ ਅਤੇ ਦੂਜੀ ਉਹ ਜੋ ਵੇਸ਼ਵਾ ਹੁੰਦੀ ਸੀ ਜੋ ਨੱਚ ਗਾ ਕੇ ਜਾਂ ਆਪਣਾ ਜਿਸਮ ਵੇਚ ਕੇ ਗੁਜ਼ਾਰਾ ਕਰਦੀ ਸੀ। 'ਸੋਨੇ

ਦੀ ਚਿੜੀਆਂ' (1958) ਫਿਲਮ ਦੀ ਨਾਇਕਾ ਨੂੰ ਉਸ ਦੇ ਪ੍ਰੀਵਾਰ ਵਾਲੇ ਜਬਰੀ ਫਿਲਮਾਂ 'ਚ ਕੰਮ ਕਰਨ ਲਈ ਧਕਦੇ ਸਨ ਤਾਂ ਕਿ ਉਸ ਦੀ ਕਮਾਈ 'ਤੇ ਉਹ ਐਸੋ ਆਰਾਮ ਦੀ ਜ਼ਿੰਦਗੀ ਬਸਰ ਕਰ ਸਕਣ। ਇਸ ਤਰ੍ਹਾਂ 'ਤਪਸ਼ਿਆ' (1976) ਦੀ ਨਾਇਕਾ ਘਰ ਦੀ ਸਭ ਤੋਂ ਵੱਡੀ ਲੜਕੀ ਹੈ। ਉਹ ਆਪਣੇ ਦੁੱਖ-ਸੁੱਖ ਨੂੰ ਭੁਲਾ ਕੇ ਆਪਣੇ ਭਾਈ-ਭੈਣਾਂ ਨੂੰ ਪੜ੍ਹਾ ਲਿਖਾ ਕੇ ਪੈਰਾਂ 'ਤੇ ਖੜੇ ਕਰਦੀ ਹੈ। ਖੁਦ ਵਿਆਹ ਨਾ ਕਰਾ ਆਪਣੇ ਭਾਈ-ਭੈਣਾਂ ਦਾ ਘਰ ਵਸਾਉਂਦੀ ਹੈ ਪਰ ਬਦਲੇ 'ਚ ਉਸ ਨੂੰ ਨਾ ਤਾਂ ਪਿਆਰ ਮਿਲਦਾ ਹੈ ਅਤੇ ਨਾ ਹੀ ਕਿਸੇ ਦਾ ਸਹਾਰਾ। ਬੰਗਲਾ 'ਚ ਇਸ ਤਰ੍ਹਾਂ ਦੇ ਕਥਾਨਕ 'ਤੇ 'ਮੇਘੇ ਢਾਕਾ ਤਾਰਾ' ਬਣਾਈ ਗਈ ਸੀ। ਬੰਗਲਾ 'ਚ 1970-80 ਦੇ ਦਹਾਕੇ 'ਚ ਅਜਿਹੀਆਂ ਕਈ ਫਿਲਮਾਂ ਬਣੀਆਂ ਹਨ, ਜਿਹਨਾਂ 'ਚ ਕੰਮ ਕਾਜੀ ਔਰਤਾਂ ਦੇ ਇਰਦ-ਗਿਰਦ ਕਹਾਣੀਆਂ ਬੁਣੀਆਂ ਗਈਆਂ ਹਨ। ਮ੍ਰਿਣਾਲ ਸੇਨ ਦੀ ਪ੍ਰਸਿੱਧ ਫਿਲਮ 'ਇਕ ਦਿਨ ਪ੍ਰਤੀ ਦਿਨ' (1979) 'ਚ ਫਿਲਮ ਦੀ ਹੀਰੋਇਨ ਪਿਤਾ, ਮਾਂ ਤੇ ਛੋਟੇ ਭਾਈ-ਭੈਣਾਂ ਦਾ ਪ੍ਰੀਵਾਰ ਉਸ ਇੱਕਲੀ ਦੀ ਨੌਕਰੀ 'ਤੇ ਨਿਰਭਰ ਹੈ। ਫਿਲਮ ਦੀ ਇਕ ਰਾਤ ਦੀ ਕਹਾਣੀ ਹੈ, ਜਦ ਘਰ ਦੇ ਬਾਕੀ ਮੈਂਬਰ ਚਿਨੂ ਦੀ ਉਡੀਕ ਕਰ ਰਹੇ ਹਨ। ਉਹਨਾਂ 'ਚੋਂ ਹਰੇਕ ਇਹ ਮਹਿਸੂਸ ਕਰਦਾ ਹੈ ਕਿ ਕਿਵੇਂ ਉਹਨਾਂ ਦੀ ਜ਼ਿੰਦਗੀ ਚਿਨੂ ਦੀ ਨੌਕਰੀ 'ਤੇ ਟਿਕੀ ਹੈ। ਉਸ ਦੇ ਨਾ ਹੋਣ ਦਾ ਡਰ ਉਹਨਾਂ ਨੂੰ ਡਰਾਉਂਦਾ ਹੈ ਪਰ ਜਦ ਸਵੇਰੇ ਘਰ ਮੁੜਦੀ ਹੈ ਤਾਂ ਉਸ ਦੇ ਮਾਪਿਆਂ ਤਕ ਨੂੰ ਵੀ ਇਹ ਹਿੰਮਤ ਨਹੀਂ ਪੈਂਦੀ ਕਿ ਉਹ ਚਿਨੂ ਤੋਂ ਪੁੱਛ ਸਕਣ ਕਿ ਉਹ ਰਾਤ ਭਰ ਕਿਥੇ ਰਹੀ। ਇਸ ਦੌਰ 'ਚ ਹਿੰਦੀ 'ਚ ਵੀ ਕੁੱਝ ਅਜਿਹੀਆਂ ਫਿਲਮਾਂ ਬਣੀਆਂ। 1973 'ਚ ਬਣੀ '27 ਡਾਊਨ' ਇਕ ਐਸੀ ਹੀ ਫਿਲਮ ਸੀ, ਜਿਸ ਦੀ ਨਾਇਕਾ ਸ਼ਲਿਨੀ (ਰਾਖੀ) ਟਾਈਪਿਸਟ ਦੀ ਨੌਕਰੀ ਕਰਦੀ ਹੈ। ਰੇਲਵੇ ਦੇ ਟਿਕਟ ਬਾਬੂ ਸੰਜੇ ਨਾਲ ਪ੍ਰੇਮ ਕਰਨ ਵਾਲੀ ਇਸ ਨਾਇਕਾ ਨੂੰ ਆਪਣਾ ਪਿਆਰ ਨਹੀਂ ਮਿਲਦਾ ਕਿਉਂਕਿ ਪਿਤਾ ਦੇ ਦਬਾਅ 'ਚ ਸੰਜੇ ਦੀ ਸ਼ਾਦੀ ਕਿਤੇ ਹੋਰ ਹੋ ਜਾਂਦੀ ਹੈ। ਇਸ ਤਰ੍ਹਾਂ 1947 'ਚ ਬਣੀ 'ਰਜਨੀ ਗੰਧਾ' ਦੀ ਹੀਰੋਇਨ ਦੀਪਾ (ਵਿਧਾ ਸਿਨਹਾ) ਇਕ ਕੰਮ ਕਾਜੀ ਔਰਤ ਹੈ। ਦਿਲੀ ਤੋਂ ਮੁੰਬਈ ਉਹ ਅਧਿਆਪਕਾ ਦੀ ਇੰਟਰਵਿਊ ਦੇਣ ਜਾਂਦੀ ਹੈ। ਜਿਥੇ ਉਸ ਦੀ ਮੁਲਾਕਾਤ ਆਪਣੇ ਸਾਬਕਾ ਪ੍ਰੇਮੀ ਨਾਲ ਹੁੰਦੀ ਹੈ। ਇਸੇ ਦੌਰਾਨ ਬਣੀ 'ਇਹ ਕੈਸਾ ਇਨਸਾਫ਼' ਅਤੇ 'ਦੂਰੀਆਂ' ਦੀਆਂ ਹੀਰੋਇਨਾਂ ਵੀ ਕੰਮ ਕਾਜੀ ਹਨ ਤੇ ਉਹਨਾਂ ਦੇ ਵਿਆਹੁਤਾ ਜੀਵਨ 'ਚ ਤਣਾਅ ਪੈਦਾ ਹੋਣ ਦਾ ਕਾਰਨ ਉਹਨਾਂ ਦਾ ਕੰਮ ਕਾਜੀ ਹੋਣਾ ਵੀ ਹੈ। ਸਈਅਦ ਅਖਤਰ ਮਿਰਜਾ ਦੀ ਫਿਲਮ 'ਅਲਬਰਟ ਪਿੰਟੋ ਨੂੰ ਗੁੱਸਾ ਕਿਉਂ ਆਉਂਦਾ ਹੈ' ਦੀ ਨਾਇਕਾ ਵੀ ਕੰਮ ਕਾਜੀ ਔਰਤ ਹੈ। ਇਹਨਾਂ ਸਾਰੀਆਂ ਫਿਲਮਾਂ ਦੀਆਂ ਨਾਇਕਾਵਾਂ ਮਧਵਰਗ ਦੀਆਂ ਹਨ ਅਤੇ ਇਹਨਾਂਦਾ ਕੰਮ ਕਰਨਾ ਕਿਤੇ ਨਾ ਕਿਤੇ ਉਹਨਾਂ ਦੀਆਂ ਘਰੇਲੂ ਲੋੜਾਂ ਤੋਂ ਪ੍ਰੇਰਿਤ ਹੈ। ਇਸ ਦੌਰਾਨ 'ਚ ਬਣਨ ਵਾਲੀਆਂ ਹਰਮਨ ਪਿਆਰੀਆਂ ਫਿਲਮਾਂ 'ਚੋਂ ਇਹ ਕੁਝ ਹੱਦ ਤਕ ਵੱਖਰੀਆਂ ਹਨ। ਇਹ ਉਹ ਦੌਰ ਹੈ ਜਦ ਭਾਰਤੀ ਫਿਲਮਾਂ 'ਚ ਸਮਾਂਤਰ ਸਿਨੇਮਾ ਦਾ ਯਥਾਰਥਵਾਦੀ ਅੰਦੋਲਨ ਆਪਣੇ ਸਿਖਰ 'ਤੇ ਸੀ। ਇਸ ਲਈ ਇਹ ਸੁਭਾਵਿਕ ਸੀ ਕਿ ਇਹਨਾਂ 'ਚ ਸਮਾਜਕ ਯਥਾਰਥ ਦਾ ਚਿਤਰਣ ਹੋਵੇ। 1970-80 ਦਹਾਕੇ 'ਚ ਨਿਮਨ-ਮੱਧ ਸ਼੍ਰੇਣੀ ਤੇ ਮੱਧ ਵਰਗ ਦੀਆਂ ਸ਼ਹਿਰੀ ਲੜਕੀਆਂ ਸਿਖਿਆ ਪੂਰੀ ਕਰਨ ਪਿਛੋਂ ਨੌਕਰੀ ਵੱਲ ਖਿਚੀਆਂ ਜਾਣ ਲੱਗੀਆਂ ਸਨ ਜਿਸ ਦਾ

ਇਕ ਵੱਡਾ ਕਾਰਨ ਉਹਨਾਂ ਦੇ ਪ੍ਰੀਵਾਰ ਦੀ ਆਰਥਕ ਵਿਵਸਥਾ ਵੀ ਸੀ, ਜੋ ਵੀ ਹੋਵੇ ਉਸ ਦੌਰ ਵਿਚ ਔਰਤਾਂ ਦਾ ਕੰਮ ਕਰਨਾ ਇਕ ਸਚਾਈ ਸੀ ਜਿਸ ਨੂੰ ਇਹ ਫਿਲਮਾਂ ਪੇਸ਼ ਕਰ ਰਹੀਆਂ ਸਨ। ਹਰਮਨ ਪਿਆਰੇ ਸਿਨੇਮੇ 'ਚ ਇਸ ਤਰ੍ਹਾਂ ਦੀ ਹੀਰੋਇਨਾਂ ਦਾ ਆਗਮਨ ਅਜੇ ਨਹੀਂ ਹੋਇਆ ਸੀ ਜਿਹਨਾਂ ਲਈ ਬਾਹਰ ਕੰਮ ਕਰਨਾ ਜੀਵਨ ਦਾ ਇਕ ਸਹਿਜ ਸੱਚ ਹੋਵੇ। ਇਹ ਫਿਲਮਾਂ 'ਅਵਾਰਾ' ਤੇ 'ਸ੍ਰੀ-420' ਤੋਂ ਇਸ ਅਰਥ 'ਚ ਭਿੰਨ ਸਨ ਕਿ ਇਥੇ ਔਰਤ ਦਾ ਕੰਮ ਕਰਨਾ ਕਹਾਣੀ ਦੀ ਮੰਗ ਕਰਕੇ ਨਹੀਂ ਸੀ ਬਲਕਿ ਸਮਾਜਕ ਯਥਾਰਥ ਦੇ ਪ੍ਰਵਾਰ ਨਾਲ ਤਹਿ ਹੋ ਰਿਹਾ ਸੀ। 'ਅਵਾਰਾ' ਤੇ 'ਸ੍ਰੀ 420' ਦੀਆਂ ਨਾਇਕਾਵਾਂ ਦਾ ਕੰਮ ਕਰਨਾ ਮਹਿਜ਼ ਸੰਯੋਗ ਹੈ। ਉਹਨਾਂ ਦੇ ਕੰਮ ਕਰਨ ਨੂੰ ਔਰਤ ਦੇ ਪੱਖ 'ਚ ਇਕ ਮੁੱਲ ਵਾਗੂੰ ਪੇਸ਼ ਨਹੀਂ ਕੀਤਾ ਗਿਆ ਹੈ। ਪਰ 1970-80 ਦੇ ਦਹਾਕੇ ਦੀਆਂ ਯਥਾਰਥਵਾਦੀ ਫਿਲਮਾਂ 'ਚ ਔਰਤ ਦਾ ਕੰਮ ਕਰਨਾ ਬਦਲਦੇ ਸਮਾਜਕ ਯਥਾਰਥ ਦਾ ਪ੍ਰਤੀਬਿੰਬ ਹੈ। ਭਾਵੇਂ ਹੀ ਉਸ ਨੂੰ ਇਕ ਪ੍ਰਗਤੀਸ਼ੀਲ ਮੂਲ ਵਾਗੂੰ ਪੇਸ਼ ਨਾ ਕੀਤਾ ਗਿਆ ਹੋਵੇ। ਇਸ ਦੌਰ 'ਚ ਬਣੀ ਫਿਲਮ 'ਸੁਬਾਹ' (1981) 'ਚ ਪਹਿਲੀ ਵਾਰੀ ਇਕ ਅਜਿਹੀ ਔਰਤ ਦੀ ਕਹਾਣੀ ਕਹੀ ਗਈ ਹੈ ਜੋ ਲੋੜ ਤੋਂ ਮਜ਼ਬੂਰ ਹੋ ਕੇ ਨਹੀਂ ਬਲਕਿ ਆਪਣੇ ਜੀਵਨ ਨੂੰ ਨਵਾਂ ਅਰਥ ਦੇਣ ਲਈ ਕੰਮ ਕਰਦੀ ਹੈ। ਇਸ ਫਿਲਮ ਦੀ ਨਾਇਕਾ ਆਪਣੇ ਖੁਸ਼ਹਾਲ ਪਤੀ ਦੇ ਘਰ 'ਚ ਅਰਥਚੀਨ ਜ਼ਿੰਦਗੀ ਜਿਉਂਦੇ ਹੋਇਆ ਅੱਕ ਚੁੱਕੀ ਸੀ। ਸਮਾਜ ਸੇਵਾ ਦੀ ਸਿਖਲਾਈ ਲੈ ਚੁਕੀ ਇਹ ਔਰਤ ਆਪਣੀ ਸਿਖਿਆ ਦੀ ਵਰਤੋਂ ਕਿਤੇ ਬੇਹਤਰ ਥਾਂ ਕਰਨਾ ਚਾਹੁੰਦੀ ਹੈ। ਵਕੀਲ ਪਤੀ ਤੇ ਸਮਾਜ ਸੇਵੀ ਸੱਸ ਦੀ ਇੱਛਾ ਨਾ ਹੋਣ ਦੇ ਬਾਵਜੂਦ ਆਪਣੀ ਇਕਲੌਤੀ ਬੇਟੀ ਨੂੰ ਪਤੀ ਦੇ ਪਾਸ ਛੱਡ ਕੇ ਇਹ ਅਰਥ ਪੂਰਨ ਜੀਵਨ ਦੀ ਤਲਾਸ਼ ਵਿਚ 'ਨਾਰੀ ਸੁਧਾਰ ਘਰ' 'ਚ ਟੀਚਰ ਦੀ ਨੌਕਰੀ ਕਰ ਲੈਂਦੀ ਹੈ। ਪਰ ਨਾਰੀ ਸੁਧਾਰ ਘਰ ਚਲਾਉਂਦੇ ਹੋਏ ਜੋ ਦੁਨੀਆਂ ਉਸ ਦੇ ਸਾਹਮਣੇ ਖੁਲ੍ਹਦੀ ਹੈ, ਉਸ ਨੂੰ ਦੇਖ ਕੇ ਉਹ ਦੰਗ ਰਹਿ ਜਾਂਦੀ ਹੈ। ਜੇਲ੍ਹ ਦੇ ਨੰਗੇ ਚਿੱਟੇ ਸੱਚ ਦਾ ਵਿਰੋਧ ਕਰਨ ਦੀ ਕੋਸ਼ਿਸ਼ ਵਿਚ ਉਸ ਨੂੰ ਨੌਕਰੀ ਛੱਡਣ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਹੈ। ਪਰ ਆਪਦੇ ਪਤੀ ਦੇ ਘਰ ਵਾਪਸ ਆਉਣ 'ਤੇ ਉਥੇ ਵੀ ਉਸ ਨੂੰ ਆਪਣਾ ਪੁਰਾਣਾ ਸੰਸਾਰ ਨਹੀਂ ਮਿਲਦਾ। ਪਤੀ ਕਿਸੇ ਹੋਰ ਔਰਤ ਨਾਲ ਸਬੰਧ ਬਣਾ ਚੁਕਿਆ ਹੈ ਤੇ ਬੇਟੀ ਵੀ ਉਸ ਨੂੰ ਭੁਲਾ ਚੁਕੀ ਹੈ। ਇਸ ਨਵੀਂ ਹਾਲਤ 'ਚ ਉਸ ਨੂੰ ਫਿਰ ਸਮਝੌਤੇ ਲਈ ਕਿਹਾ ਜਾਂਦਾ ਹੈ। ਪਰ ਉਹ ਇਸ ਨੂੰ ਨਹੀਂ ਮੰਨਦੀ। ਉਹ ਚਣੌਤੀ ਸਵੀਕਾਰ ਕਰਦੀ ਹੈ ਅਤੇ ਆਪਣੇ ਆਤਮ ਸਨਮਾਨ ਦੀ ਰਾਖੀ ਕਰਦਿਆਂ ਇਕ ਨਵੀਂ ਦੁਨੀਆਂ 'ਚ ਇਕਲਿਆਂ ਹੀ ਸੰਘਰਸ਼ ਕਰਨ ਨਿਕਲ ਪੈਂਦੀ ਹੈ। ਔਰਤ ਦੀ ਗੁਲਾਮੀ ਦਾ ਮੁੱਖ ਕਾਰਨ ਉਸ ਦੀ ਆਰਥਕ ਪ੍ਰੀ ਨਿਰਭਰਤਾ ਹੈ, ਪਰ ਕੰਮਕਾਜੀ ਔਰਤਾਂ ਵੀ ਮਰਦ ਦੇ ਦਾਬੇ ਤੋਂ ਮੁਕਤ ਨਹੀਂ ਹੋ ਸਕਦੀਆਂ। ਨਵੀਆਂ ਹਾਲਤਾਂ 'ਚ ਉਹਨਾਂ ਨੂੰ ਨਵੇਂ ਤਰ੍ਹਾਂ ਦੇ ਤਣਾਵਾਂ ਨਾਲ ਜੂਝਣਾ ਪੈਂਦਾ ਹੈ। ਪਰ ਕੀ ਇਸ ਦਾ ਹੱਲ ਫਿਰ ਤੋਂ ਘਰ ਦੀ ਚਾਰ ਦੀਵਾਰੀ 'ਚ ਕੈਦ ਹੋ ਜਾਣਾ ਹੈ? ਇਹ ਫਿਲਮ ਇਸ ਸੁਆਲ ਨੂੰ ਉਠਾਉਂਦੀ ਹੈ। ਹਰਮਨ ਪਿਆਰੀਆਂ ਫਿਲਮਾਂ ਨੇ ਭਾਵੇਂ ਹੀ 1970 ਤੋਂ 1990 ਤਕ ਕੰਮ ਕਾਜੀ ਔਰਤਾਂ ਨੂੰ ਨਾਇਕਾ ਬਣਾ ਕੇ ਪੇਸ਼ ਨਾ ਕੀਤਾ ਹੋਵੇ ਪਰ ਇਸ ਤੋਂ ਬਾਅਦ ਅਜਿਹੀਆਂ ਹਰਮਨ ਪਿਆਰੀਆਂ ਫਿਲਮਾਂ ਬਣੀਆਂ ਹਨ ਜਿਹਨਾਂ 'ਚ ਔਰਤ ਪਾਤਰਾਂ ਦੀ ਵੱਡੀ ਗਿਣਤੀ ਕੰਮ ਕਾਜੀ ਔਰਤਾਂ

ਦੀ ਹੈ। ਇਹ ਔਰਤ ਪਾਤਰ ਮੱਧ ਵਰਗ ਦੀਆਂ ਔਰਤਾਂ ਵਲੋਂ ਅਪਣਾਏ ਜਾਣ ਵਾਲੇ ਅਕਸਰ ਸਾਰੇ ਕਿੱਤਿਆਂ 'ਚ ਸਰਗਰਮ ਨਜ਼ਰ ਆਉਂਦੇ ਹਨ। ਇਸ ਦੌਰ ਦੀਆਂ ਫਿਲਮਾਂ 'ਚ ਔਰਤ ਪਾਤਰ ਤੇ ਫਿਲਮਾਂ ਦੀਆਂ ਹੀਰੋਇਨਾਂ ਜਾਂ ਸਹਿ ਨਾਇਕਾਵਾਂ ਅਕਸਰ ਪ੍ਰਤਕਾਰ (ਲਕਸ਼ਯ, ਸਾਢੇ ਸਾਤ ਫੇਰੇ, ਵੈਡਨਸਡੇ, ਫਿਰ ਵੀ ਦਿੱਲ ਹੈ ਹਿੰਦੁਸਤਾਨੀ, ਪੇਜ ਥ੍ਰੀ, ਕਿਸ, ਮੁੰਬਈ ਮੇਰੀ ਜਾਨ) ਅਧਿਆਪਕ (ਸਵਦੇਸ਼, ਜਬ ਵੀ ਮੈਂਟ) ਵਕਾਲਤ (ਮੈਂ ਐਸ ਹੀ ਹੂੰ) ਨਰਸ (ਮੈਨੇ ਪਿਆਰ ਕਿਉਂ ਕੀਆ) ਕਲਰਕ (ਹੇਰਾਫੇਰੀ, ਰਾਕੇਟ ਸਿੰਘ) ਡਾਕਟਰ (ਮੁੰਨਾ ਭਾਈ ਐਮ.ਬੀ.ਬੀ.ਐਸ, ਦਿਲ ਨੇ ਜਿਸੇ ਆਪਣਾ ਕਹਾ, ਥ੍ਰੀ ਇਡੀਅਟਸ, ਪਾ) ਵੇਟਰਸ (ਮੈ ਔਰ ਮਿਸ ਖਾਨ) ਬਾਰ ਗਰਲ (ਚਾਂਦਨੀ ਬਾਰ) ਪੁਲਸ ਅਧਿਕਾਰੀ (ਇਕ ਹਸੀਨਾ ਥੀ) ਰੇਡਿਓ ਜਾਕੀ (ਲਗੇ ਰਹੋ ਮੁੰਨਾ ਬਾਈ) ਨਰਤਕ (ਤਾਲ), ਮਾਡਲ (ਯਸ ਬਾਸ, ਫੈਸ਼ਨ, ਗਜ਼ਨੀ), ਹੀਰੋਇਨ (ਓਮ ਸ਼ਾਂਤੀ ਓਮ, ਮੈਨੇ ਪਿਆਰ ਕਿਉਂ ਕੀਆ, ਲਕ ਬਾਈ ਚਾਂਸ), ਲੇਖਕ (ਵੇਕਅਪ ਸਿਡ) ਪੁਰਾਤਵ ਵੇਤਾ (ਲਵ ਆਜਕਲ), ਰੇਡਿਓ ਪ੍ਰੋਡਿਊਸਰ (ਲਾਈਫ਼ ਇਨ ਏ ਮੇਟ੍ਰੋ) ਰਾਜਸੀ ਨੇਤਾ (ਸਤਾ, ਰਾਜਨੀਤੀ), ਖਿਡਾਰੀ (ਚੱਕ ਦੇ ਇੰਡੀਆ) ਕਾਰੋਬਾਰੀ (ਹਮ ਤੁਮ, ਮਾਈ ਨੇਮ ਇਜ ਖਾਨ) ਆਦਿ ਕਈ ਪੇਸ਼ਿਆਂ 'ਚ ਸਰਗਰਮ ਨਜ਼ਰ ਆਉਂਦੀ ਹੈ। ਫਿਲਮਾਂ ਦੀ ਇਹ ਸੂਚੀ ਹੋਰ ਵੀ ਲੰਬੀ ਕੀਤੀ ਜਾ ਸਕਦੀ ਹੈ ਪਰ ਏਨੀ ਹੀ ਇਹ ਦਸਣ ਲਈ ਕਾਫੀ ਹੈ ਕਿ ਅੱਜ ਕਲ੍ਹ ਬਣਨ ਵਾਲੀਆਂ ਫਿਲਮਾਂ 'ਚ ਔਰਤ ਪਾਤਰਾਂ ਨੂੰ ਤਾਂ ਸੁੰਦਰਤਾ ਦੀ ਮੂਰਤੀ ਵਜੋਂ ਪੇਸ਼ ਕੀਤਾ ਜਾਂਦਾ ਹੈ। ਅੱਜਕਲ੍ਹ ਦੀਆਂ ਹੀਰੋਇਨਾਂ ਕਿਸੇ ਨਾਇਕ ਦੇ ਨਾਲ ਦਰਖੱਤ ਦੇ ਆਲੇ-ਦੁਆਲੇ ਚੱਕਰ ਕਟਦਿਆਂ ਗਾਣੇ ਨਹੀਂ ਗਾਉਂਦੀਆਂ ਤੇ ਨਾ ਹੀ ਗੱਲ-ਗੱਲ 'ਤੇ ਸ਼ਰਮਾਉਂਦੀਆਂ ਹਨ। ਇਹਨਾਂ ਫਿਲਮਾਂ 'ਚ ਵੀ ਪਿਆਰ ਕਹਾਣੀਆਂ ਹਨ। ਪਰ ਵੈਸੀਆਂ ਪ੍ਰੇਮ ਕਹਾਣੀਆਂ ਨਹੀਂ ਜਿਹੋ ਜਿਹੀਆਂ 1960 ਤੋਂ 1990 ਤਕ ਦੇ ਦਹਾਕਿਆਂ ਦੌਰਾਨ ਬਣਦੀਆਂ ਸਨ। ਇਹਨਾਂ ਫਿਲਮਾਂ 'ਚ ਚਿਤ੍ਰਿਤ ਔਰਤਾਂ ਪਾਤਰਾਂ ਲਈ ਪ੍ਰੇਮ ਤੇ ਵਿਆਹ ਹੀ ਜ਼ਿੰਦਗੀ ਦਾ ਉਦੇਸ਼ ਨਹੀਂ ਹੈ। ਉਹ ਤਾਂ ਇਕ ਪ੍ਰੋਫ਼ੈਸ਼ਨਲ ਵਾਂਗੂ ਕਾਮਯਾਬ ਹੋਣਾ ਚਾਹੁੰਦੀਆਂ ਹਨ। ਉਹਨਾਂ ਦੇ ਸਾਹਮਣੇ ਜੀਵਨ ਦੀਆਂ ਅਜਿਹੀਆਂ ਸਮਸਿਆਵਾਂ ਆਉਂਦੀਆਂ ਹਨ ਜਿਹਨਾਂ ਦੀ 1960-90 ਦੇ ਦਹਾਕਿਆਂ ਦੀਆਂ ਫਿਲਮਾਂ 'ਚ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਮਿਸਾਲ ਵਜੋਂ 'ਸਵਦੇਸ਼' ਫਿਲਮ ਦੀ ਨਾਇਕਾ ਇਕ ਟੀਚਰ ਹੈ ਤੇ ਪਿੰਡ ਦੇ ਸਕੂਲ 'ਚ ਬੱਚਿਆਂ ਨੂੰ ਪੜਾਉਂਦੀ ਹੈ। ਫਿਲਮ ਦਾ ਨਾਇਕ ਇਕ ਵਿਗਿਆਨੀ ਹੈ, ਜੋ ਅਮਰੀਕਾ 'ਚ ਨੌਕਰੀ ਕਰਦਾ ਹੈ। ਉਹ ਨਾਇਕਾ ਨਾਲ ਵਿਆਹ ਦਾ ਪ੍ਰਸਤਾਅ ਰਖਦਾ ਹੈ, ਪਰ ਉਹ ਠੁਕਰਾ ਦਿੰਦੀ ਹੈ। ਕਿਉਂਕਿ ਪਿੰਡ ਦੀ ਅਧਿਆਪਕੀ ਛੱਡ ਕੇ ਅਮਰੀਕਾ ਨਹੀਂ ਜਾਣਾ ਚਾਹੁੰਦੀ। ਇਸ ਤਰ੍ਹਾਂ 'ਪੇਜ ਥ੍ਰੀ' ਦੀ ਨਾਇਕਾ (ਕੋਂਕਣਾ ਸੇਨ ਸ਼ਰਮਾ) ਇਕ ਨੌਜਵਾਨ ਪੱਤਰਕਾਰ ਹੈ, ਉਸ ਨੂੰ ਅਮੀਰ ਲੋਕਾਂ ਦੀ ਪਾਰਟੀਆਂ ਦੀ ਰੀਪੋਰਟਿੰਗ ਦਾ ਕੰਮ ਦਿੱਤਾ ਗਿਆ ਹੈ। ਇਹਨਾਂ ਪਾਰਟੀਆਂ 'ਚ ਜੋ ਉਹ ਵੇਖਦੀ ਹੈ ਉਸ ਦੀ ਖ਼ਬਰ ਬਣਾ ਕੇ ਇਮਾਨਦਾਰੀ ਨਾਲ ਪੇਸ਼ ਕਰ ਦਿੰਦੀ ਹੈ ਪਰ ਜਦ ਉਸ ਦੀ ਰੂਮ ਮੇਟ ਗਾਇਤਰੀ (ਤਾਰਾ ਸ਼ਰਮਾ) ਆਤਮ ਹੱਤਿਆ ਦੀ ਕੋਸ਼ਿਸ਼ ਕਰਦੀ ਹੈ ਤਾਂ ਉਸ ਦੇ ਸਾਹਮਣੇ ਤਸਵੀਰ ਦਾ ਦੂਜਾ ਪਹਿਲੂ ਉਜਾਗਰ ਹੁੰਦਾ ਹੈ। ਹੌਲੀ-ਹੌਲੀ ਅਮੀਰ ਤੇ ਪ੍ਰਸਿੱਧ ਲੋਕਾਂ ਦੀ ਅਸਲੀ ਦੁਨੀਆਂ ਤੇ ਉਹਨਾਂ ਦੇ ਅਸਲੀ ਚੇਹਰੇ ਸਾਹਮਣੇ ਆਉਣ ਲਗਦੇ ਹਨ। ਇਹ ਦੁਨੀਆਂ ਕੌੜੇ ਸੱਚਾਂ ਨਾਲ ਭਰੀ ਹੈ।

ਇਸ ਦੁਨੀਆਂ ਦੀ ਅਸਲੀਅਤ ਨੂੰ ਉਜਾਗਰ ਕਰਨ ਦੀ ਹਰ ਕੋਸ਼ਿਸ਼ ਅਸਫ਼ਲ ਹੋ ਜਾਂਦੀ ਹੈ। ਇਥੋਂ ਤਕ ਕਿ ਉਸ ਦੀ ਆਪਣੀ ਨੌਕਰੀ ਵੀ ਖਤਰੇ 'ਚ ਪੈ ਜਾਂਦੀ ਹੈ। 'ਮੁੰਬਈ ਮੇਰੀ ਜਾਨ' ਦੀ ਟੀ.ਵੀ ਪੱਤਰਕਾਰ ਦਾ ਮੰਗੇਤਰ ਮੁੰਬਈ ਦੀ ਲੋਕਲ ਟਰੇਨ 'ਚ ਹੋਏ ਬੰਬ ਧਮਾਕਿਆਂ 'ਚ ਮਾਰਿਆ ਜਾ ਚੁਕਿਆ ਹੈ। ਉਹ ਇਸ ਹਾਦਸੇ 'ਚੋਂ ਅਜੇ ਉਭਰੀ ਨਹੀਂ ਹੈ ਪਰ ਜਿਸ ਟੀ.ਵੀ ਚੈਂਨਲ ਲਈ ਉਹ ਕੰਮ ਕਰਦੀ ਹੈ। ਉਸ ਦੇ ਲਈ ਉਸ ਦੀ ਨਿਜੀ ਤਰਾਸਦੀ ਵੀ ਟੈਲੀਵਿਜ਼ਨ 'ਤੇ ਵੇਚੀ ਜਾਣ ਵਾਲੀ ਸਟੋਰੀ ਹੁੰਦੀ ਹੈ। ਜਿਸ ਨੂੰ ਚੈਨਲ ਵਰਤਣ ਦੀ ਕੋਸ਼ਿਸ਼ ਕਰਦਾ ਹੈ। 'ਸਾਢੇ ਸੱਤ ਫੇਰੇ' ਦੀ ਨਾਇਕਾ (ਜੂਹੀ ਚਾਵਲਾ) ਟੈਲੀਵਿਜ਼ਨ ਲਈ ਰਿਆਲਟੀ ਸ਼ੋ ਬਣਾਉਂਦੀ ਹੈ। ਘਰ ਦੇ ਇਕ ਮੈਂਬਰ ਨਾਲ ਮਿਲ ਕੇ ਉਹ ਪੂਰੇ ਘਰ 'ਚ ਕੈਮਰੇ ਫਿੱਟ ਕਰਵਾ ਦਿੰਦੀ ਹੈ। ਟੀ.ਵੀ ਦੀ ਦੁਨੀਆਂ 'ਚ ਕਾਮਯਾਬ ਹੋਣਾ ਹੀ ਉਸ ਦਾ ਮਕਸਦ ਹੈ ਤੇ ਇਕ ਅਸਲੀ ਵਿਆਹ ਦਾ ਰਾਇਲਟੀ ਸ਼ੋ ਪੇਸ਼ ਕਰਨਾ ਉਸ ਦੀ ਯੋਜਨਾ ਹੁੰਦੀ ਹੈ। ਜਦ ਰਿਕਾਰਡਿੰਗ 'ਚ ਕੁਝ ਵੀ ਸਨਸਨੀਖੇਜ਼ ਨਜ਼ਰ ਨਹੀਂ ਆਉਂਦਾ ਤਾਂ ਉਹ ਵਿਆਹ ਨੂੰ ਜਬਰਨ ਸਨਸਨਖੇਜ਼ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। 'ਪੇਜ ਥ੍ਰੀ' ਵਾਗੂੰ ਇਥੇ ਵੀ ਨਾਇਕਾ ਦੀ ਪ੍ਰੇਮ ਕਹਾਣੀ ਹਾਸ਼ੀਏ 'ਤੇ ਹੀ ਬਣੀ ਰਹਿੰਦੀ ਹੈ 'ਰਾਕੇਟ ਸਿੰਘ' ਦੀ ਰਿਸੈਪਸ਼ਨਿਸ਼ਟ ਕਮ-ਆਫ਼ਿਸ ਸੈਕਟਰੀ (ਗੌਹਰ ਖਾਨ) ਤਾਂ ਫਿਲਮ ਦੀ ਨਾਇਕ ਵੀ ਨਹੀਂ ਹੈ ਉਹ ਇਕ ਵਿਆਹੁਤਾ ਨੌਂਜਵਾਨ ਔਰਤ ਹੈ ਤੇ ਕਹਾਣੀ 'ਚ ਕਦੇ ਵੀ ਉਸ ਦਾ ਪ੍ਰੀਵਾਰ ਸਾਹਮਣੇ ਨਹੀਂ ਆਉਂਦਾ। ਇਸ ਦੇ ਬਾਵਜੂਦ ਨੌਕਰੀ ਨਾਲ ਜੁੜੀਆਂ ਉਸ ਦੀਆਂ ਲਾਲ ਸਾਵਾਂ ਤੇ ਸੁਪਨੇ ਉਸ ਨੂੰ ਫਿਲਮ ਦਾ ਮਹੱਤਵਪੂਰਨ ਪਾਤਰ ਬਣਾ ਦਿੰਦੇ ਹਨ। ਇਹਨਾਂ ਫਿਲਮਾਂ 'ਚ ਗਲੈਮਰ ਨਾਲ ਜੁੜੇ ਪੇਸ਼ਿਆਂ (ਅਭਿਨੈ ਮਾਡਲਿੰਗ) ਨੂੰ ਵੀ ਰੋਟੀ ਰੋਜ਼ੀ ਦੇ ਜ਼ਰੂਰੀ ਸਾਧਨ ਵਜੋਂ ਪੇਸ਼ ਕੀਤਾ ਜਾਂਦਾ ਹੈ। 'ਲਕ ਬਾਈ ਚਾਂਸ' ਦੀ ਨਾਇਕਾ ਸੋਨਾ ਮਿਸ਼ਰ (ਕੋਂਕਣਾ ਸੇਨ ਸ਼ਰਮਾ) ਹਿੰਦੀ ਫਿਲਮ ਦੀ ਵੱਡੀ ਹੀਰੋਇਨ ਬਣਨਾ ਲੋਚਦੀ ਹੈ। ਇਸ ਦੇ ਲਈ ਉਹ ਸਤੀਸ਼ ਚੌਧਰੀ ਨਾਮਕ ਇਕ ਛੋਟੇ ਮੋਟੇ ਪ੍ਰੋਡਿਊਸਰ ਦੀ ਮਿਸਟ੍ਰੈਸ ਬਣਨ ਲਈ ਵੀ ਤਿਆਰ ਹੋ ਜਾਂਦੀ ਹੈ। ਪਰ ਉਸ ਦਾ ਇਹ ਸੁਪਨਾ ਪੂਰਾ ਨਹੀਂ ਹੁੰਦਾ। ਉਸ ਨੂੰ ਖੇਤਰੀ ਫਿਲਮਾਂ ਤੇ ਟੈਲੀਵਿਜ਼ਨ ਸੀਰੀਅਲਾਂ 'ਚ ਹੀ ਕੰਮ ਕਰਕੇ ਸਬਰ ਕਰਨਾ ਪੈਂਦਾ। ਇਸ ਤਰ੍ਹਾਂ 'ਗਜ਼ਨੀ' ਦੀ ਨਾਇਕਾ (ਅਸਿਨ) ਇਕ ਮਾਮੂਲੀ ਮਾਡਲ ਹੁੰਦੀ ਹੈ ਤੇ ਉਸਦੇ ਲਈ ਮਾਡਲਿੰਗ ਰੋਟੀ ਰੋਜ਼ੀ ਦਾ ਸਾਧਨ ਭਰ ਹੀ ਹੈ। 'ਫ਼ੈਸ਼ਨ' ਦੀ ਨਾਇਕਾ (ਪ੍ਰਿੰਯਕਾ ਚੋਪੜਾ) ਨੂੰ ਮਾਡਲਿੰਗ ਦੀ ਦੁਨੀਆਂ 'ਚ ਕਾਮਯਾਬ ਹੋਣ ਲਈ ਸਖਤ ਸੰਘਰਸ਼ ਕਰਨਾ ਪੈਂਦਾ ਹੈ। ਇਨ੍ਹਾਂ ਕੰਮ ਕਾਜੀ ਔਰਤ ਪਾਤਰਾਂ ਵਿਚੋਂ ਬਹੁਤੇ ਛੋਟੇ ਸ਼ਹਿਰਾਂ ਤੋਂ ਜਾ ਕੇ ਮੁੰਬਈ, ਦਿੱਲੀ ਵਰਗੇ ਮਹਾਂਨਗਰਾਂ 'ਚ ਰਹਿ ਰਹੀਆਂ ਹਨ ਜਾਂ ਤਾਂ ਆਪਣੇ ਵਰਗੀਆਂ ਦੂਜੀਆਂ ਕੰਮ ਕਾਜੀ ਲੜਕੀਆਂ ਦੇ ਨਾਲ ਜਾਂ ਆਪਣੇ ਕਿਸ ਮਰਦ ਮਿਤਰ ਦੇ ਨਾਲ। ਸੈਕਸ ਸਬੰਧ 1960-70 ਦੇ ਦਹਾਕੇ ਦੀਆਂ ਨਾਇਕਾਵਾਂ ਵਾਗੂੰ ਉਹਨਾਂ 'ਚ ਅਕਸਰ ਕਿਸੇ ਤਰ੍ਹਾਂ ਦੀ ਗ੍ਰੰਥੀ ਨਹੀਂ ਹੈ। ਉਹਨਾਂ ਤੋਂ ਇਸ ਤਰ੍ਹਾਂ ਦੇ ਸੰਵਾਦ ਨਹੀਂ ਅਖਵਾਏ ਜਾਂਦੇ ਕਿ "ਮੈਂ ਬਾਸੀ ਹੋ ਗਈ ਹਾਂ" ਜਾਂ "ਮੈਂ ਅਪਵਿਤਰ ਹੋ ਗਈ ਹਾਂ" ਜਾਂ "ਹੁਣ ਮੇਰੇ ਕੋਲ ਤੈਨੂੰ ਦੇਣ ਲਈ ਕੁਝ ਨਹੀਂ ਹੈ।" ਇਸ ਲਈ ਇਹਨਾਂ ਫਿਲਮਾਂ 'ਚ ਹੁਣ ਸਰੀਰਕ ਪਵਿਤਰਤਾ ਕੋਈ ਵੱਡਾ ਮੁੱਦਾ ਨਹੀਂ ਹੈ। ਇਥੋਂ ਤਕ ਕਿ 'ਕਸੀਨੋ' ਫਿਲਮ ਦੇ ਹੀਰੋ-ਹੀਰੋਇਨ ਸਰੀਰਕ ਸਬੰਧਾਂ ਦੀ ਗੱਲ ਬਿਲਕੁਲ ਸਹਿਜੇ ਹੀ ਕਰਦੇ ਹਨ। ਇਸ ਤਰ੍ਹਾਂ

'ਹਮ ਤੁਮ' ਫਿਲਮ ਦੀ ਹੀਰੋਇਨ ਵਿਆਹ ਤੋਂ ਪਹਿਲਾਂ ਬਣਾਏ ਸਬੰਧਾਂ ਨੂੰ ਪਾਪ-ਪੁੰਨ ਦੇ ਤਰਾਜੂ 'ਚ ਰੱਖ ਕੇ ਨਹੀਂ ਤੋਲਦੀ। 'ਸਲਾਮ-ਨਮਸਤੇ' ਦੀ ਨਾਇਕਾ ਬਿਨ੍ਹਾਂ ਵਿਆਹ ਦੇ ਆਪਣੇ ਪ੍ਰੇਮੀ ਨਾਲ ਰਹਿੰਦੀ ਹੈ ਤੇ ਗਰਭਵਤੀ ਵੀ ਹੋ ਜਾਂਦੀ ਹੈ। ਇਹ ਵੀ ਮਹਿਜ ਸੰਯੋਗ ਨਹੀਂ ਹੈ ਕਿ ਇਨ੍ਹਾਂ ਫਿਲਮਾਂ ਦੀਆਂ ਕਈ ਨਾਇਕਾਵਾਂ ਤਲਕਾਸ਼ੁਦਾ ਹਨ ('ਮਾਈ ਨੇਮ ਇਜ ਖਾਨ) ਤਾਂ ਕਈ ਵਿਧਵਾ ਹਨ। (ਹਮ-ਤੁਮ) ਤੇ ਕਈ 'ਲਿਵ ਇਨ' (ਸਲਾਮ ਨਮਸਤੇ, ਫੈਸ਼ਨ) ਸਬੰਧਾਂ 'ਚ ਯਕੀਨ ਰਖਦੀਆਂ ਹਨ। ਤਲਾਕਸ਼ੁਦਾ ਤੇ ਵਿਧਵਾ ਔਰਤਾਂ ਦੇ ਬੱਚੇ ਵੀ ਹਨ ਅਤੇ ਉਹਨਾਂ ਦੀ ਪ੍ਰੇਮ ਕਹਾਣੀ ਇਸ ਪਿਛੋਂ ਹੀ ਸ਼ੁਰੂ ਹੁੰਦੀ ਹੈ। ਔਰਤਾਂ ਅਤੇ ਮਰਦਾਂ ਦੀ ਸੋਚ 'ਚ ਜੋ ਬਦਲਾਅ ਵਿਖਾਈ ਦਿੰਦਾ ਹੈ, ਉਸ ਦਾ ਕਾਰਣ ਹੈ ਉਹਨਾਂ ਦੇ ਜੀਵਨ 'ਚ ਹੋਣ ਵਾਲੇ ਬੁਨਿਆਦੀ ਬਦਲਾਅ। ਪਹਿਲਾਂ ਵਾਗੂੰ ਹੁਣ ਉਹਨਾਂ ਦੇ ਜੀਵਨ ਦਾ ਮਕਸਦ ਸਿਰਫ਼ ਇਕ ਅੱਛਾ ਪਤੀ ਬਣਨਾ ਨਹੀਂ ਹੈ। ਜਦ ਅਜਿਹਾ ਸੀ ਤਦ ਪ੍ਰੇਮ ਅਤੇ ਉਸ ਦੀ ਪ੍ਰਣਿਤੀ ਵਿਆਹ 'ਚ ਹੋਣਾ ਫਿਲਮੀ ਕਹਾਣੀਆਂ ਦਾ ਕੇਂਦਰੀ ਮੁੱਦਾ ਹੁੰਦਾ ਸੀ। ਨਾਇਕ-ਨਾਇਕਾ ਦੇ ਪ੍ਰੇਮ 'ਚ ਅੜਿਆ ਬਣ ਕੇ ਜੋ ਵੀ ਖੜਦਾ ਸੀ, ਖਲਨਾਇਕ, ਅਮੀਰੀ ਜਾਂ ਗਰੀਬੀ ਤੇ ਜਾਂ ਕੋਈ ਹੋਰ ਕਾਰਨ ਉਸ ਨਾਲ ਕਹਾਣੀ ਦਾ ਵਿਕਾਸ ਹੁੰਦਾ ਸੀ ਪਰ ਜਦ ਔਰਤ ਲਈ ਵਿਆਹ ਜੀਵਨ ਦਾ ਇਕੋ ਇਕ ਮਕਸਦ ਨਾ ਹੋਣ ਕਾਰਨ ਪ੍ਰੇਮ ਵੀ ਹਾਸ਼ੀਏ 'ਤੇ ਚਲਾ ਗਿਆ ਹੈ। ਹੁਣ ਔਰਤ-ਮਰਦ ਦੀ ਸੰਗਿਨੀ ਜਾਂ ਅਰਧਾਗਿਨੀ ਬਣ ਕੇ ਆਪਣੇ ਆਪ ਨੂੰ ਕਾਮਯਾਬ ਨਹੀਂ ਮੰਨਦੀ। ਬਲਕਿ ਉਹ ਆਪਣੀ ਆਜ਼ਾਦ ਪਹਿਚਾਣ ਚਾਹੁੰਦੀ ਹੈ। ਅਜਿਹਾ ਨਹੀਂ ਕਿਹਾ ਜਾ ਸਕਦਾ ਕਿ ਅੱਜ ਫਿਲਮਾਂ 'ਚ ਔਰਤਾਂ ਲਈ ਵਿਆਹ ਤੇ ਮਾਤਰਿਤਵ ਮਹੱਤਵਹੀਣ ਹੋ ਗਏ ਹਨ ਪਰ ਇਹ ਜਰੂਰ ਕਿਹਾ ਜਾ ਸਕਦਾ ਹੈ ਕਿ ਇਹਨਾਂ ਤੋਂ ਘੱਟ ਮਹੱਤਵਪੂਰਨ ਨਹੀਂ ਉਨ੍ਹਾਂ ਦਾ ਆਪਣਾ ਜੀਵਨ, ਆਪਣਾ ਕਾਰੋਬਾਰ ਤੇ ਆਪਣੀਆਂ ਇਛਾਵਾਂ। ਔਰਤ ਹੁਣ ਕਿਸੇ ਮਰਦ ਦਾ ਪ੍ਰਛਾਵਾਂ ਬਣ ਕੇ ਹੀ ਨਹੀਂ ਜਿਉਣਾ ਚਾਹੁੰਦੀ। ਇਹੀ ਕਾਰਨ ਹੈ ਕਿ 'ਹਮ-ਤੁਮ' ਦੀ ਨਾਇਕਾ (ਰਾਣੀ ਮੁਖਰਜੀ) ਪੁਛਦੀ ਹੈ ਕੀ ਔਰਤ ਇਕਲਿਆ ਜੀਵਨ ਨਹੀਂ ਜਿਉਂ ਸਕਦੀ? 'ਚੱਕ ਦੇ ਇੰਡੀਆ' ਦੀ ਇਕ ਹਾਕੀ ਖਿਡਾਰੀ ਪ੍ਰਤੀ ਸਬਰਵਾਲ (ਸਾਗਰਿਕ ਘਟ ਗੇ) ਆਪਣੇ ਕੈਰੀਅਰ ਲਈ ਆਪਣੀ ਸੈਲਬ੍ਰਿਟੀ ਮੰਗੇਤਰ ਨਾਲ ਸਬੰਧ ਤੋੜ ਲੈਂਦੀ ਹੈ। ਇਸੇ ਹਾਕੀ ਟੀਮ ਦੀ ਕਪਤਾਨ ਵਿਧਾ ਸ਼ਰਮਾ (ਵਿਧਾ ਮਲਵਡੇ) ਆਪਣੇ ਸਹੁਰਿਆਂ ਦੇ ਦਬਾਅ ਦੇ ਬਾਵਜੂਦ ਹਾਕੀ ਨਾਲ ਸਬੰਧ ਤੋੜਨ ਲਈ ਤਿਆਰ ਨਹੀਂ ਹੁੰਦੀ। ਜਦ ਉਸ ਦੇ ਸਾਹਮਣੇ ਆਪਣੇ ਪਤੀ ਤੇ ਹਾਕੀ 'ਚੋਂ ਇਕ ਨੂੰ ਚੁਨਣ ਦਾ ਸੁਆਲ ਆਉਂਦਾ ਹੈ ਤਾਂ ਉਹ ਹਾਕੀ ਨੂੰ ਚੁਣਦੀ ਹੈ। ਇਹ ਵੀ ਮਹੱਤਵਪੂਰਨ ਹੈ ਕਿ ਇਹਨਾਂ ਫਿਲਮਾਂ ਦੇ ਔਰਤਾਂ ਕਿਰਦਾਰਾਂ ਲਈ ਆਪਣਾ ਕੈਰੀਅਰ ਛੱਡ ਕੇ ਕਿਸੇ ਨਾਲ ਸ਼ਾਦੀ ਕਰਕੇ ਘਰ ਵਸਾਉਣਾ ਆਪਣੇ ਛੋਟੇ ਜਿਹੇ ਪ੍ਰੀਵਾਰ ਦੇ ਦੇਖਭਾਲ ਕਰਨ ਦਾ ਵਿਕਲਪ ਅਕਸਰ ਮੌਜੂਦ ਨਹੀਂ ਹੈ। ਇਹੀ ਕਾਰਣ ਹੈ ਕਿ ਨੌਕਰੀ ਹਾਸਲ ਕਰਨ, ਉਸ ਨੂੰ ਬਚਾਉਣ ਤੇ ਨੌਕਰੀ 'ਚ ਤਰੱਕੀ ਹਾਸਲ ਕਰਨ ਲਈ ਉਹਨਾਂ ਨੂੰ ਤਰ੍ਹਾਂ-ਤਰ੍ਹਾਂ ਦੇ ਸਮਝੌਤੇ ਵੀ ਕਰਨੇ ਪੈਂਦੇ ਹਨ। 'ਯਸ ਬਾਸ' ਦੀ ਨਾਇਕਾ ਨੂੰ ਨਾ ਚਾਹੁੰਦਿਆਂ ਵੀ ਬਾਸ ਦੀ ਆਗਿਆ ਮੰਨਣੀ ਪੈਂਦੀ ਹੈ। 'ਰਾਕੇਟ ਸਿੰਹ' ਦੀ ਆਫ਼ਿਸ ਸੈਕਟਰੀ ਨੂੰ ਤਰੱਕੀ ਲਈ ਆਪਣੇ ਬਾਸ ਨਾਲ ਨਜ਼ਦੀਕੀ ਬਣਾ ਕੇ ਰਖਣੀ ਪੈਂਦੀ ਹੈ। ਇਹ ਹੋਰ ਗੱਲ ਹੈ ਕਿ ਉਸ ਨੂੰ ਤਰੱਕੀ ਫਿਰ ਵੀ ਨਹੀਂ ਮਿਲਦੀ। 'ਚਕਦੇ ਇੰਡੀਆ'

ਦੀ ਇਕ ਖਿਡਾਰੀ ਬਿੰਦਿਆ ਨਾਇਕ (ਸ਼ਿਪਲਾ ਸ਼ੁਕਲਾ) ਹਾਕੀ ਟੀਮ ਦੀ ਕਪਤਾਨ ਬਣਨ ਲਈ ਟੀਮ ਦੇ ਕੋਚ ਮੂਹਰੇ ਆਪਣੇ ਆਪ ਨੂੰ ਪੇਸ਼ ਕਰਨ 'ਚ ਵੀ ਸ਼ਰਮਾਉਂਦੀ ਨਹੀਂ। 'ਲਕ ਬਾਈ ਚਾਂਸ' ਦੀ ਨਾਇਕ ਨੂੰ ਫਿਲਮ 'ਚ ਕਾਮਯਾਬ ਹੋਣ ਲਈ ਪ੍ਰੋਡਿਊਸਰ ਦੀ ਮਿਸਟ੍ਰੈਸ ਬਣਨਾ ਪੈਂਦਾ ਹੈ। ਪਹਿਲਾਂ ਦੀਆਂ ਪ੍ਰੇਮ ਕਹਾਣੀਆਂ ਵਾਂਗੂ ਇਹ ਸਭ ਫਿਲਮਾਂ 'ਚ ਖਲਨਾਇਕ ਹੁਣ ਵੀ ਹਨ। ਪਰ ਹੁਣ ਉਹਨਾਂ ਨੂੰ ਬਲਾਤਕਾਰ ਕਰਨ ਦੀ ਲੋੜ ਨਹੀਂ ਹੁੰਦੀ। ਆਪਣੀਆਂ ਮਜ਼ਬੂਰੀਆਂ ਤੇ ਲਾਲਸਾਵਾਂ ਕਾਰਨ ਔਰਤਾਂ ਵੀ ਉਹਨਾਂ ਕੋਲ ਆਪਣੇ ਆਪ ਨੂੰ ਸੌਂਪਣ ਲਈ ਤਿਆਰ ਹੋ ਜਾਂਦੀਆਂ ਹਨ। ਔਰਤ ਆਜ਼ਾਦੀ ਤੇ ਮਜ਼ਬੂਤੀ ਦੇ ਦੌਰ ਦਾ ਇਕ ਇਹ ਪਹਿਲੂ ਹੈ, ਇਹ ਇਸ ਸਚਾਈ ਦੀ ਵੀ ਪ੍ਰਛਾਈਂ ਹੈ ਕਿ ਪੂੰਜੀਵਾਦੀ ਸਮਾਜਾਂ 'ਚ ਇਕ ਪਾਸੇ ਜੇ ਔਰਤਾਂ ਲਈ ਆਪਣੀ ਅਜ਼ਾਦ ਪਹਿਚਾਣ ਬਣਾਉਣ ਤੇ ਸਮਾਜ 'ਚ ਆਪਣੀ ਭੂਮਿਕਾ ਦਾ ਵਿਸਥਾਰ ਕਰਨ ਦੇ ਵੱਧ ਮੌਕੇ ਹਾਸਲ ਹੁੰਦੇ ਹਨ ਤਾਂ ਦੂਜੇ ਪਾਸੇ ਉਹਨਾਂ ਨੂੰ ਇਸ ਦੀ ਕੀਮਤ ਵੀ ਅਦਾ ਕਰਨੀ ਪੈਂਦੀ ਹੈ। ਉਹਨਾਂ ਨੂੰ ਦੇਹ ਤੇ ਆਤਮਾ ਦੋਨੋਂ ਪੱਧਰਾਂ 'ਤੇ ਤਰ੍ਹਾਂ-ਤਰ੍ਹਾਂ ਦੇ ਸਮਝੌਤਿਆਂ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਥੋਂ ਤਕ ਕਿ ਆਪਣਾ ਆਤਮ ਸਨਮਾਨ ਵੀ ਦਾਅ 'ਤੇ ਲਾਉਂਦਾ ਪੈਂਦਾ ਹੈ। ਇਹ ਮਹਿਜ ਸੰਯੋਗ ਹੀ ਨਹੀਂ ਹੈ ਕਿ ਜਾਗੀਰੂ ਸਮਾਜਾਂ ਦੀ ਤੁਲਨਾ 'ਚ ਅਰਧ ਜਾਗੀਰੂ ਜਾਂ ਪੂੰਜੀਵਾਦੀ ਸਮਾਜਾਂ 'ਚ ਔਰਤ ਦੇਹ ਦੇ ਵਪਾਰ ਦਾ ਕਿਤੇ ਵੱਧ ਵਿਸਥਾਰ ਹੋਇਆ ਹੈ ਅਤੇ ਇਸ ਗੱਲ ਦੀ ਮੰਗ ਕੀਤੀ ਜਾ ਰਹੀ ਹੈ ਕਿ ਦੇਹ ਵਪਾਰ ਨੂੰ ਨਾ ਸਿਰਫ਼ ਕਨੂੰਨੀ ਮਾਨਤਾ ਪ੍ਰਦਾਨ ਕੀਤੀ ਜਾਵੇ ਬਲਕਿ ਵਪਾਰ 'ਚ ਕਿਸੇ ਵੀ ਕਾਰਨ ਕਰਕੇ ਲਿਪਤ ਔਰਤਾਂ ਨੂੰ 'ਸੈਕਸ ਵਰਕਰ' ਦਾ ਸਨਮਾਨ ਜਨਕ ਨਾਂ ਦਿੱਤਾ ਜਾਵੇ। ਅਜਿਹਾ ਕਹਿਣ ਵਾਲੇ ਇਸ ਗੱਲ ਨੂੰ ਭੁੱਲ ਜਾਂਦੇ ਹਨ ਕਿ ਔਰਤ ਦਾ ਆਪਣੀ ਦੇਹ ਤੇ ਆਪਣੇ ਮਨ ਤੇ ਅਧਿਕਾਰ ਦਾ ਸੁਆਲ ਤੇ ਰੋਟੀ ਰੋਜ਼ੀ ਲਈ ਆਪਣੀ ਦੇਹ ਨੂੰ ਵੇਚਣ ਲਈ ਬੇਵਸ ਜਾਂ ਪ੍ਰੇਰਿਤ ਕੀਤਾ ਜਾਣਾ ਦੋ ਵੱਖ-ਵੱਖ ਗੱਲਾਂ ਹਨ। ਪਹਿਲੇ 'ਚ ਔਰਤ ਦੀ ਅਜ਼ਾਦੀ ਦਾ ਪਸਾਰਾ ਹੈ ਤਾਂ ਦੂਜੇ 'ਚ ਉਸ ਦਾ ਹਰਣ। ਇਸ ਤਰ੍ਹਾਂ ਔਰਤਾਂ ਦਾ ਆਪਣੇ ਘਰੋਂ ਬਾਹਰ ਨਿਕਲ ਕੇ ਕੰਮ ਕਰਨ ਨੇ ਉਹਨਾਂ ਨੂੰ ਘਰ ਦੇ ਕੰਮਾਂ ਤੋਂ ਮੁਕਤੀ ਨਹੀਂ ਦਿਵਾਈ ਹੈ। ਕਈ ਵਾਰੀ ਮਾਂ ਬਣਨ ਤੇ ਬੱਚੇ ਦੇ ਪਾਲਣ ਪੋਸ਼ਣ ਲਈ ਉਹਨਾਂ ਨੂੰ ਆਪਣੇ ਕੈਰੀਅਰ ਨੂੰ ਛੱਡਣਾ ਪੈਂਦਾ ਹੈ। 'ਲਾਈਫ ਇਨ ਏ ਮੈਟਰੋ' ਦੀ ਨਾਇਕਾ ਨੂੰ ਬੱਚਿਆਂ ਲਈ ਨੌਕਰੀ ਛੱਡਣੀ ਪੈਂਦੀ ਹੈ। ਇਸ ਤਰ੍ਹਾਂ 'ਪਾ' ਦਾ ਨਾਇਕ ਆਪਦੀ ਗਰਭਵਤੀ ਪ੍ਰੇਮਿਕਾ ਨਾਲ ਵਿਆਹ ਲਈ ਤਿਆਰ ਹੋਣ ਦੀ ਬਜਾਏ ਉਸ ਨੂੰ ਗਰਭਪਾਤ ਕਰਾਉਣ ਦੀ ਸਲਾਹ ਦਿੰਦਾ ਹੈ। ਘਰ-ਬਾਹਰ ਦੇ ਇਸ ਦੋਹਰੇ ਬੋਝ ਨੇ ਔਰਤਾਂ ਮੂਹਰੇ ਨਵੀਆਂ ਚਣੌਤੀਆਂ ਤੇ ਨਵੀਂ ਕਿਸਮ ਦੇ ਤਣਾਵਾਂ ਦੀ ਪੇਸ਼ਕਾਰੀ ਕੀਤੀ ਹੈ। ਔਰਤਾਂ ਹਾਲਤਾਂ 'ਚੋਂ ਬਾਹਰ ਨਿਕਲਣ ਦਾ ਰਾਹ ਔਰਤਾਂ ਦਾ ਘਰਾਂ 'ਚ ਵਾਪਸ ਕੈਦ ਹੋ ਜਾਣਾ ਨਹੀਂ ਹੈ। ਬਲਕਿ ਮਰਦਾਂ ਨੂੰ ਬਰਾਬਰ ਹਿਸੇਦਾਰੀ ਤੇ ਸਹਿਯੋਗ ਹੈ। ਇਸ ਦ੍ਰਿਸ਼ਟੀ ਤੋਂ 'ਵੇਕਅਪ ਸਿਡ' ਇਕ ਅਹਿਮ ਫਿਲਮ ਹੈ, ਇਸ ਫਿਲਮ ਦਾ ਨਾਇਕ ਸਿਧਾਰਥ ਮੇਹਰਾ ਉਰਫ ਸਿਡ (ਰਣਬੀਰ ਕਪੂਰ) ਇਕ ਅਮੀਰ ਬਾਪ ਰਾਮ ਮਾਹਿਰਾਂ (ਅਨੂਪਮ ਖਰੇ) ਦਾ ਬੇਟਾ ਹੈ। ਅਮੀਰ ਪਿਤਾ ਦੀ ਔਲਾਦ ਹੋਣ ਕਰਕੇ ਉਹ ਨਾ ਤਾਂ ਪੜ੍ਹਾਈ 'ਚ ਦਿਲਚਸਪੀ ਲੈਂਦਾ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦੇ ਕੰਮ ਕਾਜ 'ਚ, ਸਿੱਟੇ ਵਜੋਂ ਉਹ ਕਾਲਜ ਦੀ ਫਾਈਨਲ ਪ੍ਰੀਖਿਆ

’ਚ ਫੇਲ੍ਹ ਹੋ ਜਾਂਦਾ ਹੈ। ਇਸ ਕਰਕੇ ਉਹਨਾਂ ਤੇ ਉਹਨਾਂ ਦੇ ਪਿਤਾ ਵਿਚਾਲੇ ਝਗੜਾ ਹੁੰਦਾ ਹੈ ਤੇ ਉਹ ਗੁੱਸੇ ’ਚ ਘਰ ਛੱਡ ਕੇ ਚਲਾ ਜਾਂਦਾ ਹੈ। ਇਸ ਦੌਰਾਨ ਉਸ ਦੀ ਦੋਸਤੀ ਇਕ ਉਭਰਦੀ ਹੋਈ ਲੇਖਿਕਾ ਆਇਸ਼ਾ (ਕੋਕੇਣਾਸੇਨ ਸ਼ਰਮਾ) ਨਾਲ ਹੁੰਦੀ ਹੈ ਜੋ ਕਲਕੱਤੇ ਤੋਂ ਮੁੰਬਈ ਆਈ ਹੈ ਅਤੇ ਜਿਸ ਨੂੰ ਇਕ ਅਖ਼ਬਾਰ ’ਚ ਨੌਕਰੀ ਮਿਲ ਜਾਂਦੀ ਹੈ। ਸਿਡ ਆਇਸ਼ਾ ਨਾਲ ਪਿਆਰ ਕਰਨ ਲਗਦਾ ਹੈ ਪਰ ਆਇਸ਼ਾ ਉਸ ਨੂੰ ਅਜੇ ਅਲ੍ਹੜ ਹੀ ਸਮਝਦੀ ਹੈ। ਉਸ ਦੀ ਖਿਚ ਮੁੱਖ ਸੰਪਾਦਕ ਕਬੀਰ (ਰਾਹੁਲ ਖੰਨਾ) ਪ੍ਰਤੀ ਹੁੰਦੀ ਹੈ। ਪਿਤਾ ਦਾ ਘਰ ਛੱਡਣ ਪਿਛੋਂ ਸਿਡ ਆਇਸ਼ਾ ਪਾਸ ਪਹੁੰਚਦਾ ਹੈ। ਆਇਸ਼ਾ ਇਹ ਸੋਚ ਕੇ ਉਸ ਨੂੰ ਆਪਣੇ ਘਰ ਰਹਿਣ ਦਿੰਦੀ ਹੈ ਕਿ ਇਸ ਨਾਲ ਉਸਾ ਦਾ ਇੱਕਲਾਪਣ ਦੂਰ ਹੋ ਜਾਊ ਪਰ ਜਲਦੀ ਹੀ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਸਿਡ ਨੂੰ ਘਰ ਦਾ ਕੋਈ ਕੰਮ ਨਹੀਂ ਆਉਂਦਾ। ਨਾ ਉਹ ਕਪੜੇ ਧੋ ਸਕਦਾ, ਨਾ ਘਰ ਦੀ ਸਾਫ਼-ਸਫ਼ਾਈ ਕਰ ਸਕਦਾ ਹੈ ਤੇ ਨਾ ਹੀ ਖਾਣਾ ਪਕਾ ਸਕਦਾ ਹੈ। ਆਇਸ਼ਾ ਨਾਲ ਰਹਿੰਦਿਆ ਸਿਡ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਜੇ ਉਸ ਨੇ ਆਪਣੇ ਪੈਰਾਂ ’ਤੇ ਖੜ੍ਹਾ ਹੋਣਾ ਹੈ ਤਾਂ ਸਭ ਕੁੱਝ ਸਿਖਣਾ ਪਵੇਗਾ। ਜੋ ਆਇਸ਼ਾ ਕਰਦੀ ਹੈ। ਹੌਲੀ-ਹੌਲੀ ਉਹ ਘਰ ਦੇ ਕੰਮ ਸਿਖਦਾ ਹੈ। ਉਹ ਨਾ ਸਿਰਫ਼ ਆਪਣਾ ਕੰਮ ਖੁਦ ਕਰਨ ਲਗਦਾ ਹੈ ਬਲਕਿ ਉਹ ਆਇਸ਼ਾ ਦੇ ਕੰਮ ’ਚ ਵੀ ਮਦਦ ਕਰਦਾ ਹੈ। ਜਦ ਆਇਸ਼ਾ ਨੂੰ ਪਤਾ ਲਗਦਾ ਹੈ ਕਿ ਸਿਡ ਨੂੰ ਫੋਟੋਗ੍ਰਾਫੀ ਦਾ ਸ਼ੌਂਕ ਹੈ ਤਾਂ ਉਹ ਉਸ ਨੂੰ ਆਪਣੇ ਹੀ ਅਖਬਾਰ ’ਚ ਕੰਮ ਦਵਾ ਦਿੰਦੀ ਹੈ। ਇਸ ਤਰ੍ਹਾਂ ਆਇਸ਼ਾ ਦੇ ਸੰਪਰਕ ’ਚ ਸਿਡ ਇਕ ਜ਼ਿੰਮੇਵਾਰ ਵਿਅਕਤੀ ਬਣ ਜਾਂਦਾ ਹੈ। ਆਇਸ਼ਾ ਦਾ ਵੀ ਇਸ ਦੌਰਾਨ ਕਬੀਰ ਨਾਲ ਮੋਹ ਭੰਗ ਹੋ ਜਾਂਦਾ ਹੈ ਤੇ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਸਿਡ ਇਕ ਜਿੰਮੇਵਾਰ ਤੇ ਪਰਪੱਕ ਬੰਦਾ ਹੈ ਤੇ ਖੁਦ ਉਸ ਨੂੰ ਪਿਆਰ ਕਰਨ ਲਗਦੀ ਹੈ। ਇਹ ਮਹਿਜ ਸੰਯੋਗ ਨਹੀਂ ਹੈ ਕਿ ਇਸ ਦੌਰ ’ਚ ਹੁਣ ਅਜਿਹੀਆਂ ਫਿਲਮਾਂ ਬਣਨ ਲੱਗੀਆਂ ਹਨ ਜਿਸ ’ਚ ਮਰਦ ਔਰਤ ਲਈ ਆਦਰਸ਼ ਬਣ ਕੇ ਪੇਸ਼ ਹੁੰਦੀ ਹੈ। ਆਇਸ਼ਾ ਦੇ ਸੰਪਰਕ ’ਚ ਹੀ ਸਿਡ ਆਪਣੀ ਮਾਂ ਦੇ ਜੀਵਨ ਦਾ ਮਹੱਤਵ ਸਮਝ ਸਕਿਆ ਹੈ। ਔਰਤ ਦੀ ਮਜ਼ਬੂਤੀ ਦਾ ਅਰਥ ਔਰਤ ਦੇ ਅਧਿਕਾਰਾਂ ਦਾ ਵਿਸਥਾਰ ਹੀ ਨਹੀਂ ਹੈ ਬਲਕਿ ਪੁਰਸ਼ ਦੇ ਅਧਿਕਾਰ ਨਾ ਘਟਣਾ ਵੀ ਹੈ ਅਤੇ ਦੋਨੋਂ ਵਿਚਕਾਰ ਬਰਾਬਰੀ ’ਤੇ ਅਧਾਰਤ ਰਵਾਇਤੀ ਸਹਿਯੋਗ ਵੀ ਹੈ। ‘ਵੇਕਅਪ ਸਿਡ’ ਤੋਂ ਇਲਾਵਾ ‘ਮਾਈ ਨੇਮ ਇਜ਼ ਖਾਨ’, ‘ਰੱਬ ਨੇ ਬਣਾਤੀ ਜੋੜੀ’ ਆਦਿ ਫਿਲਮਾਂ ’ਚ ਵੀ ਨਾਇਕ-ਨਾਇਕਾਵਾਂ ਨੂੰ ਆਪਣੇ ਅਨੁਸਾਰ ਢਾਲਣ ਦੀ ਬਜਾਏ ਖੁਦ ਨੂੰ ਉਹਨਾਂ ਦੇ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦੇ ਹਨ। ਇਹ ਇਕ ਵੱਡੀ ਤਬਦੀਲੀ ਹੈ। ਇਹ ਔਰਤ ਦੀ ਅਜ਼ਾਦੀ ਤੇ ਮਜ਼ਬੂਤੀ ਵੱਲ ਇਕ ਵੱਡਾ ਕਦਮ ਵੀ ਹੈ।

# ਨਸ਼ਿਆਂ ’ਚ ਡੁੱਬੀ ਪੰਜਾਬ ਦੀ ਜੁਆਨੀ ਕਿਧਰ ਨੂੰ?

ਪੰਜਾਬ ਦੇ ਪਿੰਡਾਂ ਦੇ 70 ਫ਼ੀ ਸਦੀ ਲੜਕੇ ਨਸ਼ੇੜੀ ਹਨ। ਇਹ ਗੱਲ ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਦੇ ਪ੍ਰੋਫ਼ੈਸਰ ਗਿਆਨ ਸਿੰਘ ਦਸਦੇ ਹਨ। ਪੰਜਾਬ ਦੀ ਅਬਾਦੀ ਦਾ 16 ਫ਼ੀ ਸਦੀ ਲੋਕ ਨਸ਼ੀਲੀਆਂ ਚੀਜ਼ਾਂ ਵਰਤਦੇ ਹਨ ਇਹ ਪੰਜਾਬ ਦੇ ਸਮਾਜਕ ਸੁਰਖਿਆ ਵਿਭਾਗ ਦੇ ਸਕੱਤਰ ਨੇ ਇਕ ਪਟੀਸ਼ਨ ਦਾਖਲ ਕਰਦਿਆ ਪੰਜਾਬ-ਹਰਿਆਣਾ ਹਾਈਕੋਰਟ ’ਚ ਕਹੀ ਹੈ। ਹਰ ਤੀਜਾ ਵਿਦਿਆਰਥੀ ਤੇ ਹਰ ਦਸਵੀਂ ਵਿਦਿਆਰਥਣ ਨੇ ਨਸ਼ੀਲੇ ਪਦਾਰਥ ਵਰਤੇ ਹਨ। ਕਾਲਜ ਦੇ ਵਿਦਿਆਰਥੀਆਂ ’ਚੋਂ 70 ਫ਼ੀ ਸਦੀ ਅਜਿਹੇ ਹਨ ਜਿਹਨਾਂ ਨੇ ਕਿਸੇ ਨਾ ਕਿਸੇ ਪੱਧਰ ’ਤੇ ਨਸ਼ਾ ਵਰਤਿਆ ਹੈ। ਪੂਰੇ ਪੰਜਾਬ ਦਾ ਕੋਈ ਵੀ ਕੋਨਾ ਨਸ਼ਿਆ ਦੀ ਮਾਰ ਤੋਂ ਬਚਿਆ ਹੋਇਆ ਨਹੀਂ ਹੈ। ਨਸ਼ਿਆਂ ਨਾਲ ਲੋਕਾਂ ਦੇ ਜਿਥੇ ਸਰੀਰਕ ਨੁਕਸਾਨ ਹੋਏ ਹਨ, ਉਥੇ ਉਹਨਾਂ ਦੀ ਚੜ੍ਹਦੀ ਕਲਾਂ ਤੇ ਆਚਰਣ ਦਾ ਵੀ ਭਾਰੀ ਹਰਜਾ ਹੋਇਆ ਹੈ। ਹਰੇ ਇਨਕਲਾਬ ਵਾਲਾ ਪੰਜਾਬ ਖੁਸ਼ਹਾਲੀ ਦੀ ਥਾਂ ਹੁਣ ਮਦਹੋਸ਼ੀ ਦੇ ਛੇਵੇਂ ਦਰਿਆ ਦਾ ਮਾਲਕ ਹੈ। ਅੱਛਾ ਹੋਣਹਾਰ ਪੰਜਾਬੀ ਜਿਸ ਨੂੰ ਮਜ਼ਬੂਤ ਤੇ ਮਸਤੀ ਭਰਪੂਰ ਹੋਣਾ ਚਾਹੀਦਾ ਹੈ, ਉਹ ਅੱਜ ਨਿਰਾਸ਼ ਤੇ ਮਦਹੋਸ਼ ਹੈ, ਆਪਣੇ ਆਲੇ-ਦੁਆਲੇ ਦੀ ਦੁਨੀਆਂ ਤੋਂ ਅਣਭਿਜ ਹੈ। ਨੌਜਵਾਨਾਂ ਬਜ਼ਾਰਾਂ, ਚੌਂਕਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਭੱਠਿਆਂ, ਕਾਰਖਾਨਿਆਂ ਤੇ ਗਲੀ ਗੁਆਢਾਂ ’ਚ ਕਿਸੇ ਨਕਲੀ ਦੁਨੀਆਂ ’ਚ ਖੋਏ ਨਜ਼ਰ ਆਉਂਦੇ ਹਨ। ਅਨੇਕਾਂ ਥਾਵਾਂ ’ਤੇ ਨਸ਼ਾ ਛਡਾਊ ਕੇਂਦਰ ਉਹਨਾਂ ਨੂੰ ਨਸ਼ਿਆਂ ਦੀ ਗ੍ਰਿਫਤ ’ਚੋ ਕੱਢਣ ਲਈ ਟਿੱਲ ਲਾ ਰਹੇ ਹਨ। ਅੰਕੜੇ ਪੰਜਾਬ ਦੀ ਵਿਸਫੋਟਿਕ ਹਾਲਤ ਨੂੰ ਬਿਆਨ ਕਰਦੇ ਹਨ। ਨਸ਼ਿਆ ਦਾ ਇਹ ਛੇਵਾਂ ਦਰਿਆ ਇਸ ਲਈ ਵੀ ਬੇਹੱਦ ਖਤਰਨਾਕ ਹੈ ਕਿ ਇਹ ਸੁਨਹਿਰੇ ਅਰਧ ਚੰਦਰਮਾ (ਗੋਲਡਨ ਕਰੀਸੇਂਟ) ਦੇ ਗੁਆਂਢ ’ਚ ਹੈ। ਏਸ਼ੀਆ ਦੇ ਦੋ ਕੇਂਦਰਾਂ ਜਿਥੇ ਗੈਰ ਕਾਨੂੰਨੀ ਅਫ਼ੀਮ ਦੀ ਖੇਤੀ ਹੁੰਦੀ ਹੈ, ਉਹ ਮੱਧ ਦੱਖਣੀ ਤੇ ਪੱਛਮੀ ਏਸ਼ੀਆ ’ਚ ਹਨ। (ਜਿਸ ਕਰਕੇ ਇਸ ਨੂੰ ਗੋਲਡਨ ਕਰੀਸੈਂਟ ਆਖਿਆ ਜਾਂਦਾ ਹੈ) ਇਹ ਇਲਾਕੇ ਇਰਾਨ, ਪਾਕਿਸਤਾਨ ਤੇ ਅਫ਼ਗਾਨਿਸਤਾਨ ਵਿਚ ਹਨ। ਪਿਛਲੇ ਸਾਲਾਂ ’ਚ ਪੰਜਾਬ ਪੱਛਮ ਵੱਲ ਨਜਾਇਜ਼ ਤੌਰ ’ਤੇ ਨਸ਼ੀਲੇ ਪਦਾਰਥਾਂ ਨੂੰ ਭੇਜਣ ਦਾ ਮੁੱਖ ਕੇਂਦਰ ਵੀ ਬਣ ਗਿਆ ਹੈ। ਸਰਹੱਦੀ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਇਹ ਤਸ਼ਕਰੀ ਹੁੰਦੀ ਹੈ। ਪੰਜਾਬ ਦੇ ਸਰਹੱਦੀ ਜ਼ਿਲ੍ਹੇ ਇਸ ਨਾਲ ਮੁਕਾਬਲਤਨ ਵੱਖ ਅਸਰਦਾਇਕ ਹਨ। ਪੰਜਾਬ ਦੇ ਸਾਰੇ 20 ਜ਼ਿਲ੍ਹਿਆਂ ਦੇ ਲੋਕ ਇਸ ਵਪਾਰ ’ਚ ਸ਼ਾਮਲ ਹਨ ਨੌਜਵਾਨ ਤਾਂ ਅਜੇਹੇ ਵੀ ਹਨ ਜੋ ਸਫੈਦ ਤਰਲ (ਵਾਈਟਨਰ) ਜੋ ਟਾਈਪ ਰਾਈਟਰਾਂ ਵਲੋਂ ਕੁਝ ਗਲਤ ਟਾਈਪ ਹੋ ਜਾਣ ’ਤੇ ਅੱਖਰ ਢੱਕਣ ਲਈ ਵਰਤਿਆ ਜਾਂਦਾ ਹੈ। ਇਹ fluid (ਵਾਈਟਨਰ) ਮਾਰਕੀਟ ’ਚ ਖੁਲ੍ਹੇਆਮ ਮਿਲਦਾ ਹੈ। ਇਸ ਦੇ ਸ਼ਿਕਾਰ ਨੌਜਵਾਨ ਪਿਛੋਂ ਚਰਸ, ਅਫ਼ੀਮ, ਹੈਰੋਇਨ ਅਪਣਾਉਂਦੇ ਹਨ। ਕਾਨੂੰਨਾਂ ਦੀ ਉਲੰਘਣਾ ਕਰਕੇ ਦਵਾਈ ਵਿਕ੍ਰੇਤਾ ਮਾਰਫਿਨ, ਪੈਥੇਡੀਨ, ਕੋਡੀਨ, ਪਰਾਕਸੀਵਾਨ, ਕਮਪੋਜ਼, ਐਲਪ੍ਰੈਕਸ ਡਰੱਗਸ ਡਾਕਟਰ ਦੀ ਪਰਚੀ ਬਗੈਰ ਹੀ ਲੋਕਾਂ ਨੂੰ ਥੋਕ ’ਚ ਰੋਜ਼ਾਨਾ ਵੇਚਦੇ ਹਨ। ਅਫ਼ੀਮ ਦਾ ਮਾਰਫਿਨ ਲੈ ਕੇ ਕੰਮ ਚਲਾਇਆ ਜਾਂਦਾ ਹੈ। ਨਸ਼ਾਖੋਰ ਗਾਂਜਾ, ਭੰਗ ਆਦਿ ਲੈਂਦੇ ਰਹਿਣ ਪਿਛੋਂ ਹੈਰੋਇਨ ਵਰਤਣ ਲਗਦੇ ਹਨ ਤੇ ਜਾਂ ਫਿਰ

ਨਸ਼ੀਲੇ ਟੀਕੇ ਵਰਤਦੇ ਹਨ। ਨਸ਼ਾ ਛੁਡਾਊ ਕੇਂਦਰ 'ਚ ਹੈਰੋਇਨ ਵਰਤ ਰਹੇ ਨਸੇੜ ਬਹੁਗਿਣਤੀ 'ਚ ਪੁਜਦੇ ਹਨ। ਪੰਜਾਬ ਦੇ ਜ਼ਿਲ੍ਹੇ ਬਠਿੰਡਾ 'ਚ ਭੁੱਕੀ ਤੇ ਅਫ਼ੀਮ ਰਾਜਸਥਾਨ ਦੇ ਬਾਡਰ ਤੋਂ ਪੁਲਿਸ ਨੂੰ ਰਿਸ਼ਵਤ ਦੇ ਕੇ ਲਿਆਂਦੀ ਜਾਂਦੀ ਹੈ। ਵਧਦੀ ਮੰਗ ਕਾਰਨ ਨਸ਼ੇ ਦੇ ਵਪਾਰੀਆਂ ਨੇ ਪੰਜਾਬ-ਰਾਜਸਥਾਨ ਦੀ ਸਰਹੱਦ 'ਤੇ ਵੱਧ ਤੋਂ ਵੱਧ ਦੁਕਾਨਾਂ ਖੋਲ੍ਹ ਰਖੀਆਂ ਹਨ ਤਾਂ ਕਿ ਵਿਕਰੀ ਵਧਦੀ ਰਹੇ, ਇਹ ਦੁਕਾਨਾਂ ਲਾਇਸੰਸ ਸ਼ੁਦਾ ਹਨ। ਮੱਧ ਵਰਗੀ ਤੇ ਧਨੀ ਕਿਸਾਨੀ ਤੋਂ ਇਲਾਵਾ ਖੇਤ ਮਜ਼ਦੂਰ ਨੌਜਵਾਨ ਨਸ਼ਿਆਂ ਦੀ ਲਪੇਟ ਤੋਂ ਬਾਹਰ ਨਹੀਂ ਹਨ। ਇਹ ਪਤਾ ਨਸ਼ਾ ਛੁਡਾਊ ਕੇਂਦਰਾਂ ਦੇ ਸੰਚਾਲਕ ਤੋਂ ਸੌਖੇ ਹੀ ਲਾਇਆ ਜਾ ਸਕਦਾ ਹੈ। ਨਸ਼ੇੜੀ ਦਾ ਕੋਈ ਧਰਮ ਨਹੀਂ ਹੁੰਦਾ। ਨਸ਼ੇ ਦੀ ਲਤ ਅਮੀਰੀ ਗਰੀਬੀ 'ਚ ਫ਼ਰਕ ਨਹੀਂ ਵੇਖਦੀ। ਇਕ ਤੋਂ ਬਾਅਦ ਇਕ ਪ੍ਰੀਵਾਰਿਕ ਮੈਂਬਰ ਇਸ ਦਾ ਸ਼ਿਕਾਰ ਹੁੰਦਾ ਚਲਿਆ ਜਾਂਦਾ ਹੈ। ਨਸ਼ੀਲੇ ਪਦਾਰਥਾਂ ਦੀ ਵਰਤੋਂ 12-12 ਸਾਲਾਂ ਦੇ ਬੱਚੇ ਵੀ ਕਰਦੇ ਦੇਖੇ ਗਏ ਹਨ। ਅਜੇਹੇ 50 ਸਾਲ ਦੀ ਉਮਰ ਤੋਂ ਹੇਠਾਂ 40 ਫ਼ੀ ਸਦੀ ਹਨ। 15 ਫ਼ੀ ਸਦੀ 50 ਸਾਲਾਂ ਦੀ ਉਮਰ ਤੋਂ ਉਪਰ ਹਨ। ਇਹਨਾਂ 'ਚੋਂ ਅੱਧੀਆਂ ਤਾਂ ਔਰਤਾਂ ਹਨ। ਪੰਜਾਬ ਦੀ 75 ਫ਼ੀ ਸਦੀ ਜਵਾਨੀ ਨਸ਼ਿਆਂ ਨੇ ਗਾਲ ਦਿਤੀ ਹੈ। ਤਸਵੀਰ ਬਹੁਤ ਭਿਅੰਕਰ ਹੈ, ਜੇ ਇਹ ਇਸ ਤਰ੍ਹਾਂ ਵਧਦੀ ਰਹੀ ਤਾਂ ਅਗਲੇ 15-20 ਸਾਲਾਂ 'ਚ ਕਹਾਣੀ ਖਤਮ ਸਮਝੋ। ਉਕਤ ਵਿਚਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਦੇ ਪ੍ਰੋਫ਼ੈਸਰ ਤੇ ਪ੍ਰਸਿੱਧ ਲੇਖਕ ਰਵਿੰਦਰ ਸੰਧੂ ਦੇ ਵੀ ਹਨ। ਨਸ਼ਿਆਂ ਦੀ ਖੇਡ (ਵਪਾਰ) 'ਚ ਸਪਲਾਈ ਤੇ ਵਿਕਰੀ ਦਾ ਸਰਕਲ ਹੈ ਜਿਸ 'ਚ ਮੁਨਾਫਾਖੋਰ, ਸਮਗਲਰ, ਪੁਲਸ, ਪ੍ਰਸ਼ਾਸਨ ਰਾਜਸੀ ਨੇਤਾ ਤੇ ਨੌਕਰਸ਼ਾਹੀ ਸ਼ਾਮਲ ਪਾਈ ਗਈ, ਜੋ ਨਸ਼ਿਆਂ ਦੀ ਵਿਕਰੀ ਨੂੰ ਵਧਾਉਂਦੇ ਤੇ ਫੈਲਾਉਂਦੇ ਆ ਰਹੇ ਹਨ। ਨਸ਼ੇ ਨਾਲ ਹੋਈ ਮੌਤ ਨੂੰ ਪ੍ਰੀਵਾਰ ਦੇ ਮੈਂਬਰ ਅਕਸਰ ਪੁਲਸ ਨੂੰ ਆਤਮ ਹੱਤਿਆ ਦੀ ਕਹਾਣੀ ਬਣਾ ਕੇ ਹੀ ਦਸਦੇ ਹਨ। ਸਰਕਾਰ ਮੂਕ ਦਰਸ਼ਕ ਬਣੀ ਹੋਈ ਹੈ, ਪੂਰੇ ਪੰਜਾਬ 'ਚ ਸਿਰਫ 23 ਨਸ਼ਾ ਛੁਡਾਉ ਕੇਂਦਰ ਹਨ। ਹਰੇ ਇਨਕਲਾਬ ਪਿਛੋਂ ਪੈਦਾ ਖੇਤੀ ਸੰਕਟ ਜ਼ਮੀਨ ਦਾ ਘਟਣਾ, ਬੇਰੁਜ਼ਗਾਰੀ, ਸਮਾਜਕ ਤੇ ਦਿਮਾਗੀ ਤਣਾਅ ਅਜੇਹੇ ਕਾਰਨ ਹਨ, ਜਿਸ ਕਾਰਨ ਨਸ਼ੇ ਦੀ ਲਤ ਵਧੀ ਹੈ। 45 ਫ਼ੀ ਸਦੀ ਨੌਜਵਾਨ ਬੇਰੁਜ਼ਗਾਰੀ ਝੱਲ ਰਹੇ ਹਨ। ਸਾਧਨਾਂ ਦੀ ਕਾਣੀ ਵੰਡ ਨੇ ਸਮਸਿਆ ਨੂੰ ਤੂਲ ਦਿੱਤਾ ਹੈ। ਕਿਸ਼ੋਰ ਪੀੜ੍ਹੀ ਨਸ਼ੇ ਦੀ ਹਾਲਤ 'ਚ ਅਪਰਾਧ ਕਰਨੋ ਵੀ ਨਹੀਂ ਝਿਜਕਦੀ। ਪੰਜਾਬ ਦੀ ਖੁਸ਼ਹਾਲ ਤਾਂ ਇਹ ਗਲਤ ਫਹਿਮੀ ਹੈ। ਕਈ ਨੌਜਵਾਨ ਆਪਣਾ ਖ਼ੂਨ ਕਢਵਾ ਕੇ ਮਿਲੇ ਪੈਸੇ ਨਾਲ ਨਸ਼ਾ ਖਰੀਦਣ ਲਈ ਮਜ਼ਬੂਰ ਹਨ। ਨਸ਼ੇ ਖਰੀਦਣ ਲਈ ਪੈਸਾ ਚਾਹੀਦੈ। ਜਿਸ 'ਚ ਨੌਜਵਾਨਾਂ ਨੂੰ ਬਲੈਕ ਮੇਲ ਕਰਕੇ ਹਤਿਆਵਾਂ ਤਕ ਕਰਵਾਏ ਜਾਣ ਦੇ ਸੁਰਾਗ਼ ਮਿਲੇ ਹਨ। ਨਸ਼ੇ ਦੀ ਭੀਖ ਮੰਗਣੀ ਆਮ ਹੋ ਗਈ ਹੈ। ਨਸ਼ੇ ਦੇ ਤਸ਼ਕਰਾਂ ਤੇ ਦਹਿਸ਼ਤ ਗਰਦਾਂ ਵਿਚਾਲੇ ਕਾਇਮ ਹੋਏ ਸੰਪਰਕ ਬਲਦੀ ਤੇ ਤੇਲ ਦਾ ਕੰਮ ਕਰਨਗੇ। ਕਈ ਪੁਰਾਣੇ ਦਹਿਸ਼ਤਗਰਦ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤੇ ਗਏ ਸਨ। ਨਸ਼ੀਲੇ ਪਦਾਰਥਾਂ ਦੀ ਤਸ਼ਕਰੀ ਨਾਲ ਪੰਜਾਬ 'ਚ ਦਹਿਸ਼ਤ ਗਰਦੀ ਫਿਰ ਸਿਰ ਚੁਕ ਸਕਦੀ ਹੈ ਕਿਉਂਕਿ ਖਾਲਿਸਤਾਨੀ ਲਹਿਰ ਵੇਲੇ ਜਵਾਨੀ ਦੇ ਕੁਰਾਹੇ ਪੈ ਜਾਣ ਦੀ ਜ਼ਮੀਨ ਅਜੇ ਵੀ ਜ਼ਰਖੇਜ ਹੈ। ਸਿਆਸੀ-ਆਰਥਕ ਹਾਲਤਾਂ 'ਚ ਇਨਕਲਾਬੀ ਤਬਦੀਲੀ ਬਿਨ੍ਹਾਂ ਨਸ਼ਾ ਖੋਰੀ ਦਾ ਅੰਤ ਹੋਣਾ ਨਹੀਂ।

# ਕੀ ਕੌਮੀ ਮੈਨੂਫੈਕਚਰਿੰਗ ਨੀਤੀ ਲੁੱਟ ਦਾ ਦਸਤਾਵੇਜ ਹੈ?

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਪ੍ਰਧਾਨਗੀ 'ਚ ਜੂਨ 2011 ਨੂੰ ਇਕ ਉਚ ਪੱਧਰੀ ਕਮੇਟੀ ਨੇ "ਕੌਮੀ ਮੈਨੂਫੈਕਚਰਿੰਗ ਨੀਤੀ' ਦੇ ਮਸੌਦੇ ਨੂੰ ਮਨਜੂਰੀ ਦਿਤੀ। 'ਸਨਅਤੀ ਨੀਤੀ ਤੇ ਪ੍ਰਮੋਸ਼ਨ ਵਿਭਾਗ' ਨੇ 'ਨੈਸ਼ਨਲ ਮਨੂੰਫੈਕਚਰਿੰਗ ਕੰਪੀਟੇਟਿਵ ਕਾਊਂਸਲਿੰਗ ਤੇ ਯੋਜਨਾ ਕਮਿਸ਼ਨ ਦੀ ਸਲਾਹ ਨਾਲ ਇਸ ਕਿਰਤ ਵਿਰੋਧੀ ਨੀਤੀ ਨੂੰ ਤਿਆਰ ਕੀਤਾ। ਪ੍ਰਧਾਨ ਮੰਤਰੀ ਨੇ ਇਸ ਨੀਤੀ ਨੂੰ ਸਨਅਤਾਂ 'ਤੇ ਆਉਣ ਵਾਲੀਆਂ ਦਿਕਤਾਂ ਨੂੰ ਘੱਟ ਕਰਨ ਵਾਲਾ ਦਸਿਆ ਅਤੇ ਕਿਹਾ ਕਿ 'ਇਹ ਨਿਵੇਸ਼ਕਾਂ ਲਈ ਅੱਛਾ ਸੁਨੇਹਾ ਹੋਵੇਗਾ' ਅਤੇ ਸਚਮੁੱਚ ਇਹ ਨੀਤੀ ਪੂੰਜੀਪਤੀਆਂ ਲਈ ਲੁਟ ਦਾ ਜੰਗਲ ਰਾਜ ਮੁਹਈਆ ਕਰਵਾਏਗੀ। 1991 ਤੋਂ ਸ਼ੁਰੂ ਹੋਈ ਵਿਸ਼ਵੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਨੇ ਪੂੰਜੀਪਤੀਆਂ ਨੂੰ ਮੁਨਾਫ਼ਾ ਨਿਚੋੜਨ ਦਾ ਖੂਬ ਮੌਕਾ ਮੁਹਈਆ ਕਰਵਾਇਆ। ਸਾਰੇ ਖੇਤਰਾਂ 'ਚ ਪੂੰਜੀ ਵਲੋਂ ਕਿਰਤ ਨੂੰ ਨਿਚੋੜਨ ਦੇ ਨਾਲ ਹਾਕਮ ਜਮਾਤ ਪੈਦਾਵਾਰ (ਨਿਰਮਾਣ) ਖੇਤਰ 'ਚ ਲੁਟ ਦੇ ਨਵੇਂ ਤਰੀਕੇ ਖੋਜ਼ ਰਹੀ ਹੈ। ਜਿਸ ਤਰ੍ਹਾਂ ਨਾਲ ਉਦਾਰੀਕਰਨ ਦੇ ਸ਼ੁਰੂ ਵਿਚ ਲੋਕਾਂ ਨੂੰ ਭਰਮਾਊ ਗੱਲਾਂ ਦੱਸੀਆਂ ਗਈਆਂ ਸਨ ਕਿ ਨਵੀਆਂ ਨੀਤੀਆਂ ਨਾਲ ਰੁਜ਼ਗਾਰ ਵਧੇਗਾ। ਲੋਕਾਂ ਦੀ ਆਮਦਨ ਵਧੂ। ਸਮਾਜ ਦੇ ਉਚ ਸਿਖਰਾਂ 'ਤੇ ਜਦ ਖੁਸ਼ਹਾਲੀ ਆਊ ਤਾਂ ਉਹ ਰਿਸਕ-ਰਿਸਕ ਕੇ ਹੇਠਾਂ ਵੀ ਆਊ। 1991 ਪਿਛੋਂ ਮਜ਼ਦੂਰਾਂ ਨੂੰ ਲੁੱਟਣ ਦੀ ਦਰ ਬੇਹੱਦ ਵਧ ਗਈ ਹੈ, ਠੀਕ ਉਸੇ ਤਰਜੇ 'ਤੇ 'ਕੌਮੀ ਨਿਰਮਾਣ ਨੀਤੀ' ਰਾਹੀਂ ਕੌਮੀ ਨਿਰਮਾਣ ਤੇ ਨਿਵੇਸ਼ ਜੋਨ (NMIZ) ਬਣੇਗਾ ਜੋ ਇਕ ਅਜੇਹਾ ਖੇਤਰ ਹੋਵੇਗਾ ਜਿਸ ਦੀ ਉਸਾਰੀ ਵਿਸ਼ੇਸ਼ ਤੌਰ 'ਤੇ ਮਜ਼ਦੂਰਾਂ ਦੇ ਸਾਰੇ ਕਿਰਤ ਅਧਿਕਾਰ ਖਤਮ ਹੋ ਜਾਣਗੇ। ਵੈਸੇ ਤਾਂ ਇਸ ਦੇਸ਼ 'ਚ ਪਹਿਲਾਂ ਤੋਂ ਮੌਜੂਦ ਕਿਰਤ ਕਨੂੰਨ ਤੇ ਆਮ ਜਨਤਾ ਤੇ ਮਜ਼ਦੂਰਾਂ ਦੇ ਕਨੂੰਨੀ ਅਧਿਕਾਰ ਨਿਗੂਣੇ ਹਨ ਅਤੇ ਜੋ ਹਨ ਵੀ ਉਹਨਾਂ ਨੂੰ ਮਜ਼ਦੂਰ ਹਾਸਲ ਨਹੀਂ ਕਰ ਸਕਦਾ ਕਿਉਂਕਿ ਪੂੰਜੀ ਦੀ ਦੁਨੀਆਂ 'ਚ ਨਿਆਂ ਤੇ ਅਧਿਕਾਰ ਪੈਸੇ ਦੀ ਤਾਕਤ ਦੇ ਗੁਲਾਮ ਹਨ। ਵਿਸ਼ੇਸ਼ ਆਰਥਕ ਖੇਤਰ ਤੇ ਇਸ ਤਰ੍ਹਾਂ ਦੀਆਂ ਸਾਰੀਆਂ ਕਿਰਤ ਵਿਰੋਧੀ ਨੀਤੀਆਂ ਮੌਜੂਦ ਹਨ। ਸਰਮਾਏਦਾਰਾਂ ਨੂੰ ਦੇਸ਼ ਦੀ ਅਥਾਹ ਕੁਦਰਤੀ ਜਾਇਦਾਦ ਕੌਡੀਆਂ ਦੇ ਭਾਅ ਲੁੱਟੀ ਜਾ ਰਹੀ ਹੈ। ਹਾਕਮ ਜਮਾਤ ਦਾ ਲੋਭ, ਲੁੱਟ, ਲਾਲਚ ਏਨੇ ਨਾਲ ਹੀ ਸ਼ਾਂਤ ਨਹੀਂ ਹੋ ਰਿਹਾ ਹੈ ਅਤੇ ਲੁੱਟ ਦੀਆਂ ਨਿਤ ਨਵੀਆਂ ਨੀਤੀਆਂ ਬਣਾਈਆਂ ਜਾ ਰਹੀਆਂ ਹਨ। 'ਕੌਮੀ ਨਿਰਮਾਣ ਨੀਤੀ' ਦੇ ਮਕਸ਼ਦ ਨਾਲ ਸਾਰੀਆਂ ਭਰਮਾਊ ਗੱਲਾਂ ਕਹੀਆਂ ਜਾ ਰਹੀਆਂ ਹਨ। ਮਿਸਾਲ ਵਜੋਂ ਇਸ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ 'ਚ ਨਿਰਮਾਣ ਦਾ ਯੋਗਦਾਨ 15 ਫ਼ੀ ਸਦੀ ਤੋਂ ਵੱਧ ਕੇ 25 ਫ਼ੀ ਸਦੀ ਹੋ ਜਾਵੇਗਾ। ਇਸ ਨਾਲ ਇਕ ਕਰੋੜ ਲੋਕਾਂ ਲਈ ਵਾਧੂ ਰੁਜ਼ਗਾਰ ਪੈਦਾ ਹੋਵੇਗਾ। ਪਹਿਲੀ ਨਜ਼ਰ ਦੇਖਿਆ ਅਜੇਹਾ ਲਗਦਾ ਹੈ ਕਿ ਇਸ ਦੇਸ਼ ਦੇ ਸ਼ਰਮਾਏਦਾਰ ਬੇਰੁਜ਼ਗਾਰੀ ਦੀ ਸਮਸਿਆ ਕਰਕੇ ਬਹੁਤ ਦੁਖੀ ਹਨ ਤੇ ਉਸ ਨੂੰ ਦੂਰ ਕਰਨਾ ਚਾਹੁੰਦੇ ਹਨ। ਪਰ ਭਾਰਤ 'ਚ ਦੇਸੀ ਤੇ ਵਿਦੇਸ਼ੀ ਪੂੰਜੀ ਦੀ ਇਹ ਮਹਾਂ ਕ੍ਰਿਪਾ ਦੇ ਕਾਰਨ ਤਾਂ ਹੋਰ ਹੀ ਹਨ। ਪਹਿਲੀ ਗੱਲ

ਤਾਂ ਇਹ ਹੈ ਕਿ ਸਰਮਾਏਦਾਰਾਂ ਦੀ ਗਿਰਝੀ ਨਜ਼ਰ ਭਾਰਤ ਦੀ ਅਥਾਹ ਸਸਤੀ ਕਿਰਤ ਸ਼ਕਤੀ 'ਤੇ ਲੱਗੀਆਂ ਹੋਈਆਂ ਹਨ। ਅੱਜ ਦੇਸ਼ ਦੀ ਕੁਲ 60 ਫ਼ੀ ਸਦੀ ਅਬਾਦੀ 15-49 ਸਾਲਾਂ ਵਿਚਕਾਰ ਹੈ। ਬੇਰੁਜ਼ਗਾਰਾਂ ਦੀ 30 ਕਰੋੜ ਦੀ ਅਬਾਦੀ ਕਿਰਤ ਦਾ ਖੁੱਲ੍ਹਾ ਸਰੋਤ ਹੈ, ਜਿਸ ਨੂੰ ਸ਼ਰਮਾਏਦਾਰ ਨਿਚੋੜਨਾ ਚਾਹੁੰਦਾ ਹੈ। ਦੂਜੇ ਪਾਸੇ 121 ਕਰੋੜ ਅਬਾਦੀ ਵਾਲਾ ਭਾਰਤ ਇਕ ਦਿਉ ਕੱਦ ਬਜ਼ਾਰ ਹੈ। ਪੂੰਜੀਪਤੀ ਲਈ ਇਹ ਇਕ ਵੱਡਾ ਕਾਰਨ ਹੈ। ਮਾਲ ਵੇਚ ਕੇ ਹੀ ਸ਼ਰਮਾਏਦਾਰ ਆਪਣੀ ਪੂੰਜੀ ਨੂੰ ਵਧਾਉਂਦਾ ਹੈ। ਸਟੋਰ 'ਚ ਪਏ ਮਾਲ ਦਾ ਪੂੰਜੀਪਤੀ ਲਈ ਕੋਈ ਅਰਥ ਨਹੀਂ ਹੈ। ਤੀਜੀ ਗੱਲ ਮੰਦੀ ਨਾਲ ਜੂਝ ਰਹੇ ਪੂੰਜੀਵਾਦ ਨੂੰ ਸੰਜੀਵਨੀ ਮੁਹਈਆ ਕਰਨ ਲਈ ਰਹੇ ਸਹੇ ਵਟਾਂਦਰੇ ਨੂੰ ਖਤਮ ਕਰਨ ਦੀ ਲੋੜ ਹੈ। ਅੱਜ ਸਾਰੇ ਦੇਸ਼ਾਂ 'ਚ ਨਿਰਮਾਣ ਤੇ ਲਾਭ ਦੀਆਂ ਵੱਧ ਸੰਭਾਵਨਾਵਾਂ ਹਨ। ਥਾਈਲੈਂਡ 'ਚ 40 ਫ਼ੀ ਸਦੀ, ਚੀਨ 'ਚ 34 ਫੀ ਸਦੀ, ਮਲੇਸ਼ੀਆ 'ਚ 30 ਫੀ ਸਦੀ ਕੁਲ ਘਰੇਲੂ ਪੈਦਾਵਾਰ ਮੈਨੂਫੈਕਚਰਿੰਗ ਤੋਂ ਆਉਂਦੀ ਹੈ ਜਦਕਿ ਭਾਰਤ 'ਚ ਸਿਰਫ 15 ਫੀ ਸਦੀ ਕੁਲ ਘਰੇਲੂ ਪੈਦਾਵਾਰ ਹੀ ਮੈਨੂਫੈਕਚਰਿੰਗ (ਨਿਰਮਾਣ) ਤੋਂ ਆਉਂਦੀ ਹੈ। ਕੌਮੀ ਨਿਰਮਾਣ ਨੀਤੀ ਜਿਸ ਨੂੰ ਭਾਰਤ ਦੀ ਵਿਕਾਸ ਦਰ ਨੂੰ ਤੇਜ ਕਰਨ ਵਾਲਾ ਇੰਜਣ ਦਸਿਆ ਜਾ ਰਿਹਾ ਹੈ। ਜਿਸ ਨੂੰ ਪ੍ਰਧਾਨ ਮੰਤਰੀ ਤੇ ਨੀਤੀ ਨਿਰਦੇਸ਼ਕ ਬੇਰੁਜ਼ਗਾਰੀ ਤੇ ਗਰੀਬੀ ਨੂੰ ਖਤਮ ਕਰਨ ਵਾਲਾ ਹਥਿਆਰ ਦਸ ਰਹੇ ਹਨ। ਆਓ ਦੇਖੀਏ ਉਸ ਨਾਲ ਇਸ ਦੇਸ਼ ਦੇ ਲੋਕਾਂ ਤੇ ਸ਼ਰਮਾਏਦਾਰਾਂ ਦੇ ਹਿਸੇ ਕੀ ਆਊ। ਕੌਮੀ ਨਿਰਮਾਣ ਨੀਤੀ ਨਾਲ ਸਥਾਪਤ ਹੋਣ ਵਾਲਾ ਕੌਮੀ ਨਿਰਮਾਣ ਤੇ ਨਿਵੇਸ਼ ਜੋਨ (NMIZ) ਇਕ ਅਜੇਹਾ ਖੇਤਰ ਹੋਵੇਗਾ ਜਿਸ ਦਾ ਨਿਰਮਾਣ ਵਿਸ਼ੇਸ਼ ਤੌਰ ਤੇ ਨਿਰਮਾਣ ਉਦਯੋਗ ਤੇ ਬਰਾਮਦ ਨੂੰ ਵਧਾਉਣ ਲਈ ਕੀਤਾ ਜਾਵੇਗਾ। (NMIZ) 'ਚ ਪੈਦਾਵਾਰ ਯੂਨਿਟ ਤੋਂ ਲੈ ਕੇ ਜਨਤਕ ਸੇਵਾਵਾਂ 'ਤੇ ਰਿਹਾਇਸੀ ਇਲਾਕੇ ਤੇ ਪ੍ਰਸ਼ਾਸਨਿਕ ਸੇਵਾਵਾਂ ਹੋਣਗੀਆਂ। ਪੈਦਾਵਾਰ ਇਕਾਈ 'ਚ ਇਕ ਜਾਂ ਵੱਧ ਸੇਜ, ਸਨਅਤੀ ਪਾਰਕਿੰਗ, ਗੋਦਾਮ, ਬਰਾਮਦ ਅਧਾਰਿਤ ਤੇ ਹੋਰ ਇਕਾਈਆਂ ਹੋਣੀਆਂ। (NMIZ) ਦਾ ਵਿਕਾਸ ਡੇਵਲਪਰ ਕੰਪਨੀਆਂ ਰਾਹੀਂ ਕੀਤਾ ਜਾਵੇਗਾ ਤੇ ਇਸ ਤੋਂ ਬਾਹਰ ਦੀਆਂ ਸਾਰੀਆਂ ਸਹੂਲਤਾਂ ਕੇਂਦਰ ਤੇ ਰਾਜ ਸਰਕਾਰਾਂ ਵਲੋਂ ਮੁਹਈਆ ਕੀਤੀਆਂ ਜਾਣਗੀਆਂ (NMIZ) ਦਾ ਪ੍ਰਸ਼ਾਸਨਿਕ ਢਾਂਚਾ ਇਕ ਵਿਸ਼ੇਸ਼ ਕਮੇਟੀ 'ਵਿਸ਼ੇਸ਼ ਮਕਸਦ ਵਾਹਨ' (Special Purpose Vehichle-SPV) ਰਾਹੀਂ ਕੀਤਾ ਜਾਵੇਗਾ। ਜਿਸ ਦੇ ਮੁੱਖ ਕਾਰਜਕਾਰੀ ਅਧਿਕਾਰੀ ਡੇਵਲੇਪਰ ਅਤੇ ਸਨਅਤੀ ਐਸੋਸੀਏਸ਼ਨ ਦੇ ਨਾਲ ਮਿਲ ਕੇ ਕੰਮ ਕਰੇਗਾ। ਜਾਹਿਰ ਹੈ ਕਿ (NMIZ) ਦਾ ਪ੍ਰਸਾਸ਼ਕੀ ਢਾਂਚਾ ਪੂਰੀ ਤਰ੍ਹਾਂ ਸਰਮਾਏਦਾਰਾਂ ਦੇ ਪੱਖ ਵਿਚ ਹੈ। ਆਪਣੇ ਚੋਣਾਵੀ ਭਾਸ਼ਣਾਂ 'ਚ ਲੋਕਾਂ ਦਾ ਨਾਂ ਲੈਣ ਵਾਲੇ ਚੁਣਾਵੀ ਮਦਾਰੀ ਅਸਲ 'ਚ ਕਿਸ ਦੇ ਪੱਖ 'ਚ ਹਨ ਉਹ ਇਸ ਯੋਜਨਾ 'ਚ ਸਰਕਾਰ ਦੀ ਭੂਮਿਕਾ ਤੋਂ ਸਪਸ਼ਟ ਹੋ ਜਾਂਦਾ ਹੈ। ਕੇਂਦਰ ਤੇ ਰਾਜ ਸਰਕਾਰਾਂ ਦਾ ਮੁੱਖ ਕੰਮ ਇਸ ਯੋਜਨਾ 'ਚ ਸ਼ਰਮਾਏਦਾਰਾਂ ਦੀ ਰਾਹ 'ਚ ਆਉਣ ਵਾਲੇ ਅੜਿਕਿਆਂ ਨੂੰ ਹਟਾਉਣਾ ਹੈ। ਕੇਂਦਰ ਸਰਕਾਰ ਇਕ ਉਚ ਪੱਧਰੀ ਕਮੇਟੀ ਬਣਾਏਗੀ ਜਿਸ ਦਾ ਕੰਮ ਰਾਜ ਸਰਕਾਰਾਂ ਤੇ ਵੱਖ-ਵੱਖ ਮੰਤਰਾਲਿਆਂ ਵਿਚਕਾਰ ਸੰਚਾਰ ਪ੍ਰਬੰਧ ਸਥਾਪਤ ਕਰਨਾ ਹੈ। ਲੋਕਾਂ ਨਾਲ ਅਨੇਕਾਂ ਵਾਇਦੇ ਕਰਨ ਵਾਲੀ ਕੇਂਦਰ ਸਰਕਾਰ ਐਨ.ਐਮ.ਆਈ.ਜ਼ੈਡ 'ਚ ਬੁਨਿਆਦੀ ਰਚਨਾਵਾਂ ਜਿਵੇਂ ਰੇਲਵੇ, ਰੋਡ, ਰਾਈਵੇ ਬੰਦਰਗਾਹ ਏਅਰਪੋਰਟ ਤੇ ਸੰਚਾਰ ਸਹੂਲਤਾਂ ਦਾ ਨਿਰਮਾਣ ਕਰੇਗੀ।

ਇਹ ਸਾਰੀਆਂ ਸਹੂਲਤਾਂ ਸ਼ਰਮਾਏਦਾਰਾਂ ਲਈ ਜਨਤਾ ਦੀ ਖ਼ੂਨ ਪਸੀਨੇ ਦੀ ਕਮਾਈ 'ਚੋਂ ਵਸੂਲੇ ਟੈਕਸ ਦੇ ਪੈਸਿਆਂ ਨਾਲ ਦਿਤੀਆਂ ਜਾਣਗੀਆਂ ਤੇ ਇਸ ਦੇ ਨਿਰਮਾਣ 'ਚ ਲੁੱਟ ਦਾ ਗੋਰਖ ਧੰਦਾ ਸ਼ਰਮਾਏਦਾਰ ਜਮਾਤ ਹੀ ਕਰੇਗੀ। ਰਾਜ ਸਰਕਾਰਾਂ ਕਾਂਗਰਸ ਸਮੇਤ ਕਾਂਗਰਸ ਦੀ ਵਿਰੋਧੀ ਭਾਜਪਾ ਤੇ ਹੋਰ ਸਭ ਸੰਸਦੀ ਪਾਰਟੀਆਂ ਇਸ ਮੁੱਦੇ 'ਤੇ ਇਕਮਤ ਹਨ। ਰਾਜ ਸਰਕਾਰ ਲੋਕਾਂ ਤੋਂ ਜ਼ਮੀਨ ਖੋਹ ਕੇ ਪੂੰਜੀਪਤੀਆਂ ਨੂੰ ਦੇਵੇਗੀ। ਰਾਜ ਦੇ ਤਹਿਤ ਆਉਣ ਵਾਲੀ ਰੋਡ, ਸੀਵਰੇਜ ਤੇ ਸਨਅਤੀ ਝਗੜੇ ਦੇ ਨਿਪਟਾਰੇ ਦੀ ਵਿਵਸਥਾ ਕਰੇਗੀ। ਕੰਪਨੀਆਂ ਲਈ ਭਰਪੂਰ ਮਾਤਰਾ 'ਚ ਪਾਣੀ ਤੇ ਬਿਜਲੀ ਮੁਹੱਈਆ ਕਰੌਣ ਦੀ ਜਿੰਮੇਵਾਰੀ ਰਾਜ ਸਰਕਾਰਾਂ ਦੀ ਹੋਵੇਗੀ। ਸ਼ਰਮਾਏਦਾਰਾਂ ਨੂੰ ਦਿਤੀ ਜਾਣ ਵਾਲੀ ਜ਼ਮੀਨ ਦੇ ਭੁਗਤਾਨ ਲਈ ਸਸਤਾ ਕਰਜਾ ਮੁਹੱਈਆ ਹੋਵੇਗਾ। ਸੁਰੱਖਿਆ ਦੀ ਵਿਵਸਥਾ ਰਾਜ ਸਰਕਾਰਾਂ ਕਰਨਗੀਆਂ ਭਾਵ ਇਹਨਾਂ ਸਭ 'ਤੇ ਜੇ ਕੋਈ ਲੋਕ ਵਿਰੋਧ ਕਰਨਗੇ ਤਾਂ ਫੌਜ ਤੇ ਪੁਲਸੀ ਅਤਿਆਚਾਰ ਰਾਹੀਂ ਉਸ ਨੂੰ ਕੁਚਲਣ ਦੀ ਵਿਵਸਥਾ। ਸਾਰੇ ਕਿਰਤ ਕਾਨੂੰਨਾਂ ਨੂੰ ਸਨਅਤਕਾਰਾਂ ਦੇ ਹਿੱਤ ਲਈ ਹੋਰ ਵੱਧ ਲਚਕਦਾਰ ਬਣਾਇਆ ਜਾਵੇਗਾ। ਭਾਵ ਮਜ਼ਦੂਰਾਂ ਦੇ ਬਚੇ-ਖੁਚੇ ਹੱਕ ਵੀ ਉਹਨਾਂ ਤੋਂ ਖੋਹਣ ਦੀ ਵਿਵਸਥਾ ਕੀਤੀ ਗਈ ਹੈ। ਜਿਸ ਦੇਸ਼ ਦੀ 77 ਫ਼ੀ ਸਦੀ ਆਬਾਦੀ ਭੁਖਮਰੀ ਕੰਢੇ ਹੋਵੇ ਉਥੇ ਕਿਰਤ ਕਾਨੂੰਨਾਂ ਨੂੰ ਸ਼ਰਮਾਏਦਾਰਾਂ ਦੀ ਰਹਿਮ ਦਿਲੀ 'ਤੇ ਛੱਡਣ ਦਾ ਸਿੱਧਾ ਮਤਲਬ ਲੋਕਾਂ ਨੂੰ ਮੁਨਾਫ਼ੇ ਦੀ ਭੱਠੀ 'ਚ ਝੋਕਣਾ ਹੈ। ਐਨ.ਐਮ.ਆਈ.ਜ਼ੈਡ (NMIZ) 'ਚ ਰੁਜ਼ਗਾਰ ਦੀ ਹੋਂਦ ਖਤਮ ਕਰ ਦਿਤੀ ਜਾਵੇਗੀ ਜੋ ਸਿੱਧਾ ਕਿਰਤ ਕਨੂੰਨਾਂ ਦੀ ਉਲੰਘਣਾ ਹੈ। ਠੇਕਾ ਕਿਰਤ ਉਨਮੂਲਨ ਕਨੂੰਨ (NMIZ) 'ਚ ਲਾਗੂ ਨਹੀਂ ਹੋਵੇਗਾ ਭਾਵ ਪੂਰੀ ਤਰ੍ਹਾਂ ਕਿਰਤ ਦਾ ਠੇਕਾ ਕਰਨ ਕਰਕੇ ਮਜ਼ਦੂਰਾਂ ਨੂੰ ਜਦ ਮਨ 'ਚ ਆਵੇ ਬਾਹਰ ਕੱਢਣ ਦਾ ਰਾਹ ਸਾਫ ਕਰ ਦਿੱਤਾ ਹੈ। ਇਸ ਦੇ ਨਾਲ-ਨਾਲ ਐਨ.ਐਮ.ਆਈ.ਜ਼ੈਡ ਖੇਤਰ 'ਚ ਪ੍ਰਤੀ ਸਿਫ਼ਟ ਕੰਮ ਦੇ ਘੰਟੇ ਵਧਾਉਣ ਦੀ ਮੰਗ ਸ਼ਰਮਾਏਦਾਰਾਂ ਵਲੋਂ ਕੀਤੀ ਜਾ ਰਹੀ ਹੈ। ਅੱਜ ਜਦ ਤਕਨੀਕੀ ਵਿਕਾਸ ਤੇ ਵਿਗਿਆਨ ਦੀ ਉਨਤੀ ਹੋਈ ਹੈ ਤਾਂ ਹੋਣਾ ਤਾਂ ਇਹ ਚਾਹੀਦਾ ਹੈ ਕਿ ਕੰਮ ਦੇ ਘੰਟੇ ਘਟਾਏ ਜਾਣ ਪਰ ਇਥੇ ਕੰਮ ਦੇ ਘੰਟੇ ਵਧਾ ਕੇ ਲੁੱਟ ਨੂੰ ਹੋਰ ਵੱਧ ਤਿੱਖਾ ਕੀਤਾ ਜਾ ਰਿਹਾ ਹੈ। ਮਜ਼ਦੂਰਾਂ ਦੇ ਸਮਾਜਕ ਸੁਰਖਿਆ ਦੇ ਸਾਰੇ ਅਧਿਕਾਰ ਐਸ.ਪੀ.ਵੀ ਦੇ ਪਾਸੇ ਸੁਰਖਿਅਤ ਰਹੇਗਾ। ਜਾਹਿਰ ਹੈ ਕਿ ਇਸ ਦਾ ਸੀ.ਈ.ਓ ਇਹਨਾਂ ਅਦਾਰਿਆਂ ਵਲੋਂ ਚੁਣਿਆ ਜਾਵੇਗਾ ਤੇ ਉਹਨਾਂ ਨਾਲ ਮਿਲ ਕੇ ਕੰਮ ਕਰੇਗਾ ਤਾਂ ਮਜ਼ਦੂਰਾਂ ਦੇ ਅਧਿਕਾਰ ਕੀ ਸੁਰਖਿਅਤ ਰਹਿਣਗੇ? ਇਸ ਤੋਂ ਵੀ ਭਿਅੰਕਰ ਗੱਲ ਇਹ ਹੈ ਕਿ ਮਜ਼ਦੂਰਾਂ ਨੂੰ ਯੂਨੀਅਨ ਬਣਾਉਣ ਦੇ ਅਧਿਕਾਰ ਤੋਂ ਵਾਂਝਾ ਕਰਨ ਦੀ ਵਿਵਸਥਾ ਵੀ ਇਸ ਨੀਤੀ ਵਿਚ ਹਨ। ਇਹ ਵਿਵਸਥਾ ਦੇਸ਼ ਦੇ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ 'ਚ ਕੀਤੀ ਜਾ ਰਹੀ ਹੈ। ਸੰਵਿਧਾਨ ਦਾ ਅਨੁਛੇਦ 19 ਭਾਰਤ ਦੇ ਨਾਗਰਿਕ ਨੂੰ ਯੂਨੀਅਨ ਬਣਾਉਣ ਦਾ ਅਧਿਕਾਰ ਦਿੰਦਾ ਹੈ ਤਾਂ ਫਿਰ ਸੰਵਿਧਾਨ ਦੀ ਉਲੰਘਣਾ ਕੌਣ ਕਰ ਰਿਹਾ ਹੈ? ਜਿਥੇ ਇਕ ਪਾਸੇ ਕਿਰਤੀ ਹੱਕਾਂ ਨੂੰ ਘੱਟ ਕੀਤਾ ਜਾ ਰਿਹਾ ਹੈ ਦੂਜੇ ਪਾਸੇ ਐਨ.ਐਮ.ਆਈ.ਜ਼ੈਡ 'ਚ ਸਥਾਪਤ ਅਦਾਰਿਆਂ ਦੇ ਉਦਯੋਗ ਨੂੰ ਸੇਜ 'ਚ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸਹੂਲਤਾਂ ਦੇ ਨਾਲ-ਨਾਲ ਸ਼ਰਮਾਏਦਾਰਾਂ ਨੂੰ ਦਰਾਮਦ 'ਤੇ ਕੋਈ ਟੈਕਸ ਨਹੀਂ ਲਾਇਆ ਜਾਵੇਗਾ। 5 ਸਾਲਾਂ ਤਕ ਆਮਦਨ ਟੈਕਸ ਤੋਂ ਪੂਰੀ ਤਰ੍ਹਾਂ ਛੋਟ ਦਿਤੀ ਗਈ ਹੈ। ਸੇਵਾ ਕਰ ਤੇ ਵਿਕਰੀ

ਟੈਕਸ ਤੋਂ ਵੀ ਇਹ ਸਨਅਤੀ ਇਕਾਈਆਂ ਪੂਰੀ ਤਰ੍ਹਾਂ ਮੁਕਤ ਰਹਿਣਗੀਆਂ। ਰਾਜ ਸਰਕਾਰ ਵਲੋਂ ਲਾਏ ਜਾਣ ਵਾਲੇ ਵਿਕਰੀ ਟੈਕਸ ਤੇ ਹੋਰ ਵਸੂਲੀਆਂ ਤੋਂ ਸ਼ਰਮਾਏਦਾਰਾਂ ਨੂੰ ਅਜ਼ਾਦ ਰਖਿਆ ਜਾਵੇਗਾ। ਸੇਜ ਦੇ ਵਿਕਾਸ ਨਾਲ ਹੋਣ ਵਾਲੀ ਆਮਦਨ ’ਤੇ 10-15 ਸਾਲਾਂ ਤਕ ਟੈਕਸ ਨਹੀਂ ਲਗਣਾ। ਐਨ.ਐਮ.ਆਈ.ਜੈਡ ’ਚ ਬਰਾਮਦ ਇਕਾਈਆਂ (Export based units) ਲਈ ਕਿਸੇ ਵੀ ਤਰ੍ਹਾਂ ਦੇ ਦਰਾਮਦੀ ਲਾਇੰਸਸ ਦੀ ਲੋੜ ਨਹੀਂ ਹੋਣੀ ਐਕਸਾਈਜ ਟੈਕਸ ਤੋਂ ਵੀ ਇਸ ਨੂੰ ਪੂਰੀ ਤਰ੍ਹਾਂ ਮੁਕਤ ਰੱਖਣ ਦੀ ਵਿਵਸਥਾ ਹੈ। ਘਰੇਲੂ ਬਾਜ਼ਾਰ ’ਚ ਵੀ ਜੋ ਵਿਕਰੀ ਹੋਵੇਗੀ ਉਸ ਲਈ ਵੀ ਸਨਅਤਕਾਰਾਂ ਨੂੰ ਨਾਮਾਤਰ ਦਾ ਹੀ ਟੈਕਸ ਦੇਣਾ ਪਵੇਗਾ। ਤੇਲ ਦੀ ਖਰੀਦਦਾਰੀ ’ਤੇ ਦਿਤੇ ਜਾਂਦੇ ਟੈਕਸ ਕੰਪਨੀਆਂ ਤੋਂ ਨਹੀਂ ਲਈ ਜਾਣਗੇ। ਭਾਵ ਇਸ ਦੇਸ਼ ਦਾ ਸਭ ਤੋਂ ਗ਼ਰੀਬ ਬੰਦਾ ਤੇਲ ਬਾਲਣਾ ਤੇ ਇਸ ਦੀ ਲਾਗਤ ਦੁਗਣੀ ਕਰਨ ਦੇਵੇਗਾ ਪਰ ਮੁਨਾਫ਼ਾਖੋਰਾਂ ਨੂੰ ਛੋਟ ਰਹੇਗੀ। ਦੇਸ਼ ਨੂੰ ‘ਮਹਾਂਸ਼ਕਤੀ’ ਜੋ ਬਣਾਉਣਾ ਹੈ। ਸੂਬਾਈ ਸਰਕਾਰਾਂ ਵਲੋਂ ਨਗਰ ਨਿਗਮ ਦੇ ਟੈਕਸਾਂ ਸਮੇਤ ਹੋਰ ਸਥਾਨਕ ਟੈਕਸਾਂ ਤੋਂ 10 ਸਾਲਾਂ ਦੀ ਛੋਟ ਦਿਤੀ ਜਾਵੇਗੀ। ਹਰੀ ਤਕਨੀਕ ਤੇ ਕਾਰਬਨ ਮੁਕਤ ਤਕਨੀਕੀ ਦੇ ਨਾਂ ਹੇਠ ਮੈਨੂੰਫੈਕਚਰਿੰਗ ਇਕਾਈਆਂ ਦੀ ਸਥਾਪਨਾ ਲਈ ਸਾਰੇ ਪੈਮਾਨਿਆਂ ਅਤੇ ਪ੍ਰਮਾਣਾ ਦੀ ਜ਼ਰੂਰਤ ਨੂੰ ਖਤਮ ਕੀਤਾ ਜਾ ਰਿਹਾ ਹੈ। ਭਾਵ ਸਰਲ ਬਣਾਇਆ ਜਾ ਰਿਹਾ ਹੈ। ਵਾਤਾਵਰਣੀ ਤੇ ਵਣ ਮੰਨਜੂਰੀ ਦੇ ਨਿਯਮਾਂ ’ਚ ਢਿਲ ਦਿਤੀ ਜਾ ਰਹੀ ਹੈ। ਕਈ ਅਦਾਰਿਆਂ ’ਚ ਵਾਤਾਵਰਣੀ ਮੰਜੂਰੀ ਦੀ ਲੋੜ ਨੂੰ ਖਤਮ ਵੀ ਕਰ ਦਿਤਾ ਗਿਆ ਹੈ। ਵਾਤਾਵਰਣੀ ਮੰਜੂਰੀ ਦੌਰਾਨ ਮੁਕਦਮਿਆਂ ’ਚ ਸੁਣਵਾਈ ਸਮੇਂ ਪਹਿਲਾਂ ਤੋਂ ਜੋ ਲੋਕ ਸ਼ਮੂਲੀਅਤ ਦੀ ਵਿਵਸਥਾ ਹੈ, ਉਸ ਨੂੰ ਜਾਂ ਤਾਂ ਖਤਮ ਕੀਤਾ ਜਾ ਰਿਹਾ ਹੈ ਜਾਂ ਸਿਰਫ਼ ਇਸ ਇਲਾਕੇ ਦੇ ਲੋਕਾਂ ਨੂੰ ਹੀ ਉਸ ’ਚ ਸ਼ਾਮਲ ਹੋਣ ਦੀ ਆਗਿਆ ਦਿੱਤੀ ਜਾਵੇਗੀ। ਜ਼ਾਹਿਰ ਹੈ ਇਸ ਦੇਸ਼ ’ਚ ਸਰਕਾਰਾਂ ਤੇ ਸ਼ਰਮਾਏਦਾਰਾਂ ਜਿਸ ਨੂੰ ਚਾਹੁਣ ਉਜਾੜਣ ਪਰ ਲੁਟ ਘਸੁੱਟ ਦੀ ਸ਼ਿਕਾਰ ਜਨਤਾ ਦੇ ਪੱਖ ’ਚ ਹੋਰ ਲੋਕ ਖੜ੍ਹੇ ਨਹੀਂ ਹੋ ਸਕਦੇ। ਗੁਜਰਾਤ ਦੇ ਗਾਂਧੀ ਚੰਪਾਰਣ ’ਚ ਸਤਿਆਗ੍ਰਹਿ ਹੀ ਕਰ ਸਕਦੇ ਹਨ। ਪਰ ਅੱਜ ਉੜੀਸਾ, ਜੈਤਾਪੁਰ ਤੇ ਕਲਿੰਗ ਨਗਰ ’ਚ ਸਰਕਾਰ ਲੋਕਾਂ ਨੂੰ ਉਜਾੜੇ ਤਾਂ ਉਹਨਾਂ ਦੇ ਪੱਖ ’ਚ ਭਾਰਤ ਦੇ ਦੂਜੇ ਭਾਗਾਂ ’ਚ ਰਹਿਣ ਵਾਲਾ ਭਾਰਤੀ ਉਸ ਦਾ ਵਿਰੋਧ ਨਹੀਂ ਕਰ ਸਕਦਾ। ਦੂਜੇ ਪਾਸੇ ਸਾਰੇ ਮੁਨਾਫ਼ਾਖੋਰ ਮੁਨਾਫ਼ਾ ਕਮਾਉਣ ਪਿਛੋਂ ਕੁਝ ਸਾਲਾਂ ਪਿਛੋਂ ਜਦ ਟੈਕਸ ਮੋੜਨ ਦੀ ਵਾਰੀ ਆਵੇ ਤਾਂ ਇਸ ਲਈ ਕੰਪਨੀਆਂ ਨੂੰ ਬੰਦ ਕਰਨ ਦੇ ਰਾਹ ਨੂੰ ਸੌਖਾ ਬਣਾਇਆ ਗਿਆ ਹੈ। ਮਜ਼ਦੂਰਾਂ ਦਾ ਭੁਗਤਾਨ ਕੰਪਨੀ ਨੂੰ ਕੀਤੇ ਬਿਨ੍ਹਾਂ ਹੀ ਉਸ ਨੂੰ ਆਪਣੀ ਜਾਇਦਾਦ ਲੈ ਜਾਣ ਤੇ ਕੰਪਨੀ ਬੰਦ ਕਰਨ ਦੀ ਪੂਰੀ ਛੋਟ ਦਿਤੀ ਗਈ ਹੈ।

ਦਰਅਸਲ ਮਜ਼ਦੂਰਾਂ ਦਾ ਬਕਾਇਆ ਭੁਗਤਾਨ ਮੁਖ ਕੰਪਨੀ ਨਾ ਕਰਕੇ ਉਸ ਨੂੰ ਇਕ ਬੀਮਾ ਕੰਪਨੀ ਉਪਰ ਤਬਦੀਲ ਕਰਕੇ ਆਪਣੇ ਫ਼ਰਜ਼ਾਂ ਤੋਂ ਮੁਕਤੀ ਹਾਸ਼ਲ ਕੀਤੀ ਜਾਵੇਗੀ ਅਤੇ ਮਜ਼ਦੂਰ ਬੀਮਾ ਕੰਪਨੀ ਦੇ ਚੱਕਰ ਕਟਦਾ ਫਿਰੂ। ਹੁਣ ਤਕ ਸਨਅਤੀ ਐਕਟ ਤਹਿਤ ਕੰਪਨੀ ਬੰਦ ਕਰਨ ਤੋਂ ਪਹਿਲਾਂ ਮਜ਼ਦੂਰਾਂ ਦੇ ਸਾਰੇ ਭੁਗਤਾਨ ਕਰਨੇ ਲਾਜ਼ਮੀ ਸ਼ਰਤ ਸੀ ਪਰ ਇਸ ਐਕਟ ਦੇ ਅਨਛੇਦ 25 ’ਚ ਸੋਧ ਕਰਕੇ ਮਜ਼ਦੂਰਾਂ ਦਾ ਭੁਗਤਾਨ ਕੀਤੇ ਬਿਨ੍ਹਾਂ ਹੀ ਮਾਲਕ ਕੰਪਨੀ ਬੰਦ ਕਰ ਸਕਦਾ ਹੈ ਤੇ ਭੁਗਤਾਨ ਖਾਤਰ

ਬੀਮਾ ਕੰਪਨੀ ਨਾਲ ਮਜ਼ਦੂਰਾਂ ਨੂੰ ਮੁਕੱਦਮਾ ਲੜਨਾ ਪਵੇਗਾ। ਇਸ ਤਰ੍ਹਾਂ ਦੀ ਕਾਰਪੋਰੇਟ ਲੁਟ ਤੇ ਕਾਨੂੰਨੀ ਭ੍ਰਿਸ਼ਟਾਚਾਰ ਬਾਰੇ 'ਸਿਵਲ ਸੁਸਾਇਟੀ' ਦੇ ਰਾਮਦੇਵ ਤੇ ਅੰਨਾ ਹਜ਼ਾਰੇ ਕੁਝ ਕਿਉਂ ਨਹੀਂ ਬੋਲਦੇ? ਅਸਲ 'ਚ ਪੂੰਜੀਵਾਦ ਖੁਦ ਲੁਟ ਤੇ ਮੁਨਾਫ਼ੇ ਤੇ ਟਿਕਿਆ ਹੋਣ ਕਰਕੇ ਸਭ ਤੋਂ ਵੱਡਾ ਭ੍ਰਿਸ਼ਟਾਚਾਰ ਹੈ। ਕਿਰਤ ਦੀ ਲੁਟ ਪੂੰਜੀਵਾਦ ਰਾਜ ਦੀ ਰਗ-ਰਗ 'ਚ ਵਸੀ ਹੈ। 1948 ਦੀ ਸਨਅਤੀ ਨੀਤੀ, 1956 ਦੀ ਨੀਤੀ ਤੇ 1991 ਤੋਂ ਸ਼ੁਰੂ ਵਿਸ਼ਵੀਕਰਨ ਨਿਜੀਕਰਨ ਅਸਲ 'ਚ ਵੱਖ-ਵੱਖ ਦੌਰਾਂ 'ਚ ਪੂੰਜੀਪਤੀਆਂ ਮੁਤਾਬਕ ਨੀਤੀਆਂ ਦਾ ਗਠਨ ਹੀ ਸੀ। ਅੱਜ ਕੌਮੀ ਨਿਰਮਾਣ ਨੀਤੀ ਇਸ ਦੌਰ ਦੀ ਅਗਲੀ ਕੜੀ ਹੈ ਜੋ ਇਸ ਦੇ ਸੇਵਾਦਾਰ ਹੈ ਜਥੇਬੰਦ ਮੇਹਨਤਕਸ਼ਾਂ ਦੀ ਚੇਤੰਨ ਲੜਾਈ ਹੀ ਲੁਟ ਤੇ ਜਬਰ ਤੋਂ ਮੁਕਤੀ ਦਵਾ ਸਕਦੀ ਹੈ।

# ਕੀ ਸੀ ਡਾ. ਭੀਮ ਰਾਓ ਅੰਬੇਦਕਰ ਤੇ ਉਹਨਾਂ ਦੀ ਵਿਚਾਰਧਾਰਾ?

ਡਾ. ਭੀਮ ਰਾਓ ਅੰਬੇਦਕਰ ਆਪਣੇ ਸਮਿਆਂ ਦੀ ਸਮਾਜਕ ਧਾਰਮਿਕ ਤੇ ਆਰਥਕ ਤਬਦੀਲੀ ਲਈ ਸਮਰਪਿਤ ਸ਼ਖ਼ਸ਼ੀਅਤ ਸਨ। ਉਹਨਾਂ ਦੇ ਜੋ ਵੀ ਮੌਕਾ ਹੱਥ ਆਇਆ ਉਸ ਨੂੰ ਦੱਬੇ-ਕੁਚਲੇ ਤੇ ਪਿਛੜੇ ਲੋਕਾਂ ਦੀ ਕਿਸਮਤ ਬਦਲਣ ਲਈ ਖ਼ੂਬ ਵਰਤਿਆ। ਭਾਰਤੀ ਸੰਵਿਧਾਨ, ਹਿੰਦੂ ਕੋਡ ਬਿੱਲ, ਤੇ ਕਿਰਤੀ ਅਨਸੂਚਕ ਜਾਤੀਆਂ ਲਈ ਅਨੇਕਾਂ ਕਾਨੂੰਨ ਘਾੜਿਆਂ ’ਚੋਂ ਉਹ ਇਕ ਸਨ ਅਛੂਤ ਯੁੱਗਾਂ ਤੋਂ ਸਾਰੇ ਅਧਿਕਾਰਾਂ ਤੋਂ ਵੰਚਿਤ ਰਹੇ ਹਨ। ਡਾ. ਅਬੰਦੇਕਰ ਨੇ ਇਸ ਸਰਾਪ ਨੂੰ ਆਪ ਹੰਡਾਇਆ ਸੀ। ਵਿਦੇਸ਼ਾਂ ’ਚ ਆਪਣੀ ਪੜ੍ਹਾਈ ਪੂਰੀ ਕਰਨ ਪਿਛੋਂ ਤਾਂ ਅਛੂਤਾਂ ਨਾਲ ਹੁੰਦੇ ਅਨਿਆਂ ਵਿਰੁਧ ਉਹਨਾਂ ਨੇ ਖ਼ੂਬ ਸੰਘਰਸ਼ ਕੀਤਾ। ਡਾ. ਅੰਬੇਦਕਰ ਨੂੰ ਅਛੂਤਾਂ ਨਾਲ ਹੁੰਦੇ ਧੱਕੇ ਦਾ ਖ਼ੁਦ ਅਨੁਭਵ ਕੀਤਾ ਸੀ। ਉਹਨਾਂ ਨੇ ਮੰਚਾਂ, ਪੁਸਤਕਾਂ ਤੇ ਅਖ਼ਬਾਰ-ਰਸਾਲਿਆਂ ਰਾਹੀਂ ਇਹਨਾਂ ਧੱਕਿਆਂ ਦਾ ਡਟਵਾਂ ਵਿਰੋਧ ਕੀਤਾ। ਡਾ. ਅੰਬੇਦਕਰ ਨੇ ਕੋਲੰਬੀਆ ਯੂਨੀਵਰਸਿਟੀ ’ਚ 9 ਮਈ 1919 ਨੂੰ ਹੋਏ ਮਨੁੱਖੀ ਵਿਗਿਆਨ ਸੈਮੀਨਾਰ ’ਚ ‘ਕਾਸਟਸ ਇਨ ਇੰਡੀਆ’ ਦੇਅਰ ਮੈਕੇ ਨਿਜ਼ਮ, ਜੇਨੇਸਿਸ ਐਂਡ ਡਿਵੈਲਮੈਂਟ ਵਿਸ਼ੇ ’ਤੇ ਇਕ ਰਚਨਾ ਪੜ੍ਹੀ ਸੀ। ਉਸ ’ਚ ਦਸਿਆ ਗਿਆ ਸੀ ਵੱਖ-ਵੱਖ ਨਸ਼ਲ ਦੇ ਲੋਕ ਜਾਂ ਆਰੀਆ, ਦ੍ਰਵਿਡ, ਮੰਗੋਲ ਤੇ ਸਿੰਘੀਅਨ (ਸਿੰਧਿਆ ਨਾਮਕ ਦੇਸ਼ ਦੇ ਇਕ ਨਿਵਾਸੀ ਜੋ ਕਾਲੇ ਸਾਗਰ ਦੇ ਪੂਰਬ ਉਤਰ ’ਚ ਸਥਿਤ ਸੀ) ਭਾਰਤ ’ਚ ਆ ਕੇ ਵਸ ਗਏ ਸਨ। ਸਦੀਆਂ ਤਕ ਇਕਠੇ ਰਹਿਣ ਕਰਕੇ ਉਹਨਾਂ ਦਾ ਰਲੇਵਾਂ ਹੋ ਗਿਆ ਤੇ ਇਕ ਸਾਂਝਾ ਸਭਿਆਚਾਰ ਸਥਾਪਤ ਹੋ ਗਿਆ। ਸ਼ੁਰੂ ਵਿਚ ਸਿਰਫ ਚਾਰ ਵਰਗ ਸਨ, ਲੋਕ ਇਕ ਵਰਗ ਤੋਂ ਦੂਜੇ ਵਰਗ ’ਚ ਆਉਂਦੇ ਜਾਂਦੇ ਸਨ ਪਰ ਪ੍ਰੋਹਿਤਾਂ ਨੇ ਆਪਣੇ ਵਰਗ ਤੇ ਆਪਣੇ ਹਿੱਤਾਂ-ਸੁਅਰਥਾਂ ਨੂੰ ਸਥਾਈ ਬਣਾਉਣ ਲਈ ਆਪਦੇ ਹੀ ਵਰਗ ਦੇ ਲੋਕਾਂ ’ਚ ਵਿਆਹ ਕਰਨ ਦਾ ਫੈਸਲਾ ਕਰ ਲਿਆ। ਇਸ ਦੀ ਸਫਲਤਾ ਲਈ ਮਰਦ ਤੇ ਔਰਤਾਂ ਦੀ ਗਿਣਤੀ ਬਰਾਬਰ ਰਖਣੀ ਜ਼ਰੂਰੀ ਹੈ। ਇਸ ਟੀਚੇ ਦੀ ਪੂਰਤੀ ਲਈ ਸਤੀ, ਜਬਰੀ, ਵਿਧਵਾਪਣ, ਸਨਿਆਸ ਤੇ ਬਾਲ-ਵਿਆਹ ਦਾ ਰੁਝਾਣ ਸ਼ੁਰੂ ਹੋਇਆ। ਔਰਤਾਂ ਦੀ ਗਿਣਤੀ ਸੀਮਤ ਰਖਣ ਲਈ ਪਹਿਲੇ ਦੋ ਅਤੇ ਮਰਦਾਂ ਦੀ ਗਿਣਤੀ ਨੂੰ ਕੰਟਰੋਲ ’ਚ ਰਖਣ ਲਈ ਬਾਅਦ ਦੋ। ਅੰਬੇਦਕਰ ਨੇ ਗੈਬ੍ਰਿਅਲ ਟਾਠਾਕੇ ਦੇ ਵਿਗਿਆਨ ਅਧਿਐਨ ਦਾ ਹਵਾਲਾ ਦਿੰਦਿਆ ਕਿਹਾ ਕਿ ਬਰਾਬਰ ਆਪਣੇ ਵੱਡਿਆਂ ਦੀ ਨਕਲ ਉਹਨਾਂ ਦੇ ਨਿਮਨ ਵਰਗ ਦੇ ਲੋਕ ਕਰਦੇ ਵੇਖੇ ਗਏ ਹਨ। ਜਿਵੇਂ ਅਭਿਜਾਤ ਵਰਗ ਦੇ ਲੋਕ ਰਾਜਿਆਂ ਤੇ ਆਮ ਲੋਕ ਅਭਿਜਾਤ (ਮੱਧ ਸ੍ਰੇਣੀ) ਦੀ। ਭਾਰਤ ਕਿਉਂਕਿ ਪ੍ਰੋਹਿਤ ਵਰਗ ਹੀ ਉਤਮ ਸੀ। ਆਖਰ ਕਸ਼ਤਰੀਆਂ ਨੇ ਉਹਨਾਂ ਦੀ ਵੈਸ਼ਿਆਂ ਨੇ ਕਸ਼ਤਰੀਆਂ ਦੀ ਤੇ ਸੁਦਰਾਂ ਨੇ ਆਪਣੇ ਨੇੜਲੇ ਉਚ ਵਰਗ ਦੇ ਵੈਸ਼ਿਆਂ ਦੀ ਨਕਲ ਕੀਤੀ। ਡਾ: ਅੰਬੇਦਕਰ ਨੇ ਆਪਣੀ ਪੁਸਤਕ ‘ਅਨਹਿਲੇਸ਼ਨ ਆਫ਼ ਕਾਸ਼ਟ’ ’ਚ ਇਸ ’ਤੇ ਵਿਚਾਰ ਕੀਤਾ ਹੈ। ਇਹ ਉਹਨਾਂ ਦਾ ਉਹ ਭਾਸ਼ਣ ਹੈ ਜਿਸ ਨੂੰ ਉਹਨਾਂ ਨੇ ਜਾਤ-ਪਾਤ ਤੋੜਕ ਮੰਡਲ ਦੀ ਸਲਾਨਾ

ਕਾਨਫ਼ਰੰਸ ਲਾਹੌਰ (1936) ’ਚ ਦੇਣਾ ਸੀ ਅਤੇ ਜਿਸ ਨੂੰ ਸੁਆਗਤੀ ਸੰਮਤੀ ਨੇ ਇਸ ਲਈ ਰੱਦ ਕਰ ਦਿੱਤਾ ਸੀ ਕਿ ਉਹ ਉਸ ਭਾਸ਼ਣ ’ਚ ਕੁਝ ਅੰਸ਼ਾਂ ਨਾਲ ਸਹਿਮਤ ਨਹੀਂ ਸਨ। ਡਾ. ਅੰਬੇਦਕਰ ਨੇ ਲਿਖਿਆ ਕਿ ਕੁਝ ਲੋਕ ਜਾਤ ਨੂੰ ਇਸ ਲਈ ਹਮਾਇਤ ਦਿੰਦੇ ਹਨ ਕਿਉਂਕਿ ਉਹਨਾਂ ਦੀ ਨਜ਼ਰ ’ਚ ਇਹ ਕਿਰਤ ਦੀ ਵੰਡ ਹੈ ਅਤੇ ਇਹ ਵੀ ਨਾ ਬਰਾਬਰੀ ’ਤੇ ਅਧਾਰਤ। ਕੁਝ ਲੋਕ ਕਹਿੰਦੇ ਵੇਖੀਦੇ ਹਨ ਕਿ ਜਾਤ ਖ਼ੂਨ ਦੀ ਪਵਿਤਰਤਾ ਦੀ ਰਾਖੀ ਕਰਦੀ ਹੈ। ਅੰਬੇਦਕਰ ਅਨੁਸਾਰ ਜਾਤੀ ਕਿਰਤ ਦੀ ਵੰਡ ਨਹੀਂ, ਕਿਰਤੀਆਂ ਦੀ ਵੰਡ ਹੈ। ਪਰ ਇਸ ਦਲੀਲ ਦਾ ਖੰਡਨ ਅੰਬੇਦਕਰ ਹੀ ਨਹੀਂ ਡਾ. ਭੰਡਾਰਕਰ ਵਰਗੇ ਵਿਦਵਾਨ ਨੇ ਵੀ ਕੀਤਾ ਹੈ। ਜਾਤੀ ਵਿਅਕਤੀਆਂ ਦੇ ਗੁਣ ਦੋਸ਼ ’ਤੇ ਅਧਾਰਤ ਹੈ ਇਸ ਨੂੰ ਬਹੁਤਿਆਂ ਨੇ ਗੈਰ ਵਿਹਾਰਕ ਦਸਿਆ ਹੈ। ਮਾਡਰਨ ਇੰਡੀਆ ਦੇ ਸੰਪਾਦਕ ਰਾਮਾ ਚੰਦ ਚੈਟਰਜੀ ਨੇ ਕਿਹਾ ਹੈ ਕਿ ਕਰੋੜਾਂ ਹਿੰਦੂਆਂ ਦੇ ਗੁਣ-ਦੋਸ਼ ਦਾ ਪਤਾ ਲਾਉਣਾ ਕਠਿਨ ਹੈ ਇਹੀ ਨਹੀਂ ਵੀਹ ਸਾਲ ਪਿਛੋਂ ਨਵੀਂ ਪੀੜੀ ਨੂੰ ਵੀ ਇਹੀ ਕਰਨਾ ਪਵੇਗਾ। ਫਿਰ ਬ੍ਰਾਹਮਣ ਕੁਲ ’ਚ ਪੈਦਾ ਬੰਦਿਆਂ ਨੂੰ ਗੁਣ ਭੇਦ ਦੇ ਕਾਰਨ ਸ਼ੂਦਰ ਨੂੰ ਬ੍ਰਾਹਮਣ ਬਣਾਉਣਾ ਪਵੇਗਾ ਤਾਂ ਇਸ ਲਈ ਕਿੰਨੀ ਸ਼ਕਤੀ ਤੇ ਸੰਗਠਨ ਦੀ ਲੋੜ ਪਵੇਗੀ। ਇਸ ਸਬੰਧੀ ਡਾ. ਅੰਬੇਦਕਰ ਦਾ ਕਹਿਣਾ ਹੈ ਕਿ ਜੇ ਔਰਤਾਂ ਦੇ ਗੁਣ-ਦੋਸ਼ ’ਚ ਭੇਦ ਹੋਇਆ ਤਾਂ ਸਮਸਿਆ ਦਾ ਹੱਲ ਕਿਵੇਂ ਹੋਊ? ਜਾਤੀ ਪ੍ਰਬੰਧ ਹਿੰਦੂਆਂ ਨੂੰ ਏਕਤਾ ਦੇ ਸੂਤਰ ’ਚ ਬਨਣ ’ਚ ਅਸਫਲ ਹੋ ਰਹੀ ਹੈ। ਨਾਲ ਹੀ ਸਦਭਾਵ, ਉਤਸ਼ਾਹ ਤੇ ਜਨਮਤ ਨੂੰ ਤੰਗ ਨਜ਼ਰੀ ਦੇ ਦਾਇਰ ’ਚ ਸੀਮਤ ਕਰ ਰਖਿਆ ਹੈ। ਉਹਨਾਂ ਅਨੁਸਾਰ ਜਾਤੀ ਤੋਂ ਮੁਕਤੀ ਹਾਸਲ ਕਰਨ ਲਈ ਧਰਮ ਸਾਸ਼ਤਰਾਂ ਨੂੰ ਪੜ੍ਹਨ-ਪੜਾਉਣ ’ਤੇ ਪਾਬੰਦੀ ਲੱਗਣੀ ਚਾਹੀਦੀ ਹੈ ਕਿਉਂਕਿ ਇਹ ਉਹਨਾਂ ’ਤੇ ਹੀ ਟਿਕੀ ਹੋਈ ਹੈ। ਪਰ ਗਾਂਧੀ ਤਾਂ ਵਰਣ ਵਿਵਸਥਾ ਨੂੰ ਹੀ ਨਹੀਂ ਜਾਤ ਪਾਤ ਨੂੰ ਵੀ ਵਿਗਿਆਨਕ ਮੰਨਦੇ ਸਨ ਉਹ ਜਾਤ ਨੂੰ ਹਿੰਦੂ ਧਰਮ ਦਾ ਅਟੁੱਟ ਅੰਗ ਵੀ ਕਿਸੇ ਸਮੇਂ ਮੰਨਦੇ ਹੁੰਦੇ ਸਨ, ਹੌਲੀ-ਹੌਲੀ ਉਹ ਜਾਤੀ ਪ੍ਰਥਾ ਨੂੰ ਪਹਿਲਾਂ ਦੀ ਰਹਿੰਦ ਖੂੰਦ ਮੰਨਣ ਲੱਗੇ। ਉਹਨਾਂ ਇਹ ਵੀ ਕਿਹਾ ਕਿ ਜੇ ਹਿੰਦੂ ਧਰਮ ਤੇ ਜਾਤ ਨੇ ਕਾਇਮ ਰਹਿਣਾ ਹੈ ਤਾਂ ਜਾਤੀ ਪ੍ਰਥਾ ਖਤਮ ਕਰਨੀ ਪਵੇਗੀ। ਅੰਬੇਦਕਰ ਜਾਤੀ ਨੂੰ ਗੈਰ ਵਿਗਿਆਨਕ ਤੇ ਵਿਵੇਕਪੂਰਨ ਮੰਨਦੇ ਸਨ। ਅਛੂਤਪਣ ਹਿੰਦ ਸਮਾਜ ਦਾ ਕਲੰਕ ਤੇ ਕੋਹੜ ਹੈ। ਇਹ ਸਿਰਫ ਭਾਰਤ ’ਚ ਹੀ ਹੈ ਹੋਰ ਕਿਸੇ ਦੇਸ਼ ’ਚ ਨਹੀਂ। ਹੋਰਨਾਂ ਧਰਮਾਂ ’ਚ ਜਿਥੇ ਵੀ ਇਹ ਜਾਤਪਾਤ ਦਾ ਕੋਹੜ ਦੇਖਣ ਨੂੰ ਮਿਲਦਾ ਹੈ ਉਹ ਹਿੰਦੂ ਧਰਮ ’ਚੋਂ ਹੀ ਉਥੇ ਗਿਆ ਹੈ। ਇਹ ਕਦੋ ਤੇ ਕਿਵੇਂ ਪੈਦਾ ਹੋਇਆ ਹੈ? ਇਸ ਬਾਰੇ ਅਨੇਕਾਂ ਮਤ ਹਨ। ਡਾ. ਅੰਬੇਦਕਰ ਦੀ ਰਾਇ ’ਚ ਇਹ ਜਾਤਪਾਤ ਦੀ ਉਪਜ਼ ਹੈ। ਜਦ ਤਕ ਜਾਤੀ ਰਹੇਗੀ ਇਹ ਵੀ ਜੀਵਤ ਰਹੇਗੀ। ਗਾਂਧੀ ਅਨੁਸਾਰ ਜਾਤ ਪਾਤ ਜੇ ਖਤਮ ਨਹੀਂ ਹੁੰਦੀ ਤਾਂ ਹਿੰਦੂ ਧਰਮ ਵੀ ਮਿਟ ਜਾਵੇਗਾ। ਇਸ ਦੀ ਜੜ੍ਹ ਸਮਾਜ ’ਚ ਫੈਲੀ ਉਚ ਨੀਚ ਦੀ ਭਾਵਨਾ ਹੈ ਜਾਤੀ ਨਾਲ ਇਸ ਦਾ ਕੋਈ ਸਬੰਧ ਨਹੀਂ ਅੰਬੇਦਕਰ ਦਾ ਸ਼ੁਰੂ ਤੋਂ ਵਿਚਾਰ ਸੀ ਕਿ ਕਾਨੂੰਨ ਰਾਹੀਂ ਇਸ ਮੰਦਭਾਵਨਾ ਨੂੰ ਹੱਲ ਕਰਨਾ ਚਾਹੀਦਾ ਹੈ। ਅੰਬੇਦਕਰ ਤੇ ਰਾਇ ਬਹਾਦਰ ਸ੍ਰੀ ਨਿਵਾਸਨ ਨੇ ਗੋਲਮੇਜ ਕਾਨਫ਼ਰੰਸ ’ਚ ਇਹ ਮੰਗ ਰਖੀ ਸੀ ਕਿ ਸਭ ਨੂੰ ਬਰਾਬਰ ਦੇ ਸ਼ਹਿਰੀ ਮੰਨਿਆ ਜਾਣਾ ਚਾਹੀਦਾ ਹੈ ਤੇ ਮੌਲਿਕ ਅਧਿਕਾਰ ਰਾਹੀਂ ਛੂਤ ਛਾਤ ਨੂੰ ਗੈਰ ਕਾਨੂੰਨੀ ਐਲਾਨਿਆ ਜਾਵੇ। ਅੰਬੇਦਕਰ ਦੇ

ਸੰਵਿਧਾਨ ਦੀ ਧਾਰਾ 111 (ਮੌਲਿਕ ਅਧਿਕਾਰ) ਦੀ ਧਾਰਾ 17 ਰਾਹੀਂ ਛੂਤ-ਛਾਤ ਤੇ ਉਸ ਦੀ ਵਰਤੋਂ ਨੂੰ ਗੈਰ ਕਨੂੰਨੀ ਐਲਾਨ ਦਿਤਾ। ਸੰਨ 1952 'ਚ ਨਾਗਰਿਕ ਅਯੋਗਤਾ ਨਿਵਾਰਨ ਕਨੂੰਨ ਪਾਸ ਕਰਕੇ ਛੂਤ-ਛਾਤ ਦੇ ਵਿਹਾਰ ਲਈ ਸਜ਼ਾ ਨਿਰਧਾਰਿਤ ਕਰ ਦਿਤੀ ਹੈ। ਪਰ ਕੀ ਕਾਰਜ ਪਾਲਿਕਾ ਤੇ ਪ੍ਰਸ਼ਾਸਨ ਇਸ ਨੂੰ ਲਾਗੂ ਕਰ ਰਿਹਾ ਹੈ? ਕੁਝ ਸਾਲ ਪਹਿਲਾਂ ਮਹਾਂ-ਰਾਸ਼ਟਰ 'ਚ ਗੋਬਿੰਦ ਗਰੇ ਤੇ ਸ਼ੀਰੀਭਾਲਿਮਆਂ ਵਲੋਂ 206 ਪਿੰਡਾਂ 'ਚ ਦਲਿਤਾਂ ਦੀ ਸਥਿਤੀ ਬਾਰੇ ਅਧਿਐਨ ਕੀਤਾ ਸੀ। ਇਸ 'ਦਲਿਤ' ਸਿਰਲੇਖ ਅਧਿਐਨ ਤੋਂ ਪਤਾ ਲਗਦਾ ਹੈ ਕਿ 90 ਫ਼ੀ ਸਦੀ ਦਲਿਤ ਹੁਣ ਵੀ ਪਿੰਡਾਂ ਤੋਂ ਬਾਹਰ ਰਹਿੰਦੇ ਹਨ। ਸਿਰਫ 47 ਪਿੰਡਾਂ 'ਚ ਜਨਤਕ ਖੂਹ ਤੋਂ ਪਾਣੀ ਲੈਣ ਅਤੇ 52 ਪਿੰਡਾਂ 'ਚ ਮੰਦਰਾਂ 'ਚ ਦਾਖਲੇ ਦੀ ਇਜਾਜਤ ਸੀ ਬਾਕੀ ਥਾਵਾਂ ਤੇ ਨਹੀਂ। ਸਿਰਫ 72 ਪਿੰਡਾਂ 'ਚ ਨਾਈ ਉਨ੍ਹਾਂ ਦੇ ਵਾਲ ਕਟਦੇ ਸਨ ਤੇ 75 ਪਿੰਡ ਪੰਚਾਇਤਾਂ ਤੇ 71 ਸਹਿਕਾਰੀ ਸੰਮਤੀਆਂ 'ਚ ਉਹਨਾਂ ਦੀ ਨੁਮਾਇੰਦਗੀ ਸੀ, ਅੱਜ ਵੀ ਉਥੇ ਉਹਨਾਂ ਦੀ ਲਗਭਗ ਉਹ ਹਾਲਤ ਹੈ। ਦਿਨੋ-ਦਿਨ ਉਹਨਾਂ 'ਤੇ ਹੁੰਦੀ ਹਿੰਸਾ ਇਸ ਦੀ ਗਵਾਹੀ ਭਰਦੀ ਹੈ। ਡਾ. ਅੰਬੇਦਕਰ ਉਚ ਸਿਖਿਆ ਖਾਸ਼ ਕਰਕੇ ਤਕਨੀਕੀ ਤੇ ਵਿਗਿਆਨਕ ਸਿੱਖਿਆ ਨੂੰ ਦਲਿਤਾਂ ਦੀ ਉਨਤੀ ਦੀ ਚਾਬੀ ਮੰਨਦੇ ਸਨ। ਆਪਣੇ ਜਨਤਕ ਜੀਵਨ ਦੇ ਸ਼ੁਰੂ ਤੋਂ ਹੀ ਉਹਨਾਂ ਨੇ ਇਸ ਲਈ ਦੋ ਪੱਧਰਾਂ 'ਤੇ ਕੰਮ ਕੀਤਾ। ਸਿਖਿਆ ਦੇ ਪਸਾਰ ਲਈ ਸਰਕਾਰ 'ਤੇ ਦਬਾਅ ਪਾਇਆ ਤੇ ਨਿਜੀ ਪੱਧਰ ਤੇ ਉਹਨਾਂ ਨੂੰ ਤੇਜ ਰਫ਼ਤਾਰ ਕਰਨ ਲਈ ਯਤਨ ਕੀਤੇ। ਸਿਖਿਆ ਸਰਕਾਰ ਦਾ ਮੁਖ ਫ਼ਰਜ਼ ਹੈ ਡਾ. ਅੰਬੇਦਕਰ ਨੇ (1928) ਸਾਈਮਨ ਕਮਿਸ਼ਨ ਤੋਂ ਮੰਗ ਕੀਤੀ ਸੀ ਕਿ ਅਨੁਸੂਚਿਤ ਜਾਤਾਂ ਸਬੰਧੀ ਸਿਖਿਆ ਦੇ ਖਰਚੇ ਨੂੰ ਸਰਕਾਰੀ ਖਰਚਿਆਂ 'ਚ ਤਰਜੀਹੀ ਥਾਂ ਦਿੱਤੀ ਜਾਵੇ ਕਿਉਂਕਿ ਬੀਤੇ ਸਮੇਂ 'ਚ ਇਸ ਦੀ ਅਣਦੇਖੀ ਹੋਈ ਹੈ। ਪੂਨਾ ਪੈਕਟ ਦੀ ਧਾਰਾ 9 'ਚ ਧਾਰਾ ਇਹ ਵੀ ਸੀ ਕਿ ਸਰਕਾਰ ਦਲਿਤਾਂ ਦੀ ਸਿਖਿਆ ਤੇ ਸਹੀ ਖਰਚ ਕਰੇ। ਗੋਲਮੇਜ ਕਾਨਫ਼ਰੰਸ ਦੀ ਘੱਟ ਗਿਣਤੀ ਸੰਮਤੀ ਨੂੰ ਡਾ. ਅੰਬੇਦਕਰ ਤੇ ਰਾਇ ਬਹਾਦਰ ਸ੍ਰੀ ਨਿਵਾਸਨ ਨੇ ਜੋ ਸਾਂਝਾ ਯਾਦ ਪੱਤਰ ਦਿੱਤਾ ਸੀ ਉਸ 'ਚ ਕਿਹਾ ਸੀ ਕਿ ਅਛੂਤਾਂ ਦੀ ਸਿਖਿਆ ਲਈ ਸਮੁੱਚੇ ਖਰਚ ਦੀ ਵਿਵਸਥਾ ਕਰਨ ਲਈ ਧਾਰਾ ਸਭਾਵਾਂ ਤੇ ਜਰਪਾਲਿਕਾ ਨੂੰ ਜੁਆਬਦੇਹ ਬਣਾਇਆ ਗਿਆ। ਜਦ ਅੰਬੇਦਕਰ ਵਾਇਸਰਾਏ ਦੀ ਕਾਰਜਕਾਰੀ ਪ੍ਰੀਸ਼ਦ (1942-46) ਦੇ ਮੈਂਬਰ ਸਨ ਤਾਂ ਉਹਨਾਂ ਦੀਆਂ ਕੋਸ਼ਿਸ਼ਾਂ ਨਾਲ ਦਲਿਤਾਂ ਦੀ ਸਿਖਿਆ ਲਈ 3 ਲੱਖ ਰੁਪਏ ਦੀ ਗ੍ਰਾਂਟ ਹਾਸਲ ਹੋਈ ਸੀ। ਸੰਨ 1935 ਅਤੇ 1950 ਦੇ ਭਾਰਤੀ ਸੰਵਿਧਾਨ 'ਚ ਇਸ ਲਈ ਵਿਵਸਥਾ ਕੀਤੀ ਗਈ ਸੀ। ਅਛੂਤਾਂ 'ਚ ਉਚ ਸਿਖਿਆ ਨੂੰ ਹੱਲਾਸ਼ੇਰੀ ਦੇਣ ਲਈ ਲੋਕ ਪੱਧਰ 'ਤੇ ਵੀ ਕੰਮ ਹੋਇਆ ਸੀ। ਸੰਨ 1924 'ਚ ਜੋ ਬਹਿਸ਼ਕ੍ਰਿਤ ਹਿਤਕਾਰਣੀ ਸਭਾ ਬਣਾਈ ਗਈ ਉਸ ਦੇ ਉਦੇਸ਼ਾਂ 'ਚ ਦਲਿਤਾਂ 'ਚ ਸਿਖਿਆ ਪ੍ਰਸਾਰ ਨੂੰ ਉਤਸ਼ਾਹਿਤ ਕਰਨਾ ਸੀ। ਸਭਾ ਨੇ ਸੰਨ 1925 'ਚ ਸੋਲਾਪੁਰ 'ਚ ਇਕ ਪਾਸੇ ਸੰਨ 1928 'ਚ ਬੰਬਈ 'ਚ ਦੋ ਹੋਸਟਲ ਸਥਾਪਤ ਕੀਤੇ। ਇਹਨਾਂ ਨੂੰ ਚਲਾਉਣ ਦਾ ਭਾਰ ਸੁਸਾਇਟੀ ਹਵਾਲੇ ਕੀਤਾ ਗਿਆ। ਸੰਨ 1946 'ਚ ਪੀਪਲਸ ਐਜੂਕੇਸ਼ਨ ਸੁਸਾਇਟੀ ਡਾ. ਅੰਬੇਦਕਰ ਨੇ ਬਣਾਈ। ਸੁਸਾਇਟੀ ਮੁੰਬਈ, ਔਰੰਗਾਬਾਦ, ਤੇ ਮਲਾਏ 'ਚ ਕਈ ਕਾਲਜ, ਕੁਝ ਉਚ ਪੱਧਰ ਯੂਨੀਵਰਸਿਟੀ ਅਤੇ ਤੇ ਹੋਸਟਲ ਚਲਾ ਰਹੀ ਹੈ। ਹਿੰਦ ਕਾਨੂੰਨ 'ਚ ਪਹਿਲਾਂ ਔਰਤਾਂ ਨੂੰ ਮਰਦਾਂ ਬਰਾਬਰ ਹੱਕ ਨਹੀਂ ਸਨ।

1937 'ਚ ਪਾਸ ਕਾਨੂੰਨ ਅਨੁਸਾਰ ਔਰਤ ਨੂੰ ਆਪਣੇ ਔਰਤ ਧਨ 'ਤੇ ਅਧਿਕਾਰ ਹਾਸਲ ਹੋ ਗਿਆ ਪਰ ਹੋਰਾਂ ਭਾਗਾਂ 'ਚ ਗੈਰ ਬਰਾਬਰ ਉਵੇਂ ਹੀ ਰਹੀ। ਸੰਨ 1941 'ਚ ਸਰਕਾਰ ਨੇ ਕਈਆਂ ਦੀ ਕੋਸ਼ਿਸ਼ਾਂ ਸਦਕਾ ਵੀ.ਐਨ ਰਾਓ ਦੀ ਅਗਵਾਈ 'ਚ ਚਾਰ ਮੈਂਬਰੀ ਕਮੇਟੀ ਬਣਾਈ। ਸਾਲ ਪਿਛੋਂ ਕਮੇਟੀ ਦੀ ਸਿਫ਼ਾਰਸ ਆਈ 1947 'ਚ ਸੰਵਿਧਾਨ ਘੜਨੀ ਸਭਾ 'ਚ ਇਸ ਰੀਪੋਟ 'ਚ ਸੋਧਾਂ ਕਰਕੇ ਡਾ. ਅੰਬੇਦਕਰ ਨੇ ਪੇਸ਼ ਕੀਤਾ। 1949 ਤਕ ਕੋਈ ਪ੍ਰਗਤੀ ਨਹੀਂ ਹੋਈ। ਹਾਕਮ ਜਮਾਤ 'ਚ ਰਵਾਇਤੀਆਂ ਦਾ ਬਹੁਮਤ ਸੀ। ਬਿਲ ਪਾਸ ਨਾ ਹੋ ਸਕਣ ਕਰਕੇ ਸਤੰਬਰ 1957 'ਚ ਅੰਬੇਦਕਰ ਨੇ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਪਹਿਲਾਂ ਉਹ ਕਾਨੂੰਨ ਮੰਤਰੀ ਸਨ। 1950 'ਚ ਡਾ. ਅੰਬੇਦਕਰ ਨੇ ਲਿਖਿਆ ਕਿ ਬਿਲ ਦਾ ਮੁੱਖ ਮਕਸਦ ਔਰਤਾਂ ਦੀ ਸਮਾਜਕ ਉਨਤੀ 'ਚ ਕਾਨੂੰਨੀ ਅੜਿਕੇ ਦੂਰ ਕਰਨ ਹੈ। ਹਿੰਦ ਕੋਡ ਆਫ ਕੰਡਕਟ ਦੇ ਮੁੱਖ ਅੰਗ ਸਨ ਕਿ ਇਹ ਸਭ ਹਿੰਦੂਆਂ 'ਤੇ ਲਾਗੂ ਹੁੰਦਾ। ਇਸ 'ਚ ਸਭਿਆਚਾਰਕ ਤੇ ਵਿਧਾਨਕ ਵਿਆਹਾਂ 'ਚ ਫ਼ਰਕ ਰਖਿਆ ਗਿਆ ਹੈ। ਆਮ ਤੇ ਵਿਸ਼ੇਸ਼ ਵਿਆਹਾਂ ਤੇ ਉਹਨਾਂ ਦੇ ਕਾਰਨਾਂ 'ਚ ਫ਼ਰਕ ਸਪੱਸ਼ਟ ਕੀਤਾ ਗਿਆ ਹੈ। ਇਸ 'ਚ ਇਹ ਵੀ ਵਿਵਸਥਾ ਹੈ ਕਿ ਕੋਈ ਆਪਣੀ ਮਾਂ ਨੂੰ ਜਾਇਦਾਦ ਦੇ ਅਧਿਕਾਰ ਤੋਂ ਵਾਂਝਿਆਂ ਨਹੀਂ ਕਰ ਸਕਦਾ। ਸਾਂਝੀ ਜਾਇਦਾਦ ਸਬੰਧੀ ਵਿਵਸਥਾਵਾਂ 'ਚ ਮੂਲ ਕਰਜੇ ਦੀ ਅਦਾਇਗੀ ਸਬੰਧੀ ਜੁਆਬਦੇਹੀ ਨੂੰ ਖਤਮ ਕਰ ਦਿੱਤਾ ਗਿਆ ਹੈ। ਹਿੰਦ ਕੋਡ ਆਫ ਕੰਡਕਟ 'ਚ ਔਰਤ ਨੂੰ ਵੀ ਮਰਦ ਦੇ ਬਰਾਬਰ ਦੀ ਮਾਨਤਾ ਮਿਲੀ। ਔਰਤ ਵੀ ਕਿਸੇ ਜਾਤੀ 'ਚ ਆਪਣਾ ਸਾਥੀ ਚੁਣ ਸਕਦੀ ਹੈ, ਜਾਇਦਾਦ 'ਤੇ ਉਸ ਦਾ ਵੀ ਹੱਕ ਹੈ। ਪੁਤਰੀ ਪਿਤਾ ਦੀ ਜਾਇਦਾਦ 'ਚ ਭਾਈਆਂ ਦੇ ਬਰਾਬਰ ਦੀ ਹੱਕਦਾਰ ਹੈ। ਲੜਕੀ ਵੀ ਗੋਦ ਲਈ ਜਾ ਸਕਦੀ ਹੈ। ਗੋਦ ਲੈਣ ਸਮੇਂ ਪਤਨੀ ਦੀ ਵੀ ਰਾਇ ਜ਼ਰੂਰੀ ਹੈ। ਅੰਬੇਦਕਰ ਨੇ ਕਿਹਾ ਸੀ ਕਿ ਹਿੰਦੂ ਵਿਵਸਥਾ, ਸਭਿਆਚਾਰ ਤੇ ਸਮਾਜ ਦੀ ਰਾਖੀ ਕਰਨੀ ਹੈ ਤਾਂ ਉਸ 'ਚ ਸੁਧਾਰ ਕਰਨੇ ਜਰੂਰੀ ਹਨ। ਉਹਨਾਂ ਕਿਹਾ ਕਿ 'ਹਿੰਦੂ ਸਮਾਜ 'ਚ ਜੋ ਭਾਗ ਸਮਾਂ ਵਹਾਅ ਚੁਕੇ ਹਨ ਉਹਨਾਂ 'ਚ ਸੁਧਾਰ ਤੋਂ ਵੱਧ ਹੋਰ ਕੁਝ ਨਹੀਂ ਚਾਹੀਦਾ।

ਅੰਬੇਦਕਰ ਮਨੁੱਖੀ ਲੁਟ ਦੇ ਵਿਰੁੱਧ ਸਨ। ਕਿਸਾਨਾਂ, ਮਜ਼ਦੂਰਾਂ, ਖੇਤ ਮਜ਼ਦੂਰਾਂ ਲਈ ਵੀ ਡਾ. ਅੰਬੇਦਕਰ ਨੇ ਸੰਘਰਸ਼ ਕੀਤਾ। ਅਜ਼ਾਦ ਮਜ਼ਦੂਰ ਦਲ ਡਾ. ਅੰਬੇਦਕਰ ਨੇ ਬਣਾਇਆ ਸੀ। 1938 'ਚ ਇਕ ਕਿਸਾਨ ਮੁਜਾਹਰੇ 'ਚ ਬੋਲਦਿਆਂ ਉਹਨਾਂ ਕਿਹਾ ਸੀ ਕਿ ਉਹਨਾਂ ਨੂੰ ਬਿਨ੍ਹਾਂ ਜਾਤੀ ਧਰਮ ਦਾ ਖਿਆਲ ਰਖੇ ਲੁਟ ਜਾਂਦਿਆਂ ਲਈ ਇਕ ਵੱਖਰੀ ਜਥੇਬੰਦੀ ਬਣਾਉ ਅਤੇ ਧਰਨੇ ਮੁਜਾਹਰਿਆਂ ਲਈ ਨੁਮਾਇੰਦੇ ਚੁਨਣ ਦਾ ਸੱਦਾ ਵੀ ਉਹਨਾਂ ਦਿੱਤਾ ਸੀ। ਡਾ. ਅੰਬੇਦਕਰ ਨੇ 1938 'ਚ ਮੁੰਬਈ ਵਿਧਾਨ 'ਚ ਖੋਤੀ ਪ੍ਰਥਾ ਖਤਮ ਕਰਨ ਲਈ ਇਕ ਬਿਲ ਪੇਸ਼ ਕੀਤਾ। ਬੰਬਈ ਦੇ ਕੋਕਨ ਖੇਤਰ 'ਚ ਚਲਦੀ ਜ਼ਿੰਮੀਦਾਰੀ ਪ੍ਰਥਾ ਨੂੰ ਖੋਤੀ ਕਿਹਾ ਜਾਂਦਾ ਸੀ। ਇਸ ਨੂੰ ਪਾਸ ਕਰਾਉਣ ਲਈ ਅੰਬੇਦਕਰ ਨੇ ਥਾਣਾ ਕੋਲਾਬਾ, ਰਤਨਗਿਰੀ, ਸਤਾਰਾਂ ਤੇ ਨਾਸਿਕ ਦੇ ਨਿਸ਼ਾਨ ਨੂੰ ਇੱਕਠਾ ਕਰਕੇ ਇਕ ਸੰਮੇਲਨ ਆਯੋਜਿਤ ਕੀਤਾ ਤੇ ਮੰਗ ਕੀਤੀ ਕਿ ਖੇਤੀ ਮਜ਼ਦੂਰ ਨੂੰ ਘਟੋ ਘੱਟ ਮਜ਼ਦੂਰੀ ਦਿੱਤੀ ਜਾਵੇ। ਕਿਸਾਨਾਂ ਦੇ ਖੇਤੀ ਮਾਲੀਏ ਉਵੇਂ ਮੁਆਫ਼ ਕੀਤੇ ਜਾਣ ਜਿਵੇਂ ਜ਼ਿੰਮੀਦਾਰ ਦੇ ਟੈਕਸ ਮੁਆਫ਼ ਕੀਤੇ ਗਏ ਹਨ। ਸੋਧ ਕਨੂੰਨ ਰਾਹੀਂ ਮੁਆਵਜਾ ਦੇ ਕੇ ਜਾਂ ਬਿਨ ਦਿਤੇ ਖੋਟੀ ਪ੍ਰਥਾ ਖਤਮ ਕੀਤੀ ਜਾਵੇ। ਛੋਟੇ ਕਿਸਾਨਾਂ ਦੀ ਸਿੰਚਾਈ ਦਰ

’ਚ 50 ਫ਼ੀ ਸਦੀ ਕਟੌਤੀ ਕੀਤੀ ਜਾਵੇ। ਵਤਨਦਾਰੀ ਪ੍ਰਥਾ ਉਤਰੀ ਰਾਜਾਂ ਵਾਗੂੰ ਇਕ ਕਿਸਮ ਦੀ ਚੌਕੀਦਾਰੀ ਪ੍ਰਥਾ ਸੀ। ਵਤਨਦਾਰੀ ਵਾਲੇ ਅਕਸਰ ਮਹਾਰ ਹੁੰਦੇ ਸਨ। ਮਹਾਰ ਦੇ ਦੌਰੇ ਸਮੇਂ ਛੋਟੇ ਸਰਕਾਰੀ, ਅਧਿਕਾਰੀਆਂ, ਕਰਮਚਾਰੀਆਂ ਤੇ ਪਿੰਡਾਂ ਦੇ ਪਟੇਲਾਂ ਨੂੰ 24 ਘੰਟੇ ਉਹਨਾਂ ਦੀ ਸੇਵਾ ’ਚ ਹਾਜ਼ਰ ਰਹਿਣਾ ਪੈਂਦਾ ਸੀ। ਬਦਲੇ ’ਚ ਜ਼ਮੀਨ ਦਾ ਇਕ ਟੋਟਾ ਮਿਲਿਆ ਹੁੰਦਾ ਸੀ। 1928 ’ਚ ਅੰਬੇਦਕਰ ਨੇ ਬੰਬਈ ਵਿਧਾਨ ਸਭਾ ’ਚ ਬਿਲ ਪੇਸ਼ ਕਰਕੇ ਮੰਗ ਕੀਤੀ ਕਿ ਵਤਨ ਜ਼ਮੀਨ ਨੂੰ ਲਗਾਨ ਤੇ ਵਤਨਦਾਰ ਨੂੰ ਬੰਦੋ ਬਸਤ ਕੀਤਾ ਜਾਵੇ, ਸੇਵਾ ਲਈ ਤਨਖਾਹ ਕੰਮ ਦੀ ਕਿਸਮ ਤੇ ਕੰਮ ਦੇ ਘੰਟੇ ਨਿਸ਼ਚਤ ਕੀਤੇ ਜਾਣ ਤੇ ਪਿੰਡ ਵਾਲਿਆਂ ਨੂੰ ਰੋਟੀ ਬਦਲੇ ਨਕਦੀ ਦੇਣ ਨੂੰ ਕਿਹਾ ਜਾਵੇ। ਇਸ ਤਰ੍ਹਾਂ ਵਤਨਦਾਰੀ ਸੰਨ 1958 ’ਚ ਖਤਮ ਕਰ ਦਿਤੀ ਗਈ। ਡਾ. ਅੰਬੇਦਕਰ ਨੇ ਆਪਣੇ ਜਿਉਂਦੇ ਜੀ ਸੈਡਿਊਲਡ ਕਾਸਟ ਫ਼ੈਡਰੇਸ਼ਨ ਭੰਗ ਕਰਕੇ ਅਨੁਸੂਚਿਤ ਤੇ ਹੋਰ ਜਾਤਾਂ ਦੀ ਇਕ ਸਾਂਝੀ ਰਿਪਬਲੀਕਨ ਪਾਰਟੀ ਦਾ ਵਿਧਾਨ ਵੀ ਤਿਆਰ ਕਰ ਦਿਤਾ ਸੀ। ਉਹਨਾਂ ਦੀ ਮੌਤ ਪਿਛੋਂ ਇਸ ਪਾਰਟੀ ਨੇ 1959 ਤੇ 1965 ’ਚ ਦੋ ਵੱਡੇ ਭੂਮੀ ਸਤਿਆ ਗ੍ਰਹਿ ਵੀ ਕੀਤੇ। ਅੰਬੇਦਕਰ ਦੇ ਜੀਵਨ ਦਾ ਇਕ ਹਿਸਾ ਮਜ਼ਦੂਰਾਂ ਵਿਚਕਾਰ ਬੀਤਿਆ ਕੰਮ ਦੇ ਘੰਟਿਆਂ ’ਚ ਕਮੀ, ਕੰਮ ਦੀ ਹਾਲਤਾਂ ’ਚ ਸੁਧਾਰ, ਮਜ਼ਦੂਰਾਂ ਨੂੰ ਹਰਜਾਨ ਗੁਸਖਾਨਿਆਂ ਦੀ ਉਸਾਰੀ ਉਹਨਾਂ ਦੀਆਂ ਪ੍ਰਾਪਤੀਆਂ ਸਨ।

1944 ’ਚ ਆਰਡੀਨੈਂਸ ਪਾਸ ਕਰਕੇ ਕੋਲਾ ਖਾਣ ਮਜ਼ਦੂਰ ਕਲਿਆਣ ਕੋਸ਼ ਦੀ ਸਥਾਪਨਾ ਕੀਤੀ ਗਈ। 1946 ’ਚ ਅਬਰਕ ਖਾਨ ਕਿਰਤ ਕਲਿਆਣ ਕੋਸ਼ ਦੀ ਵੀ ਸਥਾਪਨਾ ਹੋਈ। ਕਰਮਚਾਰੀ ਰਾਜ ਬੀਮਾ ਕਾਨੂੰਨ ਜੋ ਅੰਬੇਦਕਰ ਦੇ ਕਾਰਜਕਾਲ ਤੋਂ ਪਿਛੋਂ ਪਾਸ ਹੋਇਆ। ਪ੍ਰਤੀਨਿਧੀ ਟ੍ਰੇਡ ਯੂਨੀਅਨ ਮਾਨਤਾ ਨਿਯਮ ਤੇ ਸਨਅਤੀ ਨਿਯੋਜਨ (ਸਥਾਈ ਆਦੇਸ਼) 1946 ਵੀ ਘੱਟ ਮਹੱਤਵਪੂਰਨ ਨਹੀਂ ਹੈ। ਅੰਬੇਦਕਰ ਨੇ ਮਨੁਖੀ ਅਧਿਕਾਰ ਲਈ ਵੀ ਸੰਘਰਸ਼ ਕੀਤਾ। ਦਲਿਤਾਂ ਨੂੰ ਖੂਹਾਂ ਤੋਂ ਪਾਣੀ ਪੀਣ ਦਾ ਅਧਿਕਾਰ ਤੇ ਮੰਦਰਾਂ ’ਚ ਦਾਖਲੇ ਲਈ 1929 ’ਚ ਪੂਨੇ ਵਿਖੇ ਉਹਨਾਂ ਸੰਘਰਸ਼ ਕੀਤਾ।

# ਕੀ ਹੈ ਗੁੜਗਾਉ ਦੇ ਹੈਲਥ ਕੇਅਰ ਮਜ਼ਦੂਰਾਂ ਦੀ ਹੜਤਾਲ ਤੇ ਸਥਿਤੀ?

ਪਿਛਲੇ ਦਿਨੀਂ ਗੁੜਗਾਉ 'ਚ ਔਰੀਏਂਟ ਕ੍ਰਾਫਟ ਤੇ ਫਿਰ ਔਰਿਓ ਗ੍ਰਾਂਟਸ ਕਮਪਲੈਕਸ 'ਚ ਕੰਪਨੀ ਮੈਨੇਜਮੈਂਟ ਤੇ ਠੇਕੇਦਾਰਾਂ ਦੀ ਤਾਨਾਸ਼ਾਹੀ ਤੇ ਗੁੰਡਾਗਰਦੀ ਵਿਰੁੱਧ ਮਜ਼ਦੂਰਾਂ ਦੇ ਖਾੜਕੂ ਮੁਜਾਹਰੇ ਦਬਾ ਦਿੱਤੇ ਗਏ ਪਰ ਮਜ਼ਦੂਰਾਂ ਦਾ ਗੁੱਸਾ ਅੰਦਰ ਹੀ ਅੰਦਰ ਸੁਲਘ ਰਿਹਾ ਹੈ। ਇਸ ਦਿਨ ਉਦਯੋਗ ਵਿਹਾਰ ਸਥਿਤ ਮੈਡੀਕਲ ਉਪਕਰਣ ਬਣਾਉਣ ਵਾਲੀ ਇਕ ਕੰਪਨੀ ਹਰਸੋਰਿਆ ਹੈਲਥ ਕੇਅਰ ਦੇ ਮਜ਼ਦੂਰ ਪਿਛਲੇ ਡੇਢ ਮਹੀਨੇ ਤੋਂ ਹੜਤਾਲ 'ਤੇ ਹਨ। ਪਿਛਲੇ 27 ਅਪ੍ਰੈਲ ਤੋਂ ਹੜਤਾਲੀ ਮਜ਼ਦੂਰ ਕਿਰਤ ਦਫ਼ਤਰ ਦੇ ਬਾਹਰ ਧਰਨੇ 'ਤੇ ਬੈਠੇ ਹਨ ਪਿਛਲੇ ਕੁਝ ਸਮੇਂ ਤੋਂ ਗੁੜਗਾਓ ਖੇਤਰ 'ਚ ਥਾਂ-ਥਾਂ ਮਜ਼ਦੂਰ ਆਪਣੇ ਨਾਲ ਹੋਣ ਵਾਲੇ ਅਨਿਆਂ-ਅਤਿਆਚਾਰ ਦੇ ਖਿਲਾਫ ਵਾਰ-ਵਾਰ ਆਵਾਜ਼ ਬੁਲੰਦ ਕਰ ਰਹੇ ਹਨ। ਪਰ ਹਰ ਸੰਘਰਸ਼ 'ਤੇ ਖੁਸ਼ ਹੋ ਕੇ ਤਾੜੀਆਂ ਮਾਰਨ ਦੇ ਮਜ਼ਦੂਰ ਵਰਗ ਦੇ ਜਾਗ ਉਠਣ ਦਾ ਸਰਟੀਫ਼ਿਕੇਟ ਜਾਰੀ ਕਰਨ ਦੀ ਬਜਾਏ ਥੋੜਾ ਠਹਿਰ ਕੇ ਇਹ ਸੋਚਣਾ ਜਰੂਰੀ ਹੈ ਕਿ ਕਿੰਨੀ ਕਾਮਯਾਬੀ ਮਿਲ ਸਕੀ ਹੈ? ਕੀ ਲੜਨ ਦਾ ਇਹੀ ਇਕੋ ਇਕ ਰਾਹ ਹੈ? ਇਕ ਅਜੇਹੀ ਹਾਲਤ 'ਚ ਲੁੱਟ ਤੇ ਘਸੁੱਟ ਦੇ ਸ਼ਿਕਾਰ ਮਜ਼ਦੂਰ, ਸਾਂਝੀਆਂ ਮੰਗਾਂ 'ਤੇ ਇੱਕਠੇ ਮਿਲ ਕੇ ਕੋਈ ਸਾਂਝੀ ਤੇ ਵੱਡੀ ਲੜਾਈ ਨਹੀਂ ਲੜ ਸਕਦੇ?

ਪਰ ਪਹਿਲਾਂ ਆਪਾਂ ਹਰਸੋਰਿਆ 'ਚ ਚੱਲ ਰਹੀ ਹੜਤਾਲ ਦੀ ਪਿਠ ਭੂਮੀ ਤੇ ਇਸ ਕੰਪਨੀ 'ਚ ਪਿਛਲੇ ਸਾਲ ਵੀ ਹੋਈ ਹੜਤਾਲ 'ਤੇ ਇਕ ਨਜ਼ਰ ਮਾਰ ਕੇ ਦੇਖਦੇ ਹਾਂ। ਹਰਸੋਰਿਆ 'ਚ ਮਾਰਚ 2010 'ਚ ਮਜ਼ਦੂਰਾਂ ਨੇ ਆਪਣੀ ਟ੍ਰੇਡ ਯੂਨੀਅਨ ਬਣਾਈ ਸੀ ਜਿਸ ਦੀ ਰਜਿਸਟਰੇਸ਼ਨ ਮਾਰਚ 2011 'ਚ ਹੋ ਗਈ ਸੀ। ਇਸ ਦੇ ਕੁਝ ਦਿਨ ਬਾਅਦ ਹੀ ਕੁਝ ਮਜ਼ਦੂਰਾਂ ਨੇਤਾਵਾਂ ਤੇ ਅਨੁਸਾਸ਼ਨਹੀਣਤਾ ਦਾ ਦੋਸ਼ ਲਗਾ ਕੇ ਬਰਖਾਸਤ ਕਰ ਦਿੱਤਾ ਗਿਆ।

ਇਸ ਵਿਰੁੱਧ ਮਜ਼ਦੂਰਾਂ ਨੇ ਅਪ੍ਰੈਲ 2011 'ਚ ਹੜਤਾਲ ਕੀਤੀ ਜਿਸ ਦੌਰਾਨ ਮਜ਼ਦੂਰਾਂ ਨੂੰ ਪੁਲਸ ਤੇ ਗੁੰਡਿਆਂ ਵਲੋਂ ਮਾਰਿਆ-ਕੁਟਿਆ ਗਿਆ ਤੇ ਡਰਾਇਆ ਧਮਕਾਇਆ ਗਿਆ ਪਰ ਮਜ਼ਦੂਰ ਅੜੇ ਰਹੇ। ਪਰ ਹੜਤਾਲ ਦੀ ਅਗਵਾਈ ਕਰ ਰਹੀ ਹਿੰਦ ਮਜ਼ਦੂਰ ਸਭਾ (ਐਚ.ਐਮ.ਐਸ) ਨੇ ਸਮਝੌਤਾ ਕਰਨ ਪਿਛੋਂ ਕਾਨੂੰਨੀ ਲੜਾਈ ਦਾ ਰਾਹ ਵਿਖਾ ਕੇ ਮਜ਼ਦੂਰਾਂ ਦੇ ਗੁੱਸੇ ਨੂੰ ਸ਼ਾਂਤ ਕਰਕੇ ਕੰਮ 'ਤੇ ਭੇਜ ਦਿੱਤਾ। ਇਸ ਤੋਂ ਪਿੱਛੋਂ ਇਕ ਸਾਲ ਤੋਂ ਮਜ਼ਦੂਰ ਕੋਰਟ ਦੇ ਚੱਕਰ ਲਾ ਰਹੇ ਸਨ। ਜਨਵਰੀ 2012 'ਚ ਕੰਪਨੀ ਮੈਨੇਜਮੈਂਟ ਨੇ ਪੈਦਾਵਾਰ 'ਚ 35 ਫੀ ਸਦੀ ਦੀ ਕਮੀ ਹੋਣ ਦੀ ਗੱਲ ਕਹਿ ਕੇ ਮਜ਼ਦੂਰਾਂ 'ਤੇ ਕੰਮ ਮੱਠਾ ਕਰਨ, ਦੂਜੇ ਮਜ਼ਦੂਰਾਂ ਨੂੰ ਓਵਰ ਟਾਇਮ ਕਰਨ ਤੋਂ ਰੋਕਣ ਤੇ ਅਨੁਸਾਸ਼ਣ ਹੀਣਤਾ ਦਾ ਦੋਸ਼ ਲਾਇਆ ਤੇ ਸਭ ਮਜ਼ਦੂਰਾਂ ਦਾ ਨਵੰਬਰ 2011 ਤੋਂ ਜਨਵਰੀ 2012 ਤਕ 35 ਫੀ ਸਦੀ ਤਨਖਾਹ ਕੱਟ ਲਈ। ਇਸ ਦੌਰਾਨ ਨਵੰਬਰ 2011 'ਚ ਇਕ ਮਜ਼ਦੂਰ ਨੂੰ ਕੰਪਨੀ ਤੋਂ ਬਰਖਾਸਤ ਕਰ ਦਿੱਤਾ। ਦਸੰਬਰ

2011 ਦੇ ਸ਼ੁਰੂ ਵਿਚ ਦੋ ਹੋਰ ਸਥਾਈ ਮਜ਼ਦੂਰਾਂ ਨੂੰ ਬਰਖਾਸਤ ਕੀਤਾ ਗਿਆ ਅਤੇ ਦਸੰਬਰ 2011 ਨੂੰ 13 ਮਜ਼ਦੂਰਾਂ ਨੂੰ ਮੁਲਤਵੀ ਕਰ ਦਿੱਤਾ ਗਿਆ। ਮੈਨੇਜਮੈਂਟ ਦੇ ਨਾਲ ਗੱਲਬਾਤ ਪਿਛੋਂ ਵੀ ਸਸਪੈਂਡ 12 ਮਜ਼ਦੂਰਾਂ ਨੂੰ ਵਾਪਸ ਨਹੀਂ ਲਿਆ ਗਿਆ ਤੇ ਪਿਛਲੀ ਅਪ੍ਰੈਲ ’ਚ ਇਹਨਾਂ 12 ’ਚੋਂ ਤਿੰਨ ਮਜ਼ਦੂਰਾਂ ਨੂੰ ਬਰਖਾਸਤ ਕਰ ਦਿੱਤਾ ਗਿਆ। ਇਕ ਪਿਛੋਂ ਇਕ ਮੈਨੇਜਮੈਂਟ ਦੀ ਇਸ ਅੰਧੇਰ ਗਰਦੀ ਤੋਂ ਤੰਗ ਆ ਕੇ ਪਿਛਲੀ 24 ਅਪ੍ਰੈਲ ਨੂੰ ਮਜ਼ਦੂਰਾਂ ਨੇ ਕੰਮ ਬੰਦ ਕਰ ਦਿੱਤਾ ਤੇ ਕੰਪਨੀ ਅੰਦਰ ਹੀ ਧਰਨੇ ’ਤੇ ਬੈਠ ਗਏ।

ਅਗਲੇ ਹੀ ਦਿਨ ਕੰਪਨੀ ਨੇ 21 ਹੋਰ ਸਥਾਈ ਮਜ਼ਦੂਰਾਂ ਨੂੰ ਕੰਮ ਤੋਂ ਕੱਢ ਦਿੱਤਾ ਅਤੇ 109 ਮਜ਼ਦੂਰਾਂ ਨੂੰ ਸਸਪੈਂਡ ਕਰ ਦਿੱਤਾ। 27 ਅਪ੍ਰੈਲ ਨੂੰ ਮੈਨੇਜਮੈਂਟ ਮਜ਼ਦੂਰਾਂ ਨੂੰ ਕੰਪਨੀ ਕੈਂਪਸ ਤੋਂ ਬਾਹਰ ਕੱਢਣ ਲਈ ਕੋਰਟ ਦੇ ਹੁਕਮ ਲਿਆਇਆ ਅਤੇ ਪੁਲਸ ਤੇ ਕੰਪਨੀ ਦੇ ਗੁੰਡਿਆਂ ਦੀ ਮਦਦ ਨਾਲ ਅੰਦਰ ਬੈਠੇ ਮਜ਼ਦੂਰਾਂ ਨੂੰ ਜ਼ਬਰਦਸਤੀ ਕੰਪਨੀ ਤੋਂ ਬਾਹਰ ਕੱਢ ਦਿੱਤਾ। ਕੰਪਨੀ ਤੋਂ 50 ਮੀਟਰ ਦੂਰ ਬੈਠਣ ਤੋਂ ਪਿਛੋਂ ਵੀ ਗੁੰਡਿਆਂ ਨੇ ਪੁਲਸ ਮੂਹਰੇ ਹੀ ਮਜ਼ਦੂਰਾਂ ਦੀ ਮਾਰਕੁਟ ਕੀਤੀ ਤੇ ਪੁਲਸ ਖੜੀ ਵੇਖਦੀ ਰਹੀ। ਇਸ ਤੋਂ ਪਿਛੋਂ ਸਾਰੇ ਮਜ਼ਦੂਰਾਂ 27 ਅਪ੍ਰੈਲ ਤੋਂ ਕਿਰਤ ਦਫ਼ਤਰ ਦੇ ਬਾਹਰ ਧਰਨੇ ’ਤੇ ਬੈਠੇ ਹੋਏ ਹਨ। ਮਜ਼ਦੂਰਾਂ ਨੂੰ ਬਾਹਰ ਕੱਢਣ ਦੇ ਦੂਜੇ ਦਿਨ ਤੋਂ ਕੰਪਨੀ ਨੇ ਕੁੱਝ ਨਵੇਂ ਮਜ਼ਦੂਰਾਂ ਨੂੰ ਲਿਆ ਕੇ ਕੰਮ ਸ਼ੁਰੂ ਕਰਾਉਣ ਦੀ ਅਫ਼ਵਾਹ ਫੈਲਾਅ ਦਿੱਤੀ। ਪੁਰਾਣੇ ਮਜ਼ਦੂਰਾਂ ਵਲੋਂ ਨਵੇਂ ਮਜ਼ਦੂਰਾਂ ਨੂੰ ਸਮਝਾ ਕੇ ਕੰਮ ’ਤੇ ਜਾਣ ਦੇਣ ਪਿਛੋਂ ਪ੍ਰਬੰਧਕਾਂ ਵਲੋਂ ਲਗਭਗ 25 ਨਵੇਂ ਮਜ਼ਦੂਰਾਂ ਨੂੰ ਕੰਪਨੀ ਅੰਦਰ ਹੀ ਰਹਿਣ ਖਾਣ ਤੇ ਕੰਮ ਕਰਨ ਦਾ ਇੰਤਜਾਮ ਕਰਨ ਦੀ ਗੱਲ ਵੀ ਪਤਾ ਲੱਗੀ ਹੈ। ਉਦੋਂ ਤੋਂ ਹੁਣ ਤੱਕ ਲਗਭਗ 650 ਮਜ਼ਦੂਰ ਲੇਬਰ ਆਫਿਸ ਵਿਖੇ ਧਰਨੇ ’ਤੇ ਬੈਠੇ ਹਨ ਪਰ ਅੰਦੋਲਨ ਦੀ ਅਗਵਾਈ ਕਰ ਰਹੀ ਹਿੰਦ ਮਜ਼ਦੂਰ ਸਭਾ ਦਾ ਕੋਈ ਵੱਡਾ ਨੇਤਾ ਮਜ਼ਦੂਰਾਂ ਦੀਆਂ ਮੰਗਾਂ ’ਤੇ ਅੱਗੇ ਦੀ ਕਾਰਵਾਈ ਦੀ ਨਾ ਤਾਂ ਯੋਜਨਾ ਦੇ ਰਿਹਾ ਸੀ ਤੇ ਨਾ ਹੀ ਕੰਪਨੀ ’ਤੇ ਦਬਾਅ ਬਣਾਉਣ ਦੀ ਕੋਈ ਕੋਸ਼ਿਸ਼ ਹੀ ਕਰ ਰਿਹਾ ਸੀ। ਦੂਜੇ ਪਾਸੇ ਕਿਰਤ ਤੇ ਮੈਨੇਜਮੈਂਟ ਮਜ਼ਦੂਰਾਂ ਦੀ ਕੋਈ ਗੱਲ ਸੁਨਣ ਨੂੰ ਤਿਆਰ ਨਹੀਂ ਹਨ। ਹੜਤਾਲ ਨੂੰ ਇਕ ਮਹੀਨੇ ਤੋਂ ਬਾਅਦ ਸਮਾਂ ਲੰਘ ਜਾਣ ਪਿਛੋਂ ਵੀ ਹੜਤਾਲ ਦੇ ਪੱਖ ’ਚ ਵਿਆਪਕ ਹਮਾਇਤ ਜੁਟਾਉਣ ਦੀ ਗੱਲ ਤਾਂ ਦੂਰ, ਹਰਸੋਰਿਆ ਕੰਪਨੀ ਦੇ ਆਸ ਪਾਸ ਮੌਜੂਦ ਦੂਜੇ ਕਾਰਖਾਨਿਆਂ ਦੇ ਮਜ਼ਦੂਰਾਂ ਤਕ ਨੂੰ ਹੜਤਾਲ ਤਕ ਦੀ ਕੋਈ ਜਾਣਕਾਰੀ ਨਹੀਂ ਸੀ ਅਤੇ ਨਾ ਹੀ ਐਚ.ਐਮ.ਐਸ ਨੇ ਮਜ਼ਦੂਰਾਂ ਦੇ ਸਾਹਮਣੇ ਇਸ ਕਿਸਮ ਦੀ ਕੋਈ ਯੋਜਨਾ ਹੀ ਰੱਖੀ ਹੈ। ਇਥੇ ਕੰਮ ਕਰਨ ਵਾਲੇ ਬਹੁਤੇ ਮਜ਼ਦੂਰ ਉਦਯੋਗ, ਵਿਹਾਰ ਦੇ ਆਸ-ਪਾਸ ਸਥਿਤ ਸਰੌਲ, ਮੌਲਾ ਹੇੜਾ ਤੇ ਕਾਪਸਹੇੜਾ ਦੀਆਂ ਬਸਤੀਆਂ ’ਚ ਰਹਿੰਦੇ ਹਨ ਜਿਥੇ ਲੱਖਾਂ ਦੀ ਮਜ਼ਦੂਰ ਅਬਾਦੀ ਮੌਜੂਦ ਹੈ। ਇਹ ਮਜ਼ਦੂਰ ਵੀ ਉਹਨਾਂ ਹਾਲਤਾਂ ’ਚ ਕੰਮ ਕਰਦੇ ਹਨ ਜਿਵੇਂ ਕਿ ਹਰਸੋਰਿਆ ਦੇ ਮਜ਼ਦੂਰ ਤੇ ਜ਼ਿਆਦਾਤਰ ਠੇਕਾ ਕੈਜ਼ੂਅਲ ਦਿਹਾੜੀ ਮਜ਼ਦੂਰਾਂ ਦੀ ਇਹ ਪੂਰੀ ਗੈਰ ਜਥੇਬੰਦ ਅਬਾਦੀ ਕੰਪਨੀਆਂ ’ਚ ਖੁੱਲੇਆਮ ਲੁੱਟ ਘਸੁੱਟ ਦਾ ਸ਼ਿਕਾਰ ਹੈ। ਗੁੜਗਾਓ ਦੇ ਹਜ਼ਾਰਾਂ ਕਾਰਖਾਨਿਆਂ ਵਿਚੋਂ, ਮੁਸ਼ਕਲ ਨਾਲ ਸਵਾ ਸੌ ਵਿਚ ਯੂਨੀਅਨਾਂ ਹਨ ਅਤੇ ਯੂਨੀਅਨ ਦੀ ਮੰਗ ਹਰ ਥਾਂ ਇਕ ਅਹਿਮ ਮੁੱਦਾ ਹੈ। ਪਰ ਅੰਦੋਲਨ ਦੀ ਲੀਡਰਸ਼ਿਪ ਨੇ ਕਦੀ ਵੀ ਮਜ਼ਦੂਰਾਂ ਦੀ ਵਿਆਪਕ ਅਬਾਦੀ ਦੀ

ਹਮਾਇਤ ਲਾਮਬੰਦ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਹੜਤਾਲ ਦੇ ਸ਼ੁਰੂ ਤੋਂ ਹੀ ਯੂਨੀਅਨ ਪਾਸ ਨਾ ਤਾਂ ਕੋਈ ਯੋਜਨਾ ਦਿਸਦੀ ਹੈ ਤੇ ਨਾ ਹੀ ਸੰਘਰਸ਼ ਦੇ ਜੁਝਾਰੂ ਢੰਗ ਨਾਲ ਚਲਾ ਕੇ ਕੰਪਨੀ 'ਤੇ ਦਬਾਅ ਬਣਾਉਣ ਦਾ ਕੋਈ ਠੋਸ ਪ੍ਰੋਗਰਾਮ ਉਸ ਕੋਲ ਰਿਹਾ ਹੈ। ਧਰਨੇ 'ਤੇ ਬੈਠੇ ਹਰਸੋਰਿਆ ਦੇ ਮਜ਼ਦੂਰਾਂ ਨੇ ਦਸਿਆ ਕਿ ਇਕ ਮਹੀਨੇ 'ਚ ਅਜੇ ਸਿਰਫ ਇਕ ਵਾਰੀ ਗੇਟ ਰੈਲੀ ਕੀਤੀ ਹੈ। ਮਜ਼ਦੂਰਾਂ ਦਾ ਕਹਿਣਾ ਹੈ ਕਿ ਯੂਨੀਅਨ ਦੇ ਆਗੂਆਂ ਕੋਲ ਅਗਾਂਹ ਦਾ ਕੋਈ ਪ੍ਰੋਗਰਾਮ ਨਹੀਂ ਹੈ ਅਤੇ ਉਹ ਮੈਨੇਜਮੈਂਟ ਤੋਂ ਆਪਣੀ ਕੋਈ ਵੀ ਮੰਗ ਮਨਵਾਉਣ ਲਈ ਦਬਾਅ ਬਣਾਉਣ ਦੀ ਸਥਿਤੀ ਵਿਚ ਨਹੀਂ ਹੈ। ਦੂਜੇ ਪਾਸੇ ਕਿਰਤ ਅਧਿਕਾਰੀਆਂ, ਹਰਿਆਣੇ ਦੇ ਕਿਰਤ ਮੰਤਰੀ ਤੇ ਪੁਲਸ ਮਜ਼ਦੂਰਾਂ 'ਤੇ ਲਗਾਤਾਰ ਦਬਾਅ ਬਣਾ ਕੇ ਰੱਖ ਰਹੇ ਹਨ ਕਿ ਹੜਤਾਲ ਖਤਮ ਕਰ ਦਿੱਤੀ ਜਾਵੇ ਅਤੇ ਕੱਢੇ ਗਏ ਮਜ਼ਦੂਰਾਂ ਨੂੰ ਛੱਡ ਕੇ ਬਾਕੀ ਮਜ਼ਦੂਰ ਵਾਪਸ ਕੰਮ 'ਤੇ ਚਲੇ ਜਾਣ ਨਹੀਂ ਤਾਂ ਉਹਨਾਂ ਜ਼ਬਰਦਸਤੀ ਹਟਾ ਦਿੱਤਾ ਜਾਵੇਗਾ। ਬਿਨ੍ਹਾਂ ਕਿਸੇ ਯੋਜਨਾ ਦੇ ਚਲ ਰਹੇ ਅੰਦੋਲਨ ਕਾਰਨ ਪੈਦਾ ਹੋਈ ਨਿਰਾਸ਼ਾ ਦਾ ਹੀ ਸਿੱਟਾ ਹੈ ਕਿ ਆਮ ਤੌਰ 'ਤੇ ਧਰਨੇ ਵਾਲੀ ਥਾਂ 'ਤੇ ਹੀ ਸਿਰਫ 20-25 ਮਜ਼ਦੂਰ ਬੈਠੇ ਰਹਿੰਦੇ ਹਨ। ਹੋਰ ਮਜ਼ਦੂਰ ਆਪਣੇ ਕਮਰਿਆਂ 'ਚ ਪਏ ਰਹਿੰਦੇ ਹਨ ਜਾਂ ਘਰ ਚਲੇ ਗਏ ਹਨ ਜਾਂ ਫਿਰ ਕੱਚੇ ਮਜ਼ਦੂਰ ਕਿਧਰੇ ਹੋਰ ਕੰਮ ਕਰ ਰਹੇ ਹਨ। ਲਗਦਾ ਹੈ ਕਿ ਮੈਨੇਜਮੈਂਟ ਤੇ ਕੇਂਦਰੀ ਯੂਨੀਅਨ ਦੀ ਲੀਡਰਸ਼ਿਪ ਦੋਨੋਂ ਹੀ ਇਸ ਉਡੀਕ 'ਚ ਬੈਠੇ ਹਨ ਕਿ ਮਜ਼ਦੂਰਾਂ ਨੂੰ ਏਨਾ ਥਕਾਅ ਦਿੱਤਾ ਜਾਵੇ ਕਿ ਅੰਤ 'ਚ ਉਹ ਫਿਰ ਤੋਂ ਸਮਝੌਤਾ ਕਰਨ ਲਈ ਮਜ਼ਬੂਰ ਹੋ ਜਾਣ। ਜੇ ਅਜੇਹਾ ਹੋਇਆ ਤਾਂ ਇਕ ਵਾਰੀ ਫਿਰ ਹਰਸੋਰਿਆ 'ਚ ਪਿਛਲੇ ਸਾਲ ਦੀ ਕਹਾਣੀ ਦੁਹਰਾਈ ਜਾਵੇਗੀ।

2003 ਤੋਂ ਚਲ ਰਹੀ ਇਹ ਕੰਪਨੀ ਮੁਖ ਤੌਰ 'ਤੇ ਇਲਾਜ ਦੇ ਉਪਕਰਣ ਬਣਾਉਂਦੀ ਹੈ ਜਿਸ ਦੀ ਬਰਾਮਦ ਯੂਰਪ, ਸਿੰਘਾਪੁਰ ਤੇ ਕੋਰੀਆ 'ਚ ਕੀਤੀ ਜਾਂਦੀ ਹੈ। ਕੰਪਨੀ ਦਾ ਸਲਾਨਾ ਕਾਰੋਬਾਰ ਲਗਭਗ 37 ਕਰੋੜ ਰੁਪਏ ਹੈ। ਜਿਸ ਵਿਚ 650 ਮਜ਼ਦੂਰਾਂ ਨੂੰ ਤਨਖਾਹ ਵਜੋਂ ਸਲਾਨਾ ਸਿਰਫ 12 ਫੀ ਸਦੀ (ਕਰੀਬ 4 ਕਰੋੜ) ਦਿਤਾ ਜਾਂਦਾ ਹੈ। ਇਥੇ 400 ਠੇਕਾ ਤੇ 200 ਸਥਾਈ ਮਜ਼ਦੂਰ ਹਨ ਜੋ ਜ਼ਿਆਦਾਤਰ ਉਤਰ ਪ੍ਰਦੇਸ਼, ਬਿਹਾਰ, ਉੜੀਸਾ ਤੇ ਬੰਗਾਲ ਦੇ ਰਹਿਣ ਵਾਲੇ ਹਨ। ਅਪ੍ਰੈਲ 2011 'ਚ ਕੰਪਨੀ 'ਚ 203 ਕੈਜ਼ੂਅਲ ਮਜ਼ਦੂਰ ਸਨ। ਜਿਹਨਾਂ ਨੂੰ ਸਿੱਧੇ ਕੰਪਨੀ ਨੇ ਕੰਮ 'ਤੇ ਰਖਿਆ ਸੀ ਪਿਛੋਂ ਕੰਪਨੀ ਨੇ 143 ਕੈਜ਼ੁਅਲ ਮਜ਼ਦੂਰਾਂ ਨੂੰ ਠੇਕੇਦਾਰ ਦੇ ਰਾਹੀਂ ਕੰਮ 'ਤੇ ਟ੍ਰਾਂਸਫਰ ਕਰ ਦਿਤਾ ਜਿਸ 'ਚ 15 ਮਜ਼ਦੂਰ ਠੇਕੇਦਾਰ ਦੇ ਨਾਲ ਕੰਟਰੈਕਟ ਕਰਕੇ ਕੰਮ 'ਤੇ ਚਲੇ ਗਏ ਪਰ ਬਚੇ ਹੋਏ 128 ਮਜ਼ਦੂਰਾਂ ਨੂੰ ਸਸਪੈਂਡ ਜਾਂ ਬਰਖਾਸਤ ਕਰ ਦਿੱਤਾ ਗਿਆ।

ਇਹ ਸਭ ਇਸ ਗੈਰ ਕਾਨੂੰਨੀ ਕਾਰਵਾਈ ਖਿਲਾਫ ਮੁਕੱਦਮਾ ਲੜ ਰਹੇ ਹਨ। ਪਿਛਲੇ ਕੁਝ ਦਿਨਾਂ 'ਚ ਮੈਨੇਜਮੈਂਟ ਲਗਾਤਾਰ ਠੇਕਾ ਮਜ਼ਦੂਰੀ ਦਾ 4000 ਰੁਪਏ ਤੋਂ 4600 ਰੁਪਏ ਹੈ। ਹਰ ਮਜ਼ਦੂਰ ਲਈ ਹਰ ਘੰਟੇ ਲਗਭਗ 1000 ਤੋਂ ਵੱਧ ਪੀਸ ਬਣਾਉਣ ਦਾ ਟਾਰਗੈਟ ਤਹਿ ਹੈ। ਟਾਰਗੈਟ ਪੂਰਾ ਨਾ ਹੋਣ 'ਤੇ ਉਸ ਦਿਨ ਦੀ ਤਨਖਾਹ ਕੱਟ ਲਈ ਜਾਂਦੀ ਹੈ। ਪਿਛਲੇ ਸਾਲ ਕੰਪਨੀ ਨੇ ਪੀ.ਐਫ ਤੇ ਈ.ਐਸ.ਆਈ ਦਾ ਆਪਣਾ ਹਿੱਸਾ ਜਮ੍ਹਾਂ ਨਹੀਂ ਕੀਤਾ ਗਿਆ ਹੈ ਜਦਕਿ ਮਜ਼ਦੂਰਾਂ ਦੀ ਤਨਖਾਹ 'ਚੋਂ ਕਟੌਤੀ ਜਾਰੀ

ਹੈ। ਪਿਛਲੀ ਹੜਤਾਲ ਪਿਛੋਂ ਮਜ਼ਦੂਰਾਂ ਨੂੰ ਦਿਵਾਲੀ ਦਾ ਬੋਨਸ ਨਹੀਂ ਦਿੱਤਾ ਗਿਆ। ਚਾਰ ਸਾਲ ਤੋਂ ਵੱਧ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਦਿੱਤੇ ਜਾਣ ਵਾਲਾ 1500 ਰੁਪਿਆ ਦਾ ਬੋਨਸ ਵੀ ਬੰਦ ਕਰ ਦਿੱਤਾ ਗਿਆ ਹੈ। ਕੰਪਨੀ ਨੇ ਦੁਪਹਿਰ ਦਾ ਖਾਣਾ ਦੇਣਾ ਬੰਦ ਕਰ ਦਿੱਤਾ ਹੈ। ਕੰਮ ਦੇ ਘੰਟਿਆਂ ਵਿਚੋਂ ਚਾਹ ਲਈ ਦੋ ਵਾਰੀ 15-15 ਮਿੰਟ ਦੀ ਬਰੇਕ ਦਿਤੀ ਜਾਂਦੀ ਸੀ ਜੋ ਹੁਣ ਖਤਮ ਕਰ ਦਿੱਤੀ ਗਈ ਹੈ। ਵਧਦੀ ਮਹਿੰਗਾਈ ਦੇ ਬਾਵਜੂਦ ਸਾਲਾਂ ਤੋਂ ਮਜ਼ਦੂਰਾਂ ਦੀ ਤਨਖਾਹ 'ਚ ਕੋਈ ਵਾਧਾ ਨਹੀਂ ਕੀਤਾ ਗਿਆ ਹੈ।

ਮਜ਼ਦੂਰਾਂ ਦੀ ਲੁੱਟ-ਘਸੁੱਟ ਦੀ ਇਹ ਸਚਾਈ ਉਸ ਕੰਪਨੀ ਦੀ ਹੈ ਜਿਥੇ ਐਚ.ਐਮ.ਐਸ ਪਿਛਲੇ ਲਗਭਗ ਤਿੰਨ ਸਾਲਾਂ ਤੋਂ ਕੰਮ ਕਰ ਰਹੀ ਹੈ ਤੇ ਜਿਥੇ ਮਜ਼ਦੂਰਾਂ ਦੀ ਇਕ ਟ੍ਰੇਡ ਯੂਨੀਅਨ ਵੀ ਰਜਿਸਟਰਡ ਹੈ। ਮਜ਼ਦੂਰਾਂ ਦੇ ਅਧਿਕਾਰ ਲਗਾਤਾਰ ਖੋਹੇ ਜਾ ਰਹੇ ਹਨ ਮਜ਼ਦੂਰਾਂ 'ਚ ਬੇਚੈਨੀ ਵਧ ਰਹੀ ਹੈ ਅਤੇ ਐਚ.ਐਮ.ਐਸ, ਏਟਕ, ਸੀਟੂ ਵਰਗੀਆਂ ਕੇਂਦਰੀ ਟ੍ਰੇਡ ਯੂਨੀਅਨਾਂ ਚੁਪ ਵੱਟੀ ਰਖਦੀਆਂ ਹਨ ਪਰ ਮਜ਼ਦੂਰਾਂ ਦਾ ਦਬਾਅ ਜਦ ਵਧ ਜਾਂਦਾ ਹੈ ਤਾਂ ਪ੍ਰਤੀਕਰਮ ਵਜੋਂ ਹੜਤਾਲਾਂ ਦਾ ਸਹਾਰਾ ਲੈ ਕੇ ਮਜ਼ਦੂਰਾਂ ਦੇ ਗੁੱਸੇ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਬਜਾਏ ਇਸ ਦੇ ਕਿ ਇਹਨਾਂ ਅੰਦੋਲਨਾਂ ਦੇ ਮਾਧਿਅਮ ਨਾਲ ਵਰਤਮਾਨ ਵਿਵਸਥਾ ਦੇ ਮਜ਼ਦੂਰ ਤੇ ਲੋਕ ਵਿਰੋਧੀ ਕਿਰਦਾਰ ਦਾ ਪਰਦਾਫ਼ਾਸ ਕਰਨ ਤੇ ਉਹਨਾਂ ਨੂੰ ਵਿਆਪਕ ਪੱਧਰ 'ਤੇ ਜਥੇਬੰਦ ਕਰਨ ਦੀ ਕੋਸ਼ਿਸ਼ ਕਰਨ। ਗੁੜਗਾਉ 'ਚ 20 ਕੰਪਨੀਆਂ 'ਚ ਐਚ.ਐਮ.ਐਸ ਨਾਲ ਜੁੜੀਆਂ ਯੂਨੀਅਨਾਂ ਹਨ ਜੋ ਕਦੀ ਹਰਸੋਰਿਆ ਵਰਗੇ ਅੰਦੋਲਨ ਤਾਂ ਕਦੀ ਇਕ ਦਿਨ ਦੇ ਪ੍ਰਤੀਕਾਤਮਿਕ ਵਿਰੋਧ ਵਰਗੀਆਂ ਕਾਰਵਾਈਆਂ ਕਰਕੇ ਮਜ਼ਦੂਰਾਂ ਦੇ ਗੁੱਸੇ 'ਤੇ ਪਾਣੀ ਦੇ ਛਿੱਟੇ ਮਾਰਨ ਦਾ ਕੰਮ ਕਰ ਰਹੀ ਹੈ।

ਜੇ ਐਚ.ਐਮ.ਐਸ ਆਪਣੇ ਨਾਲ ਜੁੜੀਆਂ ਸਾਰੀਆਂ ਯੂਨੀਅਨਾਂ ਨੂੰ ਵੀ ਮਜ਼ਦੂਰਾਂ ਦੇ ਸਾਂਝੇ ਸੁਆਲ 'ਤੇ ਇਕੋ ਵੇਲੇ ਕਾਰਵਾਈ ਕਰਨ ਲਈ ਲਾਮਬੰਦ ਨਹੀਂ ਕਰ ਸਕਦਾ ਤਾਂ ਵਿਆਪਕ ਮਜ਼ਦੂਰ ਏਕੇ ਲਈ ਉਸ ਤੋਂ ਕੁਝ ਕਰਨ ਦੀ ਉਮੀਦ ਕਰਨਾ ਹੀ ਬੇਕਾਰ ਹੈ। ਪਿਛਲੇ 2-3 ਸਾਲਾਂ ਤੇ ਨਜ਼ਰ ਮਾਰੀਏ ਤਾਂ ਗੁੜਗਾਓ ਤੇ ਆਸ-ਪਾਸ ਦੇ ਸਨਅਤੀ ਇਲਾਕਿਆਂ 'ਚ ਮਜ਼ਦੂਰਾਂ ਦੇ ਅੰਦੋਲਨਾਂ ਤੇ ਹੜਤਾਲਾਂ ਦਾ ਸਿਲਸਿਲਾ ਕਦੀ ਟੁਟਿਆ ਨਹੀਂ ਹੈ। ਪਰ ਇਹ ਵੀ ਸੱਚ ਹੈ ਕਿ ਅਜੇਹੇ ਲਗਭਗ ਸਾਰੇ ਅੰਦੋਲਨਾਂ ਦਾ ਅੰਤ ਕਿਸੇ ਨਾ ਕਿਸੇ ਸਮਝੌਤੇ 'ਚ ਹੋਇਆ। ਇਸ 'ਚ ਮਜ਼ਦੂਰਾਂ ਨੂੰ ਕੁਝ ਵੀ ਖਾਸ ਹਾਸਲ ਨਹੀਂ ਹੋਇਆ ਅਤੇ ਕਈ ਥਾਂ ਤਾਂ ਨੁਕਸਾਨ ਵੀ ਉਠਾਉਣਾ ਪਿਆ। ਆਖਰ ਇਸ ਦੀ ਵਜਾਹ ਕੀ ਹੈ? ਕੋਈ ਇਨਕਲਾਬੀ ਲੀਡਰਸ਼ਿਪ ਤੇ ਸਹੀ ਦਿਸ਼ਾ ਨਾ ਹੋਣ ਕਰਕੇ ਇਹ ਸਭ ਸੰਘਰਸ਼ ਪੁਲਸ ਤੇ ਮਾਲਕਾਂ ਦੇ ਗੁੰਡਿਆਂ ਵਲੋਂ ਮਜ਼ਦੂਰਾਂ ਦੀ ਲੁਟ ਤੇ ਜ਼ਬਰ ਜਾਂ ਕਾਨੂੰਨੀ ਲੜਾਈ ਲਈ ਮਜ਼ਦੂਰਾਂ ਵਲੋਂ ਸਮਝੌਤਾ ਕਰ ਲੈਣ ਦੇ ਨਾਲ ਖਤਮ ਹੋ ਜਾਂਦੇ ਹਨ ਤੇ ਫਿਰ ਮਜ਼ਦੂਰ ਸਾਲਾਂ ਬੱਧੀ ਅਦਾਲਤਾਂ ਦੇ ਚੱਕਰ ਲਾਉਂਦੇ ਰਹਿੰਦੇ ਹਨ। ਸਭ ਵੱਡੀਆਂ ਯੂਨੀਅਨਾਂ ਲੱਖਾਂ ਦੀ ਮੈਂਬਰਸ਼ਿਪ ਦਾ ਦਾਅਵਾ ਕਰਦੀਆਂ ਹਨ ਪਰ ਜਦ ਮਜ਼ਦੂਰਾਂ ਹਿੱਤਾਂ ਦੀ ਰਾਖੀ ਦੀ ਗੱਲ ਆਉਂਦੀ ਹੈ ਤਾਂ ਕੁਝ ਦਿਖਾਵੇ ਦੇ ਪ੍ਰੋਗਰਾਮਾਂ ਤੋਂ ਇਲਾਵਾ ਇਹਨਾਂ ਦਾ ਕੁੱਝ ਪਤਾ ਨਹੀਂ ਲਗਦਾ। ਦਲਾਲੀ ਦੇ ਚੰਦੇ ਦੀ ਕਮਾਈ 'ਤੇ ਪੈਸਾ ਬਣਾਉਣ ਵਾਲੇ ਇਹਨਾਂ ਦੇ ਨੇਤਾ ਮਜ਼ਦੂਰਾਂ

ਦੇ ਹਰ ਜੁਝਾਰੂ ਸੰਘਰਸ਼ ਨੂੰ ਕਿਸੇ ਨਾ ਕਿਸੇ ਬੇਜਾਨ ਸਮਝੌਤੇ ਤੇ ਪਿਛੋਂ ਖੂਹ ਖਾਤੇ ਪਾਉਣ ਦਾ ਮੌਕਾ ਲਭਦੇ ਰਹਿੰਦੇ ਹਨ।

ਸਮਝਣਾ ਮੁਸ਼ਕਲ ਨਹੀਂ ਹੈ ਕਿ ਇਹ ਮਜ਼ਦੂਰਾਂ ਦੇ ਲੀਡਰ ਹਨ ਜਾਂ ਮਾਲਕਾਂ ਦੇ ਮਦਦਗਾਰ। ਮਜ਼ਦੂਰਾਂ ਦੀਆਂ ਇਨਕਲਾਬੀ ਯੂਨੀਅਨਾਂ ਖੜੀਆਂ ਕੀਤੇ ਬਿਨ੍ਹਾਂ ਮਜ਼ਦੂਰ ਆਪਣੇ ਹੱਕਾਂ ਦੀ ਲੜਾਈ 'ਚ ਅੱਗੇ ਨਹੀਂ ਵੱਧ ਸਕਦੇ। ਪੂੰਜੀਵਾਦ ਦੀ ਸ਼ਕਤੀ ਦਾ ਮੁਕਾਬਲਾ ਅਜੇ ਕਿਸੇ ਇਕ ਕਾਰਖਾਨੇ ਦੇ ਮਜ਼ਦੂਰ ਇੱਕਲਿਆ ਨਹੀਂ ਕਰ ਸਕਦੇ। ਮਜ਼ਦੂਰਾਂ ਨੂੰ ਇਲਾਕਾ ਈ ਪੈਮਾਨੇ 'ਤੇ ਉਦਯੋਗ ਦੇ ਪੂਰੇ ਸੈਕਟਰ ਦੇ ਪੈਮਾਨੇ 'ਤੇ ਵੱਖ-ਵੱਖ ਤਰੀਕਿਆਂ ਨਾਲ ਵਿਆਪਕ ਇਕਜੁਟਤਾ ਕਾਇਮ ਕਰਨੀ ਪਵੇਗੀ। ਲੜਾਈ ਦੇ ਪੁਰਾਣੇ ਘਿਸੇ ਪਿਟੇ ਤਰੀਕਿਆਂ ਨਾਲ ਹੁਣ ਕੰਮ ਨਹੀਂ ਚਲਣਾ। ਮਜ਼ਦੂਰਾਂ ਨੂੰ ਲੜਾਈ ਦੇ ਨਵੇਂ ਖਾੜਕੂ ਰੂਪ ਲੱਭਣੇ ਹੋਣਗੇ ਅਤੇ ਬਹੁਤ ਯੋਜਨਾਬੱਧ ਢੰਗ ਨਾਲ ਪੂਰੀ ਤਿਆਰੀ ਕਰਕੇ ਲੜਨਾ ਪਵੇਗਾ।

# ਪੈਰਿਸ ਕਮਿਊਨ (ਪਹਿਲਾ ਮਜ਼ਦੂਰ ਰਾਜ) ਦੀ ਸ਼ੁਰੂਆਤ ਹੋਈ ਕਿਵੇਂ?

ਪੈਰਿਸ ਕਮਿਊਨ ਦੀ ਸਥਾਪਨਾਂ ਵਲ ਲੈ ਜਾਣ ਵਾਲੀਆਂ ਘਟਨਾਵਾਂ ਦੀ ਸ਼ੁਰੂਆਤ ਉਦੋਂ ਹੋਈ ਜਦ ਏਸ਼ੀਆ ਦੇ ਨਾਲ ਲੜਾਈ ਵਿਚ ਸਤੰਬਰ 1870 ਵਿਚ ਫ਼੍ਰਾਂਸ ਦੀ ਬੁਰੀ ਤਰ੍ਹਾਂ ਹਾਰ ਹੋਈ। ਸਮਾਰਾਜ ਦੇ ਢਹਿ ਜਾਣ ਦੇ ਨਾਲ ਹੀ ਫ਼੍ਰਾਂਸ ਦੀ ਰਾਜਧਾਨੀ ਪ੍ਰੈਸ ਦੇ ਮੇਹਨਤਕਸ਼ਾਂ ਨੇ ਤੀਜੇ ਗਣਰਾਜ ਦੀ ਸਥਾਪਨਾ ਦਾ ਐਲਾਨ ਕਰ ਦਿੱਤਾ। ਇਕ ਅਸਥਾਈ ਸਰਕਾਰ ਕਾਇਮ ਹੋਈ ਜਿਸ ਨੂੰ ਕੌਮੀ ਪ੍ਰਤੀ ਰਖਿਆ ਦੀ ਸਰਕਾਰ ਕਿਹਾ ਗਿਆ। ਪਰ ਮਜ਼ਦੂਰਾਂ ਨੂੰ ਹਥਿਆਰਬੰਦ ਕੀਤੇ ਬਿਨ੍ਹਾਂ ਤੇ ਉਹਨਾਂ ਨੂੰ ਪ੍ਰਭਾਵੀ ਲੜਾਕੂ ਫੋਰਸ ਵਜੋਂ ਜਥੇਬੰਦ ਕੀਤੇ ਬਿਨ੍ਹਾ ਪੈਰਿਸ ਦੀ ਰਾਖੀ ਨਹੀਂ ਕੀਤੀ ਜਾ ਸਕਦੀ ਸੀ। ਪਰ ਪੈਰਿਸ ਦੇ ਮੇਹਨਤਕਸ਼ਾਂ ਨੂੰ ਹਥਿਆਰਬੰਦ ਕਰਨ ਦਾ ਮਤਲਬ ਸੀ ਇਨਕਲਾਬ ਨੂੰ ਹਥਿਆਰਬੰਦ ਕਰਨਾ। ਏਸ਼ੀਆ ਦੀ ਹਮਲਾਵਰ ਫੌਜ 'ਤੇ ਪੈਰਿਸ ਦੀ ਜਿੱਤ ਫ਼੍ਰਾਂਸ ਦੇ ਸ਼ਰਮਾਏਦਾਰਾਂ ਤੇ ਉਹਨਾਂ ਦੇ ਚਾਕਰ ਸਰਕਾਰੀ ਅਧਿਕਾਰੀਆਂ 'ਤੇ ਫ਼੍ਰਾਂਸੀਸੀ ਮਜ਼ਦੂਰਾਂ ਦੀ ਜਿੱਤ ਹੁੰਦੀ ਕੌਮੀ ਫ਼ਰਜ਼ ਤੇ ਵਰਗ ਹਿੱਤਾਂ ਦੇ ਇਸ ਟਕਰਾਅ 'ਚ ਅਖੌਤੀ 'ਕੌਮੀ ਪ੍ਰਤੀ ਰਖਿਆ ਦੀ ਸਰਕਾਰ' ਨੇ ਵਿਦੇਸ਼ੀ ਦੁਸ਼ਮਣ ਅੱਗੇ ਗੋਡੇ ਟੇਕਣ 'ਚ ਭੋਰਾ ਵੀ ਹਿਚਕਚਾਹਟ ਨਹੀਂ ਦਿਖਾਈ ਤਾਂ ਕਿ ਮਜ਼ਦੂਰਾਂ ਨੂੰ ਕੁਚਲਿਆ ਜਾ ਸਕੇ। ਪਰ ਪੈਰਿਸ ਦੇ ਮੇਹਨਤਕਸ਼ ਹਮਾਇਤ ਕਰਨ ਲਈ ਤਿਆਰ ਨਹੀਂ ਸਨ। ਗਰੀਬ ਤੇ ਜ਼ਬਰ ਦੀ ਸ਼ਿਕਾਰ ਜਨਤਾ ਦੀ ਮਦਦ ਤੇ ਭਰਪੂਰ ਭਾਗੀਦਾਰੀ ਨਾਲ ਪੈਰਿਸ ਦੇ ਨੈਸ਼ਨਲ ਗਾਰਡ (1789 ਦੀ ਕ੍ਰਾਂਤੀ ਸਮੇਂ ਜਨਤਾ ਵਿਚੋਂ ਉਠ ਖੜ੍ਹੇ ਹੋਏ ਫੌਜੀ ਦਸਤੇ) ਨੇ ਸ਼ਹਿਰ ਦੀ ਰਾਖੀ ਲਈ ਕਮਰਕਸ਼ ਲਈ। ਸਤੰਬਰ 1870 ਦੇ ਆਖਰੀ ਦਿਨਾਂ 'ਚ ਏਸ਼ੀਆ ਦੀ ਫੌਜ ਨੇ ਪੈਰਿਸ ਦੀ ਘੇਰਾਬੰਦੀ ਕਰ ਦਿਤੀ ਜੋ ਪੰਜ ਮਹੀਨੇ ਤਕ ਚੱਲੀ। ਇਸ ਦੌਰਾਨ ਪੈਰਿਸ ਦੇ ਆਮ ਲੋਕਾਂ ਨੂੰ ਭਿਆਨਕ ਕਠਨਾਈਆਂ ਦਾ ਸਾਹਮਣਾ ਕਰਨਾ ਪਿਆ ਪਰ ਉਹ ਡਟੇ ਰਹੇ। ਸ਼ਰਮਾਏਦਾਰਾਂ ਦੀ ਸਰਕਾਰ ਦੇ ਮੁੱਖ ਅਡੋਲਫ ਥਿਏਰ ਨੇ ਜਨਵਰੀ 1871 'ਚ ਅਪਮਾਨ ਜਨਕ ਸ਼ਰਤਾਂ 'ਤੇ ਪ੍ਰਸ਼ਿਆ ਨਾਲ ਸਮਝੌਤਾ ਕਰ ਲਿਆ, ਫਿਰ ਵੀ ਪੈਰਿਸ ਦੀ ਜਨਤਾ ਨੇ ਹਮਾਇਤ ਕਰਨ ਤੋਂ ਨਾਂਹ ਕਰ ਦਿੱਤੀ ਤੇ ਨੈਸ਼ਨਲ ਗਾਰਡ 'ਚ ਭਰਤੀ ਜਾਰੀ ਰਹੀ। ਥਿਏਰ ਅੱਛੀ ਤਰ੍ਹਾਂ ਸਮਝ ਰਿਹਾ ਸੀ ਕਿ ਜਦ ਤਕ ਪੈਰਿਸ ਦੇ ਮਜ਼ਦੂਰਾਂ ਦੇ ਹੱਥਾਂ 'ਚ ਹਥਿਆਰ ਹਨ ਤਦ ਤਕ ਮਾਲਕਾਂ ਵੱਡੇ ਭੋਇੰ ਮਾਲਕਾਂ ਤੇ ਸ਼ਰਮਾਏਦਾਰਾਂ ਦੇ ਰਾਜ ਲਈ ਖਤਰਾ ਬਣਿਆ ਰਹੇਗਾ, ਦੂਜੇ ਪਰਸ਼ਿਆਂ ਦਾ ਹਾਕਮ ਬਿਸਮਾਰਕ ਫਰਾਂਸ ਦੀ ਧਰਤੀ 'ਤੇ ਮੌਜੂਦ ਆਪਣੇ ਪੰਜ ਲੱਖ ਫੌਜੀਆਂ ਦਾ ਖਰਚ ਵੀ ਫ਼੍ਰਾਂਸ ਦੀ ਸਰਕਾਰ ਤੋਂ ਵਸੂਲਣ ਦੀ ਮੰਗ ਕਰ ਰਿਹਾ ਸੀ। ਥਿਏਰ ਅਤੇ ਸਰਕਾਰ ਵਿਚ ਉਸ ਦੇ ਭ੍ਰਿਸ਼ਟ ਸਹਿਯੋਗੀ ਗਣਰਾਜ ਦਾ ਤਖਤਾ ਪਲਟਣ ਦੀ ਸਾਜਿਸ਼ ਰਚ ਰਹੇ ਸਨ ਤਾਂ ਕਿ ਏਸ਼ੀਆ ਦੀ ਇਸ ਮੰਗ ਨੂੰ ਪੂਰਾ ਕਰਨ ਦਾ ਬੋਝ ਦੇਸ਼ ਦੀ ਮਹਿਨਤਕਸ਼ ਜਨਤਾ 'ਤੇ ਠੋਸਿਆ ਜਾ ਸਕੇ। ਇਸ ਸਾਜਿਸ਼ ਦੀ ਰਾਹ 'ਚ ਇਕ ਹੀ ਜ਼ਬਰਦਸਤ ਅੜਿਕਾ ਸੀ। ਮਜ਼ਦੂਰਾਂ ਦਾ ਪੈਰਿਸ। ਪੈਰਿਸ ਦੀ ਘੇਰਾਬੰਦੀ ਦੌਰਾਨ ਨੈਸ਼ਨਲ ਗਾਰਡ ਦੇ ਫੌਜੀਆਂ ਨੇ ਖੁਦ ਸਾਧਨ ਜੁਟਾ ਕੇ 400 ਤੋਪਾਂ ਦਾ ਤੋਪਖਾਨਾ ਖੜ੍ਹਾ ਕੀਤਾ ਸੀ। ਪੈਰਿਸ ਨੂੰ

ਨਿਹੱਥਿਆਂ ਕਰਨਾ ਥਿਏਅਰ ਦੀ ਸਫਲਤਾ ਦੀ ਪਹਿਲੀ ਸ਼ਰਤ ਸੀ। 18 ਮਾਰਚ 1871 ਨੂੰ ਥਿਏਰ ਨੇ ਨੈਸ਼ਨਲ ਗਾਰਡ ਦੀਆਂ ਤੋਪਾਂ ਸਮੇਤ ਉਸ ਦੇ ਹਥਿਆਰ ਖੋਹਣ ਲਈ ਆਪਣੀ ਫੌਜ ਨੂੰ ਭੇਜਿਆ। ਸੁਬਾਹ ਹੋਣ ਤੋਂ ਪਹਿਲਾਂ ਅਚਾਨਕ ਕੀਤੀ ਗਈ ਇਸ ਕਾਰਵਾਈ ਵਿਚ ਕਈ ਥਾਂ ਸਰਕਾਰੀ ਫੌਜੀ ਤੋਪਾਂ 'ਤੇ ਕਬਜ਼ਾ ਕਰਨ 'ਚ ਸਫਲ ਰਹੇ, ਪਰ ਜਦ ਉਹ ਮੋਂਤੇ ਮਾਰਤਰ ਨਾਂ ਦੇ ਇਲਾਕੇ 'ਚ ਪਹੁੰਚੇ ਤਾਂ ਮੇਹਨਤਕਸ਼ ਔਰਤਾਂ ਦੀ ਨਾਰਾਜ਼ ਭੀੜ ਨੇ ਉਹਨਾਂ ਨੂੰ ਘੇਰ ਲਿਆ ਅਤੇ ਆਪਣੇ ਹੀ ਲੋਕਾਂ 'ਤੇ ਗੋਲੀ ਚਲਾਉਣ ਲਈ ਉਹਨਾਂ ਨੂੰ ਮਜ਼ਬੂਰ ਕਰਨ ਲੱਗੇ। ਔਰਤਾਂ ਦੀਆਂ ਟੁਕੜੀਆਂ ਨੇ ਤੋਪਾਂ ਦੀ ਹਿਫ਼ਾਜਤ ਕੀਤੀ ਤੇ ਚਾਰੋਂ ਪਾਸੇ ਖਬਰ ਫੈਲਾਅ ਦਿਤੀ। ਥੋੜੀ ਹੀ ਦੇਰ 'ਚ ਨੈਸ਼ਨਲ ਗਾਰਡ ਦੇ ਹਜ਼ਾਰਾਂ ਫੌਜੀਆਂ ਦੀਆਂ ਟੁਕੜੀਆਂ ਸੜਕਾਂ ਤੇ ਨਿਕਲ ਆਈਆਂ ਅਤੇ ਲੋਕਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਦੁਪਹਿਰ ਦੇ ਤਿੰਨ ਵਜੇ ਤਕ ਦੁਨੀਆਂ ਦੇ ਸਭ ਤੋਂ ਵੱਡੇ ਸ਼ਹਿਰਾਂ ਵਿਚੋਂ ਇਕ ਪੈਰਿਸ 'ਤੇ ਹਥਿਆਰਬੰਦ ਮਜ਼ਦੂਰਾਂ ਦਾ ਕਬਜ਼ਾ ਹੋ ਗਿਆ ਸੀ। ਜਲਦੀ ਹੀ ਫੌਜ ਦੀਆਂ ਹੋਰ ਟੁਕੜੀਆਂ ਨੇ ਵੀ ਬਗਾਵਤ ਕਰ ਦਿਤੀ ਅਤੇ ਬਗਾਵਤ ਦੀ ਅੱਗ ਤੇਜੀ ਨਾਲ ਫੈਲੀ ਕਿ ਘਬਰਾਏ ਹੋਏ ਥਿਏਅਰ ਨੇ ਬਚੀ ਖੁਚੀ ਫੌਜ ਸਮੇਤ ਸਰਕਾਰ ਨੂੰ ਫੌਰਨ ਫੌਜ ਛੱਡ ਕੇ ਵਰਸਾਈ ਚਲੇ ਜਾਣ ਦਾ ਐਲਾਨ ਕਰ ਦਿੱਤਾ। ਉਸ ਦੇ ਨਾਲ ਹੀ ਪੈਰਿਸ ਦੇ ਸਾਰੇ ਅਮੀਰ ਤੇ ਸਰਕਾਰੀ ਅਧਿਕਾਰੀ ਵੀ ਭੱਜ ਖੜ੍ਹੇ ਹੋਏ। ਕਮਿਊਨਾਡੋ ਨੇ ਉਹਨਾਂ ਨੂੰ ਜਾਣ ਦਿੱਤਾ ਜਦਕਿ ਇਹਨਾਂ ਫੌਜੀਆਂ ਨੂੰ ਉਹ ਆਪਣੇ ਪੱਖ 'ਚ ਕਰ ਸਕਦੇ ਹਨ। ਉਹਨਾਂ ਨੂੰ ਪੈਰਿਸ ਤੋਂ ਭੱਜ ਰਹੇ ਅਮੀਰਾਂ ਨੂੰ ਬੰਧਕ ਬਣਾ ਲੈਣਾ ਚਾਹੀਦਾ ਸੀ। ਆਪਣੀ ਇਸ ਉਦਾਰਤਾ ਦੀ ਪਿਛੋਂ ਉਹਨਾਂ ਨੂੰ ਭਾਰੀ ਕੀਮਤ ਚਕਾਉਣੀ ਪਈ ਕਿਉਂਕਿ ਸ਼ਰਮਾਏਦਾਰਾਂ ਨੇ ਮਜ਼ਦੂਰਾਂ ਦਾ ਖੂਨ ਡੋਹਲਣ ਵਿੱਚ ਭੋਰਾ ਭਰ ਵੀ ਉਦਾਰਤਾ ਨਹੀਂ ਵਿਖਾਈ। 18 ਮਾਰਚ ਨੂੰ ਪੈਰਿਸ 'ਚ ਇਹ ਆਕਾਸ਼ ਗੁੰਜਾਊ ਨਾਹਰਾ ਗੂੰਜਦਾ ਰਿਹਾ– ਕਮਿਊਨ ਜਿੰਦਾਬਾਦ! ਆਖਰ ਇਹ ਕਮਿਊਨ ਹੈ ਕੀ ਸੀ?

ਕਮਿਊਨ ਦੀ ਕੇਂਦਰੀ ਕਮੇਟੀ ਨੇ 18 ਮਾਰਚ ਨੂੰ ਜਾਰੀ ਆਪਣੇ ਮੈਨੀਫੈਸਟੋ 'ਚ ਕਿਹਾ ਸੀ ਕਿ "ਹਾਕਮ ਜਮਾਤਾਂ ਦੀਆਂ ਨਾ ਕਾਮੀਆਂ ਤੇ ਗਦਾਰੀਆਂ ਵਿਚਕਾਰ ਪੈਰਿਸ ਦੇ ਮਜ਼ਦੂਰਾਂ ਨੇ ਇਹ ਸਮਝ ਲਿਆ ਕਿ ਹੁਣ ਵਕਤ ਆ ਗਿਆ ਹੈ ਕਿ ਉਹ ਜਨਤਕ ਮਾਮਲਿਆਂ ਦੀ ਦਿਸ਼ਾ ਆਪਣੇ ਹੱਥਾਂ 'ਚ ਲੈ ਕੇ ਸਥਿਤੀ ਨੂੰ ਸੰਭਾਲਣ। ਉਹਨਾਂ ਸਮਝ ਲਿਆ ਹੈ ਕਿ ਇਹ ਉਹਨਾਂ ਦਾ ਲਾਜ਼ਮੀ ਫਰਜ਼ ਤੇ ਉਹਨਾਂ ਦਾ ਪਰਮ ਅਧਿਕਾਰ ਹੈ ਕਿ ਉਹ ਸਰਕਾਰੀ ਸਤਾ 'ਤੇ ਕਬਜ਼ਾ ਕਰਕੇ ਆਪਣੀ ਕਿਸਮਤ ਦੇ ਮਾਲਕ ਖੁਦ ਬਣਨ" ਇਹ ਇਤਿਹਾਸ 'ਚ ਅਹਿਮ ਘਟਨਾ ਸੀ। ਉਸ ਸਮੇਂ ਤਕ ਸਤਾ ਆਮ ਤੌਰ 'ਤੇ ਜਿੰਮੀਦਾਰਾਂ ਤੇ ਪੂੰਜੀਪਤੀਆਂ ਦੇ ਯਾਨੀ ਉਹਨਾਂ ਦੇ ਵਫਾਦਾਰ ਲੋਕਾਂ ਦੇ ਹੱਥਾਂ 'ਚ ਹੁੰਦੀ ਸੀ ਜਿਸ ਕਾਰਨ ਸਰਕਾਰ ਦਾ ਗਠਨ ਕੀਤਾ ਗਿਆ ਸੀ ਪਰ 18 ਮਾਰਚ ਦੇ ਇਨਕਲਾਬ ਪਿਛੋਂ ਜਦ ਥਿਏਅਰ ਦੀ ਸਰਕਾਰ ਆਪਣੇ ਫੌਜੀਆਂ, ਪੁਲਸ ਤੇ ਅਫ਼ਸਰਾਂ ਨੂੰ ਲੈਂਦੇ ਪੈਰਿਸ ਤੋਂ ਭੱਜ ਗਈ ਸੀ। ਜਦ ਲੋਕ ਸਥਿਤੀ ਤੇ ਮਾਲਕ ਬਣ ਗਏ ਤੇ ਸਤਾ ਮਜ਼ਦੂਰਾਂ ਦੇ ਹੱਥਾਂ 'ਚ ਪਹੁੰਚ ਗਈ ਪਰ ਅਧੁਨਿਕ ਸਮਾਜ 'ਚ ਮਜ਼ਦੂਰ ਜਮਾਤ ਰਾਜਸੀ ਨਜ਼ਰੀਏ ਤੋਂ ਤਕ ਤਕ ਆਪਣਾ ਕਾਬਾ ਕਾਇਮ ਨਹੀਂ ਕਰ ਸਕਦੀ ਜਦ ਤਕ ਉਹ ਉਹਨਾਂ ਜੰਜ਼ੀਰਾ ਨੂੰ ਨਹੀਂ ਤੋੜ ਦਿੰਦੀ ਜੋ ਉਸ ਨੂੰ ਪੂੰਜੀ

ਨਾਲ ਬੰਨ ਕੇ ਰਖਦੀਆਂ ਹਨ। ਇਸ ਲਈ ਇਹ ਜਰੂਰੀ ਸੀ ਕਿ ਕਮਿਊਨ ਦਾ ਸੰਘਰਸ਼ ਹਰ ਹਾਲ 'ਚ ਸਮਾਜਵਾਦੀ ਰੰਗਤ ਲੈਂਦਾ ਹੈ ਯਾਨੀ ਬੁਰਜੂਆਂ ਜਮਾਤ ਦੇ ਦਾਬੇ ਨੂੰ, ਪੂੰਜੀ ਦੇ ਦਾਬੇ ਨੂੰ ਉਲਟ ਦੇਣ ਤੇ ਮੌਜੂਦਾ ਪ੍ਰਬੰਧ ਨੂੰ ਜੜ੍ਹ ਤੋਂ ਨਸ਼ਟ ਕਰ ਦੇਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰਦਾ। 18 ਮਾਰਚ 1871 ਨੂੰ ਪੈਰਿਸ ਕਮਿਊਨ ਦੀ ਸਥਾਪਨਾ ਕਰ ਦਿੱਤੀ ਗਈ। ਨੈਸ਼ਨਲ ਗਾਰਡ ਦੀ ਕੇਂਦਰੀ ਕਮੇਟੀ ਨੇ ਤੁਰੰਤ ਹੀ ਇਕ ਮਿਉਂਸਪਲ ਸਰਕਾਰ ਦੀ ਚੋਣ ਕਰਨ ਦਾ ਸੱਦਾ ਦਿੱਤਾ ਪਰ ਇਹ ਸਪੱਸ਼ਟ ਸੀ ਕਿ ਨਵੀਂ ਸਰਕਾਰ ਚੁਣੇ ਹੋਏ ਨੁਮਾਇੰਦਿਆਂ ਦੀ ਰਵਾਇਤੀ ਸੰਸਦ ਵਰਗੀ ਨਹੀਂ ਹੋਵੇਗੀ ਬਲਕਿ ਇਹ ਇਕ ਨਵੀਂ ਕਿਸਮ ਦੀ ਹਕੂਮਤ ਹੋਵੇਗੀ ਜੋ ਸੱਚੀ-ਸੁੱਚੀ ਲੋਕਾਂ ਪ੍ਰਤੀ ਜੁਆਬਦੇਹ ਹੋਵੇਗੀ ਤੇ ਜਿਸ 'ਚ ਆਮ ਜਨਤਾ ਦੀ ਸਿੱਧੀ ਸ਼ਮੂਲੀਅਤ ਹੋਵੇਗੀ। 26 ਮਾਰਚ ਨੂੰ ਕਮਿਊਨ ਦੀ ਚੋਣ ਹੋਈ। ਕਮਿਊਨ ਪ੍ਰੀਸ਼ਦ ਦੇ 92 ਮੈਂਬਰਾਂ 'ਚ ਵੱਡੀ ਗਿਣਤੀ 'ਚ ਕੁਸ਼ਲ ਮਜ਼ਦੂਰ 'ਤੇ ਕਾਰੀਗਰ ਅਤੇ ਕਾਰਜਕਰਤਾ ਸਨ। ਜਿਸ 'ਚ ਸੁਧਾਰਵਾਦੀ ਗਣਤੰਤਰ ਵਾਦੀ ਤੇ ਵੱਖ-ਵੱਖ ਕਿਸਮ ਦੇ ਸਮਾਜਵਾਦੀ ਸ਼ਾਮਲ ਸਨ। ਸ਼ੁਰੂ-ਸ਼ੁਰੂ 'ਚ ਇਹ ਅੰਦੋਲਨ ਘੋਰ ਉਲਝਨ ਭਰਿਆ ਤੇ ਅਨਿਸ਼ਚਤ ਸੀ, ਉਸ 'ਚ ਉਹ ਦੇਸ਼ ਭਗਤ ਵੀ ਸ਼ਾਮਲ ਹੋਏ ਜਿਹਨਾਂ ਨੂੰ ਉਮੀਦ ਸੀ ਕਿ ਕਮਿਊਨ ਜਰਮਨ ਨਾਲ ਜੰਗ ਫਿਰ ਤੋਂ ਸ਼ੁਰੂ ਕਰ ਦੇਵੇਗਾ ਅਤੇ ਉਸ ਨੂੰ ਸਫਲ ਸਮਾਪਤੀ ਵੱਲ ਪਹੁੰਚਾਏਗਾ। ਛੋਟੇ ਦੁਕਾਨਦਾਰਾਂ ਨੇ ਵੀ ਉਸ ਦੀ ਹਮਾਇਤ ਕੀਤੀ ਜਿਹਨਾਂ ਦੇ ਤਬਾਹ ਹੋ ਜਾਣ ਦਾ ਖਤਰਾ ਸੀ। ਜੇ ਕਰਜੇ ਤੇ ਮਕਾਨੀ ਭਾੜੇ ਦਾ ਭੁਗਤਾਨ ਮੁਲਤਵੀ ਨਾ ਕੀਤਾ ਜਾਂਦਾ। ਸ਼ੁਰੂ-ਸ਼ੁਰੂ 'ਚ ਕਮਿਊਨ ਨੂੰ ਇਕ ਹੱਦ ਤਕ ਬੁਰਜੂਆ ਜਨ ਤੰਤਰ ਵਾਦੀਆਂ ਦੀ ਹਮਦਰਦੀ ਵੀ ਹਾਸਲ ਸੀ। ਜਿਹਨਾਂ ਨੂੰ ਡਰ ਸੀ ਕਿ ਪਿਛਾਖੜੀ ਕੌਮੀ ਸਭਾ ਰਾਜ ਤੰਤਰ ਦੀ ਪੁਨਰ ਸਥਾਪਨਾ ਕਰ ਦੇਵੇਗੀ। ਪਰ ਇਸ ਅੰਦੋਲਨ 'ਚ ਮੁਖ ਭੂਮਿਕਾ ਨਿਰਸੰਦੇਹ ਮਜ਼ਦੂਰਾਂ (ਖਾਸ ਕਰਕੇ ਪੈਰਿਸ ਦੇ ਕਾਰੀਗਰਾਂ) ਨੇ ਅਦਾ ਕੀਤੀ ਜਿਹਨਾਂ ਦਰਮਿਆਨ ਦੂਜੇ ਸਾਮਰਾਜ ਦੇ ਅੰਤਿਮ, ਸਾਲਾਂ 'ਚ ਸਰਗਰਮ ਸਮਾਜਵਾਦੀ ਪ੍ਰਚਾਰ ਕੀਤਾ ਗਿਆ ਸੀ ਤੇ ਜਿਹਨਾਂ 'ਚੋਂ ਬਹੁਤੇ ਕਮਿਊਨਿਸ਼ਟ ਇੰਟਰਨੈਸ਼ਨਲ ਵਿਚ ਵੀ ਸਨ।

ਕਮਿਊਨ ਦੀ ਚੋਣ ਲਈ ਇੰਟਰਨੈਸ਼ਨਲ ਦੀ ਪੈਰਿਸ ਇਕਾਈ ਵਲੋਂ ਜਾਰੀ ਪਰਚੇ 'ਮਜ਼ਦੂਰਾਂ ਨੂੰ ਅਪੀਲ' ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਸ ਸਮੇਂ ਕਮਿਊਨ ਦੇ ਸਾਹਮਣੇ ਕੀ ਮੁੱਦੇ ਸਨ। ਹੇਠਾਂ ਉਸ ਪਰਚੇ ਦੇ ਕੁਝ ਹਿਸਿਆਂ ਦਾ ਅਨੁਵਾਦ ਕੀਤਾ ਗਿਆ ਹੈ:-

ਮਜ਼ਦੂਰੋ ਆਪਾਂ ਸੰਘਰਸ਼ ਕੀਤਾ ਹੈ ਤੇ ਸਮਤਾਵਾਦੀ ਸਿਧਾਂਤਾ ਲਈ ਤਕਲੀਫ ਉਠਾਉਣੀ ਸਿੱਖੀ ਹੈ ਜਦ ਤਕ ਅਸੀਂ ਨਵੇਂ ਸਮਾਜਕ ਢਾਂਚੇ ਦੀ ਨੀਂਹ ਤਿਆਰ ਕਰਨ 'ਚ ਮਦਦ ਕਰ ਸਕਦੇ ਹਾਂ ਤਦ ਤਕ ਅਸੀਂ ਪਿਛੇ ਨਹੀਂ ਹਟਾਂਗੇ। ਅਸੀਂ ਕਿਸ ਚੀਜ਼ ਦੀ ਮੰਗ ਕੀਤੀ ਹੈ? ਕਰਜਾ ਵਟਾਂਦਰਾ ਤੇ ਪੈਦਾਵਾਰ ਕੋਆਪ੍ਰੇਟਿਵਾਂ ਦੇ ਸਮੁੱਚੇ ਕੰਮ ਨੂੰ ਇਸ ਤਰ੍ਹਾਂ ਜਥੇਬੰਦ ਕੀਤਾ ਜਾਵੇ ਜਿਸ ਨਾਲ ਕਿ ਮਜ਼ਦੂਰਾਂ ਨੂੰ ਉਹਨਾਂ ਦੀ ਕਿਰਤ ਦਾ ਪੂਰਾ ਮੁੱਲ ਮਿਲਣ ਦੀ ਗਰੰਟੀ ਹੋ ਸਕੇ। ਮੁਫ਼ਤ ਸਭ ਲਈ ਇਕ ਵਰਗੀ ਤੇ ਪੂਰਨ ਸਿਖਿਆ, ਰੈਲੀ ਕਰਨ, ਜਥੇਬੰਦ ਕਰਨ ਤੇ ਆਜ਼ਾਦ ਪ੍ਰੈਸ ਦੇ ਅਧਿਕਾਰ ਤੇ ਵਿਅਕਤੀਗਤ ਅਧਿਕਾਰ ਪੁਲਸ, ਫੌਜ, ਸਾਫ-ਸਫਾਈ, ਅੰਕੜੇ ਆਦਿ ਦਾ ਪ੍ਰਸ਼ਾਸਨ ਨਾਗਰਿਕਾਂ ਦੇ ਫਿਰਕੇ ਵਲੋਂ ਹੋਵੇ। ਹੁਣ ਤਕ ਅਸੀਂ ਹਾਕਮਾਂ ਵਲੋਂ ਠੱਗੇ ਜਾਂਦੇ ਰਹੇ

ਹਾਂ। ਉਹ ਸਾਨੂੰ ਆਪਸ 'ਚ ਲੜਾ ਕੇ ਆਪਣਾ ਉਲੂ ਸਿੱਧਾ ਕਰਦੇ ਰਹੇ ਹਨ। ਅੱਜ ਪੈਰਿਸ ਦੇ ਲੋਕ ਦੂਰ ਤਕ ਵੇਖ ਰਹੇ ਹਨ, ਉਹ ਕਿਸੇ ਹੁਕਮਰਾਨ ਵਲੋਂ ਉਂਗਲ ਫੜ ਕੇ ਚਲਾਏ ਜਾਣ ਵਾਲੇ ਕਿਸੇ ਬੱਚੇ ਦੀ ਭੂਮਿਕਾ ਨੂੰ ਖਾਰਜ ਕਰਦੀ ਹੈ ਅਤੇ (26 ਮਾਰਚ 1871) ਮਿਉਂਸਪਲ ਚੋਣਾਂ 'ਚ ਜੋ ਕਿ ਖੁਦ ਲੋਕਾਂ ਦੀ ਕਾਰਵਾਈ ਦਾ ਸਿੱਟਾ ਹੈ, ਇਹ ਯਾਦ ਰਖੇਗੀ ਕਿ ਸਮਾਜ ਵੀ ਉਸੇ ਸਿਧਾਂਤ ਨਾਲ ਚਲਣਾ ਚਾਹੀਦਾ ਹੈ ਜਿਸ ਸਿਧਾਂਤ ਨਾਲ ਸਮੂਹ ਤੇ ਸੰਘ ਚਲਦੇ ਹਨ। ਇਸ ਲਈ ਉਹ ਜਿਸ ਤਰ੍ਹਾਂ ਕਿਸੇ ਬਾਹਰੀ ਤਾਕਤ ਵਲੋਂ ਠੋਸੇ ਗਏ ਪ੍ਰਸ਼ਾਸਨ ਜਾਂ ਮੁਖੀ ਨੂੰ ਖਾਰਜ ਕਰਨਗੇ ਉਸੇ ਤਰ੍ਹਾਂ ਉਹ ਅਜੇਹੇ ਕਿਸੇ ਵੀ ਮੇਅਰ ਜਾਂ ਪ੍ਰੀਫੈਕਟ ਨੂੰ ਖਾਰਜ ਕਰ ਦੇਣਗੇ ਜੋ ਉਹਨਾਂ ਦੀਆਂ ਆਸਾਂ-ਉਮੰਗਾਂ 'ਤੇ ਖਰੀ ਨਾ ਉਤਰਨ ਵਾਲੀ ਸਰਕਾਰ ਵਲੋਂ ਠੋਸੇ ਜਾਣਗੇ। ਸਾਨੂੰ ਵਿਸਵਾਸ਼ ਹੈ ਕਿ ਐਤਵਾਰ 26 ਮਾਰਚ ਨੂੰ ਪੈਰਿਸ ਦੇ ਲੋਕ ਕਮਿਊਨ ਦੇ ਪੱਖ 'ਚ ਵੋਟ ਪਾਉਣ ਨੂੰ ਮਾਨ ਸਨਮਾਨ ਦੀ ਗੱਲ ਸਮਝਣਗੇ।

ਇੰਟਰਨੈਸ਼ਨਲ ਦੀ ਸੰਘੀ ਪ੍ਰੀਸ਼ਦ (ਪੈਰਿਸ) ਅਤੇ ਟ੍ਰੇਡ ਯੂਨੀਅਨਾਂ ਦਾ ਮਹਾਂ ਸੰਘ ਬੇਹੱਦ ਮੁਸ਼ਕਲ ਹਾਲਤ ਦੇ ਬਾਵਜੂਦ, ਆਪਣੇ (23 ਮਾਰਚ 1871) ਥੋੜੇ ਸਮੇਂ 'ਚ ਕਮਿਊਨ ਕੁਝ ਵੱਡੇ ਕਦਮ ਉਠਾਉਣ 'ਚ ਕਾਮਯਾਬ ਰਿਹਾ। ਕਮਿਊਨ ਨੇ ਸਥਾਈ ਫੌਜ ਯਾਨੀ ਸਤਾਧਾਰੀ ਲੋਕਾਂ ਦੇ ਹੱਥਾਂ ਦੇ ਇਸ ਦਾਨਵੀਂ ਅਸ਼ਤਰ ਦੀ ਥਾਂ 'ਤੇ ਪੂਰੇ ਲੋਕਾਂ ਨੂੰ ਹਥਿਆਰ ਬੰਦ ਕੀਤਾ। ਉਸ ਨੇ ਧਰਮ ਨੂੰ ਰਾਜ ਤੋਂ ਵੱਖ ਕਰਨ ਦਾ ਐਲਾਨ ਕੀਤਾ। ਧਾਰਮਿਕ ਪੰਥਾਂ ਨੂੰ ਰਾਜ ਵਲੋਂ ਦਿੱਤੀਆਂ ਜਾਣ ਵਾਲੀਆਂ ਧਨ ਰਾਸ਼ੀਆਂ (ਯਾਨੀ-ਪੁਰੋਹਿਤ-ਪਾਦਰੀਆਂ ਨੂੰ ਰਾਜਕੀ ਤਨਖਾਹ) ਬੰਦ ਕਰ ਦਿਤੀ ਗਈ। ਲੋਕਾਂ ਦੀ ਸਿੱਖਿਆ ਨੂੰ ਸਹੀ ਅਰਥਾਂ 'ਚ ਸੈਕੂਲਰ ਬਣਾ ਦਿੱਤਾ ਗਿਆ ਤੇ ਇਸ ਤਰ੍ਹਾਂ ਵਰਦੀ ਧਾਰੀ ਪੁਲਸ ਵਾਲਿਆਂ 'ਤੇ ਕਰਾਰਾ ਵਾਰ ਕੀਤਾ। ਸ਼ੁੱਧ ਸਮਾਜਕ ਖੇਤਰ 'ਚ ਕਮਿਊਨ ਬਹੁਤ ਘੱਟ ਹਾਸਿਲ ਕਰ ਸਕਿਆ ਪਰ ਇਹ 'ਬਹੁਤ ਘੱਟ' ਹੀ ਲੋਕਾਂ ਦੀ ਮਜ਼ਦੂਰਾਂ ਦੀ ਸਰਕਾਰ ਵਜੋਂ ਉਸ ਦੇ ਸਵਰੂਪ ਨੂੰ ਬਹੁਤ ਸਾਫ ਤੌਰ 'ਤੇ ਉਜਾਗਰ ਕਰ ਸਕਿਆ। ਨਾਨ ਬਾਈਆਂ ਦੀ ਦਕਾਨਾਂ 'ਚ ਰਾਤ ਦੀ ਕਿਰਤ 'ਤੇ ਪਾਬੰਦੀ ਲਾ ਦਿੱਤੀ ਗਈ ਜੁਰਮਾਨੇ ਦੀ ਪ੍ਰਣਾਲੀ ਦਾ ਜੋ ਮਜ਼ਦੂਰਾਂ ਨਾਲ ਇਕ ਕਾਨੂੰਨ ਡਕੈਤੀ ਸੀ, ਖਾਤਮਾ ਕਰ ਦਿੱਤਾ ਗਿਆ। ਆਖਰੀ ਚੀਜ਼ ਉਹ ਪ੍ਰਸਿੱਧ ਹੁਕਮਨਾਮਾ ਜਾਰੀ ਕੀਤਾ ਗਿਆ ਜਿਸ ਅਨੁਸਾਰ ਮਾਲਕਾਂ ਵਲੋਂ ਛੱਡ ਦਿਤੇ ਗਏ ਜਾਂ ਬੰਦ ਕਰ ਦਿੱਤੇ ਗਏ ਸਾਰੇ ਮਿਲ ਕਾਰਖਾਨੇ ਤੇ ਵਰਕਸ਼ਾਪਾਂ ਪੈਦਾਵਾਰ ਨੂੰ ਫਿਰ ਤੋਂ ਸ਼ੁਰੂ ਕਰਨ ਲਈ ਮਜ਼ਦੂਰਾਂ ਦੇ ਸੰਘਾਂ ਨੂੰ ਸੌਂਪ ਦਿੱਤਾ ਗਿਆ ਅਤੇ ਸੱਚੀ ਜਨਵਾਦੀ, ਪ੍ਰੋਲੇਤਾਰੀ ਸਰਕਾਰ ਦੀ ਆਪਣੀ ਬਣਤਰ 'ਤੇ ਜ਼ੋਰ ਦੇਣ ਲਈ ਕਮਿਊਨ ਨੇ ਇਹ ਨਿਰਦੇਸ਼ ਦਿਤਾ ਕਿ ਸਮੁੱਚੇ ਪ੍ਰਸ਼ਾਸਨਿਕ ਤੇ ਸਰਕਾਰੀ ਅਧਿਕਾਰੀਆਂ ਦੀ ਤਨਖਾਹ ਮਜ਼ਦੂਰ ਦੀ ਆਮ ਮਜ਼ਦੂਰੀ ਤੋਂ ਵੱਧ ਨਹੀਂ ਹੋਣਗੇ ਅਤੇ ਕਿਸੇ ਵੀ ਸੂਰਤ 'ਚ 6000 ਫ੍ਰਾਂਕ ਸਲਾਨਾ ਤੋਂ ਵੱਧ ਨਹੀਂ ਹੋਣਗੇ ਅਤੇ ਇਹਨਾਂ ਸਾਰੇ ਕਦਮਾ ਨੇ ਇਕ ਦਮ ਸਾਫ ਤੌਰ 'ਤੇ ਇਹ ਵਿਖਾ ਦਿਤਾ ਕਿ ਕਮਿਊਨ ਲੋਕਾਂ ਦੀ ਗੁਲਾਮੀ ਤੇ ਲੁਟ-ਘਸੁੱਟ 'ਤੇ ਅਧਾਰਤ ਪੁਰਾਣੀ ਦੁਨੀਆਂ ਲਈ ਘਾਤਕ ਖਤਰਾ ਸੀ। ਇਸੇ ਕਾਰਨ ਬੁਰਜੂਆਂ ਸਮਾਜ ਤਕ ਤਕ ਚੈਨ ਮਹਿਸੂਸ ਨਹੀਂ ਕਰ ਸਕਿਆ ਜਦ ਤਕ ਪੈਰਿਸ ਦੀ ਨਗਰ ਸੰਸਦ 'ਤੇ ਮਜ਼ਦੂਰ ਵਰਗ ਦਾ ਲਾਲ ਝੰਡਾ ਝੂਲਦਾ ਰਿਹਾ।

# ਜਹਾਜ਼ ਤੋੜਨ ਵਾਲੇ ਮਜ਼ਦੂਰ ਮੌਤ ਦੇ ਕੰਢੇ ਕਿਵੇਂ?

ਪੂੰਜੀਵਾਦ ਵਿਕਾਸ ਦੀ ਰਥ ਯਾਤਰਾ ਮਜ਼ਦੂਰਾਂ ਨੂੰ ਕੁਚਲਦੀ ਹੋਈ ਹੀ ਅੱਗੇ ਵਧਦੀ ਹੈ। ਮਜ਼ਦੂਰਾਂ ਦੀ ਖ਼ੂਨ ਪਸੀਨੇ ਦੀ ਇਕ-ਇਕ ਬੂੰਦ ਨਿਚੋੜ ਕੇ ਵੀ ਪੂੰਜੀਵਾਦੀਆਂ ਦੇ ਮੁਨਾਫ਼ੇ ਦੀ ਪਿਆਸ ਨਹੀਂ ਬੁਝਦੀ। ਗੁਜਰਾਤ ਦੇ ਭਾਵ ਨਗਰ ਜ਼ਿਲ੍ਹੇ ’ਚ ਸਥਿਤ ਅਲੰਗ-ਸੋਮਿਆਂ ਸ਼ਿਪ ਬ੍ਰੇਕਿੰਗ ਯਾਰਡ (ASSBI) ਵਿਸ਼ਵ ਪੂੰਜੀਵਾਦੀ ਵਿਵਸਥਾ ਦੇ ਇਸ ਗੈਰ ਮਨੁੱਖੀ ਕਿਰਦਾਰ ਦੀ ਜਿਉਂਦੀ ਜਾਗਦੀ ਉਦਾਹਰਣ ਹੈ। ਅਲੰਗ ਏਸ਼ੀਆ ਦਾ ਸਭ ਤੋਂ ਵੱਡਾ ਯਾਰਡ ਹੈ ਜਿਥੇ ਵਰਤੋਂ ਤੋਂ ਨਕਾਰਾ ਹੋ ਚੁਕੇ ਸਮੁੰਦਰੀ ਜਹਾਜ਼ਾਂ ਨੂੰ ਤੋੜਿਆ ਜਾਂਦਾ ਹੈ ਯਾਨੀ ਇਹਨਾਂ ਜਹਾਜ਼ਾਂ ’ਚ ਲੱਗੇ ਸਟੀਲ, ਪਲਾਸਟਿਕ, ਹੋਰ ਧਾਤੂਆਂ ਆਦਿ ਨੂੰ ਦੁਬਾਰਾ ਵਰਤੋਂ ਲਈ ਵੱਖ-ਵੱਖ ਕੀਤਾ ਜਾਂਦਾ ਹੈ। ਇਸ ਯਾਰਡ ਅਲੰਗ ਤੇ ਸੋਮਿਆਂ ਪਿੰਡਾਂ ਦੇ ਸਮੁੰਦਰੀ ਕਿਨਾਰਿਆਂ ’ਤੇ 10 ਕਿ.ਮੀ. ਤਕ ਫੈਲਿਆ ਹੋਇਆ ਹੈ ਜਿਥੇ ਜਹਾਜ਼ਾਂ ਨੂੰ ਤੋੜਨ ਦੇ ਲਗਭਗ 180 ਪਲਾਂਟ ਹਨ। ਇਸ ਪੂਰੇ ਯਾਰਡ ’ਚ ਲਗਭਗ 40 ਹਜ਼ਾਰ ਮਜ਼ਦੂਰ ਕੰਮ ਕਰਦੇ ਹਨ ਜੋ ਜ਼ਿਆਦਾਤਰ ਉਤਰ ਪ੍ਰਦੇਸ਼, ਬਿਹਾਰ, ਝਾਰਖੰਡ, ਉੜੀਸਾ ਆਦਿ ਰਾਜਾਂ ਤੋਂ ਆ ਕੇ ਇੱਥੇ ਕੰਮ ਕਰ ਰਹੇ ਹਨ।

ਇਥੇ ਰੋਜ਼ਾਨਾ ਲਗਭਗ 10 ਹਜ਼ਾਰ ਟਨ ਮਾਲ ਜਹਾਜ਼ਾਂ ਵਿਚੋਂ ਕੱਢਿਆ ਜਾਂਦਾ ਹੈ, ਇਸ ਵਿਚ 95 ਫੀ ਸਦੀ ਤਾਂ ਉਚੀ ਗਣਵੰਣਤਾ ਦਾ ਸਟੀਲ ਹੁੰਦਾ ਹੈ। ਬਾਕੀ 5 ਫੀ ਸਦੀ ਕਬਾੜ ਮਾਲ ਵਿਚ ਹੋਰ ਧਾਤੂਆਂ ਨਾਲ ਬਣੇ ਹਿੱਸੇ, ਪੇਂਟ, ਕੋਟਿੰਗਾਂ, ਇਨਸੂਲੇਸ਼ਨ ਤੇ ਸੀਲਿੰਗ ਸਾਮਗਰੀ, ਬਿਜਲੀ ਦੀਆਂ ਤਾਰਾਂ, ਕੈਬਿਨਾਂ ਦੀ ਦੀਵਾਰਾਂ ’ਚ ਲੱਗਿਆ ਮਾਲ, ਸਜਾਵਟੀ ਮਾਲ, ਫਰਸ਼ ਦੀ ਕਵਰਿੰਗ ਆਦਿ ਹੁੰਦੀ ਹੈ। ਜਹਾਜ਼ ’ਚ ਅਜਿਹੀਆਂ ਵੀ ਬਹੁਤ ਸਾਰੀਆਂ ਚੀਜ਼ਾਂ ਹੁੰਦੀਆਂ ਹਨ ਜੋ ਘਰਾਂ ਆਦਿ ’ਚ ਵਰਤੀਆਂ ਜਾ ਸਕਦੀਆਂ ਹਨ ਜਿਹਨਾਂ ਨੂੰ ਬਾਜ਼ਾਰ ’ਚ ਵੇਚਿਆ ਜਾਂਦਾ ਹੈ। ਪਰ ਮੁੱਖ ਮਕਸਦ ਵਧੀਆ ਕੁਆਲਟੀ ਦਾ ਸਟੀਲ ਹਾਸਲ ਕਰਨਾ ਹੁੰਦਾ ਹੈ, ਜਿਸ ਨਾਲ ਭਾਰਤ ਦੇ ਉਦਯੋਗਾਂ ਦੀ 10 ਤੋਂ 15 ਫੀ ਸਦੀ ਸਟੀਲ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ। ਇਥੋਂ ਦੇਸ਼ਾਂ ਦੀਆਂ 120 ਰੋਲਿੰਗ ਮਿਲਾਂ ’ਚ ਸਟੀਲ ਜਾਂਦਾ ਹੈ। ਇਥੋਂ ਐਕਸਾਈਜ਼ ਤੇ ਕਸਟਮ ਡਿਊਟੀ ਵਜੋਂ ਸਲਾਨਾ 600 ਕਰੋੜ ਰੁਪਏ ਸਰਕਾਰੀ ਖਜਾਨੇ ’ਚ ਜਾਂਦੇ ਹਨ।

ਯਾਨੀ ਇਸ ਪੂਰੇ ਕਾਰੋਬਾਰ ਨਾਲ ਜਹਾਜ਼ ਤੁੜਵਾਉਣ ਵਾਲੇ ਠੇਕੇਦਾਰ, ਸ਼ਰਮਾਏਦਾਰ, ਸਟੀਲ ਕੰਪਨੀਆਂ ਤੇ ਸਰਕਾਰ ਸਲਾਨਾ ਖ਼ੂਬ ਕਮਾਈ ਕਰਦੇ ਹਨ ਪਰ ਇਸ ਦੇ ਮਜ਼ਦੂਰਾਂ ਤੇ ਅਲੰਗ-ਸੋਮਿਆ ਖੇਤਰ ਦੇ ਨਿਵਾਸੀਆਂ ਨੂੰ ਜੋ ਲੁਟ ਤੇ ਮੁਸੀਬਤਾਂ ਝੱਲਣੀਆਂ ਪੈਂਦੀਆਂ ਹਨ ਉਹਨਾਂ ਨੂੰ ਬਿਆਨ ਕਰਨ ਲਈ ਸ਼ਬਦ ਨਹੀਂ ਹਨ। ਜਦ ਸਮੁੰਦਰੀ ਜਹਾਜ਼ ਵਰਤੋਂ ਲਾਇਕ ਨਹੀਂ ਰਹਿ ਜਾਂਦੇ ਤਦ ਜਰਮਨੀ, ਇੰਗਲੈਂਡ ਤੇ ਅਮਰੀਕਾ ਦੇ ਏਜੰਟ ਇਹਨਾਂ ਨੂੰ ਖਰੀਦ ਕੇ ਭਾਰਤ ਭੇਜ ਦਿੰਦੇ ਹਨ। ਸਮੁੰਦਰੀ ਜਹਾਜ਼ਾਂ ’ਚ ਵਿਸਫੋਟਕ ਪਦਾਰਥ, ਸੇਹਤ ਲਈ ਖਤਰਨਾਕ ਰਸਾਇਣਕ ਪਦਾਰਥ ਆਦਿ ਵੱਡੀ ਮਾਤਰਾ ’ਚ ਹੁੰਦੇ ਹਨ।

ਇਹਨਾਂ ਦੀ ਵਜਾਹ ਕਰਕੇ ਜਾਨ ਲੇਵਾ ਹਾਦਸੇ ਹੋ ਜਾਂਦੇ ਹਨ ਬਲਕਿ ਮਜ਼ਦੂਰਾਂ ਤੇ ਇਲਾਕੇ ਦੇ ਲੋਕਾਂ ਦੀ ਸਿਹਤ ਸਬੰਧੀ ਭਿਆਨਕ ਨੁਕਸਾਨ ਝਲਣੇ ਪੈਂਦੇ ਹਨ। 1970 ਦੇ ਦਹਾਕੇ 'ਚ ਜਹਾਜ਼ ਤੋੜਨ ਦਾ ਅਮਲ ਉਚੀ ਤਕਨੀਕ ਦੇ ਜ਼ਰੀਏ ਮੁੱਖ ਤੌਰ 'ਤੇ ਬ੍ਰਿਟੇਨ, ਤਾਇਵਾਨ, ਸਪੇਨ, ਮੈਕਸੀਕੋ ਤੇ ਬ੍ਰਾਜੀਲ 'ਚ ਨਿਪਟਾਇਆ ਜਾਂਦਾ ਸੀ।

1980 ਪਿਛੋਂ ਇਹ ਉਦਯੋਗ ਏਸ਼ੀਆ ਦੇ ਗ਼ਰੀਬ ਦੇਸ਼ਾਂ ਵਿਚ ਤਬਦੀਲ ਕੀਤਾ ਜਾਣ ਲੱਗਿਆ ਜਿਥੇ ਬਹੁਤ ਘੱਟ ਦਿਹਾੜੀ 'ਤੇ ਕੰਮ ਕਰਨ ਵਾਲੇ ਮਜ਼ਦੂਰ ਅਸਾਨੀ ਨਾਲ ਮਿਲਦੇ ਸਨ। 1993 ਤਕ ਇਸ ਉਦਯੋਗ ਦਾ ਅੱਧ ਹਿੱਸਾ ਚੀਨ 'ਚ ਤਬਦੀਲ ਹੋ ਚੁਕਿਆ ਸੀ।

21ਵੀਂ ਸਦੀ ਦੇ ਸ਼ੁਰੂ 'ਚ ਜਹਾਜ਼ਾਂ ਨੂੰ ਤੋੜਨ ਦਾ ਦੁਨੀਆਂ ਦਾ 70 ਫੀ ਸਦੀ ਕੰਮ ਅਲੰਗ-ਸੋਮਿਆਂ ਖੇਤਰ 'ਚ ਹੋਣ ਲੱਗਿਆ ਤੇ ਉਹ ਵੀ ਬੇਹੱਦ ਘੱਟ ਤੇ ਕੰਮ ਚਲਾਊ ਤਕਨੀਕੀ ਸਹੂਲਤਾਂ ਦੇ ਨਾਲ। ਇਸ ਤੋਂ ਇਲਾਵਾ ਪਾਕਿਸਤਾਨ ਦੇ ਗਦਾਨੀ ਤੇ ਬੰਗਲਾ ਦੇਸ਼ ਦੇ ਚਟ ਗਾਂਵ 'ਚ ਵੀ ਇਸੇ ਤਰੀਕੇ ਨਾਲ ਇਹ ਕੰਮ ਹੁੰਦਾ ਹੈ। ਜਹਾਜ਼ਾਂ ਦੇ ਮਾਲਕ ਖਤਰਨਾਕ ਵਿਸਫੋਟਿਕ ਤੇ ਹੋਰ ਰਸਾਇਣਕ ਪਦਾਰਥਾਂ ਨੂੰ ਭਾਰਤ ਭੇਜਣ ਤੋਂ ਪਹਿਲਾਂ ਹਟਾਉਂਦੇ ਵੀ ਨਹੀਂ ਹਨ। ਪਹਿਲਾਂ ਜਿਹਨਾਂ ਦੇਸ਼ਾਂ 'ਚ ਇਹ ਕੰਮ ਹੁੰਦਾ ਸੀ ਉਥੋਂ ਦੇ ਸਖਤ ਨਿਯਮਾਂ ਕਾਰਨ ਪੁਰਾਣੇ ਜਹਾਜ਼ਾਂ ਦਾ ਮਾਲਕਾਂ ਨੂੰ ਇਹਨਾਂ 'ਚੋਂ ਨੁਕਸਾਨਦੇਹ ਚੀਜ਼ਾਂ ਹਟਾਉਣ 'ਚ ਕਾਫੀ ਖਰਚ ਕਰਨਾ ਪੈਂਦਾ ਸੀ। ਪਰ ਭਾਰਤ ਸਰਕਾਰ ਦੀ ਦਰਿਆ ਦਿਲੀ ਕਾਰਨ ਹੁਣ ਇਹ ਘਾਤਕ ਸਮਾਨਾਂ ਨਾਲ ਭਰੇ ਜਹਾਜ਼ਾਂ ਨੂੰ ਸਿੱਧੇ ਯਾਰਡ 'ਚ ਭੇਜ ਦਿੰਦੇ ਹਨ। ਆਖਰ ਇਸ ਤਰ੍ਹਾਂ ਹੀ ਦੇਸ਼ ਦਾ ਵਿਕਾਸ ਹੋਵੇਗਾ ਨਾ।

ਅਲੰਗ-ਸੋਮਿਆ ਸ਼ਿਪ ਬ੍ਰੇਕਿੰਗ ਯਾਰਡ 'ਚ ਰੋਜ਼ਾਨਾ ਜਾਨਲੇਵਾ ਹਾਦਸੇ ਹੁੰਦੇ ਹਨ। ਦਿਉ ਕਦ ਸਮੁੰਦਰੀ ਜਹਾਜ਼ਾਂ ਨੂੰ ਤੋੜਨ ਦਾ ਕੰਮ ਮਜ਼ਦੂਰਾਂ ਨੂੰ ਬੇਹੱਦ ਅਸੁਰਖਿਅਤ ਹਾਲਤਾਂ 'ਚ ਕਰਨਾ ਪੈਂਦਾ ਹੈ। ਲੋੜੀਦੀਆਂ ਤਕਨੀਕੀ ਸਹੂਲਤਾਂ ਦੀ ਘਾਟ, ਬਿਨ੍ਹਾਂ ਹੈਲਮੈਟ, ਮਾਸਕ, ਦਸਤਾਨਿਆਂ ਆਦਿ ਦੇ ਮਜ਼ਦੂਰ ਜਹਾਜਾਂ ਅੰਦਰ ਦਮ ਘੋਟੂ ਮਹੌਲ 'ਚ ਸਟੀਲ ਦੀਆਂ ਮੋਟੀਆਂ ਪਲੇਟਾਂ ਨੂੰ ਗੈਸ ਕੱਟਰ ਨਾਲ ਕੱਟਦੇ ਹਨ, ਜਹਾਜ਼ਾਂ ਦਾ ਤਹਿ ਖਾਨਿਆਂ 'ਚ ਉਤਰ ਕੇ ਹਰ ਪੁਰਜ਼ਾ, ਹਰ ਹਿੱਸਾ ਅਲੱਗ ਕਰਨ ਦਾ ਕੰਮ ਕਰਦੇ ਹਨ। ਅਕਸਰ ਜਹਾਜ਼ਾਂ ਦੀਆਂ ਵਿਸਫੋਟਿਕ ਗੈਸਾਂ ਤੇ ਹੋਰ ਪਦਾਰਥ ਅੱਗ ਫੜ੍ਹ ਲੈਂਦੇ ਹਨ ਅਤੇ ਮਜ਼ਦੂਰਾਂ ਦੀ ਝੁਲਸ ਕੇ ਮੌਤ ਹੋ ਜਾਂਦੀ ਹੈ। ਕ੍ਰੇਨਾ ਨਾਲ ਅਕਸਰ ਸਟੀਲ ਦੀਆਂ ਭਾਰੀਆਂ ਪਲੇਟਾਂ ਡਿੱਗਣ ਕਰਕੇ ਮਜ਼ਦੂਰ ਦਬ ਕੇ ਮਰ ਜਾਂਦੇ ਹਨ। ਕਿੰਨੇ ਮਜ਼ਦੂਰ ਮਰਦੇ ਤੇ ਅਪਾਹਜ਼ ਹੋ ਜਾਂਦੇ ਹਨ ਇਸ ਬਾਰੇ ਸਹੀ-ਸਹੀ ਅੰਕੜੇ ਮੁਹਈਆ ਨਹੀਂ ਹਨ। ਜ਼ਿਆਦਾਤਰ ਮਾਮਲਿਆਂ ਨੂੰ ਤਾਂ ਪੂਰੀ ਤਰ੍ਹਾਂ ਛੁਪਾ ਹੀ ਲਿਆ ਜਾਂਦਾ ਹੈ, ਲਾਸਾਂ ਗਾਇਬ ਕਰ ਦਿਤੀਆਂ ਜਾਂਦੀਆਂ ਹਨ। ਕੁਝ ਦੇ ਪ੍ਰੀਵਾਰ ਨੂੰ ਥੋੜਾ ਬਹੁਤ ਮੁਆਵਜਾ ਦੇ ਕੇ ਚੁਪ ਕਰਾ ਦਿੱਤਾ ਜਾਂਦਾ ਹੈ ਜ਼ਖਮੀਆਂ ਨੂੰ ਦਵਾ-ਪੱਟੀ ਕਰਵਾ ਕੇ ਜਾਂ ਕੁਝ ਪੈਸੇ ਦੇ ਕੇ ਪਿੰਡ ਵਾਪਸ ਭੇਜ ਦਿੱਤਾ ਜਾਂਦਾ ਹੈ।

ਇਕ ਅਨੁਮਾਨ ਅਨੁਸਾਰ ਅਲੰਗ ਯਾਰਡ ਵਿਚ ਰੋਜ਼ਾਨਾ ਘੱਟੋ-ਘੱਟ 20 ਵੱਡੇ ਹਾਦਸੇ ਹੁੰਦੇ ਹਨ ਅਤੇ ਘੱਟੋ-ਘੱਟ ਇਕ ਮਜ਼ਦੂਰ ਦੀ ਮੌਤ ਹੋ ਜਾਂਦੀ ਹੈ। ਇਕ

ਵਿਸਫੋਟ 'ਚ 50 ਮਜ਼ਦੂਰਾਂ ਦੀ ਮੌਤ ਹੋਣ ਪਿਛੋਂ ਸਰਕਾਰ ਨੇ ਅਲੰਗ 'ਚ ਮਜ਼ਦੂਰਾਂ ਦਾ ਹੇਲਮੇਟ ਪਹਿਨਣਾ ਲਾਜ਼ਮੀ ਬਣਾ ਦਿੱਤਾ ਪਰ ਹੇਲਮੇਟ ਤਾਂ ਕੀ ਇਥੇ ਮਜ਼ਦੂਰਾਂ ਨੂੰ ਮਾਮੂਲੀ ਦਸਤਾਨੇ ਵੀ ਨਹੀਂ ਮਿਲਦੇ। ਚਾਰੇ ਪਾਸੇ ਅੱਗ ਜ਼ਹਿਰੀਲੀਆਂ ਗੈਸਾਂ ਤੇ ਧਾਤੂ ਦੇ ਉਡਦੇ ਕਣਾਂ ਵਿਚਕਾਰ ਮਜ਼ਦੂਰ ਮੂੰਹ ਤੇ ਇਕ ਗੰਦਾ ਕਪੜਾ ਲਪੇਟ ਕੇ ਕੰਮ ਕਰਦੇ ਰਹਿੰਦੇ ਹਨ। ਇਹਨਾਂ ਮਜ਼ਦੂਰਾਂ ਦੀ ਪੱਕੀ ਭਰਤੀ ਨਹੀਂ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਨਾ ਤਾਂ ਕੋਈ ਪਹਿਚਾਣ ਪੱਤਰ ਜਾਰੀ ਹੁੰਦੇ ਹਨ ਨਾ ਹੀ ਉਹਨਾਂ ਦਾ ਕੋਈ ਰਿਕਾਰਡ ਰਖਿਆ ਜਾਂਦਾ ਹੈ। ਜਹਾਜ਼ਾਂ ਨੂੰ ਤੋੜਨ ਦੌਰਾਨ ਪੇਟ, ਤੇਲ, ਪਲਾਸਟਿਕ ਪਦਾਰਥ ਆਦਿ ਜਲਣ ਨਾਲ ਜ਼ਹਿਰੀਲੀ, ਰਸਾਇਣਕ ਗੈਸਾਂ ਪੈਦਾ ਹੁੰਦੀਆਂ ਹਨ ਅਤੇ ਵੱਖ-ਵੱਖ ਧਾਤੂਆਂ ਤੇ ਹੋਰ ਪਦਾਰਥਾਂ ਦੇ ਕਣ ਹਵਾ 'ਚ ਘੁਲ ਕੇ ਸਿਹਤ ਲਈ ਬੇਹੱਦ ਖਤਰਨਾਕ ਧੂੜ ਪੈਦਾ ਕਰਦੇ ਹਨ। ਵਿਗਿਆਨਕਾਂ ਨੇ ਇਹ ਸਾਬਤ ਕੀਤਾ ਹੈ ਕਿ ਐਸਬੈਸਟੋਸ ਦੇ ਸੰਪਰਕ 'ਚ ਰਹਿਣ ਨਾਲ ਕਈ ਹੋਰ ਰੋਗਾਂ ਦੇ ਨਾਲ-ਨਾਲ ਕੈਂਸਰ ਹੋਣ ਦਾ ਖਤਰਾ ਵੱਧ ਜਾਂਦਾ ਹੈ। ਇਸ ਕਰਕੇ ਯੂਰਪ ਦੇ ਦੇਸ਼ਾਂ 'ਚ ਐਸਬੈਸਟੋਸ ਦੇ ਖੁਦਾਈ ਤੇ ਵਰਤੋਂ ਉਪਰ ਕਾਨੂੰਨੀ ਪਾਬੰਦੀ ਹੈ। ਪਰ ਭਾਰਤ 'ਚ ਇਸ 'ਤੇ ਕੋਈ ਰੋਕ ਟੋਕ ਨਹੀਂ ਹੈ। ਇਸ ਵਜ੍ਹਾ ਕਰਕੇ ਅਲੰਗ ਸੋਮਿਆ ਖੇਤਰ ਦਾ ਸਾਰਾ ਵਾਤਾਵਰਣ ਭਿਅੰਕਰ ਤੌਰ 'ਤੇ ਪ੍ਰਦੂਸ਼ਿਤ ਹੋ ਚੁਕਿਆ ਹੈ। ਮਜ਼ਦੂਰ ਤਾਂ ਇਹਨਾਂ ਜ਼ਹਿਰੀਲੀਆਂ ਰਸਾਇਣਕ ਗੈਸਾਂ ਐਸਬੈਸਟੋਸ ਵਰਗੇ ਪਦਾਰਥਾਂ ਦੀ ਖਤਰਨਾਕ ਧੂੜ ਆਦਿ ਦੇ 12-14 ਘੰਟੇ ਸਿੱਧੇ ਸੰਪਰਕ 'ਚ ਰਹਿੰਦੇ ਹਨ। ਇਸ ਤੋਂ ਇਲਾਵਾ ਇਹਨਾਂ ਦੀ ਰਿਹਾਇਸ਼ ਵੀ ਉਸੇ ਇਲਾਕਿਆਂ 'ਚ ਹੁੰਦੀ ਹੈ। ਬਹੁਤ ਸਾਰੇ ਮਜ਼ਦੂਰ ਤਾਂ ਕੰਮ ਦੀ ਥਾਂ 'ਤੇ ਹੀ ਰਹਿੰਦੇ ਵੀ ਹਨ। ਅਜੇਹੇ 'ਚ ਮਜ਼ਦੂਰ ਪ੍ਰਦੂਸ਼ਣ ਦਾ ਸਭ ਤੋਂ ਵੱਧ ਸ਼ਿਕਾਰ ਹੁੰਦੇ ਹਨ। ਜ਼ਿਆਦਾਤਰ ਮਜ਼ਦੂਰ ਹੈਜ਼ਾ, ਟਾਈਫ਼ਾਇਡ ਤੇ ਸ਼ੀਤਪਤੀ (ਚਮੜੀ ਦਾ ਰੋਗ) ਤੋਂ ਪੀੜਤ ਹਨ। ਪੂਰੇ ਦੇਸ਼ 'ਚ ਦਸ ਹਜ਼ਾਰ ਦੇ ਪਿਛੇ 8 ਲੋਕਾਂ ਨੂੰ ਖਾਰਸ਼ ਹੁੰਦੀ ਹੈ। ਪਰ ਅਲੰਗ ਸੋਮਿਆ ਖੇਤਰ ਦੇ ਦਸ ਹਜ਼ਾਰ ਦੇ ਪਿਛੇ 97 ਮਜ਼ਦੂਰ ਇਸ ਰੋਗ ਤੋਂ ਪੀੜਤ ਹਨ। ਐਸਬੇਸਟੋਸ ਦੀ ਧੂੜ, ਮਜ਼ਦੂਰਾਂ ਦੇ ਕਪੜਿਆਂ ਤੋਂ ਉਹਨਾਂ ਦੇ ਘਰਾਂ ਤਕ ਵੀ ਪਹੁੰਚ ਜਾਂਦੀ ਹੈ। ਜਿਥੇ ਉਹਨਾਂ ਦੇ ਨਾਲ ਰਹਿਣ ਵਾਲੇ ਹੋਰ ਮਜ਼ਦੂਰਾਂ ਜਾਂ ਪ੍ਰੀਵਾਰਿਕ ਮੈਂਬਰ ਦੇ ਸਰੀਰ ਵਿਚ ਇਹ ਧੂੜ ਚਲੀ ਜਾਂਦੀ ਹੈ। ਇਥੇ ਖੋਜ ਕਰਨ ਵਾਲੇ ਜਰਮਨੀ ਦੇ ਪੇਸ਼ਾਗਤ ਸਿਹਤ ਮਾਹਰ ਡਾ: ਫ੍ਰੈਂਕ ਹਿਟ ਮਾਨ ਦਾ ਕਹਿਣਾ ਹੈ ਕਿ ਇਸ ਖੇਤਰ ਦੇ ਹਰ ਚੌਥੇ ਮਜ਼ਦੂਰ ਨੂੰ ਕੈਂਸਰ ਹੋਣ ਦਾ ਡਰ ਹੈ। ਪਿਛਲੇ 20 ਸਾਲਾਂ ਤੋਂ ਚਲ ਰਹੇ ਇਸ ਧੰਦੇ ਦੇ ਆਸ-ਪਾਸ ਦੇ ਵਾਤਾਵਰਣ ਦੀ ਭਿਅੰਕਰ ਤਬਾਹੀ ਹੋਈ ਹੈ। ਜੇ ਹੁਣ ਇੱਥੇ ਇਹ ਧੰਦਾ ਬੰਦ ਵੀ ਕਰ ਦਿੱਤਾ ਜਾਵੇ ਤਾਂ ਵੀ 10-12 ਸਾਲਾਂ ਤਕ ਪ੍ਰਦੂਸ਼ਣ ਦਾ ਅਸਰ ਖਤਮ ਨਹੀਂ ਹੋਣਾ ਵਾਲਾ। ਅਲੰਗ ਯਾਰਡ 'ਚ ਕਨੂੰਨਾਂ ਦਾ ਪਾਲਣ ਕਰਾਉਣ ਦੀ ਜ਼ਿੰਮੇਵਾਰੀ ਦੋ ਸਰਕਾਰੀ ਵਿਭਾਗਾਂ ਦੀ ਹੈ ਗੁਜਰਾਤ ਸਾਮੁਦਿਕ ਬੋਰਡ (ਜੀ.ਐਮ.ਬੀ) ਤੇ ਵਿਸਫੋਟ ਕੰਟਰੋਲਰ (ਸੀ.ਓ.ਈ) ਪਰ ਹਰ ਸਨਅਤੀ ਇਲਾਕੇ ਦੀ ਤਰ੍ਹਾਂ ਇਥੇ ਵੀ ਇਹਨਾਂ ਦੀ ਨੱਕ ਹੇਠ ਮਾਲਿਕ ਤੇ ਠੇਕੇਦਾਰ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਰਹਿੰਦੇ ਹਨ। ਰੋਜ਼ਾਨਾ ਹੋਣ ਵਾਲੇ ਹਾਦਸਿਆਂ ਪਿਛੋਂ ਇਹ ਦੋਨੋਂ ਵਿਭਾਗ ਮਾਲਿਕ-ਠੇਕੇਦਾਰਾਂ ਤੇ ਦੋਸ਼ ਮੜਦੇ ਹਨ ਪਰ ਅਸਲ 'ਚ ਇਹ ਸਾਰਾ ਗੋਰਖਧੰਦਾ ਇਹਨਾਂ ਸਾਰਿਆਂ ਦੀ ਮਿਲੀਭੁਗਤ ਨਾਲ ਚਲਦਾ ਹੈ। ਦੂਜੀ ਗੱਲ ਇਹ ਹੈ ਕਿ ਜੀ.ਐਮ.ਬੀ ਜਿਸ ਨੂੰ

10 ਕਿ.ਮੀ. ਦੇ ਤੱਟੀ ਖੇਤਰ 'ਚ ਫੈਲੇ ਇਸ ਵੱਡੇ ਕਾਰੋਬਾਰ ਦਾ ਸਰਵੇਖਣ ਕਰਨਾ ਹੁੰਦਾ ਹੈ, ਉਸ 'ਚ ਇਕ ਚੀਫ ਅਫਸਰ ਤੋਂ ਇਲਾਵਾ ਸਿਰਫ ਤਿੰਨ ਸੈਫਟੀ ਸੁਪਰਵਾਈਜ਼ਰ ਹੀ ਹਨ ਜੋ ਚਾਹੁਣ 'ਤੇ ਵੀ ਹਰ ਥਾਂ ਨਜ਼ਰ ਨਹੀਂ ਰਖ ਸਕਦੇ। ਗੱਲ ਸਿਰਫ ਸਰਕਾਰੀ ਭ੍ਰਿਸ਼ਟਾਚਾਰ ਦੀ ਨਹੀਂ ਹੈ। ਇਹ ਧੰਦਾ ਬੇਰੋਕ ਚਲਦਾ ਰਹੇ ਭਾਵੇ ਜਿੰਨੀ ਮਰਜੀ ਮਜ਼ਦੂਰ ਮਰਨ ਇਹ ਭਾਰਤ ਤੇ ਗੁਜਰਾਤ ਸਰਕਾਰ ਦੀ ਸਾਂਝੀ ਨੀਤੀ ਹੈ। ਸਾਰਾ 'ਵਿਕਾਸ' ਮਜ਼ਦੂਰਾਂ ਦੀਆਂ ਲਾਸ਼ਾਂ ਤੇ ਤਬਾਹ ਜਿੰਦਗੀਆਂ ਤੇ ਪੈਰ ਰੱਖ ਕੇ ਅੱਗੇ ਵੱਧ ਰਿਹਾ ਹੈ। ਦੇਸ਼ ਦੀਆਂ ਉਚ ਅਦਾਲਤਾਂ ਭਾਵੇਂ ਸਮੇਂ-ਸਮੇਂ ਸਿਰ ਕਦਮ ਉਠਾਉਣ ਲਈ ਕਹਿੰਦੀਆਂ ਰਹਿੰਦੀਆਂ ਹਨ। ਰਾਜਾਂ ਤੇ ਕੇਂਦਰ ਸਰਕਾਰ ਵਲੋਂ ਜਾਂਚ ਲਈ ਕਮਿਸ਼ਨ ਤੇ ਟੀਮ ਬਣਾਈਆਂ ਜਾਂਦੀਆਂ ਰਹਿੰਦੀਆਂ ਹਨ ਪਰ ਹਰ ਸਾਲ ਅਰਬਾਂ ਦੇ ਮੁਨਾਫ਼ੇ ਦੀ ਇਹ ਖੂਨੀ ਖੇਡ ਬੇਰੋਕ ਟੋਕ ਜਾਰੀ ਹੈ।

# ਦਿੱਲੀ ਦੀ ਬਦਾਮ ਸਨਅਤ 'ਚ ਮਜ਼ਦੂਰਾਂ ਦੀ ਹੁੰਦੀ ਲੁੱਟ ਕਿਵੇਂ? ਮਈ 2012 ਦੀ ਪੀ.ਯੂ. ਡੀ.ਆਰ ਦੀ ਰੀਪੋਰਟ ਦਾ ਕੀ ਹੈ ਨਿਚੋੜ?

ਉਤਰ ਪੂਰਬੀ ਦਿਲੀ ਦੇ ਦੂਰ ਦਰਾਡੇ ਕੋਨਿਆਂ 'ਚ ਵਸੀ ਹੋਈ ਸ਼ੋਰ-ਸ਼ਰਾਬੇ ਤੇ ਚਹਿਲ-ਬਹਿਲ ਭਰੀ ਕਮਵਲ ਨਗਰ ਦੀ ਬਸਤੀ, ਰਵਾਇਤੀ ਖੇਤਰ ਦੇ ਕਾਰਖਾਨਿਆਂ ਦਾ ਇਕ ਉਭਰਦਾ ਹੋਇਆ ਕੇਂਦਰ ਹੈ, ਉਥੇ ਵੱਡੀ ਗਿਣਤੀ 'ਚ ਪ੍ਰਵਾਸੀ ਮਜ਼ਦੂਰ ਤੇ ਉਹਨਾਂ ਦੇ ਪ੍ਰੀਵਾਰਾਂ ਨੂੰ ਰੁਜ਼ਗਾਰ ਮਿਲਦਾ ਹੈ। ਉਹ ਕਾਰਖਾਨੇ ਕਿਸੇ ਵੀ ਪੈਮਾਨੇ ਤੋਂ ਛੋਟੇ ਨਹੀਂ ਹਨ। ਵਿਸ਼ਵੀ ਸਬੰਧਾਂ ਦੀ ਜਟਿਲਤਾ ਕੜੀ 'ਚ ਬੰਨੇ ਇਹ ਕਾਰਖਾਨੇ ਸਾਲ ਭਰ ਚਾਲੂ ਰਹਿੰਦੇ ਹਨ ਤੇ ਹਜ਼ਾਰਾਂ ਮਜ਼ਦੂਰਾਂ ਦੀ ਲੁੱਟ ਤੇ ਰੁਜ਼ਗਾਰ ਦੇ ਸਰੋਤ ਹਨ। ਕਈ ਕਰੋੜ ਰੁਪਏ ਦੀ ਆਮਦਨ ਵਾਲਾ ਬਦਾਮ ਉਦਯੋਗ ਇਸ ਇਲਾਕੇ 'ਚ ਵੱਧ ਫੁੱਲ ਰਿਹਾ ਹੈ। ਅਜੇਹਾ ਹੀ ਇਕ ਕਾਰੋਬਾਰ ਹੈ। ਇਥੇ ਕੈਲੋਫੋਰਨੀਆਂ ਦੇ ਬੋਰਿਆਂ ਦੇ ਬੋਰੇ ਬਦਾਮ ਆਉਂਦੇ ਹਨ, ਕਰਾਵਲ ਨਗਰ ਦੀਆਂ ਤੰਗ ਹਨੇਰੀਆਂ ਗਲੀਆਂ 'ਚ ਪਹੁੰਚਦੇ ਹਨ ਅਤੇ ਉਥੇ ਛਿਲਕਾ ਤੋੜਨ, ਸਾਫ ਕਰਨ ਤੇ ਫਿਰ ਪੈਕ ਕੀਤੇ ਜਾਣ ਪਿਛੋਂ ਘਰੇਲੂ ਤੇ ਕੌਮਾਂਤਰੀ ਦੋਨਾਂ ਹੀ ਬਾਜ਼ਾਰਾਂ 'ਚ ਵਿਕਰੀ ਲਈ ਭੇਜ ਦਿੱਤੇ ਜਾਂਦੇ ਹਨ। ਇਥੋਂ ਦੇ ਮਜ਼ਦੂਰਾਂ ਦੀ ਬੁਰੀ ਦਸ਼ਾ ਪਹਿਲੀ ਵਾਰੀ ਸਾਹਮਣੇ ਆਈ ਜਦ ਦਸੰਬਰ 2009 'ਚ ਇਸ ਉਦਯੋਗ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਬੇਹਤਰ ਮਜ਼ਦੂਰੀ ਦੀ ਮੰਗ ਲਈ ਹੜਤਾਲ ਕਰ ਦਿੱਤੀ। ਇਸ ਪਿਛੋਂ ਦੋ ਸਾਲਾਂ ਤੋਂ ਵੀ ਵੱਧ ਸਮੇਂ 'ਚ ਪੀ.ਯੂ.ਡੀ.ਆਰ (ਜਮਹੂਰੀ ਅਧਿਕਾਰ ਜਥੇਬੰਦੀ) ਨੇ ਮਜ਼ਦੂਰਾਂ ਦੀ ਹਾਲਤਾਂ ਜਾਨਣ ਲਈ ਕਈ ਵਾਰੀ ਆਪਣੀਆਂ ਟੀਮਾਂ ਉਥੇ ਭੇਜੀਆਂ ਜਿਹਨਾਂ ਨੇ ਕੰਮ ਕਰਨ ਦੇ ਤੌਰ ਤਰੀਕਿਆਂ ਦੇ ਦੋ ਪੜਾਵਾਂ ਬਾਰੇ ਜਾਂਚ ਕੀਤੀ ਪਹਿਲਾ ਜਦ ਸਾਰਾ ਕੰਮ ਹੱਥ ਨਾਲ ਹੁੰਦਾ ਸੀ ਤੇ ਦੂਜਾ ਪੜਾਅ ਜਦ ਕੰਮ ਦੇ ਇਕ ਹਿਸੇ ਨੂੰ ਮਸ਼ੀਨੀ ਕ੍ਰਿਤ ਕਰ ਦਿੱਤਾ ਗਿਆ ਇਸ ਰੀਪੋਟ 'ਚ ਜਾਂਚ ਪੜਤਾਲ ਦੇ ਦੌਰਾਨ ਸਾਹਮਣੇ ਆਏ ਤੱਥਾਂ ਨੂੰ ਇੱਥੇ ਪੇਸ਼ ਕੀਤਾ ਗਿਆ ਹੈ। ਭਾਵੇਂ ਅਜੇ ਵੀ ਬਹੁਤ ਕੁਝ ਅਣ ਕਿਹਾ ਰਹਿ ਗਿਆ ਹੈ। ਬਾਦਾਮ ਉਦਯੋਗ ਦੇ ਮਜ਼ਦੂਰਾਂ ਦੇ ਹਾਲਾਤ 'ਤੇ ਕੇਂਦਰਿਤ ਕਰਦਿਆ ਇਹ ਰੀਪੋਟ ਗੈਰ ਰਵਾਇਤੀ ਖੇਤਰ ਦੇ ਰੁਜ਼ਗਾਰ ਦੇ ਬੇਹੱਦ ਲੁਟੇਰੇ ਤੇ ਜ਼ੋਖਿਮ ਪੂਰਨ ਕਿਰਦਾਰ ਨੂੰ ਵੀ ਉਜਾਗਰ ਕਰਨਾ ਚਾਹੁੰਦੀ ਹੈ। ਉਹ ਖੇਤਰ ਜਿਥੇ ਅੱਜ ਦੇਸ਼ ਦੀ ਕੁਲ ਕਾਰਜ ਸ਼ਕਤੀ ਦਾ 94 ਫੀ ਸਦੀ ਹਿੱਸਾ ਲਗਿਆ ਹੋਇਆ ਹੈ। ਪੂਰਬੀ ਦਿਲੀ ਦੇ ਕਰਾਵਲ ਨਗਰ 'ਚ ਬਾਦਾਮ ਤੋੜਨ ਤੇ ਪੈਕ ਕਰਨ ਦੀਆਂ ਲਗਭਗ 40-50 ਇਕਾਈਆਂ ਹਨ ਜਿਥੇ ਪੂਰਾ ਸਾਲ ਕੰਮ ਹੁੰਦਾ ਹੈ ਤੇ ਇਥੋਂ ਬਾਦਾਮ ਖਾਰੀ ਬਾਵਲੀ ਸਥਿਤ ਸੁਕੇ ਮੇਵੇ ਤੇ ਮਸਾਲਿਆਂ ਦੇ ਥੋਕ ਬਾਜ਼ਾਰ 'ਚ ਪਹੁੰਚਦੇ ਹਨ। ਵਿਦੇਸ਼ਾਂ ਤੋਂ ਬਾਦਾਮ ਦੀ ਖੇਪ ਜਹਾਜ਼ਾਂ ਵਿਚ ਭਰ ਕੇ ਅਹਿਮਦਾਬਾਦ ਤੇ ਮੁੰਬਈ ਪਹੁੰਚਦੀ ਹੈ ਜਿਥੋਂ ਇਸ ਨੂੰ ਦਿੱਲੀ ਪਹੁੰਚਾਇਆ ਜਾਂਦਾ ਹੈ। ਬਾਦਾਮ ਦੁਨੀਆਂ ਭਰ 'ਚ ਕਾਫੀ ਕੀਮਤੀ ਚੀਜ਼ ਹੈ। ਪਿਛੇ ਜਿਹੇ 'ਸਿਹਤ' ਸਬੰਧੀ ਵਧੀ ਚੇਤਨਾ ਤੇ ਬਾਦਾਮ ਦੇ ਸਿਹਤ ਬਣਾਊ ਗੁਣਾ ਦੇ ਲੋਕ ਪਿਆਰ ਕਰਕੇ ਪੂਰੀ ਦੁਨੀਆਂ 'ਚ ਇਸ ਦੀ ਮੰਗ ਤੇਜੀ ਨਾਲ ਵਧੀ ਹੈ।

ਵੱਧ ਵਰਗ ਦੇ ਸਾਈਜ਼ ਤੇ ਖੁਸ਼ਹਾਲੀ ਦੋਹਾਂ 'ਚ ਵਾਧਾ ਹੋਣ ਕਰਕੇ ਭਾਰਤ 'ਚ ਵੀ ਇਹੋ ਰੁਝਾਣ ਦਿਖਾਈ ਦੇ ਰਿਹਾ ਹੈ ਜਿਸ ਨੇ ਬਦਾਮ ਦੇ ਵਪਾਰ ਤੇ ਦਰਾਮਦ ਨੂੰ ਖਾਸ ਕਰਕੇ ਸੰਯੁਕਤ ਰਾਜ ਅਮਰੀਕਾ ਤੋਂ ਬਹੁਤ ਵੱਧ ਤੇਜੀ ਬਖਸ਼ੀ ਹੈ। ਭਾਰਤ 'ਚ ਅਮਰੀਕਾ ਤੋਂ ਖੋਲ ਯੁਕਤ ਬਦਾਮ ਦੀ ਦਰਾਮਦ 'ਚ ਆਈ ਤੇਜੀ ਸਿਰਫ ਬਦਾਮ ਦੀ ਵਧਦੀ ਖਪਤ ਦਾ ਹੀ ਸਿੱਟਾ ਹੈ। ਭਾਰਤ ਖਾਸ਼ ਕਰਕੇ ਦਿਲੀ ਸਸਤੀ ਕਿਰਤ ਦੀ ਉਪਲਭੱਤਾ ਕਰਕੇ ਬਦਾਮ ਦੇ ਛਿਲਕੇ ਲਾਹੁਣ ਤੇ ਪ੍ਰੋਸੈਸਿੰਗ ਦੇ ਮੁੱਖ ਕੇਂਦਰ ਵਜੋਂ ਸਥਾਪਤ ਹੋਏ ਹਨ। ਖੋਲ ਰਹਿਤ ਤੇ ਪ੍ਰੰਸਕ੍ਰਿਤ ਬਦਾਮ ਨੂੰ ਪੈਕ ਕਰਕੇ ਤੇ ਵਿਕਰੀ ਲਈ ਵਿਸ਼ਵ ਦੇ ਵੱਖ-ਵੱਖ ਹਿਸਿਆਂ 'ਚ ਫਿਰ ਬਰਾਮਦ ਕਰ ਦਿਤਾ ਜਾਂਦਾ ਹੈ। 2007 ਤੇ 2009 ਦੇ ਦਰਮਿਆਨ ਸਪੇਨ ਤੇ ਜਰਮਨੀ ਨੂੰ ਪਿਛੇ ਛਡਦਿਆਂ ਭਾਰਤ ਅਮਰੀਕੀ ਬਦਾਮ ਦਾ ਦੁਨੀਆਂ ਦਾ ਸਭ ਤੋਂ ਵੱਡਾ ਦਰਾਮਦ ਕਾਰ ਬਣ ਗਿਆ ਹੈ। ਦਰਾਮਦ ਕੀਤੇ ਬਦਾਮ ਦੇ ਕਰੀਬ 80 ਫੀ ਸਦੀ ਦਿਲੀ ਦੇ ਖਾਰੀ ਬਾਵਲੀ ਦੇ ਬਾਜ਼ਾਰ 'ਚ ਪਹੁੰਚਦਾ ਹੈ। 2007-08 ਦੇ ਸਾਲ ਲਈ ਕੈਲੀਫੋਰਨੀਆ ਦੀ ਬਦਾਮ ਕਾਊਂਸਿਲ ਵਲੋਂ ਪ੍ਰਕਾਸ਼ਿਤ ਅਲਮਾਇੰਡ ਇੰਡਸਟਰੀ ਪ੍ਰੋਜੀਸ਼ਨ ਰੀਪੋਟ ਅਨੁਸਾਰ ਭਾਰਤ 12.86 ਫੀ ਸਦੀ ਹਿਸੇ ਨਾਲ ਅਮਰੀਕਾ ਤੋਂ ਬਦਾਮ ਦੀ ਦਰਾਮਦ 'ਚ ਵਿਸ਼ਵ 'ਚ ਦੂਜੀ ਥਾਂ 'ਤੇ ਪੁੱਜ ਗਿਆ ਹੈ। ਖਾਰੀ ਬਾਵਲੀ ਦੇ ਥੋਕ ਵਪਾਰੀ, ਬਦਾਮ ਦੇ ਛਿਲਕੇ ਉਤਾਰਨ, ਸਫ਼ਾਈ, ਗ੍ਰੇਡਿੰਗ ਤੇ ਪੈਕਿੰਗ ਦਾ ਕੰਮ ਠੇਕੇ 'ਤੇ ਕਰਵਾਉਂਦੇ ਹਨ। ਹਲਾਂਕਿ ਬਦਾਮ ਤੋੜਨ ਦੇ ਪ੍ਰੰਸਕਰਣ ਦਾ ਲਗਭਗ 80 ਫੀ ਸਦੀ ਕੰਮ ਕਰਾਵਲ ਨਗਰ 'ਚ ਹੀ ਕੀਤਾ ਜਾਂਦਾ ਹੈ। ਪਰ ਲੱਛਮੀ ਨਗਰ, ਬੁਰਾਡੀ, ਪਟਪੜ ਗੰਜ ਤੇ ਤ੍ਰਿਲੋਕਪੁਰੀ ਘਰ 'ਚ ਵੀ ਇਹ ਕਾਰੋਬਾਰ ਹੁੰਦਾ ਹੈ। ਸ਼ੁਰੂਆਤ 'ਚ ਇਹ ਕੰਮ ਕੁਲ ਮਿਲਾ ਕੇ ਪੀਸ ਰੇਟ 'ਤੇ ਘਰ ਅਧਾਰਿਤ ਪੈਦਾਵਾਰ ਵਜੋਂ ਹੁੰਦਾ ਸੀ ਪਰ ਜਿਵੇਂ-ਜਿਵੇਂ ਬਦਾਮ ਵਪਾਰ ਦਾ ਵਿਸਥਾਰ ਹੋਇਆ ਘਰੇ ਹੋਣ ਵਾਲਾ ਇਹ ਕੰਮ ਵਰਕਸ਼ਾਪ ਤੇ ਗਦਾਮਾਂ 'ਚ ਵੀ ਹੋਣ ਲਗਿਆ, ਕਰਾਵਲੇ ਨਗਰ ਦੀਆਂ ਜ਼ਿਆਦਾਤਰ ਇਕਾਈਆਂ ਹੋਣ ਗੋਦਾਮਾਂ ਤੋਂ ਹੀ ਚਲਾਈਆਂ ਜਾਂਦੀਆਂ ਹਨ ਅਤੇ ਮਜ਼ਦੂਰਾਂ ਨੂੰ ਭੁਗਤਾਨ ਪੀਸ ਰੇਟ ਤੇ ਫਿਕਸ ਰੇਟ ਦੋਨਾਂ ਹੀ ਰੂਪਾਂ 'ਚ ਹੁੰਦਾ ਹੈ।

**ਕਾਰਜ ਅਤੇ ਕਿਰਤ ਸ਼ਕਤੀ:** ਕਰਾਵਲ ਨਗਰ ਇਲਾਕੇ 'ਚ ਸਰਗਰਮ ਬਦਾਮ ਮਜ਼ਦੂਰ ਯੂਨੀਅਨ ਅਨੁਸਾਰ ਇਲਾਕੇ 'ਚ ਬਦਾਮ ਦਾ ਛਿਲਕਾ ਉਤਾਰਨ ਤੇ ਪ੍ਰੰਸਕਰਣ ਵਿਚ 20000 ਤੋਂ ਵੀ ਵੱਧ ਮਜ਼ਦੂਰ ਕੰਮ ਕਰਦੇ ਹਨ। ਇਹਨਾਂ 'ਚ ਬਹੁਤੇ ਮਜ਼ਦੂਰ ਬਿਹਾਰ ਤੋਂ ਆਏ ਪ੍ਰਵਾਸੀ ਹਨ ਅਤੇ ਕੁਝ ਪੂਰਬੀ ਉਤਰ ਪ੍ਰਦੇਸ਼ ਤੇ ਝਾਰਖੰਡ ਤੋਂ। ਇਹਨਾਂ 'ਚੋਂ ਜ਼ਿਆਦਾਤਰ ਔਰਤਾਂ ਹਨ ਮਜ਼ਦੂਰਾਂ ਨੂੰ ਠੇਕੇਦਾਰਾਂ ਰਾਹੀਂ ਕੰਮ ਮਿਲਦਾ ਹੈ। ਵੈਸੇ ਤਾਂ ਬਦਾਮ ਪ੍ਰੰਸਕਰਣ ਬਾਰਾਂ ਮਾਸੀ ਉਦਯੋਗ ਹੈ ਪਰ ਦਿਵਾਲੀ ਤੋਂ ਲੈ ਕੇ ਕ੍ਰਿਸਮਸ਼ ਤਕ ਭਾਵ (ਅਕਤੂਬਰ ਤੋਂ ਦਸੰਬਰ) ਦੌਰਾਨ ਮੰਗ ਤੇ ਸਪਲਾਈ ਦੋਨੋਂ ਹੀ ਆਪਣੀ ਸਿਖਰ 'ਤੇ ਹੁੰਦੀਆਂ ਹਨ। ਇਸ ਦੌਰਾਨ ਰੋਜ਼ਾਨਾ 12-15 ਘੰਟੇ ਕੰਮ ਹੁੰਦਾ ਹੈ। ਇਹ ਪੈਦਾਵਾਰ ਦੀ ਪੂਰੀ ਪ੍ਰੀਕ੍ਰਿਆ 'ਚ ਖੋਲ ਨੂੰ ਤੋੜਨਾ, ਖੋਲ 'ਚੋਂ ਬਦਾਮ ਦੇ ਦਾਣੇ ਕਢਣਾ, ਗ੍ਰੇਡਿਗ ਤੇ ਪੈਕਿੰਗ ਸ਼ਾਮਲ ਹੁੰਦੇ ਹਨ। ਛੋਟੇ-ਛੋਟੇ ਬੱਚਿਆਂ ਨੂੰ ਖੋਲ੍ਹ ਯੁਕਤ ਬਦਾਮ ਨੂੰ ਤੋੜਨ ਲਈ ਬਦਾਮ ਦੇ ਢੇਰ ਤੇ ਕੁਦਦੇ ਟਪਦੇ ਹੋਏ ਦੇਖਿਆ ਜਾ ਸਕਦਾ ਹੈ।

ਇਹੀ ਨਹੀਂ ਬਦਾਮ ਨੂੰ ਖੋਲ ਤੋਂ ਨਿਕਲਣ ਲਈ ਇਹਨਾਂ ਨੂੰ ਕੰਮਾਂ 'ਤੇ ਲਾਇਆ ਜਾਂਦਾ ਹੈ। ਛਿਲਕੇ ਸਮੇਤ ਬਦਾਮ ਦੇ ਇਕ ਬੋਰੇ ਵਿਚ ਕਰੀਬ 22 ਕਿਲੋ ਬਦਾਮ ਹੁੰਦੇ ਹਨ। ਜਿਸ 'ਚੋਂ ਲਗਭਗ 16-17 ਕਿਲੋ ਛਿਲਿਆ ਹੋਇਆ ਬਦਾਮ ਨਿਕਲਦਾ ਹੈ। ਛਿਲਕੇ ਨੂੰ ਠੇਕੇਦਾਰਾਂ ਵਲੋਂ ਹਰਿਆਣੇ ਦੇ ਇੱਟਾਂ ਦੇ ਭੱਠਿਆਂ ਨੂੰ 1 ਤੋਂ 1.40 ਰੁਪਏ ਫੀ ਕਿਲੋ ਦੀ ਕੀਮਤ 'ਤੇ ਵੇਚਿਆ ਜਾਂਦਾ ਹੈ। ਇਸ ਤੋਂ ਇਲਾਵਾ ਇਸ ਦਾ ਕੁਝ ਹਿੱਸਾ ਬਦਾਮ ਮਾਲਕਾਂ ਵਲੋਂ ਮਜ਼ਦੂਰਾਂ ਨੂੰ ਆਮ ਤੌਰ 'ਤੇ 30-35 ਰੁਪਏ ਗੱਟਾ ਮੁਤਾਬਕ ਵੇਚਿਆ ਜਾਂਦਾ ਹੈ ਜਿਸ ਨੂੰ ਮਜ਼ਦੂਰ ਬਾਲਣ ਵਜੋਂ ਵਰਤਦੇ ਹਨ। ਬਦਾਮ ਨੂੰ ਬਾਜ਼ਾਰ 'ਚ ਗੁਣਵੰਣਤਾ ਅਨੁਸਾਰ 360-400 ਰੁਪਏ ਫੀ ਕਿਲੋ ਦੇ ਹਿਸਾਬ ਨਾਲ ਵੇਚਿਆ ਜਾਂਦਾ ਹੈ ਪਰ ਇਸ ਪ੍ਰਸੰਸਕਰਣ 'ਚ ਲੱਗੇ ਮਜ਼ਦੂਰਾਂ ਨੂੰ ਉਹਨਾਂ ਦੇ ਕੰਮ ਬਦਲੇ ਇਸ ਦਾ ਬਹੁਤ ਨਿਗੂਣਾ ਹਿੱਸਾ ਮਿਲਦਾ ਹੈ। 2010 ਦੇ ਅੰਤ ਵਿਚ ਜਦ ਤੋਂ ਇਸ ਕੰਮ 'ਚ ਮਸ਼ੀਨਾਂ ਵਰਤੀਆਂ ਜਾਣ ਲੱਗੀਆਂ ਹਨ, ਕੰਮ ਦਾ ਚਰਿੱਤਰ ਕਾਫੀ ਹੱਦ ਤਕ ਬਦਲ ਗਿਆ। ਮਸ਼ੀਨ ਦੀ ਵਰਤੋਂ ਸਿਰਫ ਬਦਾਮ ਤੋੜਨ 'ਚ ਹੁੰਦੀ ਹੈ, ਛਿਲਕੇ ਹਟਾਉਣ ਤੇ ਗ੍ਰੇਡਿੰਗ ਦਾ ਕੰਮ ਸਭ ਹੱਥਾਂ ਨਾਲ ਕੀਤਾ ਜਾ ਰਿਹਾ ਹੈ। ਅਧੂਰੇ ਮਸ਼ੀਨੀ ਕਰਨ ਦਾ ਇਹ ਦੌਰ ਕੈਲੀਫੋਰਨੀਆ ਦੇ ਬਦਾਮਾਂ ਦੇ ਭਾਰਤ 'ਚ ਲਗਾਤਾਰ ਤੇਜ਼ੀ ਨਾਲ ਵਧਦੀ ਦਰਾਮਦ ਨਾਲ ਮੇਲ ਖਾਂਦੀ ਹੈ। ਮਸ਼ੀਨੀਕਰਣ ਆਪਣੇ ਨਾਲ ਮਜ਼ਦੂਰੀ ਸਬੰਧੀ ਕਈ ਨਵੀਂ ਸਮਸਿਆਵਾਂ ਲੈ ਕੇ ਆਇਆ ਹੈ, ਇਸ ਨੇ ਰੁਜ਼ਗਾਰ ਵੀ ਘਟਾਇਆ ਹੈ।

ਪਿਛਲੇ ਦੋ ਸਾਲਾਂ ਦੌਰਾਨ ਅੰਸ਼ਿਕ ਮਸ਼ੀਨੀਕਰਣ ਕਰਕੇ ਮਜ਼ਦੂਰੀ ਦੇ ਭੁਗਤਾਨ ਦੇ ਤਰੀਕਿਆਂ 'ਚ ਤਬਦੀਲੀ ਆਈ ਹੈ। ਦਸੰਬਰ 2009 ਤੋਂ ਪਹਿਲਾਂ 22 ਕਿਲੋਂ ਬਦਾਮ ਦੇ ਪ੍ਰਸੰਸਕਰਣ ਲਈ ਮਜ਼ਦੂਰਾਂ ਨੂੰ 40 ਰੁਪਏ ਦਿਤੇ ਜਾਂਦੇ ਸਨ। ਮਜ਼ਦੂਰ ਦੀ ਕੁਸ਼ਲਤਾ ਤੇ ਸਮਰਥਾ ਅਨੁਸਾਰ, ਇਕ ਗੱਟਾ ਬਦਾਮ ਦੇ ਪ੍ਰਸੰਸਕਰਣ 'ਚ ਲਗਭਗ 8-10 ਘੰਟੇ ਲਗਦੇ ਹਨ, ਜਿਸ ਦਾ ਮਤਲਬ ਸੀ ਕਿ ਮਜ਼ਦੂਰਾਂ ਨੂੰ ਰੋਜ਼ਾਨਾ 12-15 ਘੰਟੇ ਕੰਮ ਕਰਨਾ ਹੁੰਦਾ ਹੈ। ਪੈਦਾਵਾਰ ਦੇ ਪੂਰੇ ਅਮਲ ਵਿਚ ਖੋਲ ਨੂੰ ਤੋੜਨਾ ਖੋਲ 'ਚੋਂ ਬਦਾਮ ਦੇ ਦਾਣੇ ਕੱਢਣਾ, ਗ੍ਰੇਡਿੰਗ ਤੇ ਪੈਕਿੰਗ ਸ਼ਾਮਲ ਹੁੰਦੇ ਹਨ। ਛੋਟੇ-ਛੋਟੇ ਬੱਚਿਆਂ ਨੂੰ ਵੀ ਸਖਤ ਮੇਹਨਤ ਕਰਨੀ ਪੈਂਦੀ ਹੈ। ਮਤਲਬ ਕਿ ਮਜ਼ਦੂਰਾਂ ਨੂੰ ਦਿੱਲੀ 'ਚ 8 ਘੰਟੇ ਕੰਮ ਕਰਨ ਲਈ ਨਿਰਧਾਰਿਤ ਘੱਟੋ-ਘੱਟ ਮਜ਼ਦੂਰੀ 152 ਰੁਪਏ (ਦਸੰਬਰ 2009 'ਚ) ਦਾ ਕਰੀਬ ਇਕ ਤਿਹਾਈ ਭੁਗਤਾਨ ਕੀਤਾ ਜਾਂਦਾ ਸੀ। ਦਸੰਬਰ 2009 'ਚ ਬਦਾਮ ਮਜ਼ਦੂਰ ਯੂਨੀਅਨ ਦੇ ਝੰਡੇ ਥੱਲੇ ਬਾਦਾਮ ਮਜ਼ਦੂਰਾਂ ਦੀ 15 ਦਿਨਾਂ ਦੀ ਹੜਤਾਲ ਪਿਛੋਂ ਮਜ਼ਦੂਰੀ ਦੀ ਦਰ 40 ਰੁਪਏ ਤੋਂ ਵੱਧ ਕੇ 60 ਰੁਪਏ ਹੋ ਗਈ ਪਰ ਇਹ ਹੁਣ ਵੀ ਘੱਟੋ-ਘੱਟ ਮਜ਼ਦੂਰੀ ਦੀ ਇਕ ਤਿਹਾਈ ਹੀ ਸੀ। ਬਦਾਮ ਪ੍ਰੋਸੈਸਿੰਗ ਦੀ ਇਕ ਵਿਸੇਸ਼ਤਾ ਇਹ ਹੈ ਕਿ ਜੇ ਇਹ ਕੰਮ ਅਕਸਰ ਮਜ਼ਦੂਰਾਂ ਦੇ ਪ੍ਰੀਵਾਰਾਂ ਦੇ ਮੈਂਬਰਾਂ ਵਲੋਂ ਮਿਲ ਕੇ ਕੀਤਾ ਜਾਂਦਾ ਹੈ। ਅਜੇਹਾ ਸਿਰਫ ਘਰੇਲੂ ਇਕਾਈਆਂ 'ਚ ਹੀ ਨਹੀਂ ਹੁੰਦਾ ਬਲਕਿ ਗੁਦਾਮਾਂ 'ਚ ਵੀ ਜਾਂ ਤਾਂ ਪ੍ਰੀਵਾਰ ਦੇ ਮੈਂਬਰ ਮਿਲ ਕੇ ਕੰਮ ਕਰਦੇ ਹਨ ਜਾਂ ਫਿਰ ਪਿੰਡਾਂ ਦੇ ਅਧਾਰ 'ਤੇ ਜਾ ਕਿਧਰੇ ਹੋਰ ਸਬੰਧਾਂ ਦੇ ਅਧਾਰ 'ਤੇ ਕਈ ਮਜ਼ਦੂਰ ਸਮੂਹਾਂ 'ਚ ਮਿਲ ਕੇ ਕੰਮ ਕਰਦੇ ਹਨ। ਇਸ ਲਈ ਜੇ ਕੋਈ ਪ੍ਰੀਵਾਰ ਇਕ ਦਿਨ 'ਚ ਤਿੰਨ ਗੱਟੇ ਬਦਾਮ ਤਿਆਰ ਕਰਦਾ ਹੈ ਤਾਂ ਉਹ 180 ਰੁਪਏ ਕਮਾ ਲੈਂਦਾ ਹੈ ਪਰ ਏਨੀ

ਰਕਮ ਕਮਾਉਣ ਲਈ ਪ੍ਰੀਵਾਰ ਦੇ 2-3 ਮੈਂਬਰਾਂ ਨੂੰ ਘੰਟਿਆਂ ਬੱਧੀ ਮਿਲ ਕੇ ਕੰਮ ਕਰਨਾ ਪੈਂਦਾ ਹੈ। ਇਸ ਤਰ੍ਹਾਂ ਨਾਲ ਇਕ ਇੱਕਲਾ ਵਿਅਕਤੀ 60 ਤੋਂ 90 ਰੁਪਏ ਤੋਂ ਵੱਧ ਨਹੀਂ ਕਮਾ ਸਕਦਾ। ਮਜ਼ਦੂਰੀ ਦਾ ਭੁਗਤਾਨ ਵੀ ਯਕੀਨਨ ਨਹੀਂ ਹੁੰਦਾ ਅਤੇ ਇਸ ਤਰ੍ਹਾਂ ਨਾਲ ਇਹ ਵੀ ਲੁਟ ਘਸੁੱਟ ਦਾ ਜ਼ਰੀਆ ਬਣ ਜਾਂਦਾ ਹੈ। ਮਾਲਕ ਦੇ ਆਪਣੇ ਰਿਕਾਰਡ ਤੋਂ ਇਲਾਵਾ ਮਜ਼ਦੂਰਾਂ ਨੂੰ ਕੀਤੇ ਜਾਣ ਵਾਲੇ ਭੁਗਤਾਨ ਦਾ ਕੋਈ ਰਿਕਾਰਡ ਨਹੀਂ ਰਖਿਆ ਜਾਂਦਾ ਹੈ। ਇਸ ਲਈ ਮਜ਼ਦੂਰੀ ਭੁਗਤਾਨ ਦੀ ਕੋਈ ਪਾਰਦਰਸ਼ੀ ਵਿਵਸਥਾ ਵਿਹਾਰ 'ਚ ਕੰਮ ਨਹੀਂ ਕਰਦੀ। ਮਜ਼ਦੂਰੀ ਦੇ ਭੁਗਤਾਨ ਦੀ ਕੋਈ ਬੱਝਵੀਂ ਤਰੀਕ ਵੀ ਨਹੀਂ ਹੈ। ਇਸ ਦੇ ਨਾਲ ਹੀ ਭੁਗਤਾਨ 'ਚ ਅਕਸਰ ਕਾਫੀ ਦੇਰ ਹੁੰਦੀ ਰਹਿੰਦੀ ਹੈ। ਅਜੇਹੇ ਵੀ ਕੇਸ਼ ਹਨ ਜਿਹਨਾਂ 'ਚ ਮਜ਼ਦੂਰਾਂ ਨੂੰ ਉਹਨਾਂ ਦੇ ਬਕਾਏ ਦਾ ਭੁਗਤਾਨ ਹੀ ਨਹੀਂ ਕੀਤਾ ਗਿਆ। ਕਿਸੇ ਵੀ ਤਰ੍ਹਾਂ ਦੇ ਰੁਜ਼ਗਾਰ ਪ੍ਰਮਾਣ ਦੀ ਘਾਟ ਕਰਕੇ ਯਾਨੀ ਮਜ਼ਦੂਰੀ ਦਾ ਪੱਕਾ ਰਿਕਾਰਡ ਨਾ ਹੋਣ ਕਰਕੇ ਮਜ਼ਦੂਰ ਆਪਣੀ ਬਕਾਇਆ ਮਜ਼ਦੂਰੀ ਲਈ ਕੋਈ ਦਾਅਵਾ ਵੀ ਨਹੀਂ ਕਰ ਸਕਦੇ। 2010 ਤੋਂ ਬਦਾਮ ਦੇ ਖੋਲ ਤੋੜਨ ਦੇ ਕੰਮ ਦੇ ਮਸ਼ੀਨੀਕਰਨ ਨਾਲ ਹੀ, ਮਜ਼ਦੂਰਾਂ ਦੀ ਦਸ਼ਾ ਹੋਰ ਵੱਧ ਬਦਤਰ ਹੋ ਗਈ ਹੈ। ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ। ਠੇਕੇਦਾਰਾਂ ਵਲੋਂ ਲਾਈਆਂ ਗਈਆਂ ਮਸ਼ੀਨਾਂ ਨਾਲ ਖੋਲ੍ਹ ਤੋੜਨ ਦਾ ਕੰਮ ਕਾਫੀ ਤੇਜ਼ੀ ਨਾਲ ਹੋ ਜਾਂਦਾ ਹੈ ਪਰ ਬਦਾਮ ਤੇ ਛਿਲਕੇ ਨੂੰ ਵੱਖ-ਵੱਖ ਕਰਨ ਦਾ ਕੰਮ ਅਜੇ ਹੱਥਾਂ ਨਾਲ ਹੀ ਕੀਤਾ ਜਾਂਦਾ ਹੈ। ਮਸ਼ੀਨੀਕਰਨ ਪਿਛੋਂ, ਮਜ਼ਦੂਰਾਂ ਦੇ ਭੁਗਤਾਨ 'ਚ ਗੈਰ ਯਕੀਨੀ 'ਚ ਕੋਈ ਫਰਕ ਨਹੀਂ ਪਿਆ ਹੈ ਪਰ ਮਜ਼ਦੂਰੀ ਦਾ ਮਾਮਲਾ ਹੋਰ ਵੱਧ ਉਲਝਿਆ ਹੋਇਆ ਤੇ ਅਨਿਸ਼ਚਤ ਹੋ ਗਿਆ। ਮਸ਼ੀਨੀਕਰਨ ਨਾਲ ਬਦਾਮ ਤੋੜਨ ਦੇ ਕੰਮ ਦੀ ਮਾਤਰਾ 'ਚ ਤਾਂ ਨਿਰਸੰਦੇਹ ਠੇਕੇਦਾਰਾਂ ਦੇ ਮਨਮਾਫਿਕ ਵਾਧਾ ਹੋਇਆ ਪਰ ਮਜ਼ਦੂਰਾਂ ਦੀ ਦਸ਼ਾ 'ਚ ਕੋਈ ਸੁਧਾਰ ਨਹੀਂ ਹੋਇਆ। ਜੂਨ 2011 'ਚ ਪੀ.ਯੂ.ਡੀ.ਆਰ ਦੀ ਟੀਮ ਕਰਾਵਲ ਨਗਰ 'ਚ ਕਈ ਮਜ਼ਦੂਰਾਂ ਨੂੰ ਮਿਲੀ। ਇਹ ਮਜ਼ਦੂਰ ਆਪਣੇ ਭਵਿੱਖ ਸਬੰਧੀ ਕਾਫੀ ਚਿੰਤਤ ਸਨ। ਉਹ ਇਸ ਗੱਲ ਤੋਂ ਡਰੇ ਸਨ ਕਿ ਮਸ਼ੀਨਾਂ ਦੇ ਆ ਜਾਣ ਨਾਲ ਉਹਨਾਂ ਦੀ ਮਜ਼ਦੂਰੀ ਪਹਿਲਾਂ ਦੇ ਮੁਕਾਬਲੇ ਅੱਧੀ ਹੀ ਰਹਿ ਜਾਵੇਗੀ। ਇਕ ਮਾਲਕ ਨੇ ਦਸਿਆ ਕਿ ਇਕ ਮਸ਼ੀਨ ਨਾਲ ਇਕ ਘੰਟੇ 'ਚ ਲਗਭਗ 200 ਗੱਟੇ ਬਦਾਮ ਤੋੜੇ ਜਾ ਸਕਦੇ ਹਨ। ਕੰਮ ਦੇ ਸੀਜ਼ਨ 'ਚ ਪਹਿਲਾਂ ਇਥੇ ਇਕ ਦਿਨ 'ਚ ਸਿਰਫ 80-100 ਗਟਿਆਂ ਦੀ ਸਫਾਈ ਹੋ ਜਾਂਦੀ ਸੀ, ਮਸ਼ੀਨੀਕਰਨ ਪਿਛੋਂ ਇਹਨਾਂ ਦੀ ਗਿਣਤੀ ਸਿੱਧੇ-ਸਿੱਧੇ 350-400 ਗੱਟੇ ਰੋਜ਼ਾਨਾ ਤਕ ਵੱਧ ਗਈ। ਮਸ਼ੀਨੀਕਰਨ ਕਰਕੇ ਕੰਮ ਦੀ ਦਰ 'ਚ ਤੇਜ਼ੀ ਆਉਣ ਨਾਲ ਤੇ ਮਜ਼ਦੂਰਾਂ ਦੀ ਲੋੜ 'ਚ ਕਮੀ ਆਉਣ ਨਾਲ ਮਜ਼ਦੂਰਾਂ ਨੂੰ ਇਹਨਾਂ ਪੈਦਾਵਾਰ ਇਕਾਈਆਂ 'ਚ ਕੰਮ ਮਿਲਣ 'ਚ ਦਿੱਕਤ ਆਉਣ ਲੱਗੀ। ਮਸ਼ੀਨੀਕਰਨ ਪਿਛੋਂ ਮਜ਼ਦੂਰੀ ਦੇ ਪ੍ਰਸੰਗ 'ਚ ਮਜ਼ਦੂਰਾਂ ਨੂੰ ਭੁਗਤਾਨ ਦੀ ਪ੍ਰਣਾਲੀ ਦੇ ਅਧਾਰ 'ਤੇ ਤਿੰਨ ਸ਼੍ਰੇਣੀਆਂ 'ਚ ਵੰਡਿਆ ਜਾ ਸਕਦਾ ਹੈ ਪਹਿਲੀ ਸ਼੍ਰੇਣੀ ਉਹਨਾਂ ਲੋਕਾਂ ਦੀ ਹੈ ਜਿਹਨਾਂ ਨੂੰ ਠੇਕੇਦਾਰ ਨੇ ਕੰਮ ਦੀ ਪ੍ਰਗਤੀ ਤੇ ਰਫ਼ਤਾਰ 'ਤੇ ਨਜ਼ਰ ਰੱਖਣ ਅਤੇ ਕੰਮ ਦੌਰਾਨ ਮਜ਼ਦੂਰਾਂ ਵਲੋਂ ਬਦਾਮ ਚੋਰੀ ਕਰਨ ਦੀ ਸੰਭਾਵਨਾ ਨੂੰ ਘੱਟ ਜਾਂ ਖਤਮ ਕਰਨ ਲਈ ਮਜ਼ਦੂਰਾਂ ਤੇ ਨਜ਼ਰ ਰੱਖਣ ਲਈ ਰਖਿਆ ਹੈ। ਇਹ ਲੋਕ ਗਿਣਤੀ 'ਚ ਬਹੁਤ ਘੱਟ ਹਨ ਤੇ ਮਾਸਕ ਤਨਖਾਹ 'ਤੇ ਰਖੇ ਜਾਂਦੇ ਹਨ। ਕੰਮ ਕਰਨ ਵਾਲੇ ਬੱਚਿਆਂ ਨੂੰ

ਕੰਮ ਖਤਮ ਕਰਕੇ ਜਾਣ ਤੋਂ ਪਹਿਲਾਂ ਆਪਣੀ ਤਲਾਸੀ ਕਰਵਾਉਣ ਲਈ ਉਹਨਾਂ ਪਾਸ ਜਾਂਦੇ ਵੇਖਿਆ ਜਾ ਸਕਦਾ ਹੈ। ਦੂਜੇ ਪਾਸੇ ਬਦਾਮ ਪ੍ਰੋਸੈਸਿੰਗ ਦਾ ਕੰਮ ਦੋ ਭਾਗਾਂ ’ਚ ਵੰਡਿਆ ਗਿਆ ਹੈ। ਕੁਝ ਮਜ਼ਦੂਰ ਸਿਰਫ ਬਦਾਮਾਂ ਨੂੰ ਮਸ਼ੀਨ ’ਚ ਪਾਉਣ ਦਾ ਕੰਮ ਕਰਦੇ ਹਨ ਜਦਕਿ ਹੋਰ ਸਫਾਈ ਤੇ ਤਿਆਰੀ ਦਾ। ਮਸ਼ੀਨਾਂ ਨਾਲ ਬਦਾਮ ਤੋੜਨ ਦਾ ਕੰਮ ਪੂਰੀ ਤਰ੍ਹਾਂ ਨਾਲ ਮਰਦ ਮਜ਼ਦੂਰਾਂ ਲਈ ਰਾਖਵਾਂ ਹੈ। ਬਦਾਮ ਤੋੜਨ ਦੇ ਕੰਮ ਲਈ ਪ੍ਰਤੀ ਗੱਟਾ 5 ਰੁਪਏ ਮਿਲਦੇ ਹਨ। ਦੂਜੇ ਪਾਸੇ ਸਫਾਈ ਤੇ ਤਿਆਰੀ ਦਾ ਕੰਮ ਇਕ ਰੁਪਿਆ ਪ੍ਰਤੀ ਗੱਟਾ ਪੀਸ ਰੇਟ ’ਤੇ ਔਰਤਾਂ ਤੇ ਬੱਚਿਆਂ ਵਲੋਂ ਕਰਵਾਇਆ ਜਾਂਦਾ ਹੈ। ਮਸ਼ੀਨ ਨਾਲ ਇੱਕ ਗੱਟਾ ਬਦਾਮ ਤੋੜਨ ’ਚ ਬਸ ਕੁਝ ਮਿੰਟ ਹੀ ਲਗਦੇ ਹਨ। ਇਸ ਤਰ੍ਹਾਂ ਇਕ ਮਰਦ ਆਪਣੇ ਨਾਲ ਕੰਮ ਕਰਨ ਵਾਲੀਆਂ ਔਰਤਾਂ ਦੀ ਤੁਲਨਾ ’ਚ ਬਰਾਬਰ ਸਮੇਂ ’ਚ ਵੱਧ ਮਜ਼ਦੂਰੀ ਪਾ ਰਹੇ ਹਨ। ਇਸ ਤਰ੍ਹਾਂ ਕੰਮ ਦੀ ਇਹ ਵੰਡ ਪੁਰਾਤਨ ਲਿੰਗ ਅਧਾਰਤ ਭੇਦਭਾਵ ਪੂਰਨ ਸਮਾਜਕ ਵਿਵਸਥਾ ਨੂੰ ਮਜ਼ਬੂਤ ਕਰਨਾ ਦਾ ਇਕ ਹੋਰ ਰੂਪ ਹੈ। ਇਹ ਸਪੱਸ਼ਟ ਹੈ ਕਿ ਮਸ਼ੀਨੀਕਰਨ ਤੋਂ ਪਿਛੋਂ ਔਰਤ ਮਜ਼ਦੂਰਾਂ ਦੀ ਮਜ਼ਦੂਰੀ ’ਚ ਗਿਰਾਵਟ ਆਈ ਹੈ। ਇਥੇ ਇਹ ਵੀ ਧਿਆਨ ’ਚ ਰਖਣਾ ਚਾਹੀਦਾ ਹੈ ਕਿ ਮਰਦ ਮਜ਼ਦੂਰਾਂ ਦੀ ਦਸ਼ਾ ’ਚ ਥੋੜਾ ਸੁਧਾਰ ਤਾਂ ਆਇਆ ਹੈ ਪਰ ਅਜੇ ਵੀ ਉਹਨਾਂ ਨੂੰ ਮਿਲ ਰਹੀ ਮਜ਼ਦੂਰੀ ਗੈਰ ਹੁਨਰਮੰਦ ਮਜ਼ਦੂਰ ਲਈ ਨਿਰਧਾਰਿਤ ਘੱਟੋ-ਘੱਟ ਮਜ਼ਦੂਰੀ ਦੇ ਬਰਾਬਰ ਨਹੀਂ ਹੈ। ਕੰਮ ਕਰਨ ਦੀ ਹਾਲਤਾਂ ਬਦਾਮ ਤੋਂ ਛਿਲਕਾ ਉਤਾਰਨ ਦਾ ਕੰਮ ਬੇਹੱਦ ਕਠਿਨ ਹੈ ਤੇ ਜੋਖਿਮ ਭਰਿਆ ਹੁੰਦਾ ਹੈ। ਬਦਾਮ ਕੱਢਣ ਲਈ ਜੋ ਖੋਲ ਤੋੜਿਆ ਜਾਂਦਾ ਹੈ ਉਹ ਕਾਫੀ ਸਖਤ ਹੁੰਦਾ ਹੈ ਤੇ ਉਸ ਨੂੰ ਨਰਮ ਬਣਾਉਣ ਲਈ ਰਸਾਇਣਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਪੂਰਾ ਕੰਮ ਨੰਗੇ ਹੱਥਾਂ ਨਾਲ ਕੀਤਾ ਜਾਂਦਾ ਹੈ ਅਤੇ ਲੰਬੇ ਸਮੇਂ ਤਕ ਕੰਮ ਕਰਨ ਨਾਲ ਲਗਭਗ ਸਭ ਮਜ਼ਦੂਰਾਂ ਦੀਆਂ ਉਂਗਲਾਂ ਦੇ ਪੋਰਾਂ ’ਚ ਜ਼ਖਮ ਹੋ ਜਾਂਦੇ ਹਨ ਅਤੇ ਤਰੇੜਾਂ ਪੈ ਜਾਂਦੀਆਂ ਹਨ ਜਿਹਨਾਂ ’ਚ ਸਰਦੀਆਂ ’ਚ ਬਹੁਤ ਦਰਦ ਹੁੰਦਾ ਹੈ। ਇਹ ਜ਼ਖਮ ਖੋਲ ਦੇ ਖੁਰਦਰੇਪਣ ਅਤੇ ਜਾਂ ਰਸਾਇਣਾਂ ਦੇ ਪ੍ਰਭਾਵ ਦੋਨਾਂ ਹੀ ਕਾਰਨਾਂ ਕਰਕੇ ਹੋ ਸਕਦੇ ਹਨ। ਬਦਾਮਾਂ ਦੀ ਸਫਾਈ ਸਮੇਂ ਕਾਫੀ ਧੂੜ ਮਿਟੀ ਪੈਦਾ ਹੁੰਦੀ ਹੈ ਤੇ ਇਸ ਤੋਂ ਬਚਣ ਲਈ ਮਜ਼ਦੂਰਾਂ ਕੋਲ ਸਿਰਫ ਇਕ ਛੋਟਾ ਜਿਹਾ ਕਪੜੇ ਦਾ ਟੁਕੜਾ ਹੁੰਦਾ ਹੈ। ਇਸ ਧੂੜ ਨਾਲ ਕਈ ਤਰ੍ਹਾਂ ਦੀਆਂ ਸਾਹ ਦੀਆਂ ਬੀਮਾਰੀਆਂ ਹੋ ਸਕਦੀਆਂ ਹਨ। ਮਜ਼ਦੂਰਾਂ ਦੇ ਮੂੰਹ ਤੇ ਨੱਕ ’ਚੋਂ ਅਕਸਰ ਖੂਨ ਦੀ ਗੰਢਾਂ ਨਿਕਲਦੀਆਂ ਰਹਿੰਦੀਆਂ ਹਨ। ਠੇਕੇਦਾਰਾਂ ਵਲੋਂ ਸਹੀ ਸਮੇਂ ਭੁਗਤਾਨ ਨਾ ਕਰਨ ਕਰਕੇ ਮਜ਼ਦੂਰਾਂ ਨੂੰ ਹੋਰ ਬੀਮਾਰੀਆਂ ਜਿਵੇਂ ਮਿਆਦੀ ਬੁਖਾਰ ਤੇ ਹੈਜ਼ਾ ਆਦਿ ਦਾ ਇਲਾਜ ਟਾਲਦੇ ਰਹਿਣਾ ਪੈਂਦਾ ਹੈ ਜਾਂ ਵਿਚਕਾਰ ਹੀ ਛੱਡਣਾ ਪੈਂਦਾ ਹੈ। ਮਸ਼ੀਨੀਕਰਨ ਨੇ ਇਸ ਸਮੱਸਿਆ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਜਿਨਾਂ ਕਮਰਿਆਂ ’ਚ ਮਸ਼ੀਨਾਂ ਹਨ ਉਥੇ ਕਈ-ਕਈ ਇੰਚ ਮੋਟੀ ਧੂੜ ਦੀ ਪਰਤ ਜੰਮੀ ਰਹਿੰਦੀ ਹੈ। ਰਿਹਾਇਸ਼ੀ ਇਲਾਕਿਆਂ ’ਚ ਪੀਣ ਯੋਗ ਪਾਣੀ ਨਹੀਂ ਹੈ ਤੇ ਜਲ ਨਿਕਾਸੀ ਵਰਗੀਆਂ ਬੁਨਿਆਦੀ ਸ਼ਹਿਰੀ ਸਹੂਲਤਾਂ ਦੀ ਘਾਟ ਵੀ ਸਿਹਤ ਸਬੰਧੀ ਪ੍ਰੇਸ਼ਾਨੀਆਂ ਨੂੰ ਹੋਰ ਜ਼ਿਆਦਾ ਵਧਾ ਦਿੰਦੀ ਹੈ ਕਿਉਂਕਿ ਇਹ ਵੀ ਸਾਬਤ ਨਹੀਂ ਕੀਤਾ ਜਾ ਸਕਦਾ ਕਿ ਮਜ਼ਦੂਰ ਕਿਸ ਠੇਕੇਦਾਰ ਤਹਿਤ ਕੰਮ ਕਰਦੇ ਹਨ, ਇਸ ਲਈ ਮਜ਼ਦੂਰਾਂ ਦੀ ਸਿਹਤ ਦੇ ਪ੍ਰਸੰਗ ’ਚ ਉਹਨਾਂ ਦੀ ਕੋਈ ਜੁਆਬਦੇਹੀ ਤਹਿ ਕਰਨ ਦਾ ਤਾਂ ਸੁਆਲ ਹੀ ਨਹੀਂ

ਉਠਦਾ ਚਾਹੇ ਉਹ ਇਲਾਜ ਮੁਹੱਈਆ ਕਰਾਉਣ ਦਾ ਮਾਮਲਾ ਹੀ ਹੋਵੇ ਜਾਂ ਰਹਿਣ ਦੀਆਂ ਸਹੂਲਤਾਂ। ਇਕ ਪਾਸੇ ਤਾਂ ਖੁਦ ਠੇਕੇਦਾਰ ਵਲੋਂ ਦੇਰੀ ਨਾਲ ਮਜ਼ਦੂਰਾਂ ਦਾ ਭੁਗਤਾਨ ਮਜ਼ਦੂਰਾਂ ਲਈ ਸਮੇਂ ਸਿਰ ਇਲਾਜ ਕਰਵਾ ਸਕਣਾ ਅਸੰਭਵ ਬਣਾ ਦਿੰਦਾ ਹੈ ਤਾਂ ਦੂਜੇ ਪਾਸੇ ਅਚਾਨਕ ਬੀਮਾਰੀ ਸਬੰਧੀ ਐਮਰਜੈਂਸੀ ਹੋਣ 'ਤੇ ਠੇਕੇਦਾਰਾਂ ਤੋਂ ਕੋਈ ਵਿਤੀ ਸਹਾਇਤਾ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਬਦਾਮ ਪ੍ਰੋਸੈਸਿੰਗ ਇਕਾਈਆਂ 'ਚ ਹਜ਼ਾਰਾਂ ਦੀ ਗਿਣਤੀ 'ਚ ਮਜ਼ਦੂਰ ਕੰਮ ਕਰਦੇ ਹਨ ਤੇ ਕੰਮ ਪੂਰਾ ਸਾਲ ਚਾਲੂ ਰਹਿੰਦਾ ਹੈ। ਇਸ ਤਰ੍ਹਾਂ ਇਹ ਕੰਮ ਤਾਂ ਸਥਾਈ ਹੈ ਪਰ ਮਜ਼ਦੂਰਾਂ ਨੂੰ ਫਰਜ਼ੀ ਤੌਰ 'ਤੇ ਰਖਿਆ ਜਾਂਦਾ ਹੈ ਉਹਨਾਂ ਨੂੰ ਕਿਸੇ ਵੀ ਤਰ੍ਹਾਂ ਦਾ ਰੁਜ਼ਗਾਰ ਦਾ ਸਬੂਤ ਜਿਵੇਂ ਪਹਿਚਾਣ ਪੱਤਰ ਤਨਖਾਹ ਸਲਿਪ ਆਦਿ ਨਹੀਂ ਦਿੱਤੇ ਜਾਂਦੇ। ਕੋਈ ਹਾਜ਼ਰੀ ਰਜਿਸਟਰ ਵੀ ਨਹੀਂ ਰਖਿਆ ਜਾਂਦਾ ਹੈ। ਇਸ ਲਈ ਏਨੀ ਵੱਡੀ ਪੱਧਰ 'ਤੇ ਪੈਦਾਵਾਰ ਹੋਣ ਦੇ ਬਾਵਜੂਦ ਵੀ ਮਜ਼ਦੂਰਾਂ ਦੀਆਂ ਕੰਮ ਦੀਆਂ ਹਾਲਤਾਂ 'ਤੇ ਨਿਗਰਾਨੀ ਰਖਣ ਲਈ ਕੋਈ ਵਿਵਸਥਾ ਮੌਜੂਦ ਨਹੀਂ ਹੈ। ਇਹ ਇਕ ਮਜ਼ਾਕ ਹੀ ਹੈ ਕਿ ਕਾਨੂੰਨ ਤੌਰ 'ਤੇ ਇਹ ਠੇਕੇਦਾਰ ਕਿਰਤ ਕਾਨੂੰਨਾਂ ਦੇ ਪਾਲਣ ਲਈ ਬੰਦਕ ਨਹੀਂ ਹਨ ਅਤੇ ਮਜ਼ਦੂਰਾਂ ਦੀ ਸ਼ਿਕਾਇਤਾਂ ਦੀ ਸੁਣਵਾਈ ਲਈ ਕੋਈ ਅਮਲ ਮੌਜੂਦ ਨਹੀਂ ਹੈ।

ਇਸ ਕੰਮ ਨੂੰ 'ਸਨਅਤ' ਵਜੋਂ ਕੋਈ ਮਾਨਤਾ ਨਹੀਂ ਹੈ। ਉਲਟਾ ਅਸਪਸ਼ਟ ਤੌਰ 'ਤੇ ਪ੍ਰਭਾਵਿਤ 'ਘਰੇਲੂ ਪੈਦਾਵਾਰ' ਸ਼੍ਰੇਣੀ ਦੇ ਤਹਿਤ ਆਉਣ ਕਰਕੇ ਇਹ ਇਕਾਈਆਂ ਮੌਜੂਦ ਕਿਰਤ ਕਾਨੂੰਨਾਂ ਦੇ ਦਾਇਰੇ ਤੋਂ ਬਾਹਰ ਰਹਿੰਦੀਆਂ ਹਨ। ਦਿਲੀ ਦੇ ਕਿਰਤ ਵਿਭਾਗ ਅਨੁਸਾਰ ਕੰਮ ਕਰਨ ਤੋਂ ਇਹ ਬਾਹਰ ਰਹਿੰਦੀਆਂ ਹਨ ਤੇ 'ਸੰਗਠਿਤ ਖੇਤਰ' ਦੀ ਪ੍ਰੀਭਾਸ਼ਾ ਹੇਠ ਵੀ ਨਹੀਂ ਆਉਂਦੀਆਂ। ਕਿਸੇ ਘਰੇਲੂ ਇਕਾਈ ਨੂੰ ਬਿਜਲੀ ਦੇ ਨਾਲ 10 ਮਜ਼ਦੂਰਾਂ ਦੇ ਕੰਮ ਕਰਨ ਜਾਂ ਬਿਜਲੀ ਬਿਨ੍ਹਾਂ 20 ਮਜ਼ਦੂਰਾਂ ਦੇ ਕੰਮ ਕਰਨ 'ਤੇ ਹੀ 'ਜਥੇਬੰਦ ਖੇਤਰ' ਵਜੋਂ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਇਸ ਤਰਕ ਨਾਲ ਤੇਜੀ ਨਾਲ ਫੈਲਦਾ ਗੈਰ-ਰਵਾਇਤੀ ਖੇਤਰ ਜਿਸ 'ਚ ਅੱਜ ਦੇਸ਼ ਦੀ ਕੁਲ ਕਾਰਜ ਸ਼ਕਤੀ ਦਾ 94 ਫੀ ਸਦੀ ਕੰਮ ਕਰਦਾ ਹੈ। ਕਿਰਤ ਕਾਨੂੰਨਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਹੋ ਜਾਂਦਾ ਹੈ। ਕਰਾਵਲ ਨਗਰ ਤੇ ਨੇੜੇ ਦੇ ਇਲਾਕਿਆਂ 'ਚ ਖੁੰਬਾਂ ਵਾਂਗੂੰ ਵਧਦੀਆਂ ਇਹਨਾਂ ਇਕਾਈਆਂ ਨੂੰ ਫੈਕਟਰੀਆਂ ਵਜੋਂ ਮਾਨਤਾ ਨਾ ਦਿਤੇ ਜਾਣ ਕਰਕੇ ਮਜ਼ਦੂਰੀ, ਓਵਰ ਟਾਇਮ ਆਦਿ ਮਾਮਲਿਆਂ ਸਬੰਧੀ ਮਾਲਕਾਂ ਦੇ ਮੁਕਾਬਲੇ ਮਜ਼ਦੂਰਾਂ ਦੀ ਸੌਦੇਬਾਜ਼ੀ ਦਾ ਸਮਰਥਾ ਜ਼ੀਰੋ ਹੋ ਜਾਂਦੀ ਹੈ। ਨੌਕਰਸ਼ਾਹੀ ਦੀ ਮਿਲੀਭੁਗਤ ਵੀ ਕਾਫੀ ਸਪਸ਼ਟ ਹੈ ਕਿਉਂਕਿ ਕਿਰਤ ਵਿਭਾਗ ਜਾਂ ਤਾਂ ਸਭ ਕੁਝ ਦੇਖ ਕੇ ਬੇਖਬਰ ਬਣਿਆ ਰਹਿੰਦਾ ਹੈ ਜਾਂ ਉਹਨਾਂ ਦੀ ਸਰਗਰਮ ਮਿਲੀਭੁਗਤ ਹੁੰਦੀ ਹੈ ਹਲਾਂਕਿ ਕਹਿਣ ਨੂੰ ਤਾਂ ਕਿਰਤ ਵਿਭਾਗ ਮਜ਼ਦੂਰਾਂ ਦੀ ਭਲਾਈ ਵਾਸਤੇ ਬਣਿਆ ਹੈ। ਕਿਸੇ ਗੈਰ ਰਵਾਇਤੀ ਜਾਂ ਕੈਜ਼ੂਅਲ ਕਿਰਤ ਅਮਲ ਦੀ ਸਭ ਤੋਂ ਮੁਖ ਦਿੱਕਤ ਮਾਲਕ ਤੇ ਮਜ਼ਦੂਰ ਦੀ ਪਹਿਚਾਣ ਸਥਾਪਤ ਕਰਨ ਦੀ ਹੁੰਦੀ ਹੈ। ਵਿਕਸਤ ਤੇ ਵਿਕਾਸ ਸ਼ੀਲ ਦੋਨਾਂ ਹੀ ਤਰ੍ਹਾਂ ਦੇ ਦੇਸ਼ਾਂ 'ਚ ਕਿਰਤ ਸ਼ਕਤੀ ਦਾ ਗੈਰ ਰਵਾਇਤੀ ਕਰਨ ਤੇਜ਼ੀ ਨਾਲ ਇਕ ਆਮ ਰੁਝਾਣ ਬਣਦਾ ਜਾ ਰਿਹਾ ਹੈ। 1990-2005 ਦੌਰਾਨ ਅਜੇਹੇ ਮਜ਼ਦੂਰਾਂ ਦੀ ਗਿਣਤੀ 'ਚ ਵਾਧਾ ਹੋਇਆ ਹੈ ਪਰ ਇਹਨਾਂ ਨੂੰ ਕਿਰਤ ਕਾਨੂੰਨਾਂ ਦੇ ਅੰਦਰ ਲਿਆਉਣ ਲਈ ਚੁਕੇ ਕਦਮ ਨਿਰਾਸ਼ਾ ਜਨਕ ਹਨ।

# ਅਨਾਥ ਆਸ਼ਰਮ ਬਨਾਮ ਲੁੱਟ ਜ਼ਬਰ ਦੇ ਅੱਡੇ

ਸਾਡੇ ਦੇਸ਼ ਵਿਚ ਅਨੇਕਾਂ ਅਨਾਥ ਆਸ਼ਰਮ ਚਲ ਰਹੇ ਹਨ ਇਥੇ ਗਰੀਬ-ਬੇਸ਼ਹਾਰਾ ਬੱਚਿਆਂ ਨੂੰ ਸਿਖਿਅਤ ਕਰਕੇ ਤੇ ਪਾਲਪੋਸ਼ ਕੇ ਸਮਾਜ ਦੀ ਧਾਰਾ 'ਚ ਸ਼ਾਮਲ ਕਰਵਾਉਣ ਦੀਆਂ ਗੱਲਾਂ ਸਾਡੀਆਂ ਸਰਕਾਰਾਂ ਕਦੇ-ਕਦਾਈ ਕਰਦੀਆਂ ਰਹਿੰਦੀਆਂ ਹਨ। ਸਰਕਾਰੀ ਸਵੈ ਸੇਵੀ ਸੰਸਥਾਵਾਂ ਇਸ ਤਰ੍ਹਾਂ ਦੇ ਅਨਾਥ ਆਸ਼ਰਮਮਾਂ ਨੂੰ ਵਿਦੇਸ਼ੀ ਫੰਡਾਂ ਤੇ ਸਕਾਰੀ ਦਾਨ-ਖੈਮਤਾਂ ਦੇ ਸਹਾਰੇ ਚਲਦੀਆਂ ਰਹਿੰਦੀਆਂ ਹਨ। ਉਪਰੀ ਤੌਰ 'ਤੇ ਵੇਖਿਆ ਤਾਂ ਲੱਗੇਗਾ ਕਿ ਇਹ ਤਾਂ ਬਹੁਤ ਨੇਕ ਕੰਮ ਹੈ ਅਤੇ ਸਾਡੇ ਲੋਕ ਅਜਿਹੀਆਂ ਸਵੈ ਸੇਵੀ ਸੰਸਥਾਵਾਂ ਤੇ ਸਰਕਾਰ ਨੂੰ ਧੰਨਵਾਦ ਦੇ ਨਾਲ ਦੁਆਵਾਂ ਦੇਣ ਲੱਗੀਆਂ ਹਨ ਪਰ ਤਸਵੀਰ ਦਾ ਦੂਸਰਾ ਰੁੱਖ ਵੀ ਹੈ। ਹਰਿਆਣੇ ਦੇ ਰੋਹਤਕ ਸਥਿਤ 'ਆਪਣਾ ਘਰ' 'ਚ ਰਹਿਣ ਵਾਲੀਆਂ ਨਾਬਾਲਗ ਲੜਕੀਆਂ ਦੇ ਨਾਲ ਅਤਿਆਚਾਰ ਦੇ ਮਾਮਲੇ ਦਾ ਪਤਾ ਲੱਗਿਆ। ਇਹਨਾਂ ਲੜਕੀਆਂ ਨੇ ਦਸਿਆ ਕਿ 'ਆਪਣਾ ਘਰ' ਆਸ਼ਰਮ 'ਚ ਮੁੰਬਈ ਤੋਂ ਆਉਣ ਵਾਲੇ ਵਿਦੇਸ਼ੀ ਮਹਿਮਾਨ ਲੜਕੀਆਂ ਦੀਆਂ ਨੰਗੀਆਂ ਵੀਡਿਓ ਫਿਲਮਾਂ ਬਣਾਉਂਦੇ ਹਨ। ਉਹ ਉਹਨਾਂ ਨੂੰ ਅੱਛੇ ਖਾਣੇ ਤੇ ਕੱਪੜੇ ਦਾ ਲਾਲਚ ਦੇ ਕੇ ਉਹਨਾਂ ਦਾ ਯੌਨ ਸੋਸ਼ਣ ਕਰਦੇ ਹਨ। ਨਾਲ ਹੀ ਉਹਨਾਂ ਦਸਿਆ ਕਿ ਆਸ਼ਰਮ ਨੂੰ ਚਲਾਉਣ ਵਾਲੀ ਜਸਵੰਤੀ ਇਹਨਾਂ ਲੜਕੀਆਂ ਨੂੰ ਚੰਡੀਗੜ੍ਹ ਲੈ ਜਾ ਕੇ ਉਚ ਅਫ਼ਸਰਾਂ ਦੀਆਂ ਬਰਥ-ਡੇ ਪਾਰਟੀਆਂ 'ਚ ਜ਼ਬਰੀ ਭੇਜ ਦੀਆਂ ਹਨ ਜਿਥੇ ਅਧਿਕਾਰੀ ਉਹਨਾਂ ਦਾ ਯੌਨ ਸੋਸ਼ਣ ਕਰਦੇ ਹਨ। 'ਆਪਣਾ ਘਰ' ਦੀਆਂ ਲੜਕੀਆਂ ਨੇ ਦਸਿਆ ਕਿ 18 ਸਾਲ ਤੋਂ ਵੱਧ ਉਮਰ ਦੀਆਂ ਲੜਕੀਆਂ ਨੂੰ ਪੈਸੇ ਦੇ ਕੇ ਉਮਰ ਦਰਾਜ ਲੋਕਾਂ ਨੂੰ ਜ਼ਬਰਨ ਵਿਆਹ ਕਰਵਾ ਦਿੰਦੀਆਂ ਹਨ ਤੇ ਇਹਨਾਂ ਵਿਆਹਾਂ ਦਾ ਕੋਈ ਰਿਕਾਰਡ ਵੀ ਨਹੀਂ ਰਖਿਆ ਜਾਂਦਾ ਹੈ। ਪਿਛੋਂ ਇਹਨਾਂ ਲੜਕੀਆਂ ਦੀ ਕਿਹੋ ਜਿਹੀ ਹਾਲਤ ਰਹਿੰਦੀ ਹੈ ਇਸ ਦੀ ਜਾਣਕਾਰੀ ਵੀ ਹੋਰ ਲੜਕੀਆਂ ਨੂੰ ਨਹੀਂ ਮਿਲ ਸਕਦੀਆਂ ਸਨ। ਇਥੋਂ ਦੀਆਂ ਲੜਕੀਆਂ ਨੇ ਅੱਗੇ ਦਸਿਆ ਕਿ ਸੰਚਾਲਿਕਾ ਜਸਵੰਤੀ ਦਾ ਜਵਾਈ ਤੇ ਐਨ.ਜੀ.ਓ ਦਾ ਹੀ ਇਕ ਅਧਿਕਾਰੀ ਵੀ ਲੜਕੀਆਂ ਨਾਲ ਮਾੜੇ ਕੰਮ ਕਰਦੇ ਰਹਿੰਦੇ ਹਨ। ਕੋਈ ਮਹਿਲਾ ਕਮਿਸ਼ਨ ਦੀ ਟੀਮ ਜਦ ਰੋਹਤਕ 'ਆਪਣਾ ਘਰ' 'ਚ ਪਹੁੰਚੀ ਤਾਂ ਉਹਨਾਂ ਨੇ ਪਾਇਆ ਕਿ ਉਥੇ ਸਥਿਤ 103 ਲੜਕੀਆਂ ਦੀ ਮੈਡੀਕਲ ਜਾਂਚ ਵੀ ਗੰਭੀਰਤਾ ਨਾਲ ਨਹੀਂ ਕੀਤੀ ਗਈ ਤੇ ਨਾ ਹੀ ਉਹਨਾਂ ਦੀ ਰੀਪੋਟ ਤਿਆਰ ਹੋਈ। ਇਸ ਤੋਂ ਪਹਿਲਾਂ ਹੀ ਕੁਝ ਲੜਕੀਆਂ ਨੂੰ ਵਾਪਸ ਉਹਨਾਂ ਦੇ ਘਰ ਭੇਜ ਦਿੱਤਾ ਗਿਆ। ਕਮਿਸ਼ਨ ਨੇ 'ਆਪਣਾ ਘਰ' ਦੀਆਂ ਦਸ ਲੜਕੀਆਂ ਤੋਂ ਇਕਲਿਆਂ ਪੁਛਗਿਛ ਕੀਤੀ ਜਿਸ 'ਚ ਮਥਰਾ ਨਿਵਾਸੀ ਮੀਨਾ ਸਿਲਚਰ (ਅਸਮ) ਨਿਵਾਸੀ, ਮੁੰਨੀ ਤੇ ਕਟਿਆਰ (ਬਿਹਾਰ) ਨਿਵਾਸੀ, ਰਾਮਵਤੀ ਨਾਲ ਤਿੰਨ ਘੰਟੇ ਗੱਲਬਾਤ ਕਰਨ ਪਿਛੋਂ ਪਤਾ ਲੱਗਿਆ ਕਿ ਇਹਨਾਂ ਲੜਕੀਆਂ ਨੂੰ ਬਾਹਰ ਮਜ਼ਦੂਰੀ ਕਰਨ ਵੀ ਭੇਜਿਆ ਜਾਂਦਾ ਸੀ ਤੇ ਕਿਹਾ ਜਾਂਦਾ ਸੀ ਕਿ ਇਹਨਾਂ ਦਾ ਪੈਸਾ ਇਹਨਾਂ ਦੇ ਬੈਂਕ ਖਾਤੇ 'ਚ ਜਮ੍ਹਾ ਕਰਵਾ ਦਿੱਤਾ ਜਾਵੇਗਾ ਪਰ ਇਸ ਤਰ੍ਹਾਂ ਦੇ ਕਿਸੇ ਵੀ ਬੈਂਕ ਅਕਾਊਂਟ ਦਾ ਰਿਕਾਰਡ ਨਹੀਂ ਮਿਲਿਆ। ਰਾਮਾਵਤੀ ਨੇ ਦਸਿਆ ਕਿ ਆਸ਼ਰਮ ਦੀ ਸੰਚਾਲਕਾ ਜਸਵੰਤੀ ਨੇ ਉਸ ਦੇ ਪੰਜ

ਮਹੀਨਿਆਂ ਦੇ ਬੱਚੇ ਨੂੰ ਅਲਗ ਕਰਕੇ ਵੇਚ ਦਿਤਾ, ਇਹਨਾਂ ਲੜਕੀਆਂ ਨੇ ਦਸਿਆ ਕਿ ਇਥੇ ਲੜਕੀਆਂ ਨਾਲ ਮਾਰਕੁਟ ਕਰਕੇ ਜ਼ਬਰਦਸਤੀ ਕੰਮ ਵੀ ਲਿਆ ਜਾਂਦਾ ਹੈ। ਯਮੁਨਾ ਨਗਰ ਸਥਿਤ ਬਾਲ ਕੁੰਜ ਇਥੇ ਨਾਬਾਲਗ ਲੜਕੀਆਂ ਨੂੰ ਰਖਿਆ ਜਾਂਦਾ ਹੈ ਤੇ 18 ਸਾਲ (ਬਾਲਗ) ਤੇ ਉਹਨਾਂ ਨੂੰ 'ਆਪਣਾ ਘਰ' ਭੇਜ ਦਿੱਤਾ ਜਾਂਦਾ ਹੈ। ਬਾਲਕੁੰਜ ਦੇ ਰਿਕਾਰਡ ਅਨੁਸਾਰ ਇਥੋਂ ਦੀਆਂ ਲਗਭਗ 23 ਲੜਕੀਆਂ ਨੂੰ 'ਆਪਣਾ ਘਰ' ਭੇਜਿਆ ਗਿਆ ਪਰ ਉਥੇ ਇਹ ਰਜਿਸਟਰਡ ਲੜਕੀਆਂ ਨਹੀਂ ਹਨ। ਇਹ ਲੜਕੀਆਂ ਕਿਤੇ ਲਾਪਤਾ ਹੋ ਗਈਆਂ ਇਹ ਜਾਣਕਾਰੀ 'ਆਪਣਾ ਘਰ' ਦੀ ਸੰਚਾਲਿਕਾ ਨੇ ਨਹੀਂ ਦਿੱਤੀ ਹੈ। ਸੂਤਰਾਂ ਅਨੁਸਾਰ ਬਾਲਕੁੰਜ ਦੀ ਇਕ ਲੜਕੀ ਪਿੰਕੀ ਨੂੰ 'ਆਪਣਾ ਘਰ' ਦੀ ਇਕ ਲੜਕੀ ਨੇ ਫੋਨ ਕਰਕੇ ਦਸਿਆ ਕਿ ਇਥੇ 'ਆਪਣਾ ਘਰ' ਮਤ ਆਉਣਾ ਇਥੇ ਆਉਣ ਤੋਂ ਅੱਛਾ ਤਾਂ ਮਰ ਜਾਣਾ ਹੈ। ਪਿੰਕੀ ਨੇ 'ਆਪਣਾ ਘਰ' ਜਾਣ ਤੋਂ ਮਨਾ ਕੀਤਾ ਪਰ ਉਸ ਦੀ ਕਿਸੇ ਨੇ ਨਹੀਂ ਸੁਣੀ। ਰੋਹਤਕ 'ਆਪਣਾ ਘਰ' ਪਹੁੰਚਣ ਦੇ ਕੁਝ ਸਮੇਂ ਪਿਛੋਂ ਪਿੰਕੀ ਨੇ ਅੱਗ ਲਾ ਕੇ ਆਤਮ ਹੱਤਿਆ ਕਰ ਲਈ। ਇਸ ਤਰ੍ਹਾਂ ਬਾਲਕੁੰਜ ਦੀ ਲੜਕੀ ਪੂਨਮ ਕਬੱਡੀ ਦੀ ਅੱਛੀ ਖਿਡਾਰਨ ਸੀ, ਉਹ ਗੁੰਮ ਸੁਮ ਰਹਿਣ ਲਗੀ। ਉਸ ਨੇ ਬੰਦ ਕਮਰੇ 'ਚ ਰਹਿਣਾ ਸ਼ੁਰੂ ਕਰ ਦਿੱਤਾ। ਫਿਰ ਉਸ ਨੂੰ 'ਆਪਣਾ ਘਰ' ਰੋਹਤਕ ਭੇਜਣ ਦੀ ਤਿਆਰੀ ਸ਼ੁਰੂ ਹੋਈ ਤਾਂ ਉਸ ਨੇ ਇਥੇ ਆਉਣ ਤੋਂ ਪਹਿਲਾਂ ਹੀ ਦਮ ਤੋੜ ਦਿੱਤਾ। ਬਾਲਕੁੰਜ ਦੀਆਂ ਲੜਕੀਆਂ 'ਆਪਣਾ ਘਰ' ਰੋਹਤਕ 'ਚ ਨਹੀਂ ਜਾਣਾ ਚਾਹੁੰਦੀਆਂ 'ਆਪਣਾ ਘਰ' ਉਹਨਾਂ ਲਈ ਜਿਵੇਂ ਤਸੀਹਾ ਘਰ ਬਣ ਗਿਆ ਹੋਵੇ। ਇਸ ਦੀ ਜਾਣਕਾਰੀ ਹੋਣ 'ਤੇ ਵੀ ਬਾਲਕੁੰਜ ਮੈਨੇਜਮੈਂਟ ਲੜਕੀਆਂ ਨੂੰ ਉਥੇ ਭੇਜਦਾ ਰਿਹਾ ਹੈ ਤੇ 'ਆਪਣਾ ਘਰ' 'ਚ ਅੱਗੇ ਲੜਕੀਆਂ ਦੀ ਕੀ ਹਾਲਤ ਹੈ। ਇਸ ਦੀ ਜਾਣਕਾਰੀ ਵੀ ਅੱਗੇ ਉਹ ਨਹੀਂ ਲੈਂਦਾ ਹੈ। 'ਆਪਣਾ ਘਰ' ਦਾ ਮਾਹੌਲ ਏਨਾ ਖੌਫਨਾਕ ਰਹਿੰਦਾ ਹੈ ਕਿ ਲੜਕੀਆਂ ਕਿਸੇ ਨੂੰ ਕੁਝ ਕਹੇ ਬਗੈਰ ਘੁੱਟ-ਘੁੱਟ ਕੇ ਜ਼ਿੰਦਗੀ ਬਸਰ ਕਰ ਲੈਂਦੀਆਂ ਹਨ ਜਾਂ ਫਿਰ ਖੁਦਕਸ਼ੀ ਕਰ ਲੈਂਦੀਆਂ ਹਨ। ਇਨੀਆਂ ਘਟਨਾਵਾਂ ਵਾਪਰਨ ਦੇ ਬਾਵਜੂਦ ਪੁਲਸ ਪ੍ਰਸ਼ਾਸਨ ਤੇ ਹਰਿਆਣਾ ਸਰਕਾਰ ਤੇ ਖ਼ੁਦ ਭਾਰਤ ਸਰਕਾਰ ਇਹਨਾਂ ਬਾਲ ਘਰਾਂ, ਅਨਾਥ ਆਸ਼ਰਮਾਂ 'ਚ ਲੜਕੀਆਂ ਪ੍ਰਤੀ ਵਧਦੀ ਯੌਨ ਹਿੰਸਾ ਤੋਂ ਬੇਖ਼ਬਰ ਆਸ਼ਰਮ ਦੀ ਸੰਚਾਲਿਕਾ ਜਸਵੰਤੀ ਨੂੰ ਸਨਮਾਨਿਤ ਕਰਦੀਆਂ ਰਹੀਆਂ। ਇਹ ਹਾਲ ਨਾ ਸਿਰਫ 'ਆਪਣਾ ਘਰ' ਦਾ ਹੈ ਬਲਕਿ ਕਈ ਅਨਾਥ ਆਸ਼ਰਮਾਂ ਦਾ ਹੈ। ਗੁੜਗਾਵਾਂ 'ਚ ਇਕ ਐਨ.ਜੀ.ਓ 'ਸੁਪਰਣਾ ਦਾ ਆਂਗਨ' ਦੇ ਆਸ਼ਰਮ 'ਚ ਦੋਨੋਂ ਪੈਰਾਂ ਤੋਂ ਅਪਾਹਜ਼ 11 ਸਾਲਾਂ ਬੱਚੀ ਦਾ ਉਥੋਂ ਦੇ ਹੀ ਇਕ ਰਸੋਈਏ ਨੇ ਬਲਾਤਕਾਰ ਕੀਤਾ। 'ਸੁਪਰਣਾ ਦਾ ਆਂਗਨ' ਆਸ਼ਰਮ ਦੀਆਂ ਪੰਜ ਬੱਚੀਆਂ ਨੇ ਪਿੰਡ ਦੀ ਪ੍ਰਾਇਮਰੀ ਸਕੂਲ ਦੀ ਅਧਿਆਪਕ ਨਿਸ਼ਾ ਯਾਦਵ ਨੂੰ ਦਸਿਆ ਕਿ ਐਨ.ਜੀ.ਓ ਦਾ ਕੇਅਰਟੇਕਅਰ ਉਨ੍ਹਾਂ ਦਾ ਯੌਨ ਸੋਸ਼ਣ ਕਰਦਾ ਹੈ। ਬੱਚਿਆਂ ਦਾ ਮੈਡੀਕਲ ਕਰਾਉਣ 'ਤੇ ਦੋ ਦੇ ਨਾਲ ਬਲਾਤਕਾਰ ਹੋਣ ਤੇ ਤਿੰਨ ਦੇ ਨਾਲ ਬਲਾਤਕਾਰ ਦੀ ਕੋਸ਼ਿਸ਼ ਦੀ ਗੱਲ ਸਾਹਮਣੇ ਆਈ।

ਇਸ ਤਰ੍ਹਾਂ ਦਿਲੀ ਦੇ ਕੰਨਿਆ ਆਰੀਆ ਅਨਾਥ ਆਸ਼ਰਮ 'ਚ ਪਿਛਲੇ ਸਾਲ ਤਕ ਇਕ ਬੱਚੀ ਦੀ ਅਸਧਾਰਨ ਹਾਲਤਾਂ 'ਚ ਮੌਤ ਹੋ ਗਈ ਸੀ। ਉਸ ਦੇ ਨਾਲ ਵੀ ਦੁਸ਼ਕਰਮ ਦੀ ਸੰਭਾਵਨਾ ਦਰਸਾਈ ਗਈ ਸੀ ਪਰ ਪ੍ਰਬੰਧਕਾਂ ਨੇ ਦਸਿਆ ਕਿ ਛੁਟੀਆਂ 'ਚ ਉਹ

ਘਰ ਗਈ ਸੀ। ਉਥੇ ਉਸ ਦੇ ਨਾਲ ਕੁਝ ਹੋਇਆ ਹੋ ਸਕਦਾ ਹੈ। ਨਹੀਂ ਤਾਂ ਉਹਨਾਂ ਦੇ ਆਸ਼ਰਮ ਦਾ ਮਾਹੌਲ ਲੜਕੀਆਂ ਲਈ ਅੱਛਾ ਹੋ ਸਕਦਾ ਹੈ। ਪਰ ਸਚਾਈ ਕੀ ਹੈ ਇਸ ਨੂੰ ਕੋਈ ਨਹੀਂ ਜਾਣ ਸਕਦਾ ਕਿਉਂਕਿ ਵੱਡੇ-ਵੱਡੇ ਐਨ.ਜੀ.ਓ ਜੋ ਕਿ ਸਰਕਾਰੀ ਤੇ ਵਿਦੇਸ਼ੀ ਦੋਨੋਂ ਤਰ੍ਹਾਂ ਦੀ ਸਹਾਇਤਾ ਹਾਸਲ ਕਰਦੇ ਹਨ, ਪੁਲਿਸ ਥਾਨਿਆਂ ਨੂੰ ਆਪਣੀਆਂ ਉਂਗਲਾਂ 'ਤੇ ਨਚਾਉਂਦੇ ਹਨ। ਮਾਸੂਮ ਬੱਚੀਆਂ ਜਿਨਾਂ ਦਾ ਕੋਈ ਸਹਾਰਾ ਨਹੀਂ ਹੁੰਦਾ ਉਥੇ ਜਾ ਕੇ ਉਹਨਾਂ ਦੀ ਹਵਸ ਦਾ ਸ਼ਿਕਾਰ ਹੋਵੇ ਬੇਵਕਤ ਮੌਤ ਦੇ ਗਲੇ 'ਚ ਸਮਾਉਣ ਨੂੰ ਮਜ਼ਬੂਰ ਹਨ। ਕੁਝ ਅਖ਼ਬਾਰਾਂ 'ਚ ਹੋ-ਹੱਲੇ ਪਿਛੋਂ 'ਆਪਣਾ ਘਰ' ਦਾ ਮਾਮਲਾ ਵੀ ਕੁਝ ਸਮੇਂ ਪਿਛੋਂ ਸ਼ਾਂਤ ਹੋ ਜਾਵੇਗਾ ਕਿਉਂਕਿ ਪ੍ਰਸ਼ਾਸਨ ਕੁਝ ਸੰਚਾਲਕਾਂ ਤੇ ਆਸ਼ਰਮ ਕਰਮਚਾਰੀਆਂ ਨੂੰ ਗ੍ਰਿਫ਼ਤਾਰ ਕਰਕੇ ਆਪਣੇ ਫਰਜ਼ਾਂ ਦੀ ਪੂਰਤੀ ਨੂੰ ਦਰਸਾ ਦੇਵੇਗਾ। ਲੜਕੀਆਂ ਦਾ ਯੌਨ ਸੋਸ਼ਣ ਆਸ਼ਰਮਾਂ 'ਚ ਅੱਗੇ ਵੀ ਬਰਕਰਾਰ ਰਹਿਣਾ ਸੁਭਾਵਿਕ ਹੈ ਕਿਉਂਕਿ ਫੰਡਿੰਗ ਕਰਨ ਵਾਲਿਆਂ ਐਨ.ਜੀ.ਓ ਦੇ ਅਧਿਕਾਰੀ ਤੇ ਵਿਦੇਸ਼ੀ ਖੁਦ ਇਹਨਾਂ ਕਰਤੂਤਾਂ ਨਾਲ ਲਿਬੜੇ ਹਨ ਤੇ ਉਹਨਾਂ 'ਤੇ ਕਾਰਵਾਈ ਕਰਨ ਦੀ ਹਿਕਾਮਤ ਭਾਰਤ ਸਰਕਾਰ ਕਦੇ ਨਹੀਂ ਕਰਦੀ। ਆਖਰ ਪੇੜ ਦੇ ਪੱਤੇ ਕੱਟ ਦੇਣ ਨਾਲ ਦਰਖੱਤ ਨੂੰ ਮਰਨੋਂ ਬਚਾਇਆ ਨਹੀਂ ਜਾ ਸਕਦਾ ਕਿਉਂਕਿ ਬੀਮਾਰੀ ਤਾਂ ਦਰਖੱਤ ਦੀ ਜੜ੍ਹ ਵਿਚ ਹੈ। ਇਸ ਜੜ੍ਹ ਰੂਪੀ ਪੂੰਜੀਵਾਦ ਨੂੰ ਤਾਂ ਸਿਰਫ ਮੇਹਨਤਕਸ਼ਾਂ ਦਾ ਸਮਾਜ ਤੇ ਉਹਨਾਂ ਦਾ ਸੰਘਰਸ਼ ਹੀ ਕਟ ਸਕਦਾ ਹੈ ਕਿਉਂਕਿ ਸਮਾਜਵਾਦੀ ਸਮਾਜ ਹੀ ਅਜੇਹੇ ਬੇਸਹਾਰਾ ਅਨਾਥ ਬੱਚਿਆਂ ਦੀ ਸਿੱਖਿਆ ਤੇ ਪਾਲਣ ਪੋਸ਼ਣ ਖੁਦ ਆਪਣੇ ਹੱਥਾਂ 'ਚ ਲੈ ਕੇ ਉਨ੍ਹਾਂ ਨੂੰ ਸਮਾਜ ਦੀ ਧਾਰਾ 'ਚ ਸ਼ਾਮਲ ਕਰ ਸਕਦਾ ਹੈ।

# ਕੀ ਕੌਮੀ ਔਰਤ ਕਮਿਸ਼ਨ ਇਕ ਦਿਖਾਵਟੀ ਸੰਸਥਾ ਹੀ ਹੈ?

| ਲੜੀ ਨੰ: | ਸ਼ਕਾਇਤਾਂ ਦੀ ਸ੍ਰੇਣੀ ਸਾਲ (2009-10) | ਸੰਖਿਆ |
|---|---|---|
| 1. | ਤੇਜ਼ਾਬ ਨਾਲ ਹਮਲਾ | 04 |
| 2. | ਹੱਤਿਆ ਦੀ ਕੋਸ਼ਿਸ਼ | 08 |
| 3. | ਬਲਾਤਕਾਰ ਦੀ ਕੋਸ਼ਿਸ਼ | 249 |
| 4. | ਵਿਭਚਾਰ | 107 |
| 5. | ਬਾਲਕਾਂ ਦੀ ਅਸੁਰਖਿਆ | 02 |
| 6. | ਪ੍ਰੀਤਿਆਗ | 02 |
| 6. | ਤਲਾਕ | 02 |
| 8. | ਘਰੇਲੂ ਹਿੰਸਾ | 2155 |
| 9. | ਦਹੇਜ ਕਾਰਨ ਮੌਤਾਂ | 521 |
| 10. | ਦੇਹਜ ਕਾਰਨ ਜ਼ਬਰ | 1339 |
| 11. | ਕਾਰਜ ਸਾਥਨ 'ਤੇ ਲੁੱਟ ਘਸੁੱਟ | 401 |
| 12. | ਭਜਾ ਕੇ ਲੈ ਜਾਣਾ/ਅਗਵਾਹ | 174 |
| 13. | ਭਰਣ-ਪੋਸ਼ਣ | 40 |
| 14. | ਵਿਵਿਧ | 6376 |
| 1. | ਛੇੜਛਾੜ ਕਰਨਾ | 461 |
| 16. | ਹਤਿਆ | 04 |
| 17. | ਅਨਿਵਾਸੀ ਭਾਰਤੀਆਂ ਨਾਲ ਵਿਆਹ | 16 |
| 18. | ਪੁਲਸ ਦੀ ਲਾਹਪ੍ਰਵਾਹੀ | 2234 |
| 19. | ਪੁਲਸ ਵਲੋਂ ਜੁਲਮ | 516 |
| 20. | ਜਾਇਦਾਦ ਸਬੰਧੀ | 764 |
| 21. | ਬਲਾਤਕਾਰ | 544 |
| 22. | ਕੰਮ ਦੀ ਥਾਂ ਤੇ ਜੁਲਮ | 65 |
| 23. | ਪੁਨਰਵਾਸ | 01 |
| | | 15985 |

***ਸਰੋਤ: ਕੌਮੀ ਔਰਤ ਕਮਿਸ਼ਨ ਸਲਾਨਾ ਰੀਪੋਟ (2009-10)***

ਪ੍ਰਸੁਤਿਤ ਅੰਕੜੇ ਕੌਮੀ ਔਰਤ ਕਮਿਸ਼ਨ ਦੀ ਸਲਾਨਾ ਰੀਪੋਟ (2009-10) ਤੋਂ ਲਏ ਗਏ ਹਨ। ਇਹ ਉਹ ਸ਼ਕਾਇਤਾਂ ਹਨ ਜੋ ਕੌਮੀ ਔਰਤ ਕਮਿਸ਼ਨ 'ਚ ਕੀਤੀਆਂ ਗਈਆਂ। ਇਨ੍ਹਾਂ 'ਤੇ ਕੀ ਕਾਰਵਾਈ ਹੋਈ ਤੇ ਕੌਮੀ ਮਹਿਲਾ ਕਮਿਸ਼ਨ ਨੇ ਕੀ ਕਦਮ ਉਠਾਏ। ਇਹ ਸਪਸ਼ਟ ਨਹੀਂ ਹੁੰਦਾ ਹੈ। ਪਰ ਇਹ ਸ਼ਿਕਾਇਤਾਂ ਦੇਸ਼ 'ਚ ਔਰਤ ਖਿਲਾਫ ਹੋਣ ਵਾਲੇ ਅਪਰਾਧਾਂ ਦਾ ਇਕ ਆਮ ਚਿਤਰ ਪੇਸ਼ ਕਰ ਦਿੰਦੀ ਹੈ। ਭਾਰਤ ਵਰਗੇ ਵਿਸ਼ਾਲ ਦੇਸ਼ 'ਚ ਜਿਥੇ ਔਰਤਾਂ ਦੀ ਅਬਾਦੀ ਕਰੀਬ ਸੱਠ ਕਰੋੜ ਹੈ, ਉਥੇ ਔਰਤ

ਮਹਿਲਾ ਕਮਿਸ਼ਨ ਪਾਸ ਸਾਲ (2009-10) 'ਚ 15985 ਸ਼ਕਾਇਤਾਂ ਦਰਜ ਹੋਣਾ, ਕੌਮੀ ਔਰਤ ਕਮਿਸ਼ਨ ਦੀ ਪੋਲ ਖੋਹਲਣ ਲਈ ਕਾਫੀ ਹੈ। ਇਹਨਾਂ ਅੰਕੜਿਆਂ ਤੋਂ ਔਰਤਾਂ 'ਤੇ ਹੋਣ ਵਾਲੇ ਅਤਿਆਚਾਰ ਦਾ ਇਕ ਅੰਦਾਜ਼ਾ ਲਾਇਆ ਜਾ ਸਕਦਾ ਹੈ। ਔਰਤ ਤੇ ਅਤਿਆਚਾਰ 'ਚ ਘਰੇਲੂ ਹਿੰਸਾ (ਜਿਸ 'ਚ ਦਹੇਜ, ਲੁੱਟ-ਘਸੁੱਟ, ਤੇ ਵਿਹਾਰਕ ਝਮੇਲਿਆਂ ਅਦਿਾ ਨੂੰ ਲਿਆ ਜਾਵੇ ਤਾਂ) ਸਭ ਤੋਂ ਉਪਰ ਹੈ। ਕੌਮੀ ਔਰਤ ਕਮਿਸ਼ਨ ਕੋਲ ਦਰਜ ਸ਼ਕਾਇਤਾਂ 'ਚ ਵਿਦੇਸ਼ਾਂ 'ਚ ਵਸਣ ਵਾਲੇ ਭਾਰਤੀ ਵਲੋਂ ਵਿਆਹ 'ਚ ਕੀਤੀ ਗਈ ਧੋਖਾਧੜੀ ਦੀਆਂ ਸ਼ਕਾਇਤਾਂ ਵੀ ਹਨ। ਹਾਲ ਦੇ ਦਿਨਾਂ 'ਚ ਅਜੇਹੇ ਮਾਮਲੇ ਕਈ ਵਾਰ ਅਖ਼ਬਾਰਾਂ 'ਚ ਉਲਝੇ ਹਨ।

ਅਜਿਹੀਆਂ ਸ਼ਕਾਇਤਾਂ ਦੀ ਗਿਣਤੀ ਸਭ ਤੋਂ ਵੱਧ ਹੈ ਜਿਸ 'ਚ ਇਕ ਵੇਲੇ ਕਈ ਤਰ੍ਹਾਂ ਦੇ ਅਤਿਆਚਾਰ ਸ਼ਾਮਲ ਹਨ। ਕਮਿਸ਼ਨ ਨੇ ਇਸ ਨੂੰ ਵਿਵਧ ਸਿਰਲੇਖ ਦਿੱਤਾ ਹੈ। ਕੌਮੀ ਔਰਤ ਕਮਿਸ਼ਨ ਵਰਗੀਆਂ ਸੰਸਥਾਵਾਂ ਪੂੰਜੀਵਾਦ ਸਮਾਜ 'ਚ ਸਿਰਫ ਦਿਖਾਵਟੀ ਹਨ। ਇਹ ਉਸ ਸਮਾਜ 'ਚ ਜਿਥੇ ਕਦਮ-ਕਦਮ 'ਤੇ ਆਮ ਔਰਤਾਂ ਉਪਰ ਜੁਲਮ ਢਾਹੇ ਜਾਂਦੇ ਹਨ ਉਥੇ ਇਹ ਸੰਸਥਾਵਾਂ ਨਿਆਂ ਦਾ ਝੂਠਾ ਦਿਲਾਸਾ ਦੇਣ ਦੇ ਨਾਲ ਵਿਆਪਕ ਭਰਮ ਫੈਲਾਉਂਦੀਆਂ ਹਨ। ਔਰਤਾਂ ਪ੍ਰਤੀ ਹੋਣ ਵਾਲੇ ਅਪਰਾਧਾਂ ਪ੍ਰਤੀ ਇਹਨਾਂ ਦਾ ਨਜ਼ਰੀਆ ਘਸਿਆ-ਪਿਟਿਆ ਤੇ ਵੱਧ ਤੋਂ ਵੱਧ ਕਾਨੂੰਨੀ ਹੁੰਦਾ ਹੈ। ਹਾਕਮ ਜਮਾਤ ਦੀਆਂ ਔਰਤਾਂ ਤਾਂ ਆਮ ਔਰਤ ਦੇ ਜੀਵਨ ਦੀਆਂ ਮੁਸ਼ਕਲ ਦੀ ਕਮੀ ਸਮਝ ਵੀ ਨਹੀਂ ਪੈਂਦੀ ਹੈ। ਕੌਮੀ ਔਰਤ ਕਮਿਸ਼ਨ ਦੀ ਭੂਮਿਕਾ ਤਾਂ ਜੁਲਮ ਦਾ ਸ਼ਿਕਾਰ ਔਰਤਾਂ ਦੀ ਆਪ ਬੀਤੀ ਸੁਨਣ ਤੇ ਉਹਨਾਂ ਦੇ ਹੰਝੂ ਪੂਝਣ ਦੀ ਵੀ ਨਹੀਂ ਹੈ। ਪੀੜਤ ਔਰਤਾਂ ਨੂੰ ਨਿਆਂ ਮਿਲਣ ਤੇ ਅਪਰਾਧੀਆਂ ਨੂੰ ਸਜ਼ਾ ਦਿਵਾਉਣ ਦੀਆਂ ਗੱਲਾਂ ਤਾਂ ਦੂਰ ਦੀ ਗੱਲ ਹੈ।

# ਖੇਤੀ ਪ੍ਰਸੰਗ ਤੇ ਪੈਦਾਵਾਰ ਦੇ ਵੱਖ-ਵੱਖ ਪਹਿਲੂ

ਘੁੰਮ-ਘੁੰਮ ਕੇ ਸ਼ਿਕਾਰ ਕਰਨ ਵਾਲੇ ਤੇ ਸਟਾਕ ਕਰਨ ਵਾਲੀ ਮਨੁੱਖ ਜਾਤੀ ਨੇ ਜੰਗਲਾਂ ਦੀ ਹਰਿਆਲੀ 'ਚ ਆਪਣੇ ਅਨੁਕੂਲ ਪੌਦਿਆਂ ਦੀ ਖੋਜ਼ ਕੀਤੀ। ਫਿਰ ਹੌਲੀ-ਹੌਲੀ ਉਸ ਦੀ ਫਸਲਾਂ ਬੀਜਣੀਆਂ ਸ਼ੁਰੂ ਕਰ ਦਿੱਤੀਆਂ। ਇਸ ਤਰ੍ਹਾਂ ਮਨੁੱਖੀ ਸਭਿਅਤਾ ਦੇ ਵਿਕਾਸ ਦੇ ਦੌਰ 'ਚ ਲਗਭਗ 10 ਹਜ਼ਾਰ ਸਾਲ ਪਹਿਲਾਂ ਖੇਤੀ ਸ਼ੁਰੂ ਹੋ ਚੁੱਕੀ ਸੀ ਖੇਤੀ ਦੇ ਨਾਲ-ਨਾਲ ਮਨੁੱਖ ਨੇ ਪਸ਼ੂ ਪਾਲਣ, ਮਿਟੀ ਦੇ ਬਰਤਨ ਬਣਾਉਣਾ, ਅਨਾਜ ਪੀਸਣਾ ਤੇ ਕਪੜੇ ਬੁਣਨਾ ਵੀ ਸਿੱਖ ਲਿਆ। ਚੀਨ ਦੇ ਮੱਧ ਤੇ ਪੱਛਮੀ ਹਿਸੇ ਦੇ ਪਹਾੜੀ ਇਲਾਕੇ ਤੇ ਉਸ ਨਾਲ ਜੁੜੀ ਪੱਧਰੀ ਜ਼ਮੀਨ 'ਤੇ 136 ਪੌਦਿਆਂ ਨੂੰ ਫ਼ਸਲਾਂ ਵਜੋਂ ਵਿਕਸਤ ਕੀਤਾ ਗਿਆ। ਪਰ ਚੀਨ ਦੀ ਅਬਾਦੀ ਦਾ ਜੋ ਚੌਲ ਮੁੱਖ ਖੁਰਾਕ ਬਣੀ ਉਹ ਭਾਰਤ ਤੋਂ ਹੀ ਉਥੇ ਗਏ। ਦੱਖਣੀ ਏਸ਼ੀਆ ਜਿਸ 'ਚ ਮੋਟੇ ਤੌਰ 'ਤੇ ਹਿੰਦੋਸਤਾਨ ਦਾ ਵਿਸ਼ਾਲ ਖੇਤਰ ਹੈ ਉਸ ਦੀ ਮਾਨਵ ਸਭਿਅਤਾ 'ਚ ਖੇਤੀ ਦੇ ਵਿਕਾਸ 'ਚ ਸਭ ਤੋਂ ਵੱਧ ਭੂਮਿਕਾ ਵੇਖੀ ਜਾਂਦੀ ਹੈ। ਇਥੇ ਲਗਭਗ 400 ਜੰਗਲੀ ਪੌਦਿਆਂ ਦੀਆਂ ਕਿਸਮਾਂ ਨੂੰ ਫਸਲਾਂ ਵਜੋਂ ਵਿਕਸਤ ਕੀਤਾ ਗਿਆ। ਇਹ ਦੁਨੀਆਂ 'ਚ ਜੰਗਲਾਂ ਤੋਂ ਫਸਲਾਂ ਲਈ ਵਿਕਸਤ ਕੀਤੇ ਜਾਣ ਵਾਲੇ ਪੌਦਿਆਂ ਦਾ ਦੋ-ਤਿਹਾਈ ਹਿੱਸਾ ਕਿਹਾ ਜਾ ਸਕਦਾ ਹੈ। ਭਾਰਤ ਹੀ ਧਾਨ, ਗੰਨਾ, ਕਈ ਤਰ੍ਹਾਂ ਦੀਆਂ ਦਾਲਾਂ, ਫਲ ਜਿਵੇਂ ਸੰਤਰਾ ਤੇ ਅੰਬ, ਨਿੰਬੂ ਆਦਿ ਦੀ ਜਨਮ ਭੂਮੀ ਹੈ। ਲਗਭਗ 5000 ਸਾਲ ਪਹਿਲਾਂ ਸਿੰਧ ਘਾਟੀ ਸਭਿਅਤਾ 'ਚ ਕਣਕ ਦੀ ਖੋਜ਼ ਕੀਤੀ ਗਈ। ਤੇਲਾਂ ਦੇ ਬੀਜ਼, ਮਟਰ, ਮਸਰਾਂ ਦੀ ਦਾਲ, ਜੌਂ ਦੀ ਖੋਜ਼ ਵੀ ਇਸ ਸਭਿਅਤਾ 'ਚ ਕੀਤੀ ਗਈ। ਇਸ ਸਭਿਅਤਾ ਦੀ ਸਭ ਤੋਂ ਵੱਡੀ ਭੂਮਿਕਾ ਇਹ ਹੈ ਕਿ ਇਸ 'ਚ ਹਲ ਤੇ ਚੱਕੇ ਵਾਲੀ ਗੱਡੀ ਦੀ ਖੋਜ਼ ਹੋਈ ਹੈ। ਸਿੰਚਾਈ ਦੇ ਅਮਲ ਦਾ ਵਿਕਾਸ ਕੀਤਾ ਗਿਆ। ਵੈਦਿਕ ਤੇ ਉਸ ਤੋਂ ਬਾਅਦ ਦੇ ਯੁੱਗ ਵਿਚ ਲੋਹੇ ਨਾਲ ਬਣੇ ਹੱਲ ਦੇ ਫਾਲ ਤੇ ਖੇਤੀ ਲਈ ਹਲ 'ਚ ਘੋੜਿਆਂ ਨੂੰ ਜੋੜਨ ਨਾਲ ਖੇਤੀ ਦਾ ਕੰਮ ਸੌਖਾ ਹੋ ਗਿਆ। ਵੈਦਿਕ ਆਰੀਆ ਨੇ ਚੰਦਰ-ਸੌਰ ਦਿਵਸ ਪਚਾਂਗ ਬਣਾਇਆ ਤੇ ਖੇਤੀ ਨੂੰ ਇਕ ਵਿਗਿਆਨਕ ਅਧਾਰ ਦਿੱਤਾ। ਉਹਨਾਂ ਨੂੰ ਧਰਤੀ ਤੇ ਸੂਰਜ ਦੀ ਗਤੀ ਦੇ ਕਾਰਨ ਹੋਣ ਵਾਲੀਆਂ ਮੌਸਮੀ ਤਬਦੀਲੀਆਂ ਤੇ ਖੇਤੀ ਵਿਚਕਾਰ ਅਟੁੱਟ ਸਬੰਧ ਖੋਜ ਕੱਢਿਆ ਹੈ। ਇਸ ਯੁੱਗ 'ਚ ਕੌਟਿਲਯ ਦੇ ਅਰਥ ਸਾਸ਼ਤਰ, ਵਰਾਹ ਮਿਹਰ ਦੀ ਬਰਿਹੱਦ ਕੋਡ ਆਫ਼ ਕੰਡਕਟ ਤੇ ਪ੍ਰਾਸ਼ਰ ਮੁਨੀ ਵਲੋਂ ਰਚਿਤ ਖੇਤੀ ਦੇ ਵਿਸਥਾਰਿਤ ਵਰਨਣ ਮਿਲਦੇ ਹਨ। ਅਸ਼ੋਕ ਤੇ ਹਰਸ਼ਵਰਧਨ ਵਰਗੇ ਸਮਰਾਟਾਂ ਨੇ ਵੀ ਖੇਤੀ ਨੂੰ ਹੱਲਾਸ਼ੇਰੀ ਦਿਤੀ। ਹਕੂਮਤੀ ਪ੍ਰਬੰਧ ਦੇ ਬਦਲਣ ਦੇ ਨਾਲ ਖੇਤੀ ਵਿਕਾਸ ਦੀਆਂ ਨਵੀਆਂ ਮੰਜ਼ਿਲਾਂ ਤਹਿ ਕਰਦੀ ਰਹੀ ਹੈ। ਸਲਤਨਤ ਤੇ ਮੁਗ਼ਲ ਕਾਲ 'ਚ ਅਲਾਉਦੀਨ ਖਿਲਜੀ, ਫਿਰੋਜ਼ਸ਼ਾਹ ਤੁਗਲਕ ਸ਼ੇਰਸ਼ਾਹ ਸੂਰੀ ਤੇ ਅਕਬਰ ਨੂੰ ਭੂਮੀ ਸੁਧਾਰਾਂ ਲਈ ਜਾਣਿਆ ਜਾਂਦਾ ਹੈ। ਪਰ ਇਸ ਦੌਰ 'ਚ ਬਾਗਬਾਨੀ ਦੇ ਵਿਕਾਸ 'ਚ ਸਭ ਤੋਂ ਵੱਡੀ ਭੂਮਿਕਾ ਬਾਬਰ ਦੀ ਹੈ। ਬਾਬਰ ਨੇ ਵਿਗਿਆਨਕ ਤਰੀਕੇ ਨਾਲ ਬਾਗਬਾਨੀ 'ਤੇ ਜ਼ੋਰ ਦਿੱਤਾ ਉਥੇ ਜਹਾਂਗੀਰ ਨੇ ਇਕ ਦੂਜਾ ਅਹਿਮ ਕੰਮ ਇਹ ਕੀਤਾ ਕਿ ਉਹਨਾਂ ਨੇ ਭਾਰਤ ਦੇ ਪੇੜ ਪੌਦਿਆਂ ਤੇ ਜੀਵ-

ਜੰਤੂਆਂ ਬਾਰੇ ਜਾਣਕਾਰੀ ਨੂੰ ਲਿਖਤੀ ਰੂਪ 'ਚ ਪੇਸ਼ ਕੀਤਾ। ਇਸ ਪੂਰੇ ਦੌਰ 'ਚ ਕਈ ਤਰ੍ਹਾਂ ਦੇ ਪੌਦੇ ਵੀ ਹਾਕਮ ਆਪਣੇ ਨਾਲ ਭਾਰਤ ਲਿਆਏ ਅਤੇ ਉਹਨਾਂ ਨੂੰ ਫਸਲਾਂ ਵਲੋਂ ਵਿਕਸਤ ਕੀਤਾ। ਮੁਗ਼ਲਕਾਲ 'ਚ ਪੁਰਤਗਾਲੀਆਂ ਨੇ ਵੀ ਇਸ ਦਿਸ਼ਾ 'ਚ ਅਹਿਮ ਕੰਮ ਕੀਤੇ। ਬ੍ਰਿਟਿਸ਼ ਕਾਲ 'ਚ ਅੰਗਰੇਜ ਆਪਣੇ ਨਾਲ ਕਈ ਤਰ੍ਹਾਂ ਦੇ ਖੇਤੀ ਯੰਤਰ ਤੇ ਔਜਾਰ ਅਤੇ ਵਿਕਸਤ ਬੀਜ ਲੈ ਕੇ ਆਏ। ਉਹਨਾਂ ਦੀ ਨੀਤੀ ਪੂੰਜੀਵਾਦੀ ਸੀ। ਉਹਨਾਂ ਨੇ ਵੱਡੇ-ਵੱਡੇ ਬੰਨ ਬਣਵਾਏ। ਖੇਤੀ 'ਚ ਸਿਖਿਆ ਪੱਧਰ 'ਤੇ ਖੋਜ ਨੂੰ ਵਧਾਇਆ। ਉਹਨਾਂ ਦਾ ਮਕਸਦ ਬਾਜ਼ਾਰ ਲਈ ਫਸਲਾਂ ਦੀ ਪੈਦਾਵਾਰ 'ਤੇ ਵੱਧ ਸੀ। ਇਸ ਦੌਰ 'ਚ ਕਿਸਾਨਾਂ ਦੀ ਹਾਲਤ ਤਰਸਯੋਗ ਹੋਈ। ਕਿਸਾਨੀ ਸੰਘਰਸ਼ ਵਿਕਸਤ ਹੋਏ, ਅੱਛੀਆਂ ਬੁਰੀਆਂ ਤਬਦੀਲੀਆਂ ਦੇ ਅਗਲੇ ਦੌਰ ਜਾਰੀ ਹਨ। ਹੁਣ ਖੇਤੀ 'ਚ ਦੀਨ ਦੁਖੀਆਂ ਨੂੰ ਤਾਂ ਰੋਟੀ ਵੀ ਨਹੀਂ ਮਿਲਣੀ ਪਰ ਅਮੀਰਜਾਦੇ ਮਾਸ ਖਾਣਗੇ। ਖੇਤੀ ਦੀ ਦੁਨੀਆਂ 'ਚ 1963 ਤੋਂ 2004 ਤਕ ਦੇ ਅਰਸੇ ਨੂੰ ਹਰੇ ਇਨਕਲਾਬ ਦਾ ਦੌਰ ਕਿਹਾ ਜਾਂਦਾ ਹੈ। ਇਸ ਦੌਰਾਨ ਅਨਾਜ ਦੀ ਕੁਲ ਪੈਦਾਵਾਰ 8.3 ਕਰੋੜ ਟਨ ਤੋਂ ਵੱਧ ਕੇ 20 ਕਰੋੜ ਟਨ ਹੋ ਗਈ। ਪਰ ਇਹ ਵਾਧਾ ਸਿਰਫ ਝੋਨੇ ਤੇ ਕਣਕ ਦੀ ਪੈਦਾਵਾਰ 'ਚ ਵਾਧੇ ਵਜੋਂ ਹੀ ਹੋਈ। ਕਣਕ ਤੇ ਝੋਨੇ ਦੀ ਪੈਦਾਵਾਰ ਪਹਿਲਾਂ ਸਿਰਫ 7 ਕਰੋੜ ਟਨ ਸੀ ਜੋ ਵਧ ਕੇ 18.7 ਕਰੋੜ ਟਨ ਹੋ ਗਈ ਗੰਨੇ ਤੇ ਕਪਾਹ ਦੀ ਪੈਦਾਵਾਰ ਵੀ ਦੋ-ਤਿੰਨ ਗੁਣਾ ਵਧੀ। 1962 'ਚ ਗੰਨੇ ਦੀ ਪੈਦਾਵਾਰ 10.2 ਕਰੋੜ ਟਨ ਸੀ ਜੋ ਵੱਧ ਕੇ 25.3 ਕਰੋੜ ਟਨ ਹੋ ਗਈ। ਕਪਾਹ ਦੀ ਪੈਦਾਵਾਰ 53 ਲੱਖ ਗੰਢਾਂ (ਸੱਤਰ ਕਿਲੋਗ੍ਰਾਮ ਦੀ ਇਕ ਗੱਠ) ਤੋਂ ਵੱਧ ਕੇ 108 ਲੱਖ ਗੰਢਾਂ ਹੋ ਗਈ। ਦੁੱਧ ਦੀ ਪੈਦਾਵਾਰ ਇਸ ਅਰਸੇ 'ਚ 2 ਕਰੋੜ ਟਨ ਤੋਂ ਵੱਧ ਕੇ 8.77 ਕਰੋੜ ਟਨ ਹੋ ਗਈ ਤੇ 2006 'ਚ 10 ਕਰੋੜ ਟਨ ਸੀ। ਮੁਰਗੀ ਪਾਲਣ 'ਚ ਜ਼ਬਰਦਸਤ ਵਾਧਾ ਹੋਇਆ। ਅੰਡਿਆਂ ਦੀ ਪੈਦਾਵਾਰ 32 ਲੱਖ ਤੋਂ ਵਧ ਕੇ 40.8 ਅਰਬ ਹੋ ਗਈ। ਮੱਛੀ ਪੈਦਾਵਾਰ 'ਚ ਵੀ 5 ਗੁਣਾ ਵਾਧਾ ਹੋਇਆ ਅਤੇ ਇਹ 12.2 ਲੱਖ ਟਨ ਤੋਂ ਵੱਧ ਕੇ 61.8 ਲੱਖ ਟਨ ਹੋ ਗਈ। ਇਸ ਤਰ੍ਹਾਂ ਪਸ਼ੂ ਉਤਪਾਦ ਵੀ 2.3 ਕਰੋੜ ਟਨ ਤੋਂ ਵੱਧ ਕੇ 8.8 ਕਰੋੜ ਟਨ ਹੋ ਗਈ ਪਰ ਦਲਹਨਦੀ ਪੈਦਾਵਾਰ 'ਚ ਕੋਈ ਵਾਧਾ ਨਹੀਂ ਹੋਇਆ ਖਾਸ਼ ਕਰਕੇ ਉਹਨਾਂ ਦਾਲਾਂ 'ਚ ਜੋ ਆਮ ਗਰੀਬਾਂ ਲਈ ਪ੍ਰੋਟੀਨ ਦਾ ਸਰੋਤ ਮੰਨੀਆਂ ਜਾਂਦੀਆਂ ਸਨ। ਇਹਨਾਂ ਦੀ ਪੈਦਾਵਾਰ 1962 'ਚ 1.2 ਕਰੋੜ ਟਨ ਸੀ ਜੋ 2004 'ਚ ਵੀ ਲਗਭਗ ਉਨੀ ਹੀ ਸੀ ਅਤੇ 2006 'ਚ 1.3 ਕਰੋੜ ਟਨ ਦੇ ਕਰੀਬ ਸੀ। ਇਸ ਤਰ੍ਹਾਂ ਨਾਲ ਤਿਲਹਨ ਦੀ ਪੈਦਾਵਾਰ 72 ਲੱਖ ਟਨ ਤੋਂ ਵੱਧ ਕੇ 203 ਲੱਖ ਟਨ ਤਕ ਪਹੁੰਚ ਗਈ। ਦਾਲਾਂ ਦੀ ਪੈਦਾਵਾਰ ਪਹਿਲਾਂ 500 ਕਿਲੋ ਪ੍ਰਤੀ ਹੈਕਟੇਅਰ ਸੀ ਜੋ ਚਾਲੀ ਸਾਲਾਂ ਪਿਛੋਂ 598 ਕਿਲੋਗ੍ਰਾਮ ਤਕ ਹੋ ਗਈ। ਦਲਹਨ ਤੇ ਕਦੀ ਆਤਮ ਨਿਰਭਰਤਾ ਨਹੀਂ ਬਣੀ ਤੇ ਭਾਰਤ ਨੂੰ ਲਗਾਤਾਰ ਦਰਾਮਦ ਤੇ ਨਿਰਭਰ ਰਹਿਣਾ ਪਿਆ। ਅੱਜ ਕੋਈ ਵੀ ਦਾਲ 100 ਰੁਪਏ ਕਿਲੋਂ ਤੋਂ ਘੱਟ ਨਹੀਂ ਮਿਲਦੀ। ਦਲਹਨ ਦੀ ਮੰਗ ਤਿੰਨ ਸਾਢੇ ਤਿੰਨ ਫੀ ਸਦੀ ਹਰ ਸਾਲ ਵੱਧ ਰਹੀ ਹੈ ਅਤੇ 230 ਲੱਖ ਟਨ ਤਕ ਪਹੁੰਚ ਚੁੱਕੀ ਹੈ। 2020 ਤਕ ਇਸ ਦੀ ਮੰਗ 310 ਲੱਖ ਟਨ ਤਕ ਪਹੁੰਚਣ ਦੀ ਸੰਭਾਵਨਾ ਹੈ ਤਿਲਹਨ ਦਾ 2002-03 'ਚ 11.5 ਕਰੋੜ ਰੁਪਏ ਅਗਲੇ ਸਾਲ 13.9 ਕਰੋੜ ਰੁਪਏ ਅਤੇ ਉਸ ਤੋਂ ਪਿਛੋਂ ਵਾਲੇ ਸਾਲ 'ਚ 25.6 ਕਰੋੜ ਰੁਪਏ ਦੀ ਬਰਾਮਦ ਹੋਈ।

ਵਨਸਪਤੀ ਤੇਲ ਲੜੀਵਾਰ 8780 ਕਰੋੜ, 11683 ਕਰੋੜ ਤੇ 10756 ਕਰੋੜ ਰੁਪਏ ਦੀ ਬਰਾਮਦ ਕੀਤੀ ਗਈ। ਇਸ ਤਰੀਕੇ ਨਾਲ ਚੌਲਾਂ ਦੀ ਘਰੇਲੂ ਮੰਗ 2.14 ਫੀ ਸਦੀ ਦੀ ਦਰ ਨਾਲ ਵਧਦੀ ਜਾ ਰਹੀ ਹੈ ਪਰ ਆਉਣ ਵਾਲੇ ਸਾਲਾਂ 'ਚ ਇਹ ਵਿਕਾਸ ਦਰ 1.78 ਫੀ ਸਦੀ ਦੀ ਦਰ 'ਤੇ ਆ ਜਾਵੇਗੀ। ਇਸ ਦੀ ਮੰਗ 'ਚ ਕਮੀ ਆਉਣ ਦੀ ਸੰਭਾਵਨਾ ਇਸ ਲਈ ਜਾਹਰ ਕੀਤੀ ਜਾ ਰਹੀ ਹੈ ਕਿਉਂਕਿ ਖਾਸ਼ ਕਰਕੇ ਸ਼ਹਿਰੀ ਲੋਕਾਂ ਦੇ ਖਾਣ ਪਾਣ 'ਚ ਕਾਫੀ ਤਬਦੀਲੀ ਆ ਰਹੀ ਹੈ। 1200 ਲੱਖ ਪਰਿਵਾਰ ਖੇਤੀ 'ਤੇ ਨਿਰਭਰ ਹਨ ਪਰ ਇਸ ਦੇ ਉਲਟ ਅਨਾਜ ਪੈਦਾਵਾਰ ਦੇ ਖੇਤਰਾਂ 'ਚ ਵਾਧਾ ਨਹੀਂ ਹੋ ਰਿਹਾ ਹੈ। 1994 'ਚ ਝੋਨੇ ਦੀ 4.2 ਕਰੋੜ ਹੈਕਟੇਅਰ 'ਚ ਖੇਤੀ ਹੁੰਦੀ ਸੀ ਅਤੇ ਦਸ ਸਾਲਾਂ ਪਿਛੋਂ ਵੀ ਪੈਦਾਵਾਰ ਦਾ ਖੇਤਰ ਉਨਾਂ ਹੀ ਹੈ। ਇਸ ਤੋਂ ਇਲਾਵਾ ਹੁਣ ਫਸਲਾਂ 'ਚ ਵਿਭੰਨਤਾ ਦਾ ਨਾਹਰਾ ਦਿਤਾ ਜਾ ਰਿਹਾ ਹੈ। ਸ਼ਹਿਰਾਂ ਵਲੋਂ ਜ਼ਮੀਨ ਨਿਗਲਣ ਦਾ ਸਿਲਸਿਲਾ ਵਧਦਾ ਜਾ ਰਿਹਾ ਹੈ। ਠੇਕਾ ਖੇਤੀ ਦਾ ਰਿਵਾਜ਼ ਵਧਣ ਨਾਲ ਝੋਨੇ ਦੀ ਪੈਦਾਵਾਰ ਦੇ ਖੇਤਰ ਹੋਰ ਘੱਟ ਹੁੰਦੇ ਜਾਣਗੇ, ਇਹੋ ਹਾਲ ਕਣਕ ਦਾ ਹੈ। ਜਿਸ ਦੀ ਪੈਦਾਵਾਰ ਦਾ ਖੇਤਰ 2.5 ਕਰੋੜ ਹੈਕਟੇਅਰ ਤਕ 1994 'ਚ ਸੀਮਤ ਸੀ ਜਦ 10 ਸਾਲਾਂ ਪਿਛੋਂ ਵੀ ਉਥੋਂ ਤਕ ਹੀ ਸੀਮਤ ਹੈ। ਸਰਕਾਰੀ ਅਨੁਮਾਨ ਮੁਤਾਬਕ 2010 'ਚ ਅਨਾਜ ਦੀ ਪੈਦਾਵਾਰ ਦੇ ਖੇਤਰ 12.4 ਕਰੋੜ ਹੈਕਟੇਅਰ ਤੋਂ ਘਟ ਕੇ 12.1 ਕਰੋੜ ਹੈਕਟੇਅਰ ਰਹਿ ਜਾਣਗੇ। ਜਦਕਿ ਲੋੜਾਂ ਪੂਰੀਆਂ ਕਰਨ ਲਈ ਪੈਦਾਵਾਰ ਦੁਗਣੀ ਕਰਨੀ ਪਵੇਗੀ। ਵੈਸੇ ਅਨਾਜ ਦੀ ਖੇਤੀ ਦੇ ਕੁਲ ਖੇਤਰ 'ਚ ਤੇਜ਼ੀ ਨਾਲ ਕਮੀ ਆ ਰਹੀ ਹੈ। 1991 'ਚ 123 ਲੱਖ ਹੈਕਟੇਅਰ ਖੇਤਰ 'ਚ ਫਲ ਸਬਜ਼ੀ ਹੁੰਦੇ ਸਨ। 2003-04 'ਚ ਇਹ ਖੇਤਰ ਵਧ ਕੇ 172 ਲੱਖ ਹੈਕਟੇਅਰ ਹੋ ਗਿਆ ਇਸ 'ਚ ਕਾਫੀ ਤੇਜ਼ੀ ਨਾਲ ਵਾਧੇ ਦੀ ਸੰਭਾਵਨਾ ਹੈ ਕਿਉਂਕਿ ਫਲਾਂ ਸਬਜ਼ੀਆਂ ਤੇ ਵਪਾਰ ਲਈ ਦੂਜੀਆਂ ਫਸਲਾਂ ਦੇ ਲਾਉਣ 'ਤੇ ਸਰਕਾਰ ਦਾ ਜ਼ੋਰ ਹੈ ਅਤੇ ਉਸ ਨੂੰ ਨੀਤੀਗਤ ਪੱਧਰ 'ਤੇ ਹਮਾਇਤ ਵੀ ਦਿਤੀ ਜਾ ਰਹੀ ਹੈ। ਕਣਕ, ਝੋਨਾ, ਦਾਲਾਂ ਤੇ ਮੋਟੇ ਅਨਾਜ ਮੱਕੀ, ਜਵਾਰ, ਬਾਜਰਾ, ਜੌਂ ਆਦਿ ਤੋਂ ਇਲਾਵਾ ਦੂਜੀਆਂ ਗੈਰ ਅਨਾਜ ਫਸਲਾਂ ਦੀ ਸ਼੍ਰੇਣੀ ਲਈ 1981-82 'ਚ ਕੁਲ ਖੇਤੀ ਖੇਤਰ ਦਾ 29.66 ਫੀ ਸਦੀ ਹਿਸਾ ਵਰਤਿਆ ਜਾਂਦਾ ਸੀ। ਹੁਣ ਉਹ ਵੱਧ ਕੇ 2000 ਦੇ ਦਹਾਕੇ 'ਚ 35 ਫੀ ਸਦੀ ਹੋ ਗਿਆ ਹੈ। 1981-82 'ਚ ਖੇਤੀ 'ਚ ਜਿੰਨੇ ਰੁਪਏ ਦੀ ਪੈਦਾਵਾਰ ਹੋਈ ਉਸ 'ਚ ਗੈਰ-ਖੁਰਾਕੀ (ਨਾਨ ਫੂਡ) ਫਸਲਾਂ ਦੇ ਉਤਪਾਦ ਦਾ ਹਿੱਸਾ 51.95 ਫੀ ਸਦੀ ਸੀ। 2000 'ਚ ਵੱਧ ਕੇ 61 ਫੀ ਸਦੀ ਹੋ ਗਿਆ। ਇਸ ਕਰਕੇ ਵਾਧੇ ਦਾ ਲਾਭ ਦੇਸ਼ ਦੇ ਕੁਝ ਚੋਣਵੇਂ ਪਰਿਵਾਰਾਂ ਦੇ ਹਿਸੇ ਹੀ ਆਇਆ। ਇਹਨਾਂ ਨੂੰ ਵੱਡੇ ਜਿੰਮੀਦਾਰਾ (ਭੋਇੰਮਾਲਕ ਜਾਂ ਅਰਧ-ਜਾਗੀਰਦਾਰ) ਕਿਹਾ ਜਾ ਸਕਦਾ ਹੈ। ਜਿਹਨਾਂ ਕੋਲ ਪੈਸਾ ਤੇ ਦੂਜੇ ਹਰ ਤਰ੍ਹਾਂ ਦੇ ਸਰੋਤ ਮੌਜੂਦ ਹਨ। ਮਿਸਾਲ ਵਜੋਂ ਆਪਣੇ ਖੇਤੀ ਮੰਤਰੀ ਸ਼ਰਦ ਪ੍ਰਵਾਰ ਹਨ ਜਿਹਨਾਂ ਦਾ ਪ੍ਰੀਵਾਰ ਫਲਾਂ ਦੀ ਖੇਤੀ ਕਰਦਾ ਹੈ ਅਤੇ ਬਰਾਮਦ ਰਾਹੀਂ ਪੈਸਾ ਕਮਾਉਂਦਾ ਹੈ। ਬੰਗਲੌਰ ਦੇ ਨੇੜੇ ਦੀਆਂ ਕੁਝ ਕੰਪਨੀਆਂ ਹਨ ਜਿਹਨਾਂ ਨੇ ਕਰਨਾਟਕਾ ਦੇ ਖੇਤੀ ਕਾਨੂੰਨ 'ਚ ਫੇਰ ਬਦਲ ਦਾ ਫਾਇਦਾ ਉਠਾਇਆ ਤੇ ਫੁੱਲਾਂ ਦੇ ਵੱਡੇ-ਵੱਡੇ ਫਾਰਮ ਬਣਾ ਲਏ ਹਨ। ਇਹਨਾਂ ਨੇ ਗਰੀਬ ਛੋਟੀ ਕਿਸਾਨੀ ਦੀਆਂ ਜ਼ਮੀਨਾਂ ਵੀ ਕੋਡੀਆਂ ਦੇ ਭਾਅ ਹੜੱਪ ਲਈਆਂ ਹਨ। ਅਜੇ ਕਰਨਾਟਕ ਸਰਕਾਰ ਨੇ 105 ਏਕੜ ਜ਼ਮੀਨ ਖਰੀਦਣ

ਦੀ ਇਜਾਜ਼ਤ ਉਨ੍ਹਾਂ ਨੂੰ ਦੇ ਦਿੱਤੀ ਹੈ ਜੋ ਇਸ ਤਰ੍ਹਾਂ ਦੇ ਨਾਨ ਫੂਡ (ਗੈਰ-ਖੁਰਾਕੀ) ਤੇ ਵਪਾਰਕ ਫਸਲਾਂ ਬੀਜਣਾ ਚਾਹੁੰਦੇ ਹਨ। ਇਸ ਤਰ੍ਹਾਂ ਦੇਸ਼ 'ਚ ਕਰਨਾਟਕ ਦੀ ਸਰਕਾਰ ਪਹਿਲੀ ਸਰਕਾਰ ਹੈ ਜਿਸ ਨੇ ਭੂਮੀ ਸੁਧਾਰ ਦੇ ਚੱਕਰ ਨੂੰ ਹੀ ਉਲਟਾ ਘੁਮਾ ਦਿੱਤਾ ਹੈ। 80 ਫੀ ਸਦੀ ਛੋਟੇ ਕਿਸਾਨਾਂ ਦੀ ਖੇਤੀ ਉਤਪਾਦ 'ਚ ਕੁਲ ਕੀਮਤ 'ਚ ਉਹਨਾਂ ਦੀ ਹਿਸੇਦਾਰੀ 40 ਫੀ ਸਦੀ ਰਹਿ ਗਈ ਹੈ। ਛੋਟੀ ਕਿਸਾਨੀ ਦੀ ਗਰੀਬੀ ਵਧਦੀ ਜਾ ਰਹੀ ਹੈ। ਅਮਲ ਇਹ ਚਲ ਰਿਹਾ ਹੈ ਕਿ ਜਿਸ 'ਚ ਛੋਟਾ ਕਿਸਾਨ ਕਰਜ਼ੇ 'ਚ ਚਲਾ ਜਾਂਦਾ ਹੈ ਜਾਂ ਖੇਤੀ ਤੋਂ ਅੱਕਦਾ ਜਾ ਰਿਹਾ ਹੈ ਅਤੇ ਵੱਡੇ ਕਿਸਾਨਾਂ ਤੇ ਕਾਰਪੋਰੇਟ ਹਾਊਸਾਂ ਲਈ ਜ਼ਮੀਨ ਹੜੱਪਣ ਦਾ ਮੌਕਾ ਵਧਦਾ ਜਾ ਰਿਹਾ ਹੈ। ਕੰਪਨੀਆਂ ਜਦ ਖੇਤੀ 'ਚ ਆ ਰਹੀਆਂ ਹਨ ਤਾਂ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਜ਼ਮੀਨ ਤੇ ਦੂਜੇ ਸਰੋਤਾਂ ਦੀ ਬੇਹੱਤ ਵਰਤੋਂ ਕਰੇਗੀ। ਉਹਨਾਂ ਮੂਹਰੇ ਸਮਾਜ ਜਾਂ ਦੇਸ਼ ਦਾ ਭਵਿੱਖ ਨਹੀਂ ਹੁੰਦਾ ਹੈ। ਬੰਗਲੌਰ ਦੀਆਂ ਕੰਪਨੀਆਂ ਫੁੱਲਾਂ ਦੀ ਖੇਤੀ 'ਚ ਇਕ ਹੈਕਟੇਅਰ (ਢਾਈ ਏਕੜ) 'ਚ 15000 ਕਿਲੋਗ੍ਰਾਮ ਜਾਂ ਤਿੰਨ ਸੌ ਬੋਰੀਆਂ (ਪ੍ਰਤੀ ਬੋਰੀ 50 ਕਿਲੋ) ਖਾਦ ਦੀ ਵਰਤੋਂ ਕਰਦੀਆਂ ਹਨ। ਜਿੰਨੀ ਜ਼ਿਆਦਾ ਖਾਦ ਪਾਈ ਜਾਂਦੀ ਹੈ ਉਨੀ ਹੀ ਵੱਧ ਪਾਣੀ ਦੀ ਲੋੜ ਹੁੰਦੀ ਹੈ। ਪੰਜਾਬ 'ਚ ਅੱਜ ਖੇਤੀ ਸਾਹਮਣੇ ਪਾਣੀ ਦਾ ਸਭ ਤੋਂ ਵੱਡਾ ਸੰਕਟ ਹੈ। ਇਸ ਤਰ੍ਹਾਂ ਰਸਾਇਣਕ ਪਦਾਰਥਾਂ ਦੀ ਵਰਤੋਂ ਨਾਲ ਨਾ ਸਿਰਫ ਜ਼ਮੀਨ ਦੀ ਉਪਜਾਊ ਸ਼ਕਤੀ ਹੀ ਖਤਮ ਹੁੰਦੀ ਹੈ ਬਲਕਿ ਉਸ ਜ਼ਮੀਨ 'ਤੇ ਲੰਮੇ ਸਮੇਂ ਤਕ ਖੇਤੀ ਸੰਭਵ ਨਹੀਂ ਰਹਿ ਜਾਂਦੀ। ਪਰ ਇਹ ਆਸਪਾਸ ਦੇ ਪੂਰੇ ਜਲਵਾਯੂ, ਮਾਹੌਲ, ਵਾਤਾਵਰਣ ਨੂੰ ਖਰਾਬ ਕਰ ਦਿੰਦੀ ਹੈ। ਪੰਜਾਬ ਤੇ ਹਰਿਆਣਾ 'ਚ ਇਸ ਤਰ੍ਹਾਂ ਨਾਲ ਰਸਾਇਣਕ ਪਦਾਰਥਾਂ ਦੀ ਵਰਤੋਂ ਹੋਈ ਉਸ ਦੇ ਬੇਹੱਦ ਬੁਰੇ ਨਤੀਜੇ ਵੇਖਣ ਨੂੰ ਮਿਲੇ। ਜਿਸ ਨਵੀਂ ਕਿਸਮ ਦੀ ਖੇਤੀ 'ਤੇ ਸਰਕਾਰ ਜ਼ੋਰ ਦੇ ਰਹੀ ਹੈ ਅਜੇਹੀ ਹਾਲਤ 'ਚ ਦਰਮਿਆਨ ਕਿਸਾਨ ਬੇਜ਼ਮੀਨੇ ਹੋ ਜਾਣਗੇ। ਕੌਮੀ ਨਮੂਨਾ ਸਰਵੇਖਣ ਅਨੁਸਾਰ ਦੇਸ਼ 'ਚ ਕੁਲ ਦਰਮਿਆਨੇ ਕਿਸਾਨਾਂ ਤੇ ਭੂਮੀ ਹੀਣ ਕਿਸਾਨਾਂ ਦੇ ਪਰਿਵਾਰਾਂ ਦੀ ਗਿਣਤੀ 'ਚ ਵਾਧਾ ਹੋਇਆ ਹੈ ਇਹ 35.4 ਫੀ ਸਦੀ ਤੇ 19.1 ਫੀ ਸਦੀ ਸੀ ਜੋ ਵਧ ਕੇ 1999-2000 'ਚ 40.9 ਫੀ ਸਦੀ ਤੇ 22.3 ਫੀ ਸਦੀ ਹੋ ਗਈ। 1991-92 'ਚ ਇਕ ਹੈਕਟੇਅਰ ਤੇ ਉਸ ਤੋਂ ਘੱਟ ਜ਼ਮੀਨ ਦੇ ਮਾਲਕਾਂ ਦੀ ਗਿਣਤੀ 70.1 ਫੀ ਸਦੀ ਤੋਂ ਵੱਧ ਕੇ 2002-03 'ਚ 79 ਫੀ ਸਦੀ ਹੋ ਗਈ। ਇਹ ਸਿਲਸਿਲਾ ਜਾਰੀ ਹੈ। ਦੁੱਖ ਦੀ ਗੱਲ ਤਾਂ ਇਹ ਹੈ ਕਿ ਖੇਤੀ ਭੂਮੀ ਦਾ 40 ਫੀ ਸਦੀ ਹਿਸਾ ਸਿਰਫ 6 ਫੀ ਸਦੀ ਵੱਡੇ ਕਿਸਾਨਾਂ ਕੋਲ ਹੈ। ਫਸਲਾਂ 'ਚ ਵਿਭੰਨਤਾ ਦੇ ਨਾਹਰੇ ਦਾ ਇਹ ਸਿੱਟਾ ਪੰਜਾਬ 'ਚ ਤਾਂ ਸਪੱਸ਼ਟ ਦਿਸ ਰਿਹਾ ਹੈ। ਪੰਜਾਬ 'ਚ ਜੋਤਾਂ ਦਾ ਖੇਤਰਫਲ ਵਧ ਗਿਆ ਹੈ ਜਦਕਿ ਦੇਸ਼ ਦੇ ਦੂਜੇ ਹਿਸਿਆਂ ਵਿਚ ਜੋਤਾਂ ਦਾ ਖੇਤਰਫਲ ਘਟਿਆ ਹੈ। ਇਸ ਦਾ ਕਾਰਨ ਇਹ ਹੈ ਕਿ ਛੋਟੇ ਤੇ ਦਰਮਿਆਨੇ ਕਿਸਾਨ ਭੂਮੀ ਤੋਂ ਬੇਦਖਲ ਹੋ ਗਏ ਹਨ ਅਤੇ ਉਹਨਾਂ ਦੀਆਂ ਜ਼ਮੀਨਾਂ ਜਾਂ ਤਾਂ ਵੱਡੇ ਕਿਸਾਨਾਂ ਕੋਲ ਚਲੀਆਂ ਗਈਆਂ ਜਾਂ ਫਿਰ ਨੀਮ-ਜਾਗੀਰਦਾਰਾਂ ਕੋਲ। ਸਾਡੇ ਦੇਸ਼ 'ਚ ਜੋਤਾਂ ਦਾ ਔਸਤ ਖੇਤਰਫਲ 1985-86 'ਚ 1.69 ਹੈਕਟੇਅਰ ਸੀ ਜੋ ਦਸ ਸਾਲਾਂ 'ਚ ਘਟ ਕੇ 1.41 ਹੋ ਗਿਆ ਅਤੇ ਹੁਣ ਦਸ ਸਾਲਾਂ 'ਚ ਅਨੁਮਾਨ ਹੈ ਕਿ ਇਕ ਹੈਕਟੇਅਰ ਪਾਸ ਪਹੁੰਚ ਜਾਵੇਗਾ। ਪਰ ਪੰਜਾਬ 'ਚ 1986 'ਚ ਜੋਤਾਂ ਦਾ 3.77 ਹੈਕਟੇਅਰ ਸੀ ਜੋ ਦਸ ਸਾਲਾਂ ਪਿਛੋਂ 3.79

ਹੈਕਟੇਅਰ ਹੋ ਗਿਆ ਹੁਣ 4 ਸਾਲਾਂ 'ਚ ਵੱਧ ਕੇ 4 ਹੈਕਟੇਅਰ ਦੇ ਕਰੀਬ ਹੋ ਗਿਆ ਹੈ। ਖੇਤੀ ਤੇ 60 ਫੀ ਸਦੀ ਅਬਾਦੀ ਨਿਰਭਰ ਹੈ। ਦੇਸ਼ 'ਚ ਰੁਜ਼ਗਾਰ ਦਾ ਸਭ ਤੋਂ ਵੱਡਾ ਸਰੋਤ ਵੀ ਇਹੀ ਹੈ ਪਰ ਹਰੇ ਇਨਕਲਾਬ ਤੇ ਖੇਤੀ 'ਚ ਤਕਨੀਕੀਕਰਨ ਦੇ ਵਧਣ ਨਾਲ ਖੇਤੀ 'ਚ ਰੁਜ਼ਗਾਰ ਦੇ ਮੌਕੇ ਲਗਾਤਾਰ ਘਟਦੇ ਗਏ। ਰੁਜ਼ਗਾਰ ਦੇ ਇਹਨਾਂ ਮੌਕਿਆਂ ਦੇ ਘੱਟ ਹੋਣ 'ਤੇ ਸਿੱਧਾ ਅਸਰ ਮਜ਼ਦੂਰਾਂ 'ਤੇ ਹੀ ਪਿਆ। ਖੇਤੀ ਤੇ ਉਸ ਨਾਲ ਜੁੜੇ ਕੰਮ ਧੰਦਿਆਂ 'ਚ ਰੁਜ਼ਗਾਰ ਦੇ ਮੌਕਿਆਂ 'ਚ ਵਿਕਾਸ ਦੀ ਦਰ 21.7 ਫੀ ਸਦੀ ਸਲਾਨਾ ਸੀ। ਕੌਮੀ ਨਮੂਨਾ ਸਰਵੇਖਣ ਅਨੁਸਾਰ 1988 ਤੋਂ 1994 'ਚ ਇਹ ਮੌਕੇ ਏਨੇ ਘੱਟ ਹੋ ਗਏ ਕਿ ਹੁਣ 0.18 ਫੀ ਸਦੀ 'ਤੇ ਆ ਗਏ। ਇਸ ਪਿਛੋਂ ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕਰਨਾਟਕ, ਹਰਿਆਣਾ, ਉਤਰ ਪ੍ਰਦੇਸ਼, ਰਾਜਸਥਾਨ 'ਚ ਤਾਂ ਰੁਜ਼ਗਾਰ ਦੇ ਨਵੇਂ ਮੌਕੇ ਬਿਲਕੁਲ ਖਤਮ ਹੋ ਗਏ। ਹੁਣ ਸਥਿਤੀ ਇਹ ਹੋ ਗਈ ਕਿ ਲੋਕ ਖੇਤੀ ਛੱਡਣਾ ਚਾਹੁੰਦੇ ਹਨ। 2003 'ਚ 6638 ਪਿੰਡਾਂ 'ਚ 51770 ਘਰਾਂ ਦੇ ਸਰਵੇਖਣ 'ਚ ਪਾਇਆ ਗਿਆ ਕਿ 40 ਫੀ ਸਦੀ ਕਿਸਾਨ ਖੇਤੀ ਛੱਡਣ ਦਾ ਇਰਾਦਾ ਰਖਦੇ ਹਨ। ਦੇਸ਼ ਦੇ 48.60 ਫੀ ਸਦੀ ਕਿਸਾਨ ਕਰਜ਼ੇ ਦੇ ਜਾਲ 'ਚ ਫਸੇ ਹੋਏ ਹਨ ਅਤੇ ਹਰ ਕਿਸਾਨ 'ਤੇ ਔਸਤ 12585 ਰੁਪਏ ਦਾ ਕਰਜ਼ਾ ਹੈ।

ਪੰਜਾਬ ਤੋਂ ਸ਼ੁਰੂ ਹੋਈ ਗੰਗਾ ਪੱਟੀ ਵਿਚ 1990 ਤੋਂ ਲਗਾਤਾਰ 2 ਫੀ ਸਦੀ ਪੈਦਾਵਾਰੀ ਸ਼ਕਤੀ ਸਲਾਨਾ ਖਤਮ ਹੁੰਦੀ ਚਲੀ ਗਈ। ਇਸ ਨਾਲ ਰੁਜ਼ਗਾਰ ਦੇ ਮੌਕੇ ਬੇਹੱਦ ਘਟੇ। ਇਸ ਦੇ ਨਾਲ-ਨਾਲ ਰੁਜ਼ਗਾਰ ਵਿਚ ਲਚੀਲਾਪਨ 1983 ਤੋਂ 1994 ਤਕ 0.70 ਫੀ ਸਦੀ ਸੀ। 2000 'ਚ ਘਟ ਕੇ 0.01 ਫੀ ਸਦੀ ਰਹਿ ਗਿਆ। ਇਸ ਦਾ ਭਾਵ ਹੈ ਕਿ ਬਹੁਤੇ ਕੰਮ ਬਿਨ੍ਹਾਂ ਮਜ਼ਦੂਰਾਂ ਦੇ ਹੋਣ ਲੱਗੇ ਹਨ। 1971 'ਚ ਖੇਤੀ ਦਾ 40 ਫੀ ਸਦੀ ਕੰਮ ਬਿਜਲੀ ਤੇ ਤਕਨੀਕ ਸਰੋਤਾਂ ਦੇ ਰਾਹੀਂ ਹੁੰਦਾ ਸੀ। ਹੁਣ 2003-04 'ਚ 84 ਫੀ ਸਦੀ ਹੋ ਗਿਆ ਹੈ। ਭਾਰਤ 'ਚ 1981 ਤਕ ਸਾਰੀ ਦੁਨੀਆਂ ਦੇ ਟ੍ਰੈਕਟਰਾਂ ਦੀ ਗਿਣਤੀ ਦਾ 1.87 ਫੀ ਸਦੀ ਹਿਸਾ ਸੀ ਜੋ 2002 'ਚ ਵੱਧ ਕੇ 5.71 ਫੀ ਸਦੀ ਹੋ ਗਿਆ ਯਾਨੀ ਕਿਹਾ ਜਾ ਸਕਦਾ ਹੈ ਕਿ ਪੂਰੀ ਦੁਨੀਆਂ ਦੀ ਖੇਤੀ ਵਿਚ ਟ੍ਰੈਕਟਰਾਂ ਦੀ ਵਰਤੋਂ 'ਚ ਜੋ ਵਾਧਾ ਦੇਖਿਆ ਗਿਆ ਉਸ 'ਚ ਭਾਰਤ ਦੂਜੇ ਨੰਬਰ 'ਤੇ ਹੈ। ਪਹਿਲੇ ਨੰਬਰ 'ਤੇ ਥਾਈਲੈਂਡ ਹੈ। ਭਾਰਤ ਦੇ ਕੁਲ ਘਰੇਲੂ ਉਤਪਾਦ ਦਾ 50 ਫੀ ਸਦੀ ਹਿਸਾ ਖੇਤੀ ਤੋਂ 1950 'ਚ ਹੁੰਦਾ ਸੀ। ਹੁਣ ਇਹ ਘਟ ਕੇ 22 ਫੀ ਸਦੀ ਹਿਸਾ ਹੋ ਗਿਆ ਪਰ ਉਸ ਤੇ ਨਿਰਭਰ ਆਬਾਦੀ ਦੀ ਤੈਦਾਦ 'ਚ ਕੋਈ ਵੀ ਕਮੀ ਨਹੀਂ ਆਈ ਹੈ।

10 ਮਾਰਚ 2006 ਨੂੰ ਸੰਸਦ 'ਚ ਇਕ ਸਰਕਾਰੀ ਜੁਆਬ ਦੇ ਮੁਤਾਬਕ ਬੀਜ਼ ਖੇਤੀ ਪ੍ਰਣਾਲੀ ਦਾ ਇਕ ਬੁਨਿਆਦੀ ਕਾਰਕ ਹੈ ਤੇ ਹੋਰ ਕਾਰਕਾਂ ਦੀ ਕਾਰਗੁਜ਼ਾਰੀ ਬੀਜ਼ਾਂ ਦੀ ਗੁਣਵੰਣਤਾ ਤੇ ਨਿਰਭਰ ਕਰਦੀ ਹੈ। ਜਿਸ ਨਾਲ ਪੈਦਾਵਾਰ ਤੇ ਪੈਦਾਵਾਰੀ ਸ਼ਕਤੀ 'ਚ ਲਗਭਗ 45 ਫੀ ਸਦੀ ਤਕ ਦਾ ਫਰਕ ਹੁੰਦਾ ਹੈ। ਭਾਰਤ 'ਚ ਵਰਤੇ ਜਾਣ ਵਾਲੇ ਲਗਭਗ 80 ਫੀ ਸਦੀ ਬੀਜ਼ ਖੇਤਾਂ 'ਚ ਪੈਦਾ ਕੀਤੇ ਗਏ ਹੁੰਦੇ ਹਨ ਜਿਸ ਕਾਰਨ ਬੀਜ਼ ਦੇ ਉਜਾੜੇ ਦੀ ਦਰ ਘੱਟ ਜਾਂਦੀ ਹੈ ਤੇ ਪੈਦਾਵਾਰੀ ਸ਼ਕਤੀ 'ਤੇ ਇਸ ਦਾ ਅਸਰ ਪੈਂਦਾ ਹੈ। ਡਾ: ਮਨਮੋਹਨ ਸਿੰਘ ਨੇ ਪਿਛੇ ਜਿਹੇ ਹੀ ਕਿਹਾ ਕਿ ਖੇਤਾਂ 'ਚ ਸਿਰਫ 3 ਫੀ ਸਦੀ ਬੀਜ਼ ਹੀ ਬਦਲੇ ਜਾਂਦੇ ਹਨ ਜਿਸ ਨੂੰ ਅਸੀਂ 60 ਫੀ ਸਦੀ

ਤਕ ਪਹੁੰਚਾਉਣਾ ਹੈ। ਯਾਨੀ ਖੇਤਾਂ ਦੇ ਬੀਜ਼ਾਂ ਦੀ ਥਾਂ ਹੁਣ ਕੰਪਨੀਆਂ ਦੇ ਬੀਜ਼ ਪਹੁੰਚਾ ਦਿੱਤੇ ਗਏ ਹਨ। ਦੁਨੀਆਂ 'ਚ ਇਸ ਸਮੇਂ ਕੁਝ ਵੱਡੀਆਂ ਕੰਪਨੀਆਂ ਹਨ ਜਿਨਾਂ ਕੋਲ ਬੀਜ਼ਾਂ ਦੀ ਨਸਲ ਬਦਲਣ ਦੀ ਤਕਨੀਕ ਲਈ ਅਜ਼ਾਰੇਦਾਰੀ ਹੈ ਜਾਂ ਫਿਰ ਉਹੀ ਅਜੇਹੀ ਤਕਨੀਕ ਦੀ ਖੋਜ਼ 'ਚ ਵੱਡੀ ਪੂੰਜੀ ਲਾ ਰਹੀਆਂ ਹਨ। ਕੰਪਨੀਆਂ ਦੀ ਸੋਚ ਹੈ ਕਿ ਖੇਤਾਂ 'ਚ ਉਹਨਾਂ ਦੇ ਹੀ ਬੀਜ਼ ਪਹੁੰਚਣ ਤੇ ਉਨ੍ਹਾਂ ਬੀਜ਼ ਦੀ ਪੈਦਾਵਾਰ 'ਤੇ ਸਾਰੀ ਜ਼ਿੰਦਗੀ ਉਹਨਾਂ ਦੀ ਹੀ ਅਜ਼ਾਰੇਦਾਰੀ ਹੋਵੇ। ਬਾਓ-ਟੈਕਨੋਲੋਜੀ ਦੇ ਰੂਪ 'ਚ ਅਜੇਹੀ ਬੀਜ਼ ਵਿਕਸ਼ਤ ਵੀ ਕਰ ਲਏ ਜਿਸ ਦੀ ਵਰਤੋਂ ਇਕ ਵਾਰੀ ਤੋਂ ਵੱਧ ਨਹੀਂ ਹੋ ਸਕਦੀ। ਉਨ੍ਹਾਂ ਅਜੇਹੇ ਬੀਜ਼ ਵੀ ਵਿਕਸ਼ਤ ਕਰ ਲਏ। ਜਿਨਾਂ ਲਈ ਖਾਸ ਕਿਸਮ ਦੀਆਂ ਰਸਾਇਣਕ ਖਾਦਾਂ ਦੀ ਲੋੜ ਹੁੰਦੀ ਹੈ ਤੇ ਉਹਨਾਂ ਸਾਰਿਆਂ ਦੀ ਪੈਦਾਵਾਰ ਤੇ ਵਿਕਰੀ ਵੀ ਉਹੀ ਕਰਨਗੇ।

ਹੁਣ ਕੰਪਨੀਆਂ ਦੀ ਇਸ ਪੂਰੀ ਯੋਜਨਾ ਨੂੰ ਕਿਵੇਂ ਅੰਜ਼ਾਮ ਦਿਤਾ ਜਾ ਰਿਹਾ ਹੈ ਇਹ ਦੇਖਣ ਵਾਲੀ ਗੱਲ ਹੈ ਪਹਿਲੀ ਗੱਲ ਤਾਂ ਇਹ ਕਿ ਵਿਸ਼ਵ ਵਪਾਰ ਸੰਗਠਨ (WTO) ਇਸ ਦੀ ਪੂਰੀ ਹਮਾਇਤ ਕਰਦਾ ਹੈ। ਹੁਣ ਵਿਸ਼ਵ ਵਪਾਰ ਸੰਗਠਨ ਨੇ ਵੱਖ-ਵੱਖ ਦੇਸ਼ਾਂ ਦੇ ਨਾਲ ਜੋ ਸਮਝੌਤਾ ਕੀਤਾ ਹੈ ਉਸ ਦੇ ਤਹਿਤ ਕਿਵੇਂ ਉਹ ਆਪਣੇ ਮੈਂਬਰ ਦੇਸ਼ਾਂ ਦੀਆਂ ਕੰਪਨੀਆਂ ਦੀ ਇਸ ਸਕੀਮ ਨੂੰ ਕਾਨੂੰਨ ਰਾਹੀਂ ਲਾਗੂ ਕਰਵਾ ਸਕਿਆ ਹੈ। ਇਸ ਦਾ ਅਧਿਐਨ ਵੀ ਦਿਲਚਸਪ ਹੈ। ਪਹਿਲਾਂ ਤਾਂ (WTO) ਨੇ ਇਕ ਸਮਝੌਤਾ ਇਹ ਕਰਵਾਇਆ ਹੈ ਕਿ ਸਭ ਦੇਸ਼ਾਂ ਨੂੰ ਕੰਪਨੀਆਂ ਜਾਂ ਵਿਅਕਤੀਆਂ ਵਲੋਂ ਤਿਆਰ ਕੀਤੇ ਗਏ ਨਵੀਂ ਕਿਸਮ ਦੇ ਬੀਜ਼ਾਂ ਨੂੰ ਬੌਧਿਕ ਜਾਇਦਾਦ ਮੰਨਣਾ ਹੋਵੇਗਾ ਫਿਰ ਜੋ ਉਸ ਨੂੰ ਵਿਕਸਤ ਕਰੇਗਾ ਉਸ ਨੂੰ ਹੀ ਉਸ ਦੀ ਪੈਦਾਵਾਰ ਕਰਨ ਤੇ ਵੇਚਣ ਦੀ ਅਜ਼ਾਰੇਦਾਰੀ ਹੋਵੇਗੀ। ਇਸ ਤਰ੍ਹਾਂ ਦੀ ਵਿਵਸਥਾ ਕਰਨ ਵਾਲੇ ਸਮਝੌਤੇ ਨੂੰ ਹੀ ਵਪਾਰ ਸਬੰਧੀ ਬੌਧਿਕ ਜਾਇਦਾਦ ਨਾਲ ਜੁੜੇ ਪਹਿਲੂਆਂ 'ਤੇ ਸਮਝੌਤਾ (ਟਿਪਸ) ਕਿਹਾ ਜਾਂਦਾ ਹੈ। ਟ੍ਰਿਪਸ ਦੇ ਤਹਿਤ ਜੇ ਕੰਪਨੀਆਂ ਜਾਂ ਵਿਅਕਤੀ ਨੇ ਜਿਸ ਵੀ ਚੀਜ਼ 'ਤੇ ਆਪਣੀ ਤਕਨੀਕ ਦੀ ਵਰਤੋਂ ਕਰਕੇ ਉਸ ਨੂੰ ਨਵਾਂ ਰੂਪ ਦਿਤਾ ਹੈ, ਉਸ 'ਤੇ ਅਧਿਕਾਰ ਉਸੇ ਦਾ ਹੋਵੇਗਾ। ਇਸ ਨੂੰ ਕਾਨੂੰਨੀ ਭਾਸ਼ਾ 'ਚ ਪੇਟੈਂਟ ਕਿਹਾ ਜਾਂਦਾ ਹੈ। ਜਿਵੇਂ ਬੀ.ਟੀ. ਕਾਟਨ 'ਤੇ ਮੋਂਸੇਟੋ ਦਾ ਅਧਿਕਾਰ ਹੈ। ਉਸ ਦੀ ਵਰਤੋਂ ਕਰਨ ਵਾਲਿਆਂ ਨੂੰ ਉਹਨਾਂ ਨੂੰ ਰਾਇਲਟੀ ਯਾਨੀ ਫੀਸ ਦੇਣੀ ਪੈਂਦੀ ਹੈ। ਪਹਿਲਾਂ ਭਾਰਤ 'ਚ ਜੇ ਸਰਕਾਰੀ ਅਦਾਰਿਆਂ ਨੇ ਜਾਂ ਕਿਸਾਨਾਂ ਨੇ ਕੋਈ ਚੀਜ਼ ਵਿਕਸ਼ਤ ਕੀਤੀ ਹੈ ਤਾਂ ਉਸ ਦੀ ਵੰਡ ਮੁਫ਼ਤ ਕੀਤੀ ਜਾਂਦੀ ਸੀ। ਸਰਕਾਰ ਵੀ ਕੰਪਨੀਆਂ ਨੂੰ ਇਹ ਨਹੀਂ ਕਹਿ ਸਕਦੀ ਹੈ ਕਿ ਕਿਸੇ ਚੀਜ਼ ਨੂੰ ਨਵੇਂ ਰੂਪ 'ਚ ਢਾਲਣ ਬਦਲੇ ਜੋ ਆਮਦਨੀ ਕੰਪਨੀਆਂ ਜਾਂ ਵਿਅਕਤੀਆਂ ਨੂੰ ਹੋ ਰਹੀ ਹੈ ਉਸ ਦਾ ਇਕ ਹਿਸਾ ਉਸ ਨੂੰ ਵੀ ਦਿੱਤਾ ਜਾਵੇ। ਇਸ ਤਰ੍ਹਾਂ ਨਾਲ ਇਸ ਤਰ੍ਹਾਂ ਦੇ ਬੀਜ਼ਾਂ ਜਾਂ ਦੂਜੀਆਂ ਚੀਜ਼ਾਂ ਨਾਲ ਹੋਣ ਵਾਲੀ ਜਨ ਸਿਹਤ ਦੀ ਹਾਨੀ ਦਾ ਸੁਆਲ ਵੀ ਨਹੀਂ ਖੜ੍ਹਾ ਕੀਤਾ ਜਾ ਸਕਦਾ। ਜਿਵੇਂ ਆਂਧਰਾ 'ਚ ਮੌਸੈਟੋ ਨੇ ਬੀ.ਟੀ. ਕਾਟਨ ਬੀਜ਼ਾਂ ਦੀ ਵਰਤੋਂ ਕਰਨ ਵਾਲੇ ਕਿਸਾਨਾਂ ਨੂੰ ਜਦ ਨੁਕਸਾਨ ਹੋਇਆ ਤਾਂ ਕੰਪਨੀ ਨੇ ਇਸ ਕਾਨੂੰਨ ਦਾ ਹਵਾਲਾ ਦੇ ਕੇ ਕੋਈ ਵੀ ਮੁਆਵਜਾ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਅਜੇਹੀਆਂ ਕੰਪਨੀਆਂ ਆਪਣੀ ਇਸ ਤਰ੍ਹਾਂ ਦੀ ਤਕਨੀਕ ਨੂੰ ਕਿਸੇ ਦੂਜੇ ਦੇਸ਼ ਦੀਆਂ ਕੰਪਨੀਆਂ ਦੇ ਹੱਥਾਂ 'ਚ ਵੇਚ ਸਕਦੀਆਂ ਹਨ। ਜਿਸ

ਨੂੰ ਭਾਰਤ 'ਚ ਮਹਿਕੋ ਨਾਂ ਦੀ ਕੰਪਨੀ ਨੇ ਬੀ.ਟੀ. ਕਾਟਨ ਦੇ ਹੱਥੋਂ ਤਕਨੀਕ ਵੇਚਣ 'ਚ ਹਿਸੇਦਾਰੀ ਕੀਤੀ ਹੈ। ਹੁਣ ਆਪਣੇ ਦੇਸ਼ 'ਚ ਵਿਸ਼ਵ ਵਪਾਰ ਸੰਗਠਨ ਦੀ ਵਿਵਸਥਾ ਅਨੁਸਾਰ ਕਿਵੇਂ ਕਾਨੂੰਨਾਂ 'ਚ ਹੇਰ-ਫੇਰ ਕੀਤਾ ਹੈ। ਉਸ 'ਤੇ ਇਕ ਨਜ਼ਰ ਮਾਰੀ ਜਾ ਸਕਦੀ ਹੈ। 1995 'ਚ ਉਰੂਗਵੇ ਦੌਰ 'ਚ ਭਾਰਤ ਨੇ (WTO) ਦੇ ਸਮਝੌਤੇ 'ਤੇ ਦਸਤਖ਼ਤ ਕੀਤੇ। ਇਸ ਪਿਛੋਂ ਭਾਰਤ ਸਰਕਾਰ ਨੇ 1970 ਦੇ ਪੇਟੈਂਟ ਕਾਨੂੰਨ 'ਚ ਸੋਧ ਕੀਤੀ। ਇਸ ਸੋਧ ਦੇ ਤਹਿਤ ਅਜੇਹੀਆਂ ਕੰਪਨੀਆਂ ਨੂੰ ਬਾਜ਼ਾਰ 'ਚ ਆਪਣੀਆਂ ਪੇਟੈਂਟ ਵਸਤੂਆਂ ਨੂੰ ਵੇਚਣ ਦੀ ਅਜਾਰੇਦਾਰੀ ਦਿਤੀ ਪਰ ਕੰਪਨੀਆਂ ਨੇ ਕਿਹਾ ਕਿ ਟ੍ਰਿਪਸ ਦੀ ਵਿਵਸਥਾ ਅਨੁਸਾਰ 1970 ਦੇ ਪੇਟੈਂਟ ਕਨੂੰਨ 'ਚ ਕੀਤੀ ਗਈ ਸੋਧ ਕਾਫੀ ਨਹੀਂ ਹੈ ਤਾਂ ਫਿਰ ਮਈ 2002 'ਚ ਸੰਸਦ 'ਚ ਫਿਰ ਤੋਂ ਸੋਧ ਕੀਤੀ ਗਈ ਜਿਸ 'ਚ ਮੁੱਖ ਤੌਰ 'ਤੇ ਬੀਜ਼ਾਂ, ਪੌਦਿਆਂ ਦਾ ਜੀਨ ਸੋਧਣ ਦਾ ਅਧਿਕਾਰ ਦਿਤਾ ਗਿਆ। ਜਿਵੇਂ ਆਂਧਰ ਦੇ ਕਪਾਹ ਦੇ ਬੀਜ਼ ਨੂੰ ਜੀਨ ਸੋਧ ਜ਼ਰੀਏ ਮੌਂਸੋਟੋ ਨੇ ਇਕ ਨਵਾਂ ਬੀਜ਼ ਤਿਆਰ ਕੀਤਾ ਅਤੇ ਉਸ ਉਪਰ ਉਸ ਦੀ ਅਜ਼ਾਰੇਦਾਰੀ ਹੋ ਗਈ। ਉਸ ਨੇ ਸਭ ਤੋਂ ਪਹਿਲਾਂ ਇਸ ਨਵੇਂ ਬੀਜ਼ ਦੀ ਇਥੇ ਹੀ ਵਰਤੋਂ ਵੀ ਕੀਤੀ। ਪਹਿਲਾਂ ਭਾਰਤੀ ਕਾਨੂੰਨ ਮੁਤਾਬਕ ਇਹ ਵਿਵਸਥਾ ਸੀ ਕਿ ਜਿਸ ਬੀਜ਼ ਦੇ ਪੌਦਿਆਂ ਨੂੰ ਨਵੇਂ ਤਰੀਕੇ ਨਾਲ ਵਿਕਸਤ ਕੀਤਾ ਜਾਵੇਗਾ ਉਸ 'ਤੇ ਕੰਪਨੀ ਦੀ ਅਜ਼ਾਰੇਦਾਰੀ ਨਹੀਂ ਹੋਵੇਗੀ ਤੇ ਉਸ ਦੀ ਕਿਸਾਨ ਨਾ ਸਿਰਫ ਵਰਤੋਂ ਕਰ ਸਕਦੇ ਹਨ ਕਿ ਬਲਕਿ ਉਸ ਨੂੰ ਵੀ ਆਪਣੇ ਤਰੀਕੇ ਨਾਲ ਵਿਕਸ਼ਤ ਵੀ ਕਰ ਸਕਦੇ ਹਨ। ਪਰ ਜਦ ਭਾਰਤ ਨੂੰ ਇਹ ਲੱਗਿਆ ਇਸ ਤਰ੍ਹਾਂ ਦੀ ਵਿਵਸਥਾ ਨਾਲ ਕਿਸਾਨਾਂ ਨੂੰ ਬੇਹੱਦ ਨੁਕਸਾਨ ਹੋਵੇਗਾ ਤਾਂ 2001 'ਚ ਨਵਾਂ ਕਾਨੂੰਨ ਬਣਾਇਆ ਗਿਆ ਜਿਸ ਨੂੰ ਪਲਾਂਟ ਵਰਾਇਟੀ ਪ੍ਰੋਟੇਕਸ਼ਨ ਐਂਡ ਫਾਰਮਰ ਰਾਈਟ ਐਕਟ (ਕਿਸਾਨ ਅਧਿਕਾਰ ਕਾਨੂੰਨ) ਕਿਹਾ ਗਿਆ। ਇਸ ਲਈ ਭਾਰਤ ਸਰਕਾਰ ਨੇ ਟ੍ਰਿਪਸ ਸਮਝੌਤੇ ਦੇ ਅਨੁਛੇਦ 27.3 (ਬੀ) 'ਚ ਹਵਾਲਾ ਦਿੱਤਾ ਗਿਆ ਜਿਸ 'ਚ ਇਹ ਵਿਵਸਥਾ ਹੈ ਕਿ ਕਿਸਾਨ ਨਾ ਤਾਂ ਆਪਣੇ ਬੀਜ਼ਾਂ ਨੂੰ ਵੇਚ ਸਕਦਾ ਹੈ, ਨਾ ਆਪਣੇ ਕੋਲ ਰਖ ਸਕਦਾ ਹੈ ਤੇ ਨਾ ਹੀ ਦੂਜੇ ਕਿਸਾਨਾਂ ਨਾਲ ਉਸ ਦਾ ਅਦਲਾ-ਬਦਲੀ ਕਰ ਸਕਦਾ ਹੈ। ਇਸ ਤਰ੍ਹਾਂ ਸਰਕਾਰ ਨੇ ਇਸ ਮਸੌਦੇ ਦੇ ਜ਼ਰੀਏ ਪੁਰਾਣੀਆਂ ਸਾਰੀਆਂ ਕਾਨੂੰਨੀ ਵਿਵਸਥਾਵਾਂ ਨੂੰ ਗੈਰ ਪ੍ਰਸੰਗਿਕ ਕਰਕੇ ਕੰਪਨੀਆਂ ਦੇ ਹਵਾਲੇ ਬੀਜ਼ਾਂ ਦੇ ਬਾਜ਼ਾਰ ਨੂੰ ਕਰ ਦਿੱਤਾ ਹੈ ਪਰ ਇਹ ਮਸੌਦਾ ਕਾਨੂੰਨ ਦਾ ਰੂਪ ਅਜੇ ਤਕ ਨਹੀਂ ਲੈ ਸਕਿਆ। ਇਸ 'ਤੇ ਝਮੇਲਾ ਜਾਰੀ ਰਿਹਾ।

ਆਤਮ ਹੱਤਿਆ ਦੀ ਗਿਣਤੀ ਕਰਦੀ ਸੰਸਦ :- ਅੰਗਰੇਜਾਂ ਦੀ ਹਕੂਮਤ ਵੇਲੇ ਦੇ ਅਰਸੇ 'ਚ ਇਕ ਵੀ ਕਿਸਾਨ ਨੇ ਆਤਮ ਹੱਤਿਆ ਨਹੀਂ ਕੀਤੀ ਪਰ ਉਸ ਪਿਛੋਂ ਕਥਿਤ ਅਜ਼ਾਦ ਦੇਸ਼ ਦੀ ਸੰਸਦ 'ਚ ਸਭ ਤੋਂ ਵੱਧ ਇਹ ਵਾਕਿਆ ਦੁਹਰਾਇਆ ਗਿਆ, "ਭਾਰਤ ਕਿਸਾਨਾਂ ਦਾ ਦੇਸ਼ ਹੈ ਇਥੋਂ ਦੀ ਜ਼ਿਆਦਾਤਰ ਆਬਾਦੀ ਖੇਤੀ 'ਤੇ ਨਿਰਭਰ ਹੈ" ਪਰ ਕਿਸਾਨੀ ਨੁਮਾਇੰਦਿਆਂ ਦੀ ਬਹੁਮਤ ਵਾਲੀ ਪਾਰਲੀਮੈਂਟ ਨੇ 1990 ਪਿਛੋਂ ਇਸ ਦੇਸ਼ ਦੇ ਤਾਣੇ-ਬਾਣੇ ਨੂੰ ਇਸ ਹੱਦ ਤਕ ਬਦਲਣ ਦਾ ਨੀਤੀਗਤ ਫੈਸਲਾ ਲਿਆ ਗਿਆ ਕਿ ਖੇਤਾਂ 'ਚ ਕਿਸਾਨਾਂ ਦੀਆਂ ਲਾਸ਼ਾਂ ਦਿਸਣ ਲੱਗੀਆਂ। ਇਹ ਨੀਤੀ ਲਾਸ਼ਾਂ ਦੀਆਂ ਫਸਲਾਂ ਬੀਜ਼ਣ ਦੀ ਸੀ। ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੇ ਅੰਕੜੇ ਇਸ ਤਰ੍ਹਾਂ ਜ਼ਾਹਰ ਕੀਤੇ ਜਾਣ ਲੱਗੇ ਜਿਵੇਂ ਸਰਕਾਰੀ ਵਿਭਾਗ ਕੁਦਰਤੀ ਆਫ਼ਤ

ਤੇ ਸੜਕੀ ਦੁਰਘਟਨਾ ਦੇ ਅੰਕੜੇ ਤਿਆਰ ਕਰਦੇ ਹਨ। ਖੇਤੀ ਮੰਤਰੀ ਸ਼ਰਦ ਪਵਾਰ ਮੁਤਾਬਕ ਕੇਂਦਰ ਗ੍ਰਹਿ ਮੰਤਰਾਲੇ 1995 ਤੋਂ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੀਆਂ ਘਟਨਾਵਾਂ ਨੂੰ ਦਰਜ ਕਰ ਰਿਹਾ ਹੈ। ਜੋ ਅੰਕੜੇ ਮੁਹੱਈਆ ਕਰਵਾਏ ਗਏ ਹਨ ਉਸ ਦੇ ਅਧਿਐਨ ਤੋਂ ਸਾਫ ਹੁੰਦਾ ਹੈ ਕਿ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੀ ਗਿਣਤੀ ਕਰਨ 'ਚ ਵੱਧ ਚੌਕਸੀ ਦੀ ਜ਼ਰੂਰਤ ਮਹਿਸੂਸ ਨਹੀਂ ਕੀਤੀ ਗਈ ਹੈ। ਸੰਸਦ 'ਚ 12 ਮਈ 2006 ਨੂੰ ਦਸਿਆ ਗਿਆ ਕਿ ਮਹਾਂਰਾਸ਼ਟਰ 'ਚ 2002 'ਚ 101 ਕਿਸਾਨਾਂ ਨੇ ਆਤਮ ਹੱਤਿਆ ਕੀਤੀ ਜਦਕਿ 23 ਦਸੰਬਰ 2005 'ਚ ਦਸਿਆ ਗਿਆ ਕਿ 2002 'ਚ ਸਿਰਫ ਵਿਦਰਭ ਖੇਤਰ 'ਚ ਹੀ 112 ਕਿਸਾਨਾਂ ਨੇ ਆਤਮ ਹੱਤਿਆ ਕੀਤੀ ਹੈ। ਅੰਕੜਿਆਂ ਦੀ ਪੂਰੀ ਖੇਡ 'ਚ ਅਜੇਹਾ ਆਪਾ ਵਿਰੋਧ ਵੇਖਿਆ ਜਾ ਸਕਦਾ ਹੈ ਕਿ 27 ਨਵੰਬਰ 2000 ਨੂੰ ਸੰਸਦ 'ਚ ਦਿਤੇ ਇਕ ਅੰਕੜੇ ਮੁਤਾਬਕ ਇਸ ਸਾਲ ਆਂਧਰਾ ਪ੍ਰਦੇਸ਼ 'ਚ ਸਿਰਫ 22 ਕਿਸਾਨਾਂ ਨੇ ਆਤਮ ਹੱਤਿਆ ਕੀਤੀ ਜਦਕਿ ਪੰਜਾਬ 'ਚ ਕਿਸੇ ਵੀ ਕਿਸਾਨ ਦੀ ਆਤਮ ਹੱਤਿਆ ਤੋਂ ਨਾਂਹ ਕੀਤੀ ਗਈ। ਉਸ ਜੁਆਬ 'ਚ ਆਂਧਰਾ ਪ੍ਰਦੇਸ਼ 'ਚ 1997 ਅਤੇ 1998 'ਚ 358 ਤਾਂ 1999-2000 'ਚ 5 ਕਿਸਾਨਾਂ, ਮਹਾਂਰਾਸ਼ਟਰ 'ਚ 32, ਪੰਜਾਬ 'ਚ 1997 ਦੌਰਾਨ 418 ਤਾਂ 1998 'ਚ 3 ਕਿਸਾਨਾਂ ਦੀ ਆਤਮ ਹੱਤਿਆਵਾਂ ਦਰਜ ਕੀਤੀ ਗਈ ਜਦਕਿ ਸੰਨ 2006 'ਚ ਖੇਤੀ ਮੰਤਰੀ ਸ਼ਰਦ ਪਵਾਰ ਨੇ ਦਸਿਆ ਕਿ 1998 'ਚ 16015 ਕਿਸਾਨਾਂ ਨੇ ਆਤਮ ਹੱਤਿਆਵਾਂ ਕੀਤੀ ਸੀ, ਜਿਹਨਾਂ 'ਚ ਸਭ ਤੋਂ ਵੱਧ ਆਤਮ ਹੱਤਿਆ ਕੇਰਲਾ, ਕਰਨਾਟਕਾ, ਮਹਾਂਰਾਸ਼ਟਰ ਤੇ ਆਂਧਰਾ 'ਚ ਹੋਈਆਂ ਸਨ। 2003 'ਚ ਕਿਸਾਨਾਂ ਦੀਆਂ ਆਤਮ ਹੱਤਿਆ ਦੀਆਂ ਘਟਨਾਵਾਂ 17164 ਹੋ ਗਈਆਂ। ਸ਼ਰਦ ਪਵਾਰ ਦੇ ਮੋਟੇ ਅੰਕੜਿਆਂ ਮੁਤਾਬਕ ਕੁੱਲ ਆਤਮ ਹੱਤਿਆਵਾਂ 'ਚ ਕਿਸਾਨਾਂ ਦੀ ਫੀਸਦੀ 15 ਤੋਂ 16 ਹੈ। ਹੁਣ ਕੁਲ ਇਕ ਲੱਖ ਤੋਂ ਵੱਧ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੇ ਅੰਕੜੇ ਪੇਸ਼ ਕੀਤੇ ਜਾ ਰਹੇ ਹਨ। ਆਪਣੀ ਇਥੋਂ ਦੀ ਹਕੂਮਤੀ ਵਿਵਸਥਾ ਦੇ ਕੁਝ ਪੇਚਾਂ ਨੂੰ ਸਮਝਣਾ ਜ਼ਰੂਰੀ ਹੈ। ਇਹ ਦਾਅ ਪੇਚ ਰਾਜਨੀਤੀ ਦਾ ਆਧਾਰ ਬਣੇ ਹੋਏ ਹਨ। ਇਕ ਅੰਕੜੇ ਵੈਸੇ ਸਮੇਂ ਲਈ ਤਿਆਰ ਕੀਤੇ ਜਾਂਦੇ ਹਨ ਜਿਹਨਾਂ ਦੀ ਵਰਤੋਂ ਸਰਕਾਰ ਕਿਸੇ ਮਸਲੇ 'ਚ ਸਫਾਈ ਦੇਣ ਲਈ ਕਰਦੀ ਹੈ। ਦੂਜੇ ਅੰਕੜੇ ਰਾਜਾਂ ਵਿਚ ਉਸ ਮੌਕੇ ਲਈ ਤਿਆਰ ਕੀਤੇ ਜਾਂਦੇ ਹਨ ਜਦ ਰਾਜ ਸਰਕਾਰਾਂ ਨੇ ਕੇਂਦਰ ਤੋਂ ਵੱਡੀ ਰਾਸ਼ੀ ਹਾਸ਼ਲ ਕਰਨੀ ਹੁੰਦੀ ਹੈ ਤੇ ਤੀਜੇ ਅੰਕੜੇ ਕੇਂਦਰ ਸਰਕਾਰ ਉਦੋਂ ਲਈ ਤਿਆਰ ਕਰਦੀ ਹੈ ਜਦ ਕਿਸੇ ਨੀਤੀਗਤ ਫੈਸਲੇ ਲਈ ਅਧਾਰ ਬਣਾਉਣ ਲਈ ਉਸ ਦੀ ਵਰਤੋਂ ਕਰਨੀ ਹੁੰਦੀ ਹੈ। ਸਰਕਾਰਾਂ ਕਿਸੇ ਸਮੇਂ ਦੇ ਬੁਨਿਆਦੀ ਕਾਰਨਾਂ ਨੂੰ ਦੂਰ ਕਰਨ ਦਾ ਇਰਾਦੇ ਨਾਲ ਯੋਜਨਾ ਤਿਆਰ ਕਰਦੀ ਹੈ। ਅਜੇਹਾ ਨਹੀਂ ਮੰਨਿਆ ਜਾ ਸਕਦਾ ਹੈ। ਇਹ ਤਤਕਾਲਿਕ ਘਟਨਾਵਾਂ ਦੀ ਆੜ 'ਚ ਆਪਣੀਆਂ ਨੀਤੀਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਯੋਜਨਾਵਾਂ ਤਿਆਰ ਕਰਦੀ ਹੈ। ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦਾ ਮਾਮਲਾ ਵੀ ਐਸਾ ਹੀ ਹੈ। ਇਹ ਵਿਦਰਭ ਦੇ ਮਾਤਮ 'ਚ ਸ਼ਾਮਲ ਹੋਣ ਜਾਂਦੀ ਹੈ ਤਾਂ ਆਪਣੇ ਨਾਲ ਬਾਜ਼ਾਰ ਨੂੰ ਵੀ ਲੈ ਜਾਂਦੀ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 3 ਜਨਵਰੀ 2006 ਨੂੰ ਹੈਦਰਾਬਾਦ 'ਚ ਦੂਜੀ ਹਰੀ ਕ੍ਰਾਂਤੀ 'ਤੇ ਜ਼ੋਰ ਦਿੱਤਾ ਸੀ। ਪਹਿਲੀ ਹਰੀ ਕ੍ਰਾਂਤੀ ਦੇ ਸਿੱਟੇ ਇਹ ਨਿਕਲ ਕੇ ਸਾਹਮਣੇ ਆਏ ਹਨ ਕਿ ਸਰਕਾਰ

ਨੂੰ ਇਹ ਦਾਅਵਾ ਕਰਨ 'ਚ ਸਹੂਲਤ ਹੋਈ ਕਿ ਇਸ ਨਾਲ ਦੇਸ਼ ਅਨਾਜ਼ ਦੇ ਮਾਮਲੇ 'ਚ ਆਤਮ ਨਿਰਭਰ ਬਣਿਆ ਤੇ ਸਰਕਾਰ ਨੇ ਬਜ਼ਾਰਵਾਦ ਦੀ ਨੀਤੀ ਅਪਣਾ ਲਈ ਹੈ ਤਾਂ ਹੁਣ ਦੂਜੀ ਹਰੀ ਕ੍ਰਾਂਤੀ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਪਰ ਦੂਜਾ ਨਜ਼ਰੀਆ ਇਹ ਹੈ ਕਿ ਪਹਿਲੀ ਹਰੀ ਕ੍ਰਾਂਤੀ ਦੇ ਬਾਵਜੂਦ ਕਿਸਾਨ ਖੁਦ ਆਤਮ ਨਿਰਭਰ ਨਹੀਂ ਬਣਿਆ ਤੇ ਦੂਜੀ ਹਰੀ ਕ੍ਰਾਂਤੀ ਦੇ ਨਾਹਰੇ ਤਕ ਲੱਖਾਂ ਦੀ ਤੈਦਾਦ 'ਚ ਕਿਸਾਨ ਜਾਂ ਤਾਂ ਆਪਣੀ ਜਾਨ ਗੁਆ ਚੁੱਕੇ ਸਨ ਜਾਂ ਫਿਰ ਕਰਜ਼ੇ ਦੇ ਜਾਲ 'ਚ ਫਸ ਗਏ। ਖੇਤਰੀ ਮੰਤਰੀ ਸ਼ਰਦ ਪਵਾਰ ਦੇ ਰਾਜਸੀ ਖੇਤਰ ਵਿਦਰਭ 'ਚ ਖੇਤੀ ਖੇਤਰ ਲਈ ਪੈਕੇਜ਼ ਦੇਣ ਤੋਂ ਪਹਿਲਾਂ ਕਣਕ ਬਾਹਰੋਂ ਮੰਗਵਾਈ ਗਈ। ਇਹ ਕਣਕ ਉਦੋਂ ਬਾਹਰੋਂ ਮੰਗਵਾਉਣ ਦਾ ਫੈਸਲਾ ਕੀਤਾ ਗਿਆ। ਜਦਕਿ ਭੰਡਾਰਾਂ 'ਚ ਅਨਾਜ ਦੇ ਸੜਨ ਦੀ ਸਥਿਤੀ ਬਣਦੀ ਜਾ ਰਹੀ ਸੀ। ਇਸ ਤਰ੍ਹਾਂ ਦੇ ਪੈਕੇਜ਼ ਨਾਲ ਦਰਾਮਦ ਦੀ ਸਥਿਤੀ ਖਤਮ ਨਹੀਂ ਹੋਈ ਹੈ ਬਲਕਿ ਅਨਾਜ ਦੀ ਦਰਾਮਦ ਵਧੇਗੀ। ਦਰਅਸਲ ਖੇਤੀ ਦੇ ਖੇਤਰ 'ਚ ਵੀ ਸਰਕਾਰ ਦੀ ਲਗਭਗ ਉਹੀ ਨੀਤੀ ਹੈ ਜੋ ਹਕੂਮਤੀ ਪ੍ਰਬੰਧ ਦੇ ਦੂਜੇ ਖੇਤਰਾਂ 'ਚ ਵੇਖੀ ਜਾ ਰਹੀ ਹੈ। ਸਰਕਾਰਾਂ ਅਤਿਆਚਾਰ ਦੀ ਨੀਤੀ ਨੂੰ ਖਤਮ ਨਹੀਂ ਕਰਨਾ ਚਾਹੁੰਦੀਆਂ ਪਰ ਸਰਕਾਰੀ ਗੋਲੀ ਕਾਂਡ 'ਚ ਪੀੜਤ ਪਰਿਵਾਰਾਂ ਨੂੰ ਮੁਆਵਜਾ ਦੇਣ ਪਹੁੰਚ ਜਾਂਦੀਆਂ ਹਨ। ਸੰਸਦੀ ਵਿਵਸਥਾ 'ਚ ਆਪਣੀਆਂ ਨੀਤੀਆਂ ਨੂੰ ਜਾਰੀ ਰੱਖਣ ਲਈ ਇਹ ਐਸੀ ਦੋਹਰੀ ਨੀਤੀ ਜਰੂਰੀ ਸਮਝਦੀ ਹੈ। ਖੇਤੀ ਦਾ ਸੰਕਟ ਇਹ ਨਹੀਂ ਹੈ ਕਿ ਪਹਿਲਾਂ ਕਿਸਾਨਾਂ ਨੂੰ ਉਚੀਆਂ ਦਰਾਂ 'ਤੇ ਕਰਜ਼ੇ ਦੇਣ ਦੀ ਵਿਵਸਥਾ ਸੀ ਜੋ ਫੇਰ ਵਧਾ ਕੇ 10 ਫੀ ਸਦੀ ਦੀ ਦਰ 'ਤੇ ਕਰ ਦਿਤਾ ਗਿਆ। ਇਸ ਦੇ ਬਾਵਜੂਦ ਸਰਕਾਰ ਖੇਤੀ ਦੇ ਵੱਡੇ ਹਿੱਸੇ ਨੂੰ ਕਰਜ਼ਾ ਮੁਹੱਈਆ ਨਹੀਂ ਕਰਵਾ ਸਕੀ ਹੈ। ਸ਼ਰਦ ਪਵਾਰ ਅਨੁਸਾਰ ਉਸ ਦੇ ਹਕੂਮਤੀ ਅਰਸੇ ਤੋਂ ਪਹਿਲਾਂ ਸਾਲ 'ਚ 125, 309 ਕਿਸਾਨਾਂ ਨੂੰ ਕਰਜ਼ਾ ਦਿੱਤਾ ਗਿਆ ਪਰ ਦੂਜੀ ਅਹਿਮ ਗੱਲ ਇਹ ਹੈ ਕਿ ਕਿਸਾਨਾਂ ਨੂੰ ਕਰਜ਼ੇ ਦੀ ਸਥਿਤੀ ਤੋਂ ਮੁਕਤੀ ਕਿਵੇਂ ਮਿਲੇਗੀ। ਇਹ ਹੁਣ ਤਕ ਦੀਆਂ ਨੀਤੀਆਂ 'ਚ ਸਾਫ ਨਹੀਂ ਹੈ। ਬਾਜ਼ਾਰਵਾਦੀ ਨੀਤੀਆਂ ਦੇ ਕਾਰਨ ਕਿਸਾਨਾਂ ਨੂੰ ਫਸਲ ਦੀ ਕੀਮਤ ਨਾ ਮਿਲ ਸਕਣੀ ਇਸ ਦੇ ਪ੍ਰਮੁੱਖ ਕਾਰਨਾਂ ਵਿਚੋਂ ਇਕ ਹੈ। ਸੰਸਦ 'ਚ 17 ਫਰਵਰੀ 2006 ਨੂੰ ਸਰਕਾਰ ਦੇ ਇਕ ਜੁਆਬ ਮੁਤਾਬਕ ਵਿਦਰਭ ਦੇ ਕਪਾਹ ਦੀ ਖੇਤੀ ਦੇ ਪ੍ਰਤੀ ਕੁਇੰਟਲ1795 ਰੁਪਏ ਤੋਂ ਲੈ ਕੇ 2181 ਰੁਪਏ ਤਕ ਦਾ ਖਰਚਾ ਆਉਂਦਾ ਹੈ ਜਦਕਿ ਐਚ-4 ਕਿਸਮ ਦੇ ਕਪਾਹ ਦੀ ਬਾਜ਼ਾਰ 'ਚ ਕੀਮਤ 1960 ਤੋਂ 2130 ਰੁਪਏ ਮਿਲਦੀ ਹੈ। ਇਕ ਤਾਂ ਸਰਕਾਰ ਜੋ ਬਾਜ਼ਾਰ ਦਰ ਦਸਦੀ ਹੈ, ਉਹ ਕਿਸਾਨਾਂ ਦੇ ਘਰਾਂ ਤਕ ਨਹੀਂ ਪਹੁੰਚ ਸਕਦੀ ਹੈ। ਕਣਕ ਤੇ ਝੋਨੇ ਦੀ ਸਹਾਇਕ ਕੀਮਤ ਦੇ ਪ੍ਰਸੰਗ ਵਿਚ ਤਾਂ ਇਹ ਗੱਲ ਬਿਲਕੁਲ ਸਾਫ ਹੋ ਗਈ ਹੈ। ਕਣਕ ਦੀ ਫੀ ਕੁਇੰਟਲ ਪੈਦਾਵਾਰ 'ਚ 1998 'ਚ ਪੰਜਾਬ 'ਚ 443.70 ਰੁਪਏ, ਮੱਧ ਪ੍ਰਦੇਸ਼ 'ਚ 541.90 ਰੁਪਏ, ਰਾਜਸਥਾਨ 'ਚ 455.59 ਰੁਪਏ, ਹਰਿਆਣਾ 'ਚ 407.25 ਰੁਪਏ ਜੋ 2000-01 'ਚ ਵੱਧ ਕੇ ਲੜੀਵਾਰ 466 ਰੁਪਏ, 590 ਰੁਪਏ, 499 ਰੁਪਏ ਤੇ 459 ਰੁਪਏ ਦੀ ਲਾਗਤ ਸੀ। ਫਿਰ ਪੈਦਾਵਾਰ ਲਾਗਤ ਤੇ ਸਹਾਇਕ ਮੁੱਲ ਦੇ ਜੋ ਵੀ ਅੰਕੜੇ ਸਰਕਾਰ ਦਸਦੀ ਹੈ ਉਸ ਦੇ ਦਾਅਰੇ 'ਚ ਛੋਟੇ, ਦਰਮਿਆਨ ਤੇ ਬੇਜ਼ਮੀਨੇ ਕਿਸਾਨ ਤਾਂ ਉਕਾ ਹੀ ਨਹੀਂ ਆਉਂਦੇ ਜਿੰਨਾਂ ਦੀ ਤੈਦਾਦ 80 ਫੀ ਸਦੀ ਹੈ। ਇਸ ਸ਼ੈਲੀ ਨੂੰ ਕਣਕ ਬਰਾਮਦ ਦੇ ਪ੍ਰਸੰਗ ਵਿਚ ਵੀ

ਵੇਖਿਆ ਜਾ ਸਕਦਾ ਹੈ। ਜਦ ਦਰਾਮਦ ਕੀਤੀ ਕਣਕ ਦੀ ਖੇਪ ਪਹੁੰਚੀ ਤਾਂ ਮੈਸੂਰ ਸਥਿਤ ਕੇਂਦਰ ਖੁਰਾਕ ਲਬਾਰਟਰੀ ’ਚ ਉਸ ਦੇ ਨਮੂਨੇ ਦੀ ਜਾਂਚ ਕੀਤੀ। ਇਸ ਨਮੂਨੇ ’ਚ ‘ਫੇਨੀਟ੍ਰੋਥਿਓਨ’ ਨਾਮ ਦੇ ਪੈਸਟੀਸਾਈਡ ਦੀ ਮਾਤਰਾ ਵੱਧ ਪਾਈ ਗਈ ਤੇ ਬੇਹੱਦ ਨੁਕਸਾਨਦੇਹ ਮੰਨਿਆ ਗਿਆ। ਜਦ ਇਸ ’ਤੇ ਸ਼ੋਰ-ਸ਼ਰਾਬਾ ਹੋਇਆ ਤਾਂ ਸਰਕਾਰ ਨੇ ਇਹ ਸਫਾਈ ਦਿਤੀ ਕਿ ਜਲਦ ਬਾਜ਼ੀ ’ਚ ਇਹ ਜਾਂਚ ਕੀਤੀ ਗਈ ਹੈ। ਸਰਕਾਰ ਮੁਤਾਬਕ ਹੈ ਚਿਜ਼ ਖੋਹਲਣ ਦੇ ਫੌਰਨ ਪਿਛੋਂ ਦਰਾਮਦ ਕਣਕ ਦੀ ਉਪਰਲੀ ਤਹਿ ਤੋਂ ਨਮੂਨਾ ਲੈ ਕੇ ਲਬਾਰਟਰੀ ’ਚ ਜਾਂਚ ਕਰ ਲਿਆ ਗਿਆ। ਇਸ ਲਈ ਉਸ ’ਚ ਇਹ ਵਿਨਾਸ਼ਦਾਰੀ ਮਾਤਰਾ ’ਚ ਖਤਰਨਾਕ ਪੈਸਟੀਸਾਈਡ ਪਾਇਆ ਗਿਆ ਪਰ ਜਦ ਕਣਕ ਦੀ ਖੇਪ ਤੋਂ ਮਿਲਿਆ ਜੁਲਿਆ ਨਮੂਨਾ ਲਿਆ ਗਿਆ ਤੇ ਲਬਾਟਰੀ ’ਚ ਜਾਂਚ ਕਰਵਾਈ ਗਈ ਤਾਂ ਫੇਨੀਟ੍ਰੋਥਿਓਨ ਦੀ ਮਾਤਰਾ 0.01 ਮਿ: ਗ੍ਰਾ: ਪਾਈ ਗਈ ਜਿਸ ਨੂੰ ਨੁਕਸਾਨਦੇਹ ਨਹੀਂ ਮੰਨਿਆ ਗਿਆ ਹੈ। ਇਥੇ ਇਹ ਵੀ ਵੇਖਣਾ ਦਿਲਚਸਪ ਹੋਵੇਗਾ ਕਿ ਭਾਰਤ ਸਰਕਾਰ ਨੇ ਦਰਾਮਦ ਕਰਨ ਤੋਂ ਪਹਿਲਾਂ ਕਣਕ ਦੀ ਜੋ ਮਾਤਰਾ ਦੱਸੀ ਉਹ ਪਿਛੋਂ ਗਲਤ ਪਾਈ ਗਈ। ਬਾਅਦ ’ਚ ਜਾਂਚ ਪੜਤਾਲ ਪਿਛੋਂ ਪੰਜਾਹ ਲੱਖ ਟਨ ਘੱਟ ਪਾਈ ਗਈ। ਕਿਹਾ ਗਿਆ ਕਿ ਗਿਣਤੀ ’ਚ ਗਲਤੀ ਕਾਰਨ ਅਜੇਹਾ ਹੋਇਆ। ਦਰਾਮਦ ਦਾ ਆਰਡਰ ਦੇਣ ਤੋਂ ਪਹਿਲਾਂ ਸਰਕਾਰ ਨੇ ਆਪਣੇ ਸਟੋਰ ’ਚ ਵੱਧ ਕਣਕ ਦਸ ਕੇ ਉਸ ਦੀ ਬਰਾਮਦ ਕਰ ਦਿਤੀ ਸੀ। ਉਸ ਸਮੇਂ ਵਿਦੇਸ਼ਾਂ ’ਚ ਕਣਕ ਭੇਜਣ ਦੀ ਦਰ 90-95 ਡਾਲਰ ਪ੍ਰਤੀ ਟਨ ਸੀ ਪਰ ਵਿਦੇਸ਼ਾਂ ਤੋਂ ਨਾ ਖਰੀਦਿਆ ਜਾ ਸਕਿਆ ਤਾਂ ਉਸ ਨੂੰ 190 ਅਮਰੀਕੀ ਡਾਲਰ ਪ੍ਰਤੀ ਟਨ ਦੀ ਦਰ ਨਾਲ ਪੈਂਤੀ ਲੱਖ ਕਣਕ ਦੀ ਖਰੀਦਦਾਰੀ ਕੀਤੀ ਗਈ। ਵਿਦੇਸ਼ੀ ਕਣਕ ਦੀ ਦਰਾਮਦ ਦੇਸ਼ ਦੇ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਸਹਾਇਕ ਮੁੱਲ ਤੋਂ 300 ਰੁਪਏ ਪ੍ਰਤੀ ਕੁਇੰਟਲ ਘੱਟ ਸੀ। ਕੀ ਕਾਰਨ ਹੈ ਕਿ ਸਾਨੂੰ ਔਰਤ ਕਿਸਾਨ ਦਾ ਜ਼ਿਕਰ ਵੀ ਇਥੇ ਕਰਨਾਂ ਪੈ ਰਿਹਾ ਹੈ ਕਿਉਂਕਿ ਕਿਸਾਨ ਕਹਿੰਦੇ ਹਨ ਕਿ ਕਦੀ ਕੋਈ ਉਸ ਕਿਸਾਨ ਦੀ ਕਲਪਨਾ ਸਾਡੇ ਸਾਹਮਣੇ ਉਭਰ ਕੇ ਨਹੀਂ ਆਉਂਦੀ ਜੋ ਸਾੜੀ-ਸਲਵਾਰ ਪਹਿਨ ਕੇ ਖੇਤਾਂ ’ਚ ਕੰਮ ਕਰਦੀ ਹੈ। ਮਸ਼ਹੂਰ ਫਿਲਮ ਮਦਰ, ਇੰਡੀਆ ’ਚ ਨਰਸਿੰਗ ਨੂੰ ਆਪਾਂ ਹੱਲ ਚਲਾਉਂਦੇ ਵੇਖਿਆ ਸੀ। ਇਹ ਖੇਤਾਂ ਦਾ ਇਕ ਸੱਚ ਵੀ ਸੀ ਘੱਟ ਜ਼ਮੀਨ ਵਾਲੇ ਕਿਸਾਨ ਪ੍ਰੀਵਾਰਾਂ ’ਚ ਕਿਸੇ ਸ਼ੁਰੂਆਤੀ ਤਰਾਸਦੀ ਪਿਛੋਂ ਹੀ ਔਰਤਾਂ ਖੇਤਾਂ ’ਚ ਵਾਹੀ ਨਹੀਂ ਕਰਦੀਆਂ ਬਲਕਿ ਉਹ ਉਸ ਦੇ ਹਿਸੇ ’ਚ ਆਈ ਕਿਰਤ ਦਾ ਇਕ ਰੂਪ ਵੀ ਹੈ। ਜਿਸ ਘਰ ਵਿਚ ਉਜਾੜੇ ਦਾ ਦਰ ਪਸਰਿਆ ਹੁੰਦਾ ਹੈ, ਉਥੇ ਤਾਂ ਔਰਤਾਂ ਦਾ ਹੱਲ ਫੜਨਾ ਇਕ ਸੁਭਾਵਿਕ ਕਿਰਤ ਅਮਲ ਹੈ। ਪਹਾੜਾਂ ਤੋਂ ਮਰਦਾਂ ਦਾ ਉਜਾੜਾ ਜਿਵੇਂ ਕੋਈ ਨਵੀਂ ਗੱਲ ਨਹੀਂ ਇਉਂ ਹੀ ਔਰਤਾਂ ਦਾ ਹਲ ਫੜਨਾ ਵੀ ਉਨੀ ਹੀ ਪੁਰਾਣੀ ਗੱਲ ਹੈ। ਪਰ ਦਿੱਕਤ ਇਹ ਹੈ ਕਿ ਭਾਸ਼ਾ ਨਾਲ ਹਲ ਹਥੌੜੇ ਨੂੰ ਅਸੀਂ ਮਰਦਾਂ ਦਾ ਹੀ ਕੰਮ ਮੰਨ ਰਖਿਆ ਹੈ। ਭੂਮੀ ਦੀ ਮਾਲਕੀ ਉਸ ਸ਼੍ਰੇਣੀ ਦੀ ਆਉਂਦੀ ਹੈ ਆਪਣੀਆਂ ਕਿਸਾਨਾਂ ਜਥੇਬੰਦੀਆਂ ’ਚ ਵੀ ਮਰਦਾਂ ਦਾ ਦਬ-ਦਬਾਅ ਰਿਹਾ ਹੈ। ਵੈਸੇ ਕਿਸਾਨਾਂ ਜਥੇਬੰਦੀਆਂ ’ਚ ਵੀ ਖੇਤੀ ਕ੍ਰਾਂਤੀ ਤੇ ਬੁਨਿਆਦੀ ਤਬਦੀਲੀ ਦੇ ਸਿਧਾਂਤ ਤੇ ਨਾਹਰੇ ਨਾਲ ਲੈਸ ਰਹਿੰਦੇ ਹਨ। ਅਜੇ ਕੁਝ ਸਾਲ ਪਹਿਲਾਂ ਤਕ ਖੇਤ ਮਜ਼ਦੂਰਾਂ ਸਬੰਧੀ ਅਜੇਹੀਆਂ ਹੀ ਸਾਰੀਆਂ ਗੱਲਾਂ ਲਾਗੂ ਹੁੰਦੀਆਂ ਸਨ ਪਰ ਪਿਛੋਂ ਇਸ ਵਰਗ ਦੇ ਸੰਗਠਨਾਂ ਨੇ ਔਰਤ ਖੇਤ ਮਜ਼ਦੂਰਾਂ

ਨਾਲ ਜੁੜੀਆਂ ਮੁੱਖ ਮੰਗਾਂ ਨੂੰ ਉਠਾਉਣਾ ਸ਼ੁਰੂ ਕੀਤਾ। ਬੇਜ਼ਮੀਨੇ ਖੇਤ ਮਜ਼ਦੂਰਾਂ ਨੂੰ ਦਿਤੀ ਜਾਣ ਵਾਲੀ ਜ਼ਮੀਨ ਔਰਤ ਦੇ ਨਾਂ ਵੀ ਹੋਵੇ, ਇਸ ਦੀ ਮੰਗ ਕੀਤੀ ਗਈ। ਮਤਲਬ ਸਾਫ ਹੈ ਕਿ ਤਕਰੀਬਨ ਅੱਧੀ ਸਦੀ ਤਕ ਜ਼ਮੀਨ ਦਾ ਪਟਾ ਦਿਵਾਉਣ ਦੀ ਲੜਾਈ ਮਰਦ ਖੇਤ ਮਜ਼ਦੂਰਾਂ ਲਈ ਹੀ ਕੀਤੀ ਜਾਂਦੀ ਰਹੀ ਹੈ। ਸਥਿਤੀ ਇਹ ਹੈ ਕਿ ਦੇਸ਼ 'ਚ ਹਰ ਕਿਸਾਨ ਪ੍ਰੀਵਾਰ 'ਤੇ ਜੋ ਕਰਜ਼ਾ ਹੈ ਜਿਸ 'ਚ ਔਰਤਾਂ ਵੀ ਬਰਾਬਰ ਦੀਆਂ ਹਿਸੇਦਾਰ ਹੈ। ਪਰ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਔਰਤ ਕਿਸਾਨਾਂ ਨੇ ਆਤਮ ਹਤਿਆ ਕੀਤੀ ਤਾਂ ਉਹਨਾਂ ਦੀ ਆਤਮ ਹੱਤਿਆ ਨੂੰ ਗਿਣਿਆ ਹੀ ਨਹੀਂ ਗਿਆ ਕਿਉਂਕਿ ਉਹਨਾਂ ਦੇ ਨਾਂ ਜ਼ਮੀਨ ਨਹੀਂ ਸੀ। ਲਿਹਾਜ਼ਾ ਉਹਨਾਂ ਨੂੰ ਮਿਲਣ ਵਾਲੀ ਕਿਸੇ ਵੀ ਮਨੁੱਖੀ ਸਹੂਲਤ ਤੋਂ ਵਾਂਝਿਆਂ ਰਹਿਣਾ ਪਿਆ ਜਦਕਿ ਹਾਲ ਦੇ ਦੌਰ 'ਚ ਵਿਦਰਭ ਦੇ ਇਲਾਕੇ 'ਚ ਵੀ ਔਰਤਾਂ ਨੂੰ ਹਲ ਚਲਾਉਂਦੇ ਦਿਖਾਇਆ ਗਿਆ ਤੇ ਕੁਝ ਸਾਲ ਪਹਿਲਾਂ ਬਿਹਾਰ 'ਚ ਅਜੇਹਾ ਹੀ ਵਿਖਾਇਆ ਗਿਆ ਸੀ। ਪਰ ਬਿਹਾਰ 'ਚ ਉਸ ਦ੍ਰਿਸ਼ ਨੂੰ ਕਰੁਣ ਕਥਾ ਵਜੋਂ ਹੀ ਪੇਸ਼ ਕੀਤਾ ਗਿਆ ਸੀ। ਇਸ ਇਲਾਕੇ ਦਾ ਇਹ ਕਿੱਸਾ ਹੈ ਕਿ ਉਥੋਂ ਬਾਰੇ 59ਵੇਂ ਕੌਮੀ ਨਮੂਨਾ ਸਰਵੇਖਣ ਅਨੁਸਾਰ 98 ਫੀ ਸਦੀ ਲੋਕ ਖੇਤੀ ਲਈ ਹਲ ਖਾਤਰ ਜਾਨਵਰਾਂ ਦੀ ਵਰਤੋਂ ਕਰਦੇ ਹਨ। ਇਹ ਇਲਾਕਾ ਹੁਣ ਝਾਰਖੰਡ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਦੇਸ਼ 'ਚ ਹੁਣ ਵੀ 52 ਫੀ ਸਦੀ ਕਿਸਾਨ ਖੇਤੀ ਲਈ ਪਸ਼ੂਆਂ ਦੀ ਵਰਤੋਂ ਕਰਦੇ ਹਨ ਪਰ ਕਿਸਾਨਾਂ ਦੀ ਨੁਮਾਇੰਦਗੀ ਦਾ ਦਬ-ਦਬਾਅ ਹੋਣ ਦਾ ਵਾਅਦਾ ਕਰਨ ਵਾਲੀ ਸੰਸਦ 'ਚ ਜਿਸ ਤਰ੍ਹਾਂ ਨਾਲ ਕਿਸਾਨ 'ਤੇ ਗੱਲਬਾਤ ਕਰਦਿਆ ਕਦੀ ਔਰਤ ਕਿਸਾਨ ਯਾਦ ਹੀ ਨਹੀਂ ਆਉਂਦੀ ਉਸ ਤਰ੍ਹਾਂ ਸਰਕਾਰੀ ਸਰਵੇਖਣਾਂ 'ਚ ਇਹ ਪਤਾ ਲਾਉਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ ਕਿ ਜਾਨਵਰਾਂ ਦੀ ਵਰਤੋਂ ਕਰਨ ਵਾਲੇ ਕਿਸਾਨਾਂ 'ਚ ਔਰਤਾਂ ਕਿੰਨੀਆਂ ਹਨ। ਪ੍ਰੀਵਾਰ ਦੀ ਮੁਖੀ ਔਰਤ ਆਪਣੇ ਖੇਤ ਕਿਸ ਤਰ੍ਹਾਂ ਫਸਲ ਲਈ ਤਿਆਰ ਕਰਦੀ ਹੈ। ਅਜੇਹਾ ਕੋਈ ਅਧਿਐਨ ਨਹੀਂ ਹੈ ਕਿ ਦੇਸ਼ 'ਚ ਭੂਮੀ ਦੇ ਮਾਲਕਾਂ 'ਚ ਔਰਤਾਂ ਦੀ ਕਿੰਨੀ ਗਿਣਤੀ ਹੈ। ਹੱਦ ਬੰਦੀ ਤੋਂ ਜ਼ਿਆਦਾ ਰਖਣ ਵਾਲਿਆਂ ਨੇ ਕਾਨੂੰਨੀ ਤੌਰ 'ਤੇ ਆਪਣੀ ਜ਼ਮੀਨ ਬਚਾਉਣ ਲਈ ਜਿਸ ਤਰ੍ਹਾਂ ਵਾਧੂ ਜ਼ਮੀਨਾਂ ਮੰਦਰਾਂ ਦੇ ਦੇਵੀ ਦੇਵਤਿਆਂ ਤੇ ਆਪਣੇ ਪ੍ਰੀਵਾਰ ਦੇ ਨਾਂ ਕੀਤੀਆਂ, ਉਸ ਕੜੀ 'ਚ ਔਰਤਾਂ ਦੇ ਨਾਂ ਵੀ ਕਰ ਦਿਤੀਆਂ। ਪਰ ਆਪਣੇ ਦੇਸ਼ 'ਚ ਅੱਸੀ ਫੀ ਸਦੀ ਕਿਸਾਨ ਮਾਮੂਲੀ ਜਿਹੀ ਜ਼ਮੀਨ ਦੇ ਮਾਲਕ ਹਨ ਅਤੇ ਉਹਨਾਂ 'ਚ ਔਰਤ ਦਾ ਨਾਂ ਬੜੀ ਮੁਸ਼ਕਲ ਨਾਲ ਦਿਸਦਾ ਹੈ। ਆਪਣੇ ਨਾਂ ਹੇਠ ਔਰਤਾਂ ਜ਼ਮੀਨ ਰਖ ਸਕਦੀਆਂ ਹਨ, ਹਲ ਚਲਾ ਸਕਦੀਆਂ ਹਨ, ਟ੍ਰੈਕਟਰ ਤੇ ਡਰਾਈਵਰ ਦੀ ਸੀਟ 'ਤੇ ਬੈਠ ਸਕਦੀਆਂ ਹਨ, ਬੀਜ਼ਾਂ ਦੀ ਖਰੀਦਦਾਰੀ ਕਰ ਸਕਦੀਆਂ ਹਨ, ਬੈਂਕਾਂ ਤੋਂ ਕਰਜ਼ੇ ਲੈਣ ਜਾ ਸਕਦੀਆਂ ਹਨ। ਜਥੇਬੰਦੀਆਂ 'ਚ ਕਿਸਾਨਾਂ ਦੀ ਨੁਮਾਇੰਦਗੀ ਕਰ ਸਕਦੀਆਂ ਹਨ। ਇਹ ਜਾਗੀਰੂ ਪੈਦਾਵਾਰੀ ਪ੍ਰਬੰਧ 'ਚ ਤਾਂ ਇਹ ਗੱਲ ਕਾਲਪਨਿਕ ਲਗਦੀ ਹੈ ਪਰ ਅਧੁਨਿਕ ਖੇਤੀ ਦੇ ਪ੍ਰਸੰਗ 'ਚ ਵੀ ਕਿਸਾਨ ਦੇ ਰੂਪ 'ਚ ਔਰਤ ਚੇਹਰਾ ਕਦੀ ਉਭਰਕੇ ਸਾਹਮਣੇ ਆਇਆ? ਖੇਤੀ 'ਚ ਹਲ ਚਲਾਉਣਾ ਹੀ ਮੁੱਖ ਕੰਮ ਨਹੀਂ ਹੈ। ਵੈਸੇ ਅਰਥਚਾਰੇ 'ਚ ਕੁੱਲ ਖੇਤੀ ਦਾ ਜਿੰਨਾਂ ਯੋਗਦਾਨ ਹੁੰਦਾ ਹੈ, ਉਸ 'ਚ ਪਸ਼ੂ ਪਾਲਣ ਨਾਲ ਹੋਣ ਵਾਲੀ ਇਕ ਤਿਹਾਈ ਆਮਦਨ ਵੀ ਸ਼ਾਮਲ ਹੈ। ਦੂਜਾ ਇਕ ਤਿਹਾਈ ਹਿਸਾ ਫਲਾਂ ਤੇ ਸਬਜ਼ੀਆਂ (ਹਾਰਟੀਕਲਚਰ)

ਦਾ ਹੈ। ਦੁਨੀਆਂ ਦੇ ਕਈ ਹਿਸਿਆਂ 'ਚ ਔਰਤ ਕਿਸਾਨਾਂ ਦੇ ਰੋਲ ਨੂੰ ਰੇਖਾਕ੍ਰਿਤ ਕੀਤਾ ਜਾਂਦਾ ਹੈ। ਭਾਰਤ 'ਚ ਉਸ ਦੇ ਯੋਗਦਾਨ ਨੂੰ ਹੁਣ ਦਿਖਣ ਤੋਂ ਕਰ ਸਕਣਾ ਸੰਭਵ ਨਹੀਂ ਹੈ। ਪਹਿਲਾਂ ਸਿਰਫ ਘਰ ਦੇ ਗੁਜ਼ਾਰੇ ਲਈ ਖੇਤੀ ਹੁੰਦੀ ਸੀ ਤਾਂ ਉਸ 'ਚ ਔਰਤਾਂ ਗਾਇਬ ਦਿਸਦੀਆਂ ਸਨ। ਇਸ ਦੀ ਵਜ੍ਹਾਂ ਪਿੱਤਰ-ਸੱਤਾ ਤਮਕਤਾ ਸੀ। ਪਰ ਹੁਣ ਪ੍ਰੀਵਾਰ ਟੁੱਟ ਰਿਹਾ ਹੈ। ਪਿਤਰ ਸੱਤਾ ਵੀ ਟੁੱਟ ਰਹੀ ਹੈ। ਨਾਲ ਹੀ ਖੇਤੀ ਦਾ ਪੁਰਾਣਾ ਢਾਂਚਾ ਵੀ ਟੁੱਟ ਰਿਹਾ ਹੈ ਤੇ ਖੇਤੀ ਵਪਾਰਕ ਬਣ ਗਈ ਹੈ। ਔਰਤ ਦੀ ਕਿਰਤ ਦੀ ਕੀਮਤ ਵੀ ਵਧਣੀ ਸ਼ੁਰੂ ਹੋ ਗਈ ਹੈ। ਸਰਕਾਰ ਨੇ ਔਰਤਾਂ ਨੂੰ ਜ਼ਮੀਨ ਦੀ ਮਾਲਕੀ ਦੇਣ ਦਾ ਕਾਨੂੰਨ ਵੀ ਬਣਾਇਆ ਹੈ। ਇਸ ਤਰ੍ਹਾਂ ਬ੍ਰਿਟਿਸ਼ ਕਾਲ ਪਿਛੋਂ ਤੋਂ ਵਪਾਰਕ ਖੇਤੀ ਦੇ ਸ਼ੁਰੂ ਹੋਣ ਪਿਛੋਂ ਲੈ ਕੇ ਹੁਣ ਤਕ ਖੇਤੀ ਨਾਲ ਜੁੜੇ ਦੂਜੇ ਕੰਮਾਂ 'ਚ ਤਾਂ ਔਰਤਾਂ ਨੇ ਲੀਡਰਸ਼ਿਪ ਦੀ ਕਤਾਰ 'ਚ ਆਪਣੀ ਥਾਂ ਬਣਾ ਲਈ ਹੈ ਜਿਵੇਂ ਮੁਰਗੀ ਪਾਲਣ, ਮੱਛੀ ਪਾਲਣ 'ਚ ਤਾਂ ਔਰਤਾਂ ਦਾ ਯੋਗਦਾਨ ਮੁੱਖ ਰਿਹਾ ਹੈ।

# ਵਿਚੋਲਿਆਂ ਦਾ ਭਾਰਤੀ ਕਿਸਾਨਾਂ ਦੀ ਗਰੀਬੀ 'ਚ ਰੋਲ

ਭਾਰਤੀ ਕਿਸਾਨਾਂ ਦੀ ਗਰੀਬੀ ਦੇ ਕਈ ਕਾਰਨ ਹਨ। ਇਹਨਾਂ ਵਿਚੋਂ ਇਕ ਖਾਸ ਕਾਰਨ ਇਹ ਹੈ ਕਿ ਉਹ ਜੋ ਵੀ ਪੈਦਾ ਕਰਦੇ ਹਨ ਉਸ ਨੂੰ ਗਾਹਕ ਤਕ ਪਹੁੰਚਾਉਣ ਦਾ ਕੰਮ ਵਿਚੋਲੇ (ਆੜਤੀਏ) ਕਰਦੇ ਹਨ। ਕਿਸਾਨਾਂ ਦੀ ਖ਼ੂਨ ਪਸੀਨੇ ਦੀ ਕਮਾਈ ਦਾ ਵੱਡਾ ਹਿੱਸਾ ਇਹ ਵਿਚੋਲੇ ਖਾ ਪੀ ਜਾਂਦੇ ਹਨ। ਚਾਹੇ ਅਨਾਜ ਹੋਵੇ ਜਾਂ ਸਬਜ਼ੀ ਜਾਂ ਫਿਰ ਕੱਚਾ ਮਾਲ, ਕਿਸਾਨਾਂ ਤੋਂ ਇਕ ਰੁਪਏ 'ਚ ਖਰੀਦ ਕੇ ਗਾਹਕ ਨੂੰ 10 ਰੁਪਏ 'ਚ ਵੇਚਣਾ ਆਮ ਗੱਲ ਹੈ। ਜਿਸ ਸਮੇਂ ਬਾਜ਼ਾਰ 'ਚ ਆਲੂ ਦਾ ਪ੍ਰਚੂਨ ਭਾਅ 8-10 ਰੁਪਏ ਕਿਲੋ ਸੀ। ਉਸ ਸਮੇਂ ਕਿਸਾਨਾਂ ਤੋਂ 2 ਰੁਪਏ ਕਿਲੋ ਦੇ ਭਾਅ ਵੀ ਆਲੂ ਖਰੀਦਣ ਵਾਲਾ ਕੋਈ ਨਹੀਂ ਸੀ। ਪਿਛਲੇ ਸਾਲ ਕਣਕ ਦੀ ਕਟਾਈ ਦੌਰਾਨ ਇਸ ਗੱਲ ਦਾ ਬਹੁਤ ਰੌਲਾ ਪਿਆ ਸੀ ਕਿ ਕਿਸਾਨਾਂ ਤੋਂ ਦੇਸ਼ੀ-ਵਿਦੇਸ਼ੀ ਕੰਪਨੀਆਂ ਨੇ 850 ਰੁਪਏ ਫੀ ਕੁਇੰਟਲ ਭਾਅ ਕਣਕ ਖਰੀਦ ਕੇ ਉਹਨਾਂ ਨੂੰ ਮਾਲਾ-ਮਾਲ ਕਰ ਦਿਤਾ ਪਰ ਕੰਪਨੀਆਂ ਨੇ ਉਸੇ ਕਣਕ ਦਾ ਆਟਾ ਬਣਾ ਕੇ 16 ਤੋਂ 20 ਰੁਪਏ ਪ੍ਰਤੀ ਕਿਲੋ ਤਕ ਵੇਚਿਆ, ਇਸ ਦਾ ਕਿਧਰੇ ਕੋਈ ਜ਼ਿਕਰ ਨਹੀਂ ਹੈ। ਕਿਸਾਨ ਆਪਣੀ ਲਾਗਤ ਤੇ ਮਿਹਨਤ ਨਾਲ ਫਸਲ ਉਗਾਉਂਦਾ ਹੈ ਫਿਰ ਵੀ ਉਸ ਨੂੰ ਲਾਗਤ ਕੱਢਣੀ ਮੁਸ਼ਕਲ ਹੁੰਦੀ ਹੈ ਜਦਕਿ ਪੂੰਜੀ ਦੇ ਆਸਰੇ ਇਹ ਵਿਚੋਲੀਏ ਮਲਾਈ ਖਾਂਦੇ ਹਨ। ਪਿਛਲੇ 10-15 ਸਾਲਾਂ ਦੌਰਾਨ ਬਦਲੀਆਂ ਹਾਲਤਾਂ ਨੇ ਇਹਨਾਂ ਵਿਚੋਲਿਆਂ ਦਾ ਕਿਰਦਾਰ ਵੀ ਬਦਲਿਆ ਹੈ। ਪਹਿਲਾਂ ਖੇਤੀ ਉਪਜ਼ ਦੇ ਵਪਾਰ 'ਚ ਲੱਗੇ ਆੜਤੀਆ, ਵਪਾਰੀਆਂ ਤੇ ਛੋਟੇ ਦੁਕਾਨਦਾਰਾਂ ਵਿਚਕਾਰ ਕਿਸਾਨਾਂ ਦੀ ਮਿਹਨਤ ਦਾ ਵੱਡਾ ਹਿੱਸਾ ਵੰਡਿਆ ਜਾਂਦਾ ਸੀ। ਇਹ ਵਿਚੋਲੇ ਉਦੋਂ ਵੀ ਕਿਸਾਨਾਂ ਦੀ ਮਜ਼ਬੂਰੀ ਦਾ ਫਾਇਦਾ ਉਠਾ ਕੇ ਉਹਨਾਂ ਨੂੰ ਠਗਦੇ ਤੇ ਲੁਟਦੇ ਸਨ। ਕਰਜ਼ਾ ਚੁਕਣ, ਘਰ ਦੇ ਖਰਚੇ ਤੇ ਖੇਤੀ ਲਾਗਤ ਲਈ ਪੈਸੇ ਦੀ ਫੌਰੀ ਲੋੜ ਕਾਰਨ ਫਸਲ ਆਉਣ 'ਤੇ ਉਸ ਨੂੰ ਕੌਡੀਆਂ ਦੇ ਭਾਅ ਵੇਚਣਾ ਉਹਨਾਂ ਦੀ ਮਜ਼ਬੂਰੀ ਹੁੰਦੀ ਸੀ ਇਹ ਸਿਲਸਿਲਾ ਵਪਾਰੀ ਪੂੰਜੀ ਦੇ ਜਮਾਨੇ ਤੋਂ ਹੀ ਸ਼ੁਰੂ ਹੋ ਗਿਆ ਸੀ। 1947 ਤੋਂ ਪਹਿਲਾਂ ਅੰਗ੍ਰੇਜਾਂ ਦੀ ਹਕੂਮਤ ਸਮੇਂ ਸ਼ਾਹੂਕਾਰ ਤੇ ਵਪਾਰੀ ਕਿਸਾਨਾਂ ਦੀ ਕਮਾਈ ਨੂੰ ਦੋ ਤਰੀਕਿਆਂ ਨਾਲ ਲੁਟਦੇ ਸਨ। ਇਕ ਤਾਂ ਕਰਜ਼ੇ ਦੇ ਬਦਲੇ ਮਨਚਾਹਾ, ਟੈਕਸ ਵਸੂਲ ਕੇ ਅਤੇ ਦੂਜਾ ਉਹਨਾਂ ਦੀ ਫਸਲ ਕੌਡੀਆਂ ਦੇ ਭਾਅ ਖਰੀਦ ਕੇ। ਕਿਸਾਨਾਂ ਕੋਲ ਉਹਨਾਂ ਦੇ ਜਾਲ 'ਚ ਨਿਕਲਣ ਦਾ ਕੋਈ ਰਾਹ ਨਹੀਂ ਸੀ। ਸ਼ਾਹੂਕਾਰ ਜੋਕ ਵਾਗੂੰ ਉਹਨਾਂ ਦੇ ਸਰੀਰ ਨਾਲ ਚਿਮਟੇ ਰਹਿੰਦੇ ਸਨ ਅਤੇ ਉਹਨਾਂ ਦਾ ਖ਼ੂਨ ਚੂਸਦੇ ਸਨ। ਆਜ਼ਾਦੀ ਲਈ ਲੜਾਈ ਸਮੇਂ ਅੰਗ੍ਰੇਜ਼ਾਂ ਦੇ ਨਾਲ-ਨਾਲ ਕਿਸਾਨਾਂ ਨੂੰ ਜਾਗੀਰਦਾਰਾਂ ਤੇ ਸ਼ਾਹੂਕਾਰ ਖਿਲਾਫ ਵੀ ਲੜਾਈ ਛੇੜੀ ਇਸ ਨਾਲ ਇਹਨਾਂ ਜੋਕਾਂ ਤੋਂ ਉਹਨਾਂ ਨੂੰ ਪੂਰੀ ਮੁਕਤੀ ਤਾਂ ਨਹੀਂ ਮਿਲੀ ਦੇਸ਼ 1947 ਦੇ ਸਮਝੌਤੇ ਦੀ ਸੱਤਾ ਬਦਲੀ ਪਿਛੋਂ ਨਵ-ਬਸਤੀਵਾਦੀ ਲੁਟ ਦਾ ਅੱਡਾ ਬਣ ਗਿਆ ਤੇ ਇਸ ਦੀ ਹਕੂਮਤ ਦਾ ਕਿਰਦਾਰ ਦਲਾਲ ਨੌਕਰਸ਼ਾਹ ਸ਼ਰਮਾਏਦਾਰ ਹੋ ਗਿਆ, ਜਦਕਿ

ਸਮਾਜ ਦਾ ਤਾਣਾ-ਬਾਣਾ ਅਰਧਜਾਗੀਰੂ ਤੇ ਅਰਧ ਬਸਤੀਵਾਦੀ ਉਸਰ ਗਿਆ। 1947 ਪਿਛੋਂ ਕਿਸਾਨਾਂ ਦੀ ਲੁੱਟ 'ਤੇ ਮਾਮੂਲੀ ਰੋਕ ਤਾਂ ਲੱਗੀ। ਖੇਤੀ ਨੂੰ ਹੱਲਾਸ਼ੇਰੀ ਦੇਣ ਤੇ ਵਿਦੇਸ਼ੀ ਅਨਾਜ 'ਤੇ ਆਪਣੀ ਨਿਰਭਰਤਾ ਖਤਮ ਕਰਨ ਸਰਕਾਰ ਨੇ ਕਿਸਾਨਾਂ ਨੂੰ ਮਾਮੂਲੀ ਰਾਹਤ ਦਿਤੀ ਇਸ ਦਾ ਮਤਲਬ ਇਹ ਨਹੀਂ ਕਿ ਭਾਰਤ ਦੀ ਸਰਕਾਰ ਦਾ ਉਹਨਾਂ ਜੋਕਾਂ ਨਾਲ ਕੋਈ ਵੈਰ ਵਿਰੋਧ ਸੀ। ਉਹ ਤਾਂ ਏਨਾ ਹੀ ਚਾਹੁੰਦੀ ਸੀ ਕਿ ਇਹ ਜੋਕਾਂ ਕਿਸਾਨਾਂ ਦਾ ਖ਼ੂਨ ਉਸ ਹੱਦ ਤਕ ਚੂਸਣ ਕਿ ਉਹ ਜਿਉਂਦੇ ਤਾਂ ਰਹਿਣ ਤੇ ਉਹਨਾਂ ਨੂੰ ਖ਼ੂਨ ਚੂਸਣ ਦਾ ਲਗਾਤਾਰ ਮੌਕਾ ਮਿਲਦਾ ਰਹੇ। ਇਸ ਲਈ ਸਰਕਾਰ ਨੇ ਜਮਾਂ ਖੋਰੀ, ਕਾਲਾਬਜ਼ਾਰੀ ਕੁਝ ਹੱਦ ਤਕ ਰੋਕੀ। ਨਾਲ ਹੀ ਸਰਕਾਰੀ ਖਰੀਦ ਤੇ ਸਸਤੇ ਰਾਸ਼ਣ ਦੀਆਂ ਦੁਕਾਨਾਂ ਦਾ ਇਕ ਢਾਂਚਾ ਖੜ੍ਹਾ ਕੀਤਾ ਤਾਂ ਕਿ ਬਾਜ਼ਾਰ ਦੇ ਭਾਅ ਖੁਦ ਹੀ ਕਾਬੂ ਹੇਠ ਰਹਿਣ। ਜਦ ਸਰਕਾਰ ਘਟੋਂ-ਘੱਟ ਸਹਾਇਕ ਮੁੱਲ 'ਤੇ ਫਸਲ ਖਰੀਦਣ ਲਈ ਤਿਆਰ ਸੀ ਤਾਂ ਭਲਾ ਵਪਾਰੀ ਕਿੰਨਾ ਭਾਅ ਡੇਗ ਸਕਦੇ ਤੇ ਜਦ ਸਸਤੇ ਰਾਸ਼ਣ ਦੀ ਜਨਤਕ ਵੰਡ ਪ੍ਰਣਾਲੀ ਚਲਦੀ ਹੋਵੇ ਤਾਂ ਖੁੱਲੇ ਬਾਜ਼ਾਰ 'ਚ ਕੀਮਤਾਂ ਵਧਾ ਸਕਣੀਆਂ ਹੋਰ ਸੰਭਵ ਨਹੀਂ ਸਨ। ਅੰਗ੍ਰੇਜ਼ਾਂ ਦੀ ਗੁਲਾਮੀ ਦੇ ਦੌਰ 'ਚ ਕਿਸਾਨਾਂ ਦੀ ਤਬਾਹੀ ਤੇ ਆਮ ਲੋਕਾਂ ਦੀ ਭੁਖਮਰੀ ਦਾ ਜੋ ਆਲਮ ਸੀ ਉਸ ਨੂੰ ਕਾਇਮ ਰਖਦਿਆ ਉਸ ਜ਼ਮਾਨੇ 'ਚ ਸਰਕਾਰ ਨੂੰ ਸੁਖ ਦਾ ਸ਼ਾਹ ਲੈਣਾ ਨਸੀਬ ਨਹੀਂ ਸੀ। ਇਸ ਦੌਰ 'ਚ ਵਿਚੋਲਿਆਂ ਤੇ ਰੋਕ ਹੋਣ ਦਾ ਇਕ ਕਾਰਨ ਇਹ ਵੀ ਸੀ ਕਿ ਆਜ਼ਾਦੀ ਦੇ ਦੌਰ 'ਚ ਕਿਸਾਨਾਂ ਦੇ ਨੇਤਾ ਭਾਵੇਂ ਸ਼ਰਮਾਏਦਾਰੀ ਨਿਜ਼ਾਮ ਦੇ ਹਮਾਇਤੀ ਸਨ ਪਰ ਮਜ਼ਦੂਰਾਂ ਦੀ ਅਣਦੇਖੀ ਕਰਕੇ ਆਪਣੀ ਦਾਦਾਗਿਰੀ ਨਹੀਂ ਚਲਾ ਸਕਦੇ ਸਨ। ਇਸ ਲਈ ਪੁਰਾਣੇ ਲੋਕ ਜਾਣਦੇ ਹਨ ਕਿ ਮਹਿੰਗਾਈ ਵਧਦਿਆਂ ਹੀ ਲੋਕ ਸੜਕਾਂ 'ਤੇ ਆ ਜਾਂਦੇ ਸਨ। ਅੱਜ ਵਾਂਗੂੰ ਨਹੀਂ ਕਿ ਮਹਿੰਗਾਈ ਅਕਾਸ਼ ਛੂਹ ਰਹੀ ਹੈ ਪਰ ਪਾਰਟੀਆਂ ਦੇ ਨੇਤਾ ਫਰਜੀ ਬਿਆਨ ਬਾਜ਼ੀ ਤੋਂ ਇਲਾਵਾ ਕੁਝ ਵੀ ਕਰਨ ਨੂੰ ਤਿਆਰ ਨਹੀਂ। ਉਦੋਂ ਨੇਤਾ ਏਨੇ ਬੇਗਾਨੇ ਤੇ ਲੋਕਾਂ ਨਾਲੋਂ ਕੱਟੇ ਹੋਏ ਨਹੀਂ ਸਨ। ਸ਼ਰਮਾਏਦਾਰਾਂ ਦੇ ਹਿੱਤ 'ਚ ਕੰਮ ਕਰਨ ਵਾਲੇ ਨੇਤਾ ਪਰਦੇ ਪਿਛੇ ਰਹਿ ਕੇ ਹੀ ਕੰਮ ਕਰਦੇ ਸਨ। ਪੂੰਜੀਵਾਦ, ਮੁਨਾਫ਼ਾ ਤੇ ਲੁਟ ਤਾਂ ਉਦੋਂ ਵੀ ਸੀ ਪਰ ਏਨੀ ਨੰਗੀ ਚਿਟੀ ਤੇ ਖੁਲਮ ਖੁਲੀ ਨਹੀਂ ਸੀ। 1991 ਤੋਂ ਪਿਛੋਂ ਸਾਡੇ ਦੇਸ਼ ਦੀਆਂ ਸਾਰੀਆਂ ਪਾਰਟੀਆਂ ਤੇ ਨੇਤਾਵਾਂ ਨੇ ਚੋਲਾ ਬਦਲ ਲਿਆ। ਵਿਚੋਲਿਆਂ 'ਤੇ ਰੋਕ ਲਾਉਣ ਦੀ ਤਾਂ ਗੱਲ ਹੀ ਛੱਡੋ, ਨਵੇਂ-ਨਵੇਂ ਕਿਸਮ ਦੇ ਹੋਰ ਵਿਚੋਲਿਆਂ ਲਈ ਵੀ ਰਾਹ ਸਾਫ ਕਰ ਦਿੱਤਾ। ਅੱਜ ਦੇ ਵਿਚੋਲੇ ਆਪਣੀ ਦੁਕਾਨ 'ਤੇ ਸੁਭ-ਲਾਭ ਲਿਖੀ ਪੋਥੀ (ਵਹੀ) ਲੈ ਕੇ ਢਿੱਡ ਵਧਾਈ ਐਨਕਾਂ ਲਾਏ ਲਛਮੀ-ਗਣੇਸ਼ ਦੀ ਮੂਰਤੀ ਬੈਠੇ ਆੜਤੀਏ ਤਾਂ ਆਟੇ 'ਚ ਲੂਣ ਹੀ ਰਹਿ ਗਏ। ਹੁਣ ਉਹਨਾਂ ਦੀ ਥਾਂ ਆਈ.ਟੀ.ਸੀ, ਕਾਰਗਿਲ, ਮੌਂਸੇਂਟੋ, ਰਿਲਾਇੰਸ, ਮਹਿੰਦਰਾ ਵਰਗੀਆਂ ਦੇਸ਼ੀ-ਵਿਦੇਸ਼ੀ ਪੂੰਜੀਵਾਦੀ ਕੰਪਨੀਆਂ ਹਨ। ਇਹਨਾਂ ਦੇ ਬੰਦੇ ਕਿਸਾਨਾਂ ਨਾਲ ਅਜੇਹੀਆਂ ਗੱਲਾਂ ਕਰਦੇ ਹਨ ਕਿ ਜਿਵੇਂ ਇਹਨਾਂ ਤੋਂ ਵੱਡਾ ਕਿਸਾਨਾਂ ਦਾ ਕੋਈ ਹਿਤੈਸ਼ੀ ਹੀ ਨਹੀਂ ਹੋ ਸਕਦਾ। ਉਹ ਕੰਪਿਊਟਰ ਰਾਹੀਂ ਕਿਸਾਨਾਂ ਨੂੰ ਦੁਨੀਆਂ ਦੇ ਬਾਜ਼ਾਰਾਂ ਦੀ ਜਾਣਕਾਰੀ ਕਰਵਾ ਕੇ ਉਹਨਾਂ ਦੀ ਤਕਦੀਰ ਬਦਲਣ ਦੀਆਂ ਗੱਲਾਂ ਕਰਦੇ ਹਨ। ਉਹਨਾਂ ਨੂੰ ਫਾਰਵਰਡ ਟਰੇਡਿੰਗ (ਵਾਅਦਾ ਕਾਰੋਬਾਰ) ਤੇ ਸੱਟੇਬਾਜ਼ੀ 'ਚ ਆਉਣ ਦੀ ਸਲਾਹ ਦਿੰਦੇ ਹਨ। ਠੇਕਾ ਖੇਤੀ ਦੇ ਅਧੀਨ, ਵਿਦੇਸ਼ੀ ਬਾਜ਼ਾਰ ਦੀ ਲੋੜ ਅਨੁਸਾਰ, ਫਸਲ ਉਗਾ

ਕੇ ਕਰੋੜਪਤੀ ਬਣਨ ਦਾ ਸੁਝਾਅ ਦਿੰਦੇ ਹਨ। ਪਰ ਜਮ੍ਹਾਂ ਖੋਰੀ ’ਚ ਉਹ ਆੜਤੀਆਂ ਦੇ ਵੀ ਬਾਪ ਹਨ ਉਹ ਜੋਕਾਂ ਤਾਂ ਕਿਸਾਨਾਂ ਦੀ ਦੇਹ ਨਾਲ ਚਿਪਕੀਆਂ ਖ਼ੂਨ ਚੂਸਦੀਆਂ ਨਜ਼ਰ ਆਉਂਦੀਆਂ ਸਨ, ਕਿਸਾਨਾਂ ਉਹਨਾਂ ਨੂੰ ਨੋਚ ਕੇ ਸੁੱਟ ਵੀ ਦਿੰਦੇ ਸਨ ਪਰ ਇਹ ਨਵੇਂ ਵਿਚੋਲੇ ਤਾਂ ਮਗਰਮੱਛ ਹਨ। ਉਹਨਾਂ ਕੋਲ ਗਏ ਨਹੀਂ ਕਿ ਹੱਡ-ਮਾਸ ਸਮੇਤ ਚਬਾ ਜਾਣਗੇ। ਇਹਨਾਂ ’ਚੋਂ ਇਕ-ਇਕ ਕੰਪਨੀ ਦੀ ਹੈਸ਼ੀਅਤ ਲੱਖਾਂ ਆੜਤੀਆ ਸ਼ਾਹੂਕਾਰਾਂ (ਜੋਕਾਂ) ਦੇ ਬਰਾਬਰ ਹੈ। ਆੜਤੀਏ ਵੀ ਖਤਮ ਨਹੀਂ ਹੋਏ ਕਿਉਂਕਿ ਪ੍ਰਬੰਧ ਅਜੇ ਵੀ ਅਰਧ ਜਾਗੀਰੂ ਹੈ। ਸਰਕਾਰ ਤੇ ਵਿਰੋਧੀ ਧਿਰ ਦੇ ਨੇਤਾਵਾਂ ਦੀ ਇਹਨਾਂ ਨਵੇਂ ਵਿਚੋਲਿਆਂ ਦੇ ਨਾਲ ਮਿਲੀਭੁਗਤ ਹੈ। ਸਾਰੇ ਨਿਯਮ ਕਾਨੂੰਨ ਇਹਨਾਂ ਦੇ ਪੱਖ ’ਚ ਬਣਾਏ ਜਾ ਰਹੇ ਹਨ। ਪਹਿਲਾਂ ਜਮਾਂ ਖੋਰੀ ਅਪਰਾਧ ਸੀ ਪਰ ਹੁਣ ਉਸ ਨੂੰ ਕਾਨੂੰਨੀ ਰੂਪ ਦੇ ਦਿੱਤਾ ਗਿਆ। ਇਹ ਦੇਸ਼ੀ-ਵਿਦੇਸ਼ੀ ਕੰਪਨੀਆਂ ਥਾਂ-ਥਾਂ ਆਪਣੇ ਵੱਡੇ-ਵੱਡੇ ਗੋਦਾਮ ਬਣਵਾ ਰਹੀਆਂ ਹਨ ਜਮਾਂਖੋਰੀ ਲਈ ਉਹਨਾਂ ਨੂੰ ਲਾਇਸੰਸ ਮਿਲਿਆ ਹੋਇਆ ਹੈ। ਜਿਥੋਂ ਤਕ ਕੀਮਤਾਂ ਦਾ ਸੁਆਲ ਹੈ ਪਹਿਲਾਂ ਜ਼ਿਲ੍ਹੇ-ਜ਼ਿਲ੍ਹੇ ਜਾਂ ਸੂਬੇ-ਸੂਬੇ ਅੰਦਰ ਕੀਮਤ ਮੰਗ ਸਪਲਾਈ ਤੇ ਢੁਹਾਈ ਖਰਚੇ ਦੇ ਹਿਸਾਬ ਨਾਲ ਥੋੜੀਆਂ ਉਪਰ ਨੀਚੇ ਹੁੰਦੀਆਂ ਸਨ ਪਰ ਹੁਣ ਸੱਟੇਬਾਜ਼ੀ ਤੇ ਏਕਾਧਿਕਾਰ ਰਾਹੀਂ ਇਹ ਕੰਪਨੀ ਮਨਮਰਜ਼ੀ ਦੇ ਭਾਅ ਤਹਿ ਕਰਦੀਆਂ ਹਨ। “ਕੌਮਾਂਤਰੀ ਕੀਮਤਾਂ” ਇਕ ਅਜੇਹਾ ਜੁਮਲਾ ਹੈ ਜੋ ਇਹਨਾਂ ਦੇ ਪਾਪ ਢਕਦਾ ਹੈ। ਵਿਦੇਸ਼ਾਂ ਦੇ ਨਾਲ ਵਪਾਰ ਦਰਾਮਦ-ਬਰਾਮਦ ਅਜੇਹੀ ਹੁੰਦੀ ਹੈ ਕਿ ਜਿਵੇਂ ਇਕ ਜ਼ਿਲ੍ਹੇ ਦੀ ਮੰਡੀ ਤੋਂ ਦੂਜੇ ਜ਼ਿਲ੍ਹੇ ਦੀ ਮੰਡੀ ਵਿਚ। ਸਰਕਾਰ ਇਸ ਨੂੰ ਹੱਲਾਸ਼ੇਰੀ ਦਿੰਦੀ ਹੈ। ਜੋ ਸਰਕਾਰਾਂ ਪਹਿਲਾਂ ਵਿਦੇਸ਼ੀ ਮਾਲ ਤੋਂ ਕਿਸਾਨਾਂ ਦੀ ਹਿਫ਼ਾਜਤ ਕਰਦੀਆਂ ਸਨ ਉਹੀ ਦਰਾਮਦ ਕਰਕੇ ਸਰੋਂ, ਕਪਾਹ, ਦਲਹਨ ਤੇ ਹਰ ਤਰ੍ਹਾਂ ਦੀ ਫਸਲ ਉਗਾਉਣ ਵਾਲੇ ਕਿਸਾਨਾਂ ਦੀ ਕਮਰ ਤੋੜ ਦਿੱਤੀ ਹੈ। ਖੇਤੀ ਮੰਤਰੀ ਆਏ ਦਿਨ ਖੇਤੀ ਉਪਜ਼ ਦੇ ਦਰਾਮਦ ਦਾ ਐਲਾਨ ਕਰਦੇ ਹਨ ਅਤੇ ਬਹਾਨਾਂ ਇਹ ਕਿ ਘਰੇਲੂ ਕੀਮਤਾਂ ਘੱਟ ਕਰਨਗੀਆਂ ਪਰ ਕੀਮਤਾਂ ਵਧੀਆਂ ਕਿਵੇਂ? ਜਿਹਨਾਂ ਕੰਪਨੀਆਂ ਨੇ ਆਪਣੀ ਗੰਢਤੁਪ ਕਰਕੇ ਕੀਮਤਾਂ ਨੂੰ ਵਧਾਇਆ ਉਹਨਾਂ ’ਤੇ ਸਰਕਾਰ ਨੇ ਲਗਾਮ ਕਿਉਂ ਨਹੀਂ ਲਾਈ? ਇਹਨਾਂ ਨਵੇਂ ਵਿਚੋਲਿਆਂ, ਮਗਰਮੱਛਾਂ ਦੇ ਕੰਮ ਕਰਨ ਦਾ ਤਰੀਕਾ ਕਾਫੀ ਉਲਝਾਉਣ ਵਾਲਾ ਹੈ। ਅੱਜ ਕਿਸਾਨਾਂ ਦੀ ਲੁੱਟ ਪਹਿਲਾਂ ਤੋਂ ਵੱਧ ਬਰੀਕੀ ਤੇ ਬੇਰਹਿਮੀ ਨਾਲ ਹੋ ਰਹੀ ਹੈ। ਇਹਨਾਂ ਮਗਰਮੱਛਾਂ ਦਾ ਮੁਕਾਬਲਾ ਉਸ ਤਰੀਕੇ ਨਾਲ ਸੰਭਵ ਨਹੀਂ ਜਿਸ ਤਰੀਕੇ ਨਾਲ ਜੋਕਾਂ ਨਾਲ ਕੀਤਾ ਜਾ ਸਕਦਾ ਸੀ ਇਸ ਵਾਸਤੇ ਵੱਧ ਸਮਝਦਾਰੀ ਵੱਧ ਮਜ਼ਬੂਤੀ ਤੇ ਦੇਸ਼ ਵਿਆਪੀ ਸੰਗਠਨ ਦੀ ਲੋੜ ਹੈ। ਇਹਨਾਂ ਦਾ ਜਾਲ ਵੱਡਾ ਹੈ ਅਤੇ ਉਸ ਨੂੰ ਕੱਟਣ ਲਈ ਵੱਧ ਲੋਕਾਂ ਨੂੰ ਵਿਸ਼ਾਲ ਸੂਝ-ਬੂਝ ਤੇ ਜਨਤਕ ਅਧਾਰ ਨਾਲ ਕੰਮ ਕਰਨਾ ਚਾਹੀਦਾ ਹੈ।

# ਅਨਾਜ ਸੁਰਖਿਆ-ਸੱਟੇਬਾਜ਼ਾਂ ਦੇ ਚੁੰਗਲ ਵਿਚ

ਸਾਡੇ ਦੇਸ਼ ਦੀ ਸਰਕਾਰ ਨੇ 2006-07 ’ਚੋ ਜੋ ਕਣਕ ਦਰਾਮਦ ਕੀਤੀ ਉਸ ਦਾ ਔਸਤ ਮੁੱਲ 20.8 ਡਾਲਰ (1122.5 ਰੁਪਏ ਕੁਇੰਟਲ) ਸੀ। ਇਹ ਕਿਸਾਨਾਂ ਨੂੰ ਦਿਤੇ ਗਏ ਮੁੱਲ ਤੋਂ 6 ਫੀ ਸਦੀ ਵੱਧ ਸੀ। ਇਸ ਪਿਛੋਂ ਦਰਾਮਦ ਕਣਕ ਦਾ ਮੁੱਲ ਲਗਾਤਾਰ ਵਧਦਾ ਚਲਿਆ ਗਿਆ ਜੋ 20 ਜੂਨ 2007 ਨੂੰ 32 ਡਾਲਰ (1300 ਰੁਪਏ ਫੀ ਕੁਇੰਟਲ) 30 ਅਗਸਤ ਨੂੰ 38.9 ਡਾਲਰ (1560 ਰੁਪਏ ਫੀ ਕੁਇੰਟਲ) ਅਤੇ 12 ਨਵੰਬਰ 2007 ਨੂੰ 37.2 ਡਾਲਰ (1488 ਰੁਪਏ ਪ੍ਰਤੀ ਕੁਇੰਟਲ) ਹੋ ਗਿਆ ਅੰਤ ਸਾਡੀ ਸਰਕਾਰ ਨੇ ਦੇਸ਼ ਦੇ ਕਿਸਾਨਾਂ ਨੂੰ ਕਣਕ ਦਾ ਜਿੰਨਾ ਮੁੱਲ ਦਿਤਾ, ਦਰਾਮਦ ਕੀਤੀ ਕਣਕ ਦਾ ਮੁੱਲ ਉਦੋਂ ਉਸ ਤੋਂ 80 ਫੀ ਸਦੀ ਵੱਧ ਹੋ ਗਿਆ। ਕਣਕ ਦੇ ਧੰਦੇ ’ਚ ਲੱਗੇ ਦੁਨੀਆਂ ਭਰ ਦੇ ਸੱਟੇਬਾਜ਼ਾਂ ਨੂੰ ਜਦ ਪਤਾ ਲੱਗਿਆ ਕਿ ਭਾਰਤ ਕਣਕ ਦੀ ਦਰਾਮਦ ਕਰ ਰਿਹਾ ਹੈ ਤਾਂ ਉਹਨਾਂ ਨੇ ਦੁਨੀਆਂ ਦੇ ਬਾਜ਼ਾਰ ’ਚ ਰਾਤੋਂ-ਰਾਤ ਨਕਲੀ ਤਰੀਕੇ ਨਾਲ ਕੀਮਤਾਂ ਚੜ੍ਹਾ ਦਿੱਤੀਆਂ ਜਿਸ ਤੋਂ ਘਬਰਾ ਕੇ ਭਾਰਤ ਸਰਕਾਰ ਨੇ 23 ਲੱਖ ਟਨ ਦੀ ਬਜਾਏ ਸਿਰਫ 16 ਲੱਖ ਟਨ ਦੀ ਹੀ ਦਰਾਮਦ ਕੀਤੀ। ਸਾਡੀ ਸਰਕਾਰ ਕਹਿੰਦੀ ਹੈ ਕਿ ਜਨਤਕ ਵੰਡ ਪ੍ਰਣਾਲੀ ਲਈ ਸਟੋਰ ਕਰਨ ਤੇ ਕਿਸਾਨਾਂ ਤੋਂ ਖਰੀਦ ਮੁੱਲ, ਦੋਨਾਂ ਦੀ ਤੁਲਨਾ ’ਚ ਕਣਕ ਦੀ ਦਰਾਮਦ ’ਤੇ ਜਿੰਨਾ ਵੱਧ ਪੈਸਾ ਖਰਚ ਹੋਇਆ ਹੈ। ਉਹ ਕਣਕ ਦੇ ਲਈ ਦਿੱਤੀ ਗਈ ਸਬਸਿਡੀ ਹੈ। ਵਾਹ! ਕਿੰਨੀ ਵਧੀਆ ਸਰਕਾਰ ਹੈ ਪਹਿਲਾਂ ਤਾਂ ਆਪਣੇ ਦੇਸ਼ ਦੀ ਜ਼ਿਆਦਾਤਰ ਕਣਕ ਵਿਦੇਸ਼ੀ ਕੰਪਨੀਆਂ ਨੂੰ 800-900 ਰੁਪਏ ਫੀ ਕੁਇੰਟਲ ਦੀ ਦਰ ਨਾਲ ਖਰੀਦ ਕਰਵਾ ਦਿਤੀ ਤੇ ਫਿਰ ਉਹਨਾਂ ਤੋਂ ਹੀ 1488 ਰੁਪਏ ਫੀ ਕੁਇੰਟਲ ਨਾਲ ਖਰੀਦ ਕੇ ਕਹਿੰਦੀ ਹੈ ਕਿ ਕਣਕ ਲਈ ਸਬਸਿਡੀ ਦੇ ਰਹੇ ਹਾਂ। ਇਹਨਾਂ ਤੋਂ ਪੁਛਣਾ ਚਾਹੀਦਾ ਹੈ ਕਿ ਦੇਸ਼ ਦੇ ਮਜ਼ਦੂਰਾਂ ਕਿਸਾਨਾਂ ਨੂੰ ਕੀ ਮੂਰਖ ਸਮਝਿਆ ਹੈ, ਅਸੀਂ ਏਨਾ ਵੀ ਨਹੀਂ ਜਾਣਦੇ ਕਿ ਇਹ ਪੈਸਾ ਸਾਫ ਤੌਰ ’ਤੇ ਆਪਣੇ ਵਿਦੇਸ਼ੀ ਪ੍ਰਭੂਆਂ ਨੂੰ ਭੇਂਟ ਚੜ੍ਹਾਇਆ ਗਿਆ ਹੈ। ਇਸ ਦਾ ਸਿੱਟਾ ਹੈ ਕਿ ਸਾਡੇ ਦੇਸ਼ ’ਚ ਕਣਕ ਦੀ ਕੀਮਤ ਛਾਲ ਮਾਰ ਕੇ ਸਤਵੇਂ ਅਸਮਾਨ ’ਤੇ ਪਹੁੰਚ ਗਈ ਕਿਉਂਕਿ ਇਥੇ ਦੀ ਸਰਕਾਰ ਨੇ ਬਾਜ਼ਾਰ ਭਾਅ ਦਾ ਅੰਦਾਜ਼ਾ ਲਾਏ ਬਿਨ੍ਹਾਂ ਹੀ ਲੁੱਟ-ਘਸੁੱਟ ਸ਼ੁਰੂ ਕਰਵਾ ਦਿਤੀ ਸੀ। ਹੁਣ ਇਸ ਨੂੰ ਭੁਗਤ ਰਹੇ ਹਾਂ। ਭਾਰਤ ਸਰਕਾਰ ਵੱਡੀ ਪੱਧਰ ’ਤੇ ਕਣਕ ਦੀ ਦਰਾਮਦ ਸ਼ੁਰੂ ਕਰਨ ਤੋਂ ਪਹਿਲਾਂ, ਦੁਨੀਆਂ ਦੇ ਬਾਜ਼ਾਰ ’ਚ 2007 ’ਚ ਕਣਕ ਦੀ ਕੀਮਤ 19.9 ਡਾਲਰ (800 ਰੁਪਏ ਫੀ ਕੁਇੰਟਲ) ਸੀ ਜੋ ਇਕ ਦਮ ਉਛਲ ਕੇ ਅਕਤੂਬਰ 2007 ’ਚ 40 ਫੀ ਸਦੀ ਵੱਧ ਕੇ 34.5 ਡਾਲਰ (1380 ਰੁਪਏ ਫੀ ਕੁਇੰਟਲ) ਹੋ ਗਈ। ਦੁਨੀਆਂ ਭਰ ’ਚ ਇਸ ਮਹਿੰਗਾਈ ਦਾ ਵਿਰੋਧ ਹੋਇਆ। ਇਟਲੀ ’ਚ ਲੋਕਾਂ ਨੇ ਆਟੇ ਤੋਂ ਬਣਿਆ ਪਾਸਤਾ (ਪੱਕੀ ਹੋਈ ਰੋਟੀ) ਇਕ ਦਿਨ ਨਾ ਖਾ ਕੇ ਵਿਰੋਧ ਦਰਜ ਕਰਵਾਇਆ। ਅਮਰੀਕੀ ਖੇਤੀ ਵਿਭਾਗ ਦਾ ਅੰਦਾਜ਼ਾ ਹੈ ਕਿ ਮਈ 2008 ’ਚ ਦੁਨੀਆਂ ’ਚ ਕਣਕ ਦਾ ਸਟਾਕ 11.24 ਕਰੋੜ ਟਨ ਰਹਿ ਜਾਵੇਗਾ ਜੋ ਪਿਛਲੇ 30 ਸਾਲਾਂ ਵਿਚ ਸਭ ਤੋਂ ਘੱਟ ਹੈ। 2003-04 ’ਚ ਜਦ ਇਹ ਸਟਾਕ 15.1 ਕਰੋੜ ਟਨ ਸੀ, ਤਦ ਤੋਂ ਇਸ ’ਚ ਗਿਰਾਵਟ

ਆ ਰਹੀ ਹੈ ਅਤੇ ਹੁਣ ਹਾਲਾਤ ਇਥੋਂ ਤਕ ਪਹੁੰਚ ਗਈ ਹੈ ਕਿ ਪਹਿਲਾਂ ਦੇ ਮੁਕਾਬਲੇ ਅੱਧਾ ਰਹਿ ਗਿਆ ਹੈ। ਕਣਕ ਦੇ ਸਟਾਕ 'ਚ ਇਹ ਕਮੀ ਅਚਾਨਕ ਨਹੀਂ ਹੋਈ ਤੇ ਨਾ ਹੀ ਹੁਣ ਇਸ ਦੇ ਇਕ ਦਮ ਵਧਣ ਦੀ ਕੋਈ ਸੰਭਾਵਨਾ ਹੈ ਪਰ ਜਦ ਇਹ ਸਾਰਾ ਕੰਮ, ਸਾਡੀ ਸਰਕਾਰ ਦੀਆਂ ਅੱਖਾਂ ਮੂਹਰੇ ਹੋ ਰਿਹਾ ਸੀ ਤਾਂ ਉਸ ਨੇ ਇਧਰ ਧਿਆਨ ਕਿਉਂ ਨਹੀਂ ਦਿੱਤਾ? ਇਹ ਕਿਉਂ ਆਪਣੇ ਹੀ ਦੇਸ਼ ਦੀ ਅਨਾਜ ਨਿਰਭਰਤਾ ਨੂੰ ਘੱਟ ਕਰਦੇ ਚਲੇ ਗਏ? ਗੱਲ ਸਾਫ ਹੈ ਕਿ ਇਹ ਧਿਆਨ ਦੇਣਾ ਹੀ ਨਹੀਂ ਚਾਹੁੰਦੇ ਅਤੇ ਜਾਣਬੁਝ ਕੇ ਜਨਤਕ ਵੰਡ ਪ੍ਰਣਾਲੀ ਨੂੰ ਖਤਮ ਕਰਨਾ ਚਾਹੁੰਦੇ ਹਨ ਤਾਂ ਕਿ ਆਪਣੇ ਦੇਸ਼ੀ-ਵਿਦੇਸ਼ੀ ਪ੍ਰਭੂਆਂ ਦੇ ਘਰ ਭਰ ਸਕਣ। ਕਣਕ ਦਾ ਇਕ ਦੇਸ਼ ਤੋਂ ਦੂਜੇ ਦੇਸ਼ 'ਚ ਵਪਾਰ ਦੁਨੀਆਂ ਦੀ ਕੁਲ ਪੈਦਾਵਾਰ ਦਾ 18-20 ਫੀ ਸਦੀ ਹੈ। ਇਸ ਵਿਚੋਂ 85 ਫੀ ਸਦੀ ਬਰਾਮਦ ਅਮਰੀਕਾ, ਆਸਟਰੇਲੀਆ, ਕੈਨੇਡਾ, ਰੂਸ, ਯੂਰਪੀ ਸੰਘ ਅਤੇ ਅਰਜਨਟਾਈਨਾ ਸਮੇਤ 6 ਦੇਸ਼ਾਂ ਦਾ ਸਮੂਹ ਕਰਦਾ ਹੈ। ਇਸ ਵਾਰੀ ਖਰਾਬ ਮੌਸਮ ਕਾਰਨ ਰੂਸ ਤੇ ਅਮਰੀਕਾ ਤੋਂ ਸਿਵਾਏ ਬਾਕੀ ਚਾਰ ਦੇਸ਼ਾਂ 'ਚ ਕਣਕ ਦੀ ਫਸਲ ਅੱਛੀ ਨਹੀਂ ਹੋਈ। ਇਸ ਲਈ ਵਿਸ਼ਵ ਬਾਜ਼ਾਰ 'ਚ ਕਣਕ ਦੀ ਆਮਦ ਪਹਿਲਾਂ ਤੋਂ ਵੀ ਘੱਟ ਰਹਿਣ ਦੀ ਸੰਭਾਵਨਾ ਹੈ। ਪਰ ਕਣਕ ਦੀ ਸਪਲਾਈ ਘੱਟ ਹੋਣ ਅਤੇ ਕੀਮਤਾਂ ਚੜ੍ਹਨ ਦੇ ਬਾਵਜੂਦ ਮੰਗ 'ਚ ਕਮੀ ਨਹੀਂ ਆਈ ਹੈ। ਮਿਸ਼ਰ ਤੇ ਬ੍ਰਾਜੀਲ ਵਰਗੇ ਵੱਡੇ ਖਰੀਦਦਾਰ ਦੇਸ਼ ਤਾਂ ਪਹਿਲਾਂ ਹੀ ਮੌਜੂਦ ਹਨ। ਜਪਾਨ ਤੇ ਵਿਅਤਨਾਮ ਵਰਗੇ ਦਰਾਮਦ ਤੇ ਨਿਰਭਰ ਦੇਸ਼ ਉਤਰਾਅ-ਚੜ੍ਹਾਅ ਦੇ ਮੱਦੇਨਜ਼ਰ ਪਹਿਲਾਂ ਹੀ ਆਪਣਾ ਕੋਟਾ ਸੁਰਖਿਅਤ ਕਰ ਚੁੱਕੇ ਹਨ। ਭਾਰਤ ਵਰਗੇ ਨਵੇਂ ਤੇ ਵੱਧ ਮਾਤਰਾ 'ਚ ਕਣਕ ਖਰੀਦਣ ਵਾਲੇ ਦੇਸ਼ ਹਾਲ ਦੇ ਸਾਲਾਂ 'ਚ ਵਿਦੇਸ਼ੀ ਕਣਕ ਦੇ ਫੈਸਲਾਕੁੰਨ ਗਾਹਕ ਸਾਬਤ ਹੋਏ ਹਨ। ਪੂਰੀ ਦੁਨੀਆਂ 'ਚ ਇਕ ਪਾਸੇ ਕਣਕ ਦੀ ਪੈਦਾਵਾਰ 'ਚ ਕਮੀ ਤੇ ਦੂਜੇ ਪਾਸੇ ਮੰਗ 'ਚ ਵਾਧਾ, ਕਣਕ ਦੀ ਕੀਮਤ ਵਧਣ ਦਾ ਇਕ ਮੁੱਖ ਫੌਰੀ ਕਾਰਣ ਹੈ। ਦੁਨੀਆਂ ਪੱਧਰ 'ਤੇ ਕਣਕ ਪੈਦਾ ਕਰਨ ਵਾਲੇ 6 ਵੱਡੇ ਦੇਸ਼ਾਂ 'ਚ ਕਣਕ ਦੀ ਪੈਦਾਵਾਰ ਅਤੇ ਉਸ ਦੀ ਖਪਤ ਦੇ ਵਿਚ ਦਾ ਫਰਕ ਦਿਨੋਂ-ਦਿਨ ਬਹੁਤ ਘੱਟ ਹੋਇਆ ਹੈ। ਇਹ ਕਮੀ ਅਮਰੀਕਾ ਤੇ ਦੂਜੇ ਵਿਕਸ਼ਤ ਦੇਸ਼ਾਂ ਵਲੋਂ ਮੁੱਖ ਤੌਰ ਤੇ ਮੱਕੀ ਤੇ ਸੋਆਬੀਨ ਵਰਗੇ ਖੁਰਾਕੀ ਪਦਾਰਥਾਂ ਦੀ ਬਾਇਓ ਡੀਜ਼ਲ ਵਜੋਂ ਵਰਤੋਂ ਕਰਨ ਤੇ ਪੈਦਾਵਾਰ ਯੋਗ ਵਾਧੂ ਜ਼ਮੀਨ 'ਚ ਬਾਇਓ ਡੀਜ਼ਲ ਦੀ ਖੇਤੀ ਕਰਨ ਕਰਕੇ ਹੋਈ ਹੈ। ਇਸ ਲਈ ਜੋ ਵਾਧੂ ਕਣਕ ਦੁਨੀਆਂ ਦੇ ਬਾਜ਼ਾਰ 'ਚ ਆਉਂਦੀ ਸੀ, ਉਹ ਹੁਣ ਘੱਟ ਹੋ ਗਈ। ਇਸ ਦੇ ਬਾਵਜੂਦ ਵੀ ਇਹਨਾਂ ਦੇਸ਼ਾਂ ਦਾ 11.48 ਕਰੋੜ ਟਨ ਕਣਕ ਵਿਸ਼ਵ ਬਾਜ਼ਾਰ 'ਚ ਮੁਹੱਈਆ ਹੈ ਜੋ ਦੁਨੀਆਂ ਦੇ ਕੁਲ ਬਾਜ਼ਾਰ ਦਾ (61.09 ਕਰੋੜ ਟਨ) 18.8 ਫੀ ਸਦੀ ਹੈ ਅਤੇ ਲਗਭਗ ਪੂਰੀ ਦੁਨੀਆਂ 'ਚ ਹਰ ਸਾਲ ਬਰਾਮਦ ਵੀ ਏਨੀ ਹੀ ਕਣਕ ਦੀ ਹੁੰਦੀ ਹੈ। ਇਸ ਦਾ ਮਤਲਬ ਇਕ ਦਮ ਸਾਫ ਹੈ ਕਿ ਦੁਨੀਆਂ ਭਰ 'ਚ ਜਿੰਨੀ ਬਰਾਮਦ ਹੁੰਦੀ ਹੈ, ਉਸ ਦਾ ਜ਼ਿਆਦਾਤਰ ਵਿਕਸ਼ਤ 6 ਦੇਸ਼ਾਂ ਦਾ ਸਮੂਹ ਹੀ ਕਰਦਾ ਹੈ। ਮਿਸ਼ਾਲ ਵਜੋਂ ਇਸ ਸਾਲ ਖਰਾਬ ਮੌਸਮ ਦੇ ਕਾਰਨ ਅਮਰੀਕਾ ਤੇ ਰੂਸ ਤੋਂ ਪਹਿਲਾਂ ਦੇ ਮੁਕਾਬਲੇ 10-10 ਲੱਖ ਟਨ ਵਧ ਕਣਕ ਦੀ ਬਰਾਮਦ ਦੀ ਸੰਭਾਵਨਾ ਹੈ। ਇਕ ਪਾਸੇ ਇਹਨਾਂ ਦੇਸ਼ਾਂ 'ਚ ਪੈਦਾਵਾਰ ਤੇ ਖਪਤ ਦੇ ਵਿਚ ਦਾ ਅੰਤਰ ਘੱਟ ਹੋ ਰਿਹਾ ਹੈ ਯਾਨੀ ਵਾਧੂ ਕਣਕ ਘੱਟ ਬਚ ਰਹੀ ਹੈ ਅਤੇ ਦੂਜੀ ਪਾਸੇ ਬਰਾਮਦ ਵਧਣ ਦੀ

ਸੰਭਾਵਨਾ। ਇਸ ਦਾ ਅਰਥ ਸਾਫ ਹੈ ਕਿ ਇਹਨਾਂ ਦੇਸ਼ਾਂ ਦੀਆਂ ਸੱਟੇਬਾਜ਼ ਕੰਪਨੀਆਂ, ਆਪਣੇ ਦੇਸ਼ ਦੇ ਗਰੀਬ ਲੋਕਾਂ ਨੂੰ ਮਿਲਣ ਵਾਲੇ ਅਨਾਜ 'ਚ ਕਟੌਤੀ ਕਰਕੇ ਅਤੇ ਗਰੀਬ ਦੇਸ਼ਾਂ ਤੋਂ ਸਸਤਾ ਖਰੀਦ ਕੇ ਉਹਨਾਂ ਹੀ ਦੇਸ਼ਾਂ 'ਚ ਉਚੇ ਭਾਅ ਵੇਚ ਰਹੀਆਂ ਹਨ। ਇਹ ਵੀ ਸੋਚਣ ਦੀ ਗੱਲ ਹੈ ਕਿ ਜਦ ਅਮਰੀਕਾ ਤੇ ਰੂਸ ਆਪਣੇ ਦੇਸ਼ਾਂ ਦੀ ਪੂਰਤੀ ਕਰਨ ਪਿਛੋਂ ਬਰਾਮਦ ਵੀ ਕਰ ਰਹੇ ਹਨ ਤਾਂ ਵੀ ਇਹਨਾਂ ਦੇਸ਼ਾਂ 'ਚ ਕੀਮਤਾਂ ਕਿਉਂ ਵਧ ਰਹੀਆਂ ਹਨ? ਇਹ ਸੱਟੇਬਾਜ਼ ਤਰਕ ਦਿੰਦੇ ਹਨ ਕਿ ਮੰਗ ਤੇ ਸਪਲਾਈ ਦੇ ਹਿਸਾਬ ਨਾਲ ਕੀਮਤ ਵਧਦੀ ਘਟਦੀ ਹੈ। ਉਪਰੋਕਿਤ ਤੱਥਾਂ ਨੇ ਇਸ ਤਰਕ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ ਇਹ ਤੱਥ ਇਸ ਤਰਕ ਨੂੰ ਪੇਸ਼ ਕਰਨ ਵਾਲੇ ਸੱਟੇਬਾਜ਼ਾਂ ਦੇ ਹੀ ਕੁਕਰਮ ਹਨ। ਆਖਰ ਮਾਮਲਾ ਅੱਜ ਮੰਗ ਤੇ ਸਪਲਾਈ ਤਕ ਹੀ ਸੀਮਤ ਨਹੀਂ ਇਸ ਪਿਛੇ ਅਸਲੀ ਸਾਜਿਸ਼ ਅਜ਼ਾਰੇਦਾਰ ਅਨਾਜ ਵਪਾਰੀਆਂ ਦੀ ਬੇਹਿਸਾਬ ਮੁਨਾਫ਼ਾਖੋਰੀ ਤੇ ਸੱਟੇਬਾਜ਼ੀ (ਵਾਅਦਾ ਕਾਰੋਬਾਰ) ਹੈ। ਸਾਨੂੰ ਇਸ ਪਹਿਲੂ 'ਤੇ ਵੀ ਗੌਰ ਕਰਨਾ ਚਾਹੀਦਾ ਹੈ ਕਿ ਦੁਨੀਆਂ ਭਰ 'ਚ ਕਣਕ ਦੀ ਪੈਦਾਵਾਰ ਕਰਨ ਵਾਲੇ ਸਾਰੇ ਕਿਸਾਨ ਇਕ ਦੂਜੇ ਦੀ ਨਕਲ ਨਹੀਂ ਹਨ। ਅਮਰੀਕਾ ਵਰਗੇ ਦੇਸ਼ਾਂ ਦੇ ਸਭ ਕਣਕ ਉਤਪਾਦਿਕ ਮੁਨਾਫ਼ਾ ਕਮਾਉਣ ਲਈ ਪੈਦਾ ਕਰਦੇ ਹਨ ਜਦਕਿ ਭਾਰਤ ਵਰਗੇ ਜ਼ਿਆਦਾਤਰ ਦੇਸ਼ਾਂ ਦੇ ਕਿਸਾਨ ਕਣਕ ਖਰੀਦ ਕੇ ਵੀ ਖਾਂਦੇ ਹਨ ਕਿਉਂਕਿ ਜ਼ਿਆਦਾਤਰ ਗਰੀਬ ਦੇਸ਼ਾਂ 'ਚ ਸਭ ਕਿਸਾਨਾਂ ਕੋਲ ਥੋੜੀ-ਥੋੜੀ ਜ਼ਮੀਨ ਹੈ। ਇਸ ਜ਼ਮੀਨ 'ਚ ਇਹ ਵੱਖ-ਵੱਖ ਫਸਲਾਂ ਦੀ ਖੇਤੀ ਕਰਦੇ ਹਨ। ਇਹਨਾਂ ਜ਼ਿਆਦਾਤਰ ਕਿਸਾਨਾਂ ਨੂੰ ਕਣਕ ਖਰੀਦ ਕੇ ਹੀ ਖਾਣੀ ਪੈਂਦੀ ਹੈ। ਇਸ 'ਚ ਕੋਈ ਦੋ ਰਾਇ ਨਹੀਂ ਹੈ ਕਿ ਇਹ ਸਾਜਿਸ਼ ਅਮਰੀਕਾ ਵਰਗੇ ਦੇਸ਼ਾਂ ਦੇ ਮੁਨਾਫ਼ਾ ਖੋਰ ਤੇ ਸੱਟੇਬਾਜ਼ਾਂ ਲਈ ਬਸ ਪਾਸਤਾ ਦੀ ਕੀਮਤ ਵਧਣ ਦੇ ਖਿਲਾਫ ਰੋਮ 'ਚ ਪਾਰਲੀਮੈਂਟ ਦੇ ਬਾਹਰ ਮੂਹਰੇ ਮੁਜਾਹਰਾ ਕਰ ਰਹੇ ਖਪਤਕਾਰ ਸੰਘ ਦੇ ਕਾਰਲੋ ਰੀਂਜ ਨੇ ਰਾਜਸੀ ਨੇਤਾਵਾਂ, ਥੋਕ ਵਪਾਰੀਆਂ, ਪ੍ਰਚੂਨ ਵਪਾਰੀਆਂ ਤੇ ਸਟੀਰਿਓ ਨੂੰ ਇਸ ਲਈ ਜੁੰਮੇਵਾਰ ਠਹਿਰਾਇਆ ਹੈ। ਕਣਕ ਦੇ ਖੇਤਾਂ ਤੋਂ ਕੱਟ ਕੇ ਸ਼ੋਕੇਸ 'ਚ ਪਹੁੰਚਾਉਣ ਤਕ ਹਰ ਕੰਮ 'ਤੇ ਭਾਰੀ ਮੁਨਾਫ਼ਾ ਬਟੋਰਨ ਵਾਲਿਆਂ ਦੀ ਲੰਬੀ ਕਤਾਰ ਹੈ। ਵਾਅਦਾ ਕਾਰੋਬਾਰ 'ਚ ਪੈਸਾ ਲਾਉਣ ਵਾਲੇ ਵੀ ਜੋ ਇਸ ਕਤਾਰ 'ਚ ਸਾਫ-ਸਾਫ ਨਜ਼ਰ ਨਹੀਂ ਪੈਂਦੇ, ਸੱਟੇਬਾਜ਼ੀ ਕਰਕੇ ਕੀਮਤਾਂ ਨੂੰ ਵਧਾਉਣ 'ਚ ਭਾਰੀ ਭੂਮਿਕਾ ਨਿਭਾਉਂਦੇ ਹਨ। ਬਹੁਕੌਮੀ ਅਜ਼ਾਰੇਦਾਰ ਕੰਪਨੀਆਂ ਤੇ ਸੱਟੇਬਾਜ਼ਾਂ ਦੇ ਮੈਦਾਨ 'ਚ ਆਉਣ ਤੋਂ ਪਹਿਲਾਂ ਕਣਕ ਦੇ ਵਪਾਰੀ ਜਮਾਖੋਰੀ ਕਰਕੇ ਕੀਮਤ ਚੜ੍ਹਾਉਂਦੇ ਸਨ ਜਦਕਿ ਅੱਜ ਬਿਨ੍ਹਾਂ ਕਿਸੇ ਖਰੀਦੋ-ਫਰੋਖਤ ਜਾਂ ਸਟੋਰ ਦੇ, ਵਾਅਦਾ ਕਾਰੋਬਾਰੀ ਕਰੋੜਾਂ ਅਰਬਾਂ ਦੇ ਵਾਰੇ ਨਿਆਰੇ ਕਰਦੇ ਹਨ। ਸਤੰਬਰ ਦੇ ਮਹੀਨੇ 'ਚ ਜਦ ਸੱਟੇਬਾਜ਼ ਸ਼ਿਕਾਗੋ ਦੇ ਵਪਾਰ ਬੋਰਡ 'ਚ 25 ਡਾਲਰ ਯਾਨੀ ਲਗਭਗ 1000 ਰੁਪਏ ਫੀ ਕੁਇੰਟਲ ਦੇ ਭਾਅ 'ਤੇ ਕਣਕ ਦਾ ਵਾਅਦਾ ਕਾਰੋਬਾਰ ਕਰ ਰਹੇ ਸਨ ਤਾਂ ਉਹ ਕਣਕ ਖਰੀਦ ਕੇ ਆਪਣੇ ਗੋਦਾਮ ਨਹੀਂ ਭਰ ਰਹੇ ਸਨ। ਸੱਟੇਬਾਜ਼ੀ ਕਰ ਰਹੇ ਸਨ ਅਤੇ ਇਸ ਨਾਲ ਕੀਮਤਾਂ ਕਿੰਨੀਆਂ ਵਧਣਗੀਆਂ ਇਸ ਦਾ ਅਨੁਮਾਨ ਲਾਉਣਾ ਨਾ-ਮੁਮਕਿਨ ਹੈ। ਕੁਝ ਸਾਲ ਪਹਿਲਾਂ ਤਕ ਖੇਤੀ ਉਪਜ਼ ਦੇ ਵਪਾਰ 'ਚ ਸੱਟੇਬਾਜ਼ੀ ਦਾ ਬਹੁਤ ਘੱਟ ਰਿਵਾਜ਼ ਸੀ। ਅੱਜ ਪੈਨਸ਼ਨ ਫੰਡ, ਹੇਜ਼ ਫੰਡ, ਸਭ ਤਰ੍ਹਾਂ ਦੇ ਸਟੇਬਾਜ਼ ਅਨਾਜ ਵਪਾਰ ਨੂੰ ਆਪਦੇ ਲਾਮ-ਲਸ਼ਕਰ ਦੇ ਨਾਲ ਕਬਜ਼ੇ ਹੇਠ ਲੈਣ ਲੱਗੇ ਹੋਏ ਹਨ। 2006 'ਚ ਸ਼ਿਕਾਗੋ ਦੇ

ਵਪਾਰ ਬੋਰਡ 'ਚ ਅਨਾਜ ਦੇ ਵਾਅਦਾ ਕਾਰੋਬਾਰ 'ਚ 300000 ਕਰੋੜ ਡਾਲਰ ਦਾ ਵਪਾਰ ਹੋਇਆ ਕਿਉਂਕਿ ਕਣਕ ਦੀ ਖਪਤ ਹਰ ਦੇਸ਼ ਵਿਚ ਹੈ ਅਤੇ ਇਸ ਦੇ ਵੱਖ-ਵੱਖ ਕਿਸਮ ਦੀਆਂ ਦੂਜੀਆਂ ਵਸਤਾਂ ਬਣਾਈਆਂ ਜਾ ਸਕਦੀਆਂ ਹਨ। ਇਸ ਕਰਕੇ ਇਹ ਜੀਨਸ ਸਟੇਬਾਜ਼ੀ ਲਈ ਲੁਭਾਉਣਾ ਬਣਿਆ ਹੋਇਆ ਹੈ। ਖੁਰਾਕ ਤੇ ਖੇਤੀ ਸੰਗਠਨ ਦੀ ਪਿਛੇ ਜਿਹੇ ਇਕ ਰੀਪੋਟ 'ਚ ਕਿਹਾ ਗਿਆ ਹੈ ਕਿ ਅਜੇਹੇ ਸਮੇਂ 'ਚ ਜਦ ਵਿਤੀ ਬਾਜ਼ਾਰ 'ਚ ਬੇਹੱਦ ਪੈਸਾ ਹੈ ਤੇ ਜਿਸ ਦੇ ਨਿਵੇਸ਼ ਦੀ ਕੋਈ ਗੁੰਜਾਇਸ਼ ਨਹੀਂ ਹੈ, ਤਦ ਸਰਕਾਰਾਂ ਦੀਆਂ ਬਾਜ਼ਾਰ ਮੁਖੀ ਨੀਤੀਆਂ, ਖੇਤੀ ਬਾਜ਼ਾਰ 'ਚ ਵਿਤੀ ਨਿਵੇਸ਼ ਫਿਊਚਰ ਤੇ ਆਪਸੰਜ ਜਾਂ ਵਾਅਦਾ ਕਾਰੋਬਾਰ ਦੀ ਹਾਲਤਾਂ ਤਿਆਰ ਕਰ ਰਹੀਆਂ ਹਨ। ਪੂੰਜੀ ਦੇ ਇਫ਼ਾਰਤ ਜਮ੍ਹਾ ਹੋਣ ਤੇ ਉਤਪਾਦਕ ਕਾਰਵਾਈਆਂ 'ਚ ਨਾ ਲਗਣ ਦੀ ਗੁੰਜਾਇਸ਼ ਕਾਰਣ ਸੱਟੇਬਾਜ਼ੀ 'ਚ ਪੈਸਾ ਲਾਉਣਾ, ਇਨਸਾਨੀਅਤ ਖਿਲਾਫ ਇਕ ਅਪਰਾਧ ਹੈ। ਇਸ ਨੂੰ ਅਮਰੀਕਾ ਦੇ ਸਬਪ੍ਰਾਈਮ ਲੋਨ (ਅਮਰੀਕਾ 'ਚ ਲੋਨ ਲੈ ਕੇ ਮਕਾਨ ਖਰੀਦ ਦੇ ਹਨ ਅਤੇ ਇਸ ਲੋਨ 'ਤੇ ਵੀ ਜੋ ਲੋਨ ਲਿਆ ਜਾਂਦਾ ਹੈ, ਉਹ ਸਬਪ੍ਰਾਈਮ ਲੋਨ ਆਖਿਆ ਜਾਂਦਾ ਹੈ) ਵਜੋਂ ਵੇਖਿਆ ਜਾ ਸਕਦਾ ਹੈ। ਭਾਰੀ ਮੁਨਾਫੇ ਦੇ ਲਾਲਚ 'ਚ ਸਟੇਬਾਜ਼ਾਂ ਨੇ ਕਿੰਨੇ ਹੀ ਲੋਕਾਂ ਨੂੰ ਘਰੋਂ ਕੱਢ ਕੇ ਸੜਕਾਂ 'ਤੇ ਸੁੱਟ ਦਿੱਤਾ ਹੈ। ਉਹਨਾਂ ਨੂੰ ਘਰਾਂ ਤੋਂ ਬੇਘਰ ਕਰ ਦਿੱਤਾ ਹੈ। ਅਨਾਜ ਦੇ ਵਪਾਰ 'ਚ ਸਟੇਬਾਜ਼ੀ ਦਾ ਸਿੱਟਾ ਹੈ ਕੀਮਤਾਂ 'ਚ ਬੇਹੱਦ ਵਾਧਾ ਤੇ ਇਸ ਕਾਰਨ ਦੁਨੀਆਂ ਦੀ ਬਹੁਗਿਣਤੀ ਗਰੀਬ ਅਬਾਦੀ ਨੂੰ ਦਾਣੇ-ਦਾਣੇ ਲਈ ਮੁਹਤਾਜ਼ ਕਰ ਦੇਣਾ। ਪੂਰੀ ਦੁਨੀਆਂ 'ਚ ਅਨਾਜ ਦੇ ਭਰੇ ਭੰਡਾਰਾਂ ਤੇ ਭੁੱਖ ਨਾਲ ਮਰਦੇ ਲੋਕਾਂ ਦੀ ਤਰਸਯੋਗ ਤਸਵੀਰ ਤਿਆਰ ਹੋ ਰਹੀ ਹੈ। ਤਿੰਨ ਸਾਲਾਂ 'ਚ ਕਣਕ ਦੀ ਕੀਮਤ ਦੁਗਣੀ ਹੋ ਜਾਣੀ, ਸਟੇਬਾਜ਼ੀ ਦਾ ਹੀ ਸਿੱਟਾ ਹੈ। ਇਹੀ ਕਾਰਨ ਹੈ ਕਿ ਭਾਰਤ ਨੇ ਘਟੋਂ-ਘੱਟ ਸਹਾਇਕ ਮੁੱਲ, ਦਰਾਮਦ ਕੀਤੀ ਕਣਕ ਦੀ ਕੀਮਤ ਤੋਂ ਕਾਫੀ ਘੱਟ ਰਖੀ ਹੈ। ਇਸ ਕਾਰਨ ਕਣਕ ਦੀਆਂ ਕੀਮਤਾਂ ਦੋ ਤਿੰਨ ਸਾਲਾਂ 'ਚ ਦੁਗਣੀਆਂ ਤੋਂ ਵੀ ਵੱਧ ਹੋ ਗਈਆਂ, ਪਰ ਅਜੇ ਵੀ ਦੁਨੀਆਂ ਦੇ ਬਾਜ਼ਾਰਾਂ ਵਾਗੂੰ ਬੇਲਗਾਮ ਨਹੀਂ। ਦੂਜੇ ਪਾਸੇ ਸਰਕਾਰ ਨੇ ਜਿੰਨੀ ਤੇਜ਼ੀ ਨਾਲ ਦੇਸ਼ੀ-ਵਿਦੇਸ਼ੀ ਵੱਡੀਆਂ ਅਨਾਜ਼ ਵਪਾਰ ਕੰਪਨੀਆਂ ਨੂੰ ਸਹੂਲਤਾਂ ਤੇ ਹੱਲਾਸ਼ੇਰੀ ਦਿਤੀ ਹੈ। ਇਸ ਕਾਰਨ ਉਹ ਦਿਨ ਦੂਰ ਨਹੀਂ ਜਦ ਅਨਾਜ ਦੇ ਭਾਅ ਆਕਾਸ਼ ਛੂਹਣ ਲਗਣਗੇ। ਪਿਛਲੇ ਸਾਲ ਆਈ.ਟੀ.ਸੀ, ਕਾਰਗਿਲ, ਏ.ਡਬਲਯੂ.ਬੀ ਇੰਡੀਆ, ਬ੍ਰਿਟਾਨੀਆ, ਦਿੱਲੀ ਫਲੌਰ ਮਿਲ ਤੇ ਅਦਾਨੀ ਇੰਟਰਪ੍ਰਾਈਜਜ਼ ਵਰਗੀਆਂ ਕੰਪਨੀਆਂ ਨੇ 20 ਲੱਖ ਟਨ ਕਣਕ ਦੀ ਸਿੱਧੀ ਖਰੀਦ ਕੀਤੀ ਜਦਕਿ ਸਰਕਾਰ ਨੇ ਸਿਰਫ 11 ਲੱਖ ਟਨ ਦੀ ਖਰੀਦ ਕੀਤੀ ਸੀ। ਸਾਡੇ ਦੇਸ਼ ਦਾ ਬਫ਼ਰ ਸਟਾਕ 2004-05 'ਚ 168 ਲੱਖ ਟਨ ਸੀ ਜੋ 2005-06 'ਚ 148 ਲੱਖ ਟਨ ਰਹਿ ਗਿਆ। ਇਸ ਸਥਿਤੀ 'ਚ ਬਫ਼ਰ ਸਟਾਕ ਦਾ ਪੱਧਰ ਉੱਚਾ ਰਖਣਾ ਤੇ ਬਾਜ਼ਾਰ 'ਚ ਕਣਕ ਦੀਆਂ ਕੀਮਤਾਂ ਤੇ ਕੰਟਰੋਲ ਰਖਣਾ ਸਰਕਾਰ ਲਈ ਸੰਭਵ ਨਹੀਂ ਹੋਵੇਗਾ। ਹੁਣ ਮੁਨਾਫ਼ਾਖੋਰ ਹੀ ਫੈਸਲਾ ਕਰਨਗੇ ਕਿ ਗਰੀਬ ਦੇ ਘਰ ਚੁੱਲ੍ਹਾ ਬਲੇਗਾ ਜਾਂ ਨਹੀਂ?

# ਮੌਜੂਦਾ ਸੰਕਟ ਬਨਾਮ ਲੋਕ ਸੰਘਰਸ਼

ਹੁਣ ਵਾਰ-ਵਾਰ ਇਹ ਕਹਿਣ ਦੀ ਲੋੜ ਨਹੀਂ ਹੈ ਕਿ ਪੂਰਾ ਪੂੰਜੀਵਾਦੀ ਸੰਸਾਰ 1930 ਦੇ ਦਹਾਕੇ ਦੀ ਮਹਾਂਮੰਦੀ ਪਿਛੋਂ ਸਭ ਤੋਂ ਭਿਅੰਕਰ ਤੇ ਲੰਬੀ ਮੰਦੀ ਦਾ ਗਵਾਹ ਬਣ ਗਿਆ ਹੈ। 2006 ਦੇ ਅੰਤ ਵਿਚ ਅਮਰੀਕਾ 'ਚ ਸਬਪ੍ਰਾਈਮ ਕਰਜਾ ਸੰਕਟ ਵਜੋਂ ਸ਼ੁਰੂ ਹੋਏ ਆਰਥਕ ਸੰਕਟ ਨੇ ਵਿਆਪਕ ਕਰਜ਼ਾ ਸੰਕਟ ਦਾ ਰੂਪ ਧਾਰਨ ਕਰ ਲਿਆ ਹੈ ਅਤੇ ਪੂੰਜੀਵਾਦ ਨੂੰ ਸਜ਼ਾ ਦੇਣੀ ਜਾਰੀ ਰਖੀ ਹੋਈ ਹੈ। ਯੂਨਾਨ ਤੇ ਇਟਲੀ ਵਿਚ ਪਿਛੇ ਜਿਹੇ ਤਬਦੀਲੀ ਤੇ ਯੂਰੋਜੋਨ 'ਤੇ ਮੰਡਰਾ ਰਹੇ ਖਤਰੇ ਦੇ ਬੱਦਲ ਇਸ ਮੰਦੇ ਦੇ ਗੰਭੀਰਤਾ ਨੂੰ ਦਰਸਾਉਂਦੇ ਹਨ। ਆਪਣੇ ਪੰਜਵੇਂ ਸਾਲ 'ਚ ਦਾਖਲ ਹੋ ਚੁੱਕੀ ਮੰਦੀ ਨੇ ਪਿਛਲੇ 9 ਦਹਾਕਿਆਂ 'ਚ ਸਭ ਤੋਂ ਉਚੀ ਬੇਰੁਜ਼ਗਾਰੀ ਦਰ, ਨਿਵੇਸ਼ 'ਚ ਗਿਰਾਵਟ ਅਰਥਚਾਰਿਆਂ ਦੇ ਸਾਈਜ਼ 'ਚ ਕਮੀ ਨੂੰ ਪੈਦਾ ਕੀਤਾ ਹੈ ਅਤੇ ਇਹ ਅਮਲ ਆਉਣ ਵਾਲੇ ਸਮੇਂ 'ਚ ਹੋਰ ਵੀ ਵਿਕਰਾਲ ਰੂਪ ਧਾਰਨ ਕਰਨ ਵਾਲੀ ਹੈ। ਵਿਤੀ ਪੂੰਜੀ ਦੇ ਦਿਉ ਕੱਦ ਅਦਾਰਿਆਂ ਤੇ ਬੈਂਕਾਂ ਵਲੋਂ ਸੱਟੇਬਾਜ਼ੀ ਤੇ ਵਿਤੀ ਬਾਜ਼ਾਰ 'ਚ ਊਲ-ਜਲੂਲ ਪ੍ਰਥਾਵਾਂ ਨੂੰ ਲਾਗੂ ਕਰਨ ਦੇ ਸਿਟੇ ਵਜੋਂ ਪੈਦਾ ਹੋਏ ਸੰਕਟ ਨੇ ਜਲਦੀ ਹੀ ਵਿਖਾ ਦਿਤਾ ਸੀ ਕਿ ਇਹ ਸਿਰਫ ਵਿਤੀ ਸੰਕਟ ਨਹੀਂ ਹੈ। ਇਹ ਵਿਤੀ ਪੂੰਜੀ ਦੀ ਇਜ਼ਾਰੇਦਾਰੀ ਦੇ ਦੌਰ ਵਿਚ ਪੈਦਾ ਹੋਏ ਆਰਥਕ ਸੰਕਟ ਦੀ ਵੱਡੀ ਪ੍ਰਛਾਈ ਸੀ। ਇਹ ਸੱਚ ਹੈ ਕਿ ਵਿਸ਼ਵੀ ਤੰਤਰ 'ਚ ਏਕੀਕਰਣ ਦਾ ਪੱਧਰ ਵਿਕਸ਼ਤ ਦੇਸ਼ਾਂ ਦੇ ਮੁਕਾਬਲੇ ਘੱਟ ਹੋਣ ਅਤੇ "ਕਲਿਆਣ ਕਾਰੀ" ਪਬਲਿਕ ਸੈਕਟਰ ਪੂੰਜੀਵਾਦ ਦੇ (ਹਾਲਾਂਕਿ ਕਾਫੀ ਕੰਮਜੋਰ ਹੋ ਚੁਕੇ) ਢਾਂਚੇ ਦੀ ਮੌਜੂਦਗੀ ਕਾਰਨ ਭਾਰਤ ਵਰਗੇ ਕੁਝ ਦੇਸ਼ਾਂ ਵਿਚ ਉਸ ਮੰਦੀ ਦਾ ਅਸਰ ਉਨ੍ਹਾਂ ਵਿਕਰਾਲ ਨਹੀਂ ਹੈ ਜਿਹਨਾਂ ਕਿ ਅਮਰੀਕਾ, ਯੂਰਪ, ਜਾਪਾਨ ਵਿਚ ਹੈ। ਚੀਨ ਵੀ ਸਮਾਜਵਾਦ ਦੇ ਅੰਦਰੂਨੀ ਤੌਰ 'ਤੇ ਪਤਨ ਪਿਛੋਂ ਹੋਂਦ 'ਚ ਆਈ ਇਕ ਵਿਸ਼ੇਸ਼ ਕਿਸਮ ਦੀ ਪੂੰਜੀਵਾਦ ਰਚਨਾ ਦੇ ਕਾਰਨ ਇਸ ਮੰਦੀ ਦੇ ਪ੍ਰਕੋਪ ਦਾ ਵਿਕਸਤ ਦੇਸ਼ਾਂ ਦੀ ਤੁਲਨਾ 'ਚ ਘੱਟ ਸ਼ਿਕਾਰ ਹੋਇਆ। ਇਸ ਗੱਲ ਨੂੰ ਇਹਨਾਂ ਦੇਸ਼ ਦੀ ਹਾਕਮ ਜਮਾਤ ਕਾਫੀ ਪ੍ਰਚਾਰ ਕਰ ਰਹੀ ਹੈ ਅਤੇ ਜੀ-20 ਵਰਗੇ ਵਿਕਸਤ ਦੇਸ਼ਾਂ ਦੇ ਪੂੰਜੀਵਾਦੀ ਨੇਤਾਵਾਂ ਨੂੰ ਆਪਣੀ ਇਸ "ਪ੍ਰਾਪਤੀ" ਸਬੰਧੀ ਪ੍ਰਵਚਨ ਵੀ ਦੇ ਰਿਹਾ ਹੈ ਜਿਵੇਂ ਕਿ ਮਨਮੋਹਨ ਸਿੰਘ ਹੁਣੇ-ਹੁਣੇ ਅਜੇਹਾ ਕਰਕੇ ਆਏ ਹਨ ਪਰ ਮੌਜੂਦਾ ਸੰਕਟ ਦੇ ਇਹਨਾਂ ਦੇਸ਼ਾਂ 'ਚ ਤੁਲਨਾਤਮਕ ਰੂਪ ਵਿਚ ਘੱਟ ਪ੍ਰਭਾਵ ਦਾ ਕਾਰਨ ਵਿਸ਼ਵੀ ਵਿਤੀ ਤੰਤਰ 'ਚ ਘੱਟ ਏਕੀਕਰਣ ਤੇ ਪਬਲਿਕ ਸੈਕਟਰ ਢਾਂਚੇ ਤੇ ਪੂੰਜੀਵਾਦੀ "ਕਲਿਆਣਵਾਦ" ਦੀ ਇਕ ਹੱਦ ਤਕ ਉਤਰਜੀਵਿਤਾ ਹੈ। ਜੋ ਕਿ ਨਵ-ਉਦਾਰਵਾਦ ਤੇ ਭੂਮੰਡਲੀਕਰਣ ਦੀਆਂ ਨੀਤੀਆਂ ਦੇ ਸਿਟੇ ਵਜੋਂ ਤੇਜ਼ੀ ਨਾਲ ਖਤਮ ਹੋ ਰਿਹਾ ਹੈ। ਇਸ ਲਈ ਭੂਮੰਡਲੀਕਰਣ ਦੀ ਪ੍ਰੀਕ੍ਰਿਆ ਦੇ ਹੋਰ ਵਿਆਪਕ ਹੋਣ ਨਾਲ ਹੀ ਇਹ ਵੱਧ ਤੋਂ ਵੱਧ ਅਸੰਭਵ ਹੁੰਦਾ ਜਾਵੇਗਾ। ਵਿਸ਼ਵੀ ਮੰਡੀ ਦੇ ਦਬਾਅ 'ਚ ਸਭ ਸਾਮਰਾਜੀ ਗੁੱਟਾਂ ਅਤੇ ਸਮੂਹਾਂ ਵਿਚਕਾਰ ਅੰਤਰ ਸਾਮਰਾਜੀ ਮੁਕਾਬਲਾ ਵੀ ਤੇਜ਼ ਹੋ ਗਿਆ ਹੈ। ਇਸ ਮੁਕਾਬਲੇ 'ਚ ਤੇਲ ਤੇ ਕੁਦਰਤੀ ਗੈਸ ਸਾਧਨਾਂ ਦਾ ਕੇਂਦਰੀ ਮਹੱਤਵ ਹੈ ਕਿਉਂਕਿ ਅਧੁਨਿਕ ਪੂੰਜੀਵਾਦ ਕਾਫੀ ਹੱਦ ਤਕ ਇਸ 'ਤੇ ਨਿਰਭਰ ਹੈ, ਚਾਹੇ ਪ੍ਰਤੱਖ ਖਪਤ ਵਜੋਂ ਹੋਵੇ

ਜਾਂ ਉਸ ਲੁਕਵੀਂ ਵਰਤੋਂ ਲਈ ਜੋ ਕਿ ਪੈਟਰੋ ਵਸਤਾਂ ਦੀ ਦਲਾਲੀ ਬਿਨ੍ਹਾਂ ਸੰਭਵ ਨਹੀਂ ਹੈ ਕਿਉਂਕਿ ਊਰਜਾ ਦਾ ਸੁਆਲ ਪੂੰਜੀਵਾਦ ਲਈ ਅੱਜ ਪੈਟਰੋਲੀਅਮ ਵਸਤਾਂ ਹਨ। ਇਸ ਲਈ ਉਸ ਖਾਤਰ ਹੋਣ ਵਾਲਾ ਅੰਤਰ ਸਾਮਰਾਜੀ ਮੁਕਾਬਲਾ ਤੇ ਸਾਮਰਾਜੀ ਲੁੱਟ ਦਾ ਮੁੱਖ ਥੀਏਟਰ ਪੱਛਮੀ ਏਸ਼ੀਆ ਬਣ ਜਾਂਦਾ ਹੈ। ਜਿਵੇਂ ਕਿ ਲੈਨਿਨ ਨੇ ਕਿਹਾ ਹੈ 'ਰਾਜਨੀਤੀ ਅਰਥ ਸ਼ਾਸ਼ਤਰ ਦੀ ਹੀ ਪ੍ਰਛਾਈ ਹੁੰਦੀ ਹੈ। ਅੱਜ ਦੇ ਸੰਕਟ ਗ੍ਰਸਤ ਪੂੰਜੀਵਾਦ ਦਾ ਇਹ ਅਰਥ ਸਾਸ਼ਤਰ ਜਿਸ ਰੂਪ 'ਚ ਰਾਜਨੀਤੀ 'ਚ ਤਬਦੀਲ ਹੋ ਕੇ ਪੱਛਮੀ ਏਸ਼ੀਆ 'ਚ ਪ੍ਰਗਟ ਹੋ ਰਿਹਾ ਹੈ, ਉਹ ਸਾਡੇ ਸਾਹਮਣੇ ਹੈ। ਅਰਬ ਲੋਕ ਉਭਾਰ ਅੱਜ ਜੋ ਸਾਡੇ ਸਾਹਮਣੇ ਹੈ ਉਸ ਦੇ ਚਾਰ ਮੁੱਖ ਕਾਰਨ ਹਨ ਪਹਿਲਾ ਕਾਰਨ ਹੈ ਸਾਮਰਾਜਵਾਦ ਤੇ ਬਸਤੀਵਾਦ ਦੇ ਖਿਲਾਫ ਅਰਬ ਜਨਤਾ ਦੀ ਪੁਰਾਣੀ ਨਫ਼ਰਤ। ਤੇਲ ਸਾਧਨਾਂ ਦੀ ਖੋਜ਼ ਦੇ ਪਿਛੋਂ ਤੋਂ ਹੀ ਪੱਛਮੀ ਏਸ਼ੀਆ ਸਾਮਰਾਜੀ ਲੁੱਟ, ਯੁੱਧ ਤੇ ਮੁਕਾਬਲੇ ਦਾ ਕੇਂਦਰ ਬਣਿਆ ਰਿਹਾ ਹੈ। ਦੂਜੀ ਸੰਸਾਰ ਜੰਗ ਪਿਛੋਂ ਅਮਰੀਕਾ ਦੇ ਵਿਸ਼ਵ ਪੂੰਜੀਵਾਦ ਦਾ ਸਰਦਾਰ ਬਣਨ ਦੇ ਨਾਲ ਹੀ ਇਹ ਅਮਲ ਹੋਰ ਵੱਧ ਭਿਅੰਕਰ ਹੋ ਗਿਆ ਅਤੇ ਉਦੋਂ ਤੋਂ ਹੁਣ ਤਕ ਵਧ ਤੋਂ ਵੱਧ ਭਿਅੰਕਰ ਹੁੰਦਾ ਗਿਆ ਹੈ। ਅੱਜ ਦੇ ਲੋਕ ਉਭਾਰ ਦਾ ਇਕ ਪਹਿਲੂ ਸਾਮਰਾਜ ਖਿਲਾਫ ਫੁਟਿਆ ਇਹ ਗੁੱਸਾ ਵੀ ਹੈ। ਦੂਜਾ ਕਾਰਨ ਹੈ ਫਿਲਸਤੀਨ ਦਾ ਸੁਆਲ ਜੋ ਵੱਖਰੀ ਚਰਚਾ ਦੀ ਮੰਗ ਕਰਦਾ ਹੈ। ਫਿਲਸਤੀਨ ਦਾ ਸੁਆਲ ਪੂਰੀ ਜਨਤਾ ਲਈ ਅਹਿਮ ਹੈ ਜਿਸ ਨੂੰ ਬਸਤੀਵਾਦ ਨੇ ਕਈ ਦੇਸ਼ਾਂ 'ਚ ਵੰਡ ਦਿੱਤਾ ਸੀ। ਅਸਲ 'ਚ ਪੂਰੇ ਏਸ਼ੀਆ 'ਚ ਸੁਭਾਵਿਕ ਤੌਰ 'ਤੇ ਦੋ ਰਾਜਾਂ ਦੀ ਹੀ ਜ਼ਮੀਨ ਹੈ। ਇਕ ਅਰਬ ਰਾਜ ਅਤੇ ਦੂਜਾ ਯਹੂਦੀ ਰਾਜ, ਅਮਰੀਕੀ ਸਾਮਰਾਜ ਦੀ ਹਮਾਇਤ ਦੇ ਸਿਰ 'ਤੇ ਇਜ਼ਰਾਇਲ ਵਲੋਂ ਦਹਾਕਿਆਂ ਤੋਂ ਅਰਬ 'ਚ ਜਾਰੀ ਘ੍ਰਿਣਤ ਕਤਲੇਆਮ ਤੇ ਗੈਰ-ਮਨੁੱਖਤਾ ਨੇ ਅਰਬ ਜਨਤਾ ਦਾ ਸਬਰ ਦਾ ਪਿਆਲਾ ਭਰ ਦਿੱਤਾ ਹੈ। ਮੌਜੂਦਾ ਲੋਕ ਉਭਾਰ 'ਚ ਇਕ ਪਹਿਲੂ ਇਹ ਵੀ ਸੀ। ਤੀਜ਼ਾ ਪਹਿਲੂ ਹੈ ਅਰਬ ਦੇਸ਼ਾਂ 'ਚ ਪਤਿਤ ਕੌਮੀ ਬੁਰਜੂਆ ਵਰਗ ਦੇ ਹਾਕਮਾਂ ਦੀ ਤਾਨਾਸ਼ਾਹੀ, ਸਰਵ ਸੱਤਾਵਾਦ ਤੇ ਲੁੱਟ-ਘਸੁੱਟ ਯਾਦ ਰਹੇ ਕਿ ਮਿਸਰ ਦੇ ਨਾਸਰ ਦੇ ਨਾਲ ਹੋਂਦੇ 'ਚ ਆਇਆ ਸਰਭ ਅਰਬ ਰਾਸ਼ਟਰਵਾਦ ਜੋ ਕਿ ਇਸ ਦੌਰ 'ਚ ਸਾਮਰਾਜ ਦੇ ਖਿਲਾਫ ਰੈਡੀਕਲ ਪੁਜੀਸ਼ਨ ਅਪਣਾਉਂਦਾ ਰਿਹਾ ਸੀ। ਅੱਜ ਪੂਰੀ ਤਰ੍ਹਾਂ ਪਤਿਤ ਤੇ ਭ੍ਰਿਸ਼ਟ ਹੋ ਕੇ ਸਾਮਰਾਜ ਨਾਲ ਸ਼ਰਮਨਾਕ ਸਮਝੌਤੇ ਕਰ ਰਿਹਾ ਹੈ। ਉਸ ਦੇ ਕਿਰਦਾਰ 'ਚ ਕੁਝ ਵੀ "ਕੌਮੀ" ਜਾਂ ਲੋਕ ਪੱਖ ਨਹੀਂ ਰਹਿ ਗਿਆ ਹੈ ਅਤੇ ਇਹ ਲੋਕਾਂ ਦੇ ਸਾਰੇ ਜਮਹੂਰੀ ਅਧਿਕਾਰ ਖੋਹ ਕੇ ਉਹਨਾਂ ਨੂੰ ਅਤਿਆਚਾਰੀ ਤਾਨਾਸ਼ਾਹੀ ਦੇ ਥੱਲੇ ਦਬਾ ਕੇ ਹਕੂਮਤ ਕਰਨ 'ਚ ਯਕੀਨ ਰਖਦਾ ਹੈ ਅਤੇ ਅਰਬ ਦੇ ਸ਼ਾਹਾਂ ਦੀਆਂ ਹਕੂਮਤਾਂ ਬਾਰੇ ਤਾਂ ਕਹਿਣਾ ਹੀ ਕੀ! ਉਹ ਤਾਂ ਖੁਲੇਆਮ ਸਾਮਰਾਜ ਦੇ ਦਲਾਲਾਂ ਵਜੋਂ ਕੰਮ ਕਰਦੇ ਹਨ ਅਤੇ ਆਖਰੀ ਕਾਰਨ ਜਿਸ ਨੇ ਸਾਰੇ ਕਾਰਨਾਂ ਨੂੰ ਹੋਰ ਵਧਾ ਦਿਤਾ ਉਹ ਹੈ ਮੌਜੂਦਾ ਵਿਸ਼ਵੀ ਪੂੰਜੀਵਾਦੀ ਸੰਕਟ। ਇਹ ਉਹ ਕਾਰਨ ਹਨ ਜਿਹਨਾਂ ਨੇ ਮੌਜੂਦਾ ਅਰਬ ਲੋਕ ਉਭਾਰ ਨੂੰ ਜਨਮ ਦਿੱਤਾ। ਅਸੀਂ ਵੇਖ ਸਕਦੇ ਹਾਂ ਕਿ 2006 ਤੋਂ ਸ਼ੁਰੂ ਹੋਈ ਮੰਦੀ ਪਿਛੋਂ ਹੁਣ ਅਰਬ 'ਚ ਜਨਤਾ ਆਪਣੇ ਦੇਸ਼ ਦੇ ਅਤਿਆਚਾਰੀ ਤਾਨਾਸ਼ਾਹਾਂ ਤੇ ਸਾਮਰਾਜਵਾਦ ਖਿਲਾਫ ਉਠ ਖੜੀ ਹੋਈ ਹੈ। (ਗੌਰ ਕਰੋ ਕਿ ਲੀਬੀਆ ਇਸ ਲੋਕ ਉਭਾਰ ਦਾ ਹਿੱਸਾ ਉਸ ਸਮੇਂ ਤੋਂ ਨਹੀਂ ਰਹਿ ਗਿਆ ਸੀ ਜਦ ਬਾਗੀਆਂ ਨੇ ਨਾਟੋ ਦੀ ਦਖਲਅੰਦਾਜ਼ੀ ਨੂੰ ਸਵੀਕਾਰ

ਕਰ ਲਿਆ ਸੀ) ਉਥੇ ਵਿਕਸਤ ਦੇਸ਼ਾਂ 'ਚ ਵੀ ਮੰਦੀ ਦੇ ਕਾਰਨ ਪੈਦਾ ਹੋਈ ਬੇਰੁਜ਼ਗਾਰੀ, ਗਰੀਬੀ, ਛਾਂਟੀ, ਬੇਘਰੀ ਆਦਿ ਨੇ ਲੋਕਾਂ ਨੂੰ ਸੜਕਾਂ 'ਤੇ ਉਤਾਰ ਦਿੱਤਾ। ਅੱਜ ਜੋ 'ਵਾਲ ਸਟ੍ਰੀਟ ਤੇ ਕਬਜ਼ਾ ਕਰੋ' ਅੰਦੋਲਨ ਅਮਰੀਕਾ 'ਚ ਚਲ ਰਿਹਾ ਹੈ ਅਤੇ ਜੋ ਹੋਰ 'ਕਬਜ਼ਾ ਕਰੋ ਸੰਘਰਸ਼' ਦੁਨੀਆਂ ਦੇ ਹੋਰ ਕਈ ਵਿਕਸਤ ਦੇਸ਼ਾਂ ਦੇ ਵੱਡੇ ਸ਼ਹਿਰਾਂ 'ਚ ਸ਼ੁਰੂ ਹੋਇਆ ਹੈ ਉਹ ਪੂੰਜੀਵਾਦ ਜਨਿਤ ਬੇਰੁਜ਼ਗਾਰੀ, ਸੁਰਖਿਆ, ਬੇਯਕੀਨੀ, ਬੈਂਕ ਨੂੰ ਜਨਤਾ ਦੀ ਕੀਮਤ ਤੇ ਬਚਾਏ ਜਾਣ, ਸਟੇਬਾਜ਼ਾਂ ਨੂੰ ਬਚਾਏ ਜਾਣ ਕਾਰਪੋਰੇਟ ਅਜ਼ਾਰੇਦਾਰ ਪੂੰਜੀਵਾਦ ਦੀ ਮੁਨਾਫਾਖੋਰੀ ਖਿਲਾਫ ਇਹ ਦੇਸ਼ ਦੀ ਜਨਤਾ ਦਾ ਸਫਲ ਉਭਾਰ ਹੈ। ਜੇ ਅਸੀਂ ਅਮਰੀਕਾ ਦੀ ਹੀ ਸਥਿਤੀ 'ਤੇ ਨਜ਼ਰ ਮਾਰੀਏ ਤਾਂ ਇਹ ਸਾਫ ਹੋ ਜਾਂਦਾ ਹੈ ਕਿ 1930 ਦੇ ਦਹਾਕੇ ਦੀ ਮੰਦੀ ਪਿਛੋਂ ਅਮਰੀਕੀ ਅਰਥਚਾਰਾ ਸਭ ਤੋਂ ਵੱਧ ਥੋਥੀ ਅਵਸਥਾ ਵਿਚ ਹੈ। ਇਸ ਸਮੇਂ ਅਮਰੀਕਾ 'ਚ ਅਧਿਕਾਰਿਤ ਬੇਰੁਜ਼ਗਾਰੀ ਦੀ ਦਰ ਕਰੀਬ 9.1 ਫੀ ਸਦੀ ਹੈ। ਪਰ ਕਈ ਇਲਾਕਿਆਂ ਜਿਵੇਂ ਕਿ ਹਾਰਟ ਫੋਰਡ 'ਚ ਬੇਰੁਜ਼ਗਾਰੀ ਦੀ ਦਰ 33 ਫੀ ਸਦੀ ਤਕ ਪਹੁੰਚ ਚੁੱਕੀ ਹੈ। ਯਾਨੀ ਕੰਮ ਕਰਨ ਯੋਗ ਹਰ ਤਿੰਨ ਵਿਚੋਂ ਇਕ ਬੰਦਾ ਬੇਰੁਜ਼ਗਾਰ ਹੈ। ਦੋ ਦਹਾਕੇ ਪਹਿਲਾਂ ਅਮਰੀਕੀ ਸਮਾਜ 'ਚ ਉਪਰ ਦੇ 1 ਫੀ ਸਦੀ ਧਨੀ ਲੋਕਾਂ ਕੋਲ ਕੁਲ ਸਾਧਨਾਂ ਦਾ 10 ਫੀ ਸਦੀ ਸੀ ਪਰ ਹੁਣ ਇਹ ਅੰਕੜਾ 23 ਫੀ ਸਦੀ ਹੋ ਗਿਆ ਹੈ। ਉਪਰ ਦੀ 5 ਫੀ ਸਦੀ ਅਬਾਦੀ ਕੁਲ ਵਿਤੀ ਦੌਲਤ ਦੇ 75 ਫੀ ਸਦੀ 'ਤੇ ਕੰਟਰੋਲ ਰਖਦੀ ਹੈ। ਬੇਘਰਿਆਂ ਦੀ ਅਬਾਦੀ ਅਮਰੀਕਾ 'ਚ ਰਿਕਾਰਡ ਤੋੜ ਰਫਤਾਰ ਨਾਲ ਵਧ ਰਹੀ ਹੈ। ਪਰ ਇਹਨਾਂ ਸਾਰੀਆਂ ਚੀਜ਼ਾਂ ਦੇ ਬਾਵਜੂਦ ਬੈਂਕਾਂ ਤੇ ਦਿਉ ਕੱਦ ਕਾਰਪੋਰੇਸ਼ਨ ਦੇ ਸੀ.ਈ.ਓ ਪੈਸਾ ਬਟੋਰਨਾ ਜਾਰੀ ਰਖਦੇ ਹਨ ਕਿਉਂਕਿ ਜਦੋਂ ਤੋਂ ਕੈਸੀਨੋ ਅਰਥਚਾਰੇ ਦੇ ਜੂਏ 'ਚ ਉਹ ਤਬਾਹ ਹੋ ਜਾਂਦੇ ਹਨ ਤਦ ਸਰਕਾਰ ਉਹਨਾਂ ਨੂੰ ਬਚਾਉਣ ਲਈ ਬੇਲਆਊਟ ਪੈਕੇਜ਼ ਲੈ ਕੇ ਆਉਂਦੀ ਹੈ। ਜਿਥੇ ਅਮਰੀਕਾ ਭਿਅੰਕਰ ਮੰਦੇ ਦਾ ਸਾਹਮਣਾ ਕਰ ਰਿਹਾ ਹੈ, ਉਥੇ ਯੂਰਪ ਦੀ ਕਹਾਣੀ ਵੀ ਕੋਈ ਵੱਖਰੀ ਨਹੀਂ ਹੈ। ਯੂਰਪ 'ਚ ਮੰਦੀ ਨਾਲ ਨਿਪਟਣ ਲਈ ਦਿਉ ਕੱਦ ਬੇਲਆਊਟ ਪੈਕੇਜ਼ ਦਿਤੇ ਗਏ। ਪਰ ਇਥੇ ਸਰਕਾਰਾਂ ਬੈਂਕਾਂ ਨੂੰ ਬਚਾਉਂਦੀਆਂ ਕੰਗਾਲ ਹੋ ਗਈਆਂ। ਸਿੱਟੇ ਵਜੋਂ "ਕਿਫ਼ਾਇਤ" ਦੀਆਂ ਮੁਹਿੰਮਾਂ ਚਲਾਈਆਂ ਗਈਆਂ ਜਿਹਨਾਂ ਦਾ ਅਰਥ ਸੀ ਸਿਖਿਆ, ਇਲਾਜ, ਸਿਹਤ, ਰੁਜ਼ਗਾਰ, ਪੈਨਸ਼ਨ, ਸਮਾਜਕ ਸੁਰਖਿਆ ਆਦਿ ਦੀਆਂ ਕਲਿਆਣਕਾਰੀ ਯੋਜਨਾਵਾਂ ਵਿਚੋਂ ਸਰਕਾਰ ਦਾ ਹੱਥ ਪਿਛੇ ਖਿਚਣਾ। ਕਾਰਨ ਦਸਿਆ ਗਿਆ ਬਜ਼ਟ ਘਾਟਾ। ਪਰ ਅਸਲ 'ਚ ਇਹ ਬੈਂਕ ਘਾਟਾ ਬੈਂਕਾਂ ਤੇ ਵਿਤੀ ਅਦਾਰਿਆਂ ਨੂੰ ਬਚਾਉਣ ਕਾਰਨ ਪੈਦਾ ਹੋਇਆ ਸੀ ਜੋ ਕਿ ਆਪਣੇ ਹੀ ਲਾਲਚ ਦੇ ਭੰਵਰ 'ਚ ਫਸ ਕੇ ਡੁੱਬ ਰਹੇ ਸਨ। ਯੂਨਾਨ ਤੇ ਇਟਲੀ 'ਚ ਤਾਂ ਇਸ ਦੇ ਕਾਰਨ ਜੋ ਰਾਜਸੀ ਉਥਲ-ਪੁਥਲ ਹੋਈ, ਉਸ ਨੇ ਸਰਕਾਰਾਂ ਨੂੰ ਹੀ ਡੇਗ ਦਿੱਤਾ ਪਰ ਇਸ ਨਾਲ ਵੀ ਕੋਈ ਵਿਸ਼ੇਸ਼ ਤਬਦੀਲੀ ਨਹੀਂ ਹੋਣ ਵਾਲੀ। ਕਾਰਨ ਹੈ ਕਿ ਇਸ ਮੰਦੀ ਨਾਲ ਨਿਬੜਣ ਲਈ ਪੂੰਜੀਵਾਦ ਕੋਲ ਇਕੋ ਇਕ ਰਾਹ ਹੈ, ਉਹ ਹੋਰ ਵੀ ਭਿਅੰਕਰ ਮੰਦੀ ਵੱਲ ਲੈ ਜਾਂਦਾ ਹੈ ਅਤੇ ਇਸ ਲਈ ਨਵੀਆਂ ਸਰਕਾਰਾਂ ਵੀ ਥੋੜਾ ਬਹੁਤ ਫੇਰ ਬਦਲ ਨਾਲ ਉਹੀ ਨੀਤੀਆਂ ਲਾਗੂ ਰਖਣ ਲਈ ਮਜ਼ਬੂਰ ਹਨ। ਬਾਜ਼ਾਰ 'ਚ ਮੰਦੀ ਕਾਰਨ ਖਤਮ ਹੁੰਦੀ ਤਰਲਤਾ ਨੂੰ ਘੱਟ ਕਰਨ ਲਈ ਹੋਰ ਵੱਧ ਮੁਦਰਾ ਝੋਕੀ ਜਾਂਦੀ ਹੈ ਪਰ ਅਸਲੀ ਅਰਥਚਾਰੇ 'ਚ ਨਹੀਂ ਬਲਕਿ ਸੱਟੇਬਾਜ਼ੀ ਤੇ ਜੂਏਬਾਜ਼ੀ 'ਚ ਜੋ ਕਿ

ਅਗਲੇ ਚੱਕਰ 'ਚ ਹੋਰ ਵੀ ਭਿਅੰਕਰ ਸੰਕਟ ਦਾ ਰੂਪ ਪੇਸ਼ ਕਰਦਾ ਹੈ। ਹਰ ਵਾਰੀ ਜਨਤਾ ਨੂੰ ਇਸ ਦੀ ਕੀਮਤ ਆਪਣੇ ਰੁਜ਼ਗਾਰ, ਘਰ ਸੁਰਖਿਆ, ਸਿਖਿਆ ਤੇ ਸਿਹਤ ਦੀ ਸਹੂਲਤਾਂ ਨੂੰ ਗਵਾ ਕੇ ਅਦਾ ਕਰਦੀ ਹੈ ਅਤੇ ਹਰ ਵਾਰੀ ਪਹਿਲਾਂ ਨਾਲੋਂ ਭਿਅੰਕਰ ਰੂਪ ਵਿਚ। ਹੁਣ ਪੱਛਮੀ ਵਿਕਸਤ ਦੇਸ਼ਾਂ ਦੇ ਲੋਕਾਂ ਲਈ ਇਹ ਬੋਝ ਇਕ ਤਰ੍ਹਾਂ ਨਾਲ ਉਸ ਹੱਦ ਨੂੰ ਪਾਰ ਕਰ ਗਿਆ ਹੈ ਜਿਸ ਨੂੰ ਅਸੀਂ ਸੰਵੇਦਨਸ਼ੀਲਤਾ ਦੀ ਹੱਦ ਕਹਿ ਸਕਦੇ ਹਾਂ ਅਤੇ ਇਹੀ ਕਾਰਨ ਹੈ ਕਿ ਅੱਜ ਸਵਰਗ ਦੇ ਆਪਣੇ ਰਾਜ 'ਚ ਵੀ ਉਥਲ-ਪੁਥਲ ਮੱਚੀ ਹੋਈ ਹੈ। ਵਿਕਸਤ ਦੇਸ਼ਾਂ 'ਚ 'ਕਬਜ਼ਾ ਕਰੋ' ਸੰਘਰਸ਼ ਅਤੇ ਅਰਬ ਵਿਸ਼ਵ 'ਚ ਅਰਬ ਲੋਕ ਉਭਾਰ, ਇਹ ਦੋਨੋਂ ਹੀ ਵੱਖ-ਵੱਖ ਕਾਰਨਾਂ ਕਰਕੇ ਪੈਦਾ ਹੋਏ। ਵੱਖ-ਵੱਖ ਕਿਸਮ ਦੇ ਲੋਕ ਉਭਰ ਹਨ ਪਰ ਇਹ ਦੋਨੋਂ ਹੀ ਇਕ ਹੀ ਤੱਥ ਵੱਲ ਇਸ਼ਾਰਾ ਕਰਦੇ ਹਨ। ਇਹ ਲੋਕ ਉਭਾਰ ਸਮਾਜਕ ਆਰਥਕ ਵਿਵਸਥਾ ਵਜੋਂ ਪੂੰਜੀਵਾਦ ਦੀ ਅਸਫਲਤਾ ਨੂੰ ਦਿਖਾ ਰਹੇ ਹਨ। ਇਨ੍ਹਾਂ ਨੇ ਪੂੰਜੀਵਾਦ ਦੀ ਵਾਜਬੀਅਤ ਨੂੰ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਹੈ ਜੇ ਆਪਾਂ ਅਜੇ ਵਿਕਲਪ ਦੇ ਸੁਆਲ ਨੂੰ ਇਕ ਪਾਸੇ ਰੱਖ ਦੇਈਏ ਤਾਂ ਏਨਾ ਤਾਂ ਜਰੂਰ ਕਿਹਾ ਜਾ ਸਕਦਾ ਹੈ ਕਿ ਇਹਨਾਂ ਅੰਦੋਲਨਾਂ ਨੇ ਉਹਨਾਂ ਦਾਅਵਿਆਂ ਨੂੰ ਇਕ ਵਾਰ ਫਿਰ ਤੋਂ ਅਤੇ ਸਭ ਤੋਂ ਪ੍ਰਭਾਵੀ ਤੇ ਵਿਹਾਰਕ ਤੌਰ 'ਤੇ ਖੋਖਲਾ ਸਾਬਤ ਕਰ ਦਿੱਤਾ ਹੈ ਕਿ ਪੂੰਜੀਵਾਦ ਤੋਂ ਇਲਾਵਾ ਦੁਨੀਆਂ, ਪਾਸ ਕੋਈ ਹੋਰ ਬਦਲ ਨਹੀਂ ਹੈ ਕਿ ਪੂੰਜੀਵਾਦ ਹੀ ਸਭ ਤੋਂ ਨੈਸਰਗਿਕ ਤੇ ਵਿਕਸਤ ਅਰਥਚਾਰਾ ਹੈ ਜੋ ਮਨੁਖੀ ਸੁਭਾਅ ਦੇ ਅਨਰੂਪ ਹੈ ਕਿ ਉਦਾਰ ਬੁਰਜੂਆ ਜਮਹੂਰੀਅਤ ਹੀ ਉਹ ਉਚ ਤਰ੍ਹਾਂ ਰਾਜਸੀ ਵਿਵਸਥਾ ਹੈ ਜਿਸ ਤਕ ਮਾਨਵਤਾ ਪਹੁੰਚ ਸਕਦੀ ਹੈ ਅਤੇ ਇਹ ਕਿ ਪੂੰਜੀਵਾਦ ਦੀ 'ਜਿੱਤ' (?) ਨੇ ਵਿਚਾਰਧਾਰਾ, ਇਤਿਹਾਸ, ਕਵਿਤਾ ਸਭ ਦਾ ਅੰਤ ਕਰ ਦਿੱਤਾ ਹੈ ਅਤੇ ਉਦਾਰ ਪੂੰਜੀਵਾਦੀ ਵਿਅਕਤੀ ਆਖੀਰੀ ਮਨੁੱਖ ਹੈ। ਹੁਣ ਇਹਨਾਂ ਦਾਅਵਿਆਂ 'ਤੇ ਹਸਣ ਨੂੰ ਵੀ ਦਿਲ ਨਹੀਂ ਕਰਦਾ ਕਿਉਂ ਹਸਣਾ ਹੀ ਉਸ 'ਤੇ ਕੁਝ ਧਿਆਨ ਦੇਣ ਬਰਾਬਰ ਹੈ। ਇਤਿਹਾਸ ਨੇ 'ਇਤਿਹਾਸ ਦੇ ਅੰਤ' ਦੇ ਸਾਰੇ ਐਲਾਨਾਂ ਨੂੰ ਇਤਿਹਾਸ ਦੇ ਕੂੜੇਦਾਨ 'ਚ ਸੁੱਟ ਦਿੱਤਾ ਹੈ। ਇਹਨਾਂ ਲੋਕ ਉਭਾਰਾਂ ਨੇ ਵਿਖਾ ਦਿਤਾ ਹੈ ਕਿ ਦੁਨੀਆਂ ਦੇ ਲੋਕ ਅਜੇਹੀ ਅਤਿਆਚਾਰੀ, ਗੈਰ ਮਨੁਖੀ, ਘ੍ਰਿਣਿਤ ਤੇ ਅਰਾਜਕ ਵਿਵਸਥਾ ਨਹੀਂ ਕਦੇ ਸਹਿਣ ਨਹੀਂ ਕਰ ਸਕਦੇ ਜੋ ਉਸ ਨੂੰ ਪਿਛਲੇ 200 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਭੁੱਖ, ਗਰੀਬੀ, ਬੇਰੁਜ਼ਗਾਰੀ, ਯੁੱਧ, ਵਾਤਾਵਰਣੀ ਵਿਨਾਸ਼, ਅਸੁਰਖਿਆ, ਬੇਯਕੀਨੀ ਤੇ ਤਬਾਹੀ ਤੋਂ ਇਲਾਵਾ ਕੁਝ ਵੀ ਨਹੀਂ ਦੇ ਸਕੀ ਹੈ। ਪੂੰਜੀਵਾਦ ਦੀਆਂ ਸਭ ਪ੍ਰਗਤੀਸ਼ੀਲ ਸੰਭਾਵਨਾਵਾਂ ਰੱਦ ਹੋ ਚੁਕੀਆਂ ਹਨ ਅਤੇ ਇਹ ਲੋਕ ਉਭਾਰ ਦਿਖਾ ਰਹੇ ਹਨ ਕਿ ਇਸ ਮਨੁੱਖ ਦੋਖੀ ਪ੍ਰਬੰਧ ਤੋਂ ਦੁਨੀਆਂ ਦੇ ਲੋਕ ਅੱਕ ਚੁੱਕੇ ਹਨ। ਪਰ ਸੁਆਲ ਇਹ ਹੈ ਕਿ ਕੀ ਮੌਜੂਦਾ ਪੂੰਜੀਵਾਦ ਵਿਰੋਧੀ ਅੰਦੋਲਨ ਕੋਈ ਬਦਲ ਦੇ ਸਕਣਗੇ ਅਤੇ ਸਿਰਫ ਸੱਤਾ ਬਦਲੀ ਨਹੀਂ ਬਲਕਿ ਵਿਵਸਥਾ 'ਚ ਤਬਦੀਲੀ ਹੋਣ ਦੀ ਸੰਭਾਵਨਾ ਰਖਦੇ ਹਨ? ਇਹਨਾਂ ਨੇ ਪੂੰਜੀਵਾਦ ਦੀ ਵਾਜਬੀਅਤ ਦੇ ਦਾਅਵੇ 'ਤੇ ਤਾਂ ਸੱਟ ਮਾਰੀ ਹੈ। ਪਰ ਕੀ ਉਹ ਪੂੰਜੀਵਾਦ ਦਾ ਬਦਲ ਦੇ ਸਕਦੇ ਹਨ? ਪਰ ਇਨ੍ਹਾਂ ਸੁਆਲਾਂ ਦਾ ਜੁਆਬ ਦੇਣ ਤੋਂ ਪਹਿਲਾਂ ਹੀ ਸੰਸਾਰ ਭਰ 'ਚ ਹੁਣ ਤਕ ਹਾਰ ਦੇ ਬੋਧ ਦੇ ਸ਼ਿਕਾਰ ਸਾਰੇ ਇਨਕਲਾਬੀ ਸੰਗਠਨ ਚਿੰਤਕ ਤੇ ਬੁਧੀਜੀਵੀ ਜੋ ਲੰਮੇ ਅਰਸੇ ਤੋਂ ਛਾਈ ਮੁਰਦਾ ਸ਼ਾਂਤੀ ਤੇ ਪੂੰਜੀਵਾਦ ਦੇ ਜੁਝਾਰੂ ਵਿਰੋਧ ਦੀ ਗੈਰ

ਹਾਜ਼ਰੀ ਕਰਕੇ ਨਿਰਾਸ਼ ਸਨ ਹੁਣ ਹੌਂਸਲੇ 'ਚ ਹੋ ਗਏ ਹਨ। ਕੁਝ ਮਾਰਕਸੀ ਚਿੰਤਕਾਂ ਨੇ ਤਾਂ ਇਹ ਸਿਧਾਂਤ ਹੀ ਦੇ ਦਿਤਾ ਜਾ ਕਮਿਊਨਿਸਟ ਪਾਰਟੀਆਂ ਤੇ ਸਮਾਜਵਾਦੀ ਸ਼ਿਵਰ ਦੇ ਪਤਨ ਦੇ ਕਾਰਨ ਨਿਰਾਸ਼ ਹੋ ਕੇ ਪਹਿਲਾਂ ਤੋਂ ਹੀ ਇਹ ਸਿਧਾਂਤ ਦੇ ਰਖਿਆ ਸੀ ਕਿ ਅੱਜ ਜੋ ਇਨਕਲਾਬ ਹੋਣਗੇ ਉਸ 'ਚ ਪਾਰਟੀਆਂ ਤੇ ਲੀਡਰਸ਼ਿਪ ਦੀ ਕੋਈ ਭੂਮਿਕਾ ਨਹੀਂ ਹੋਵੇਗੀ ਬਲਕਿ ਇਹ ਲੋਕਾਂ ਵਲੋਂ ਹੀ ਅੰਜ਼ਾਮ ਦੇ ਦਿਤੀ ਜਾਵੇਗੀ। ਇੰਟੋਨਿਓ ਨੇਰਗੀ ਜੈਰੋ "ਉਤਰ-ਮਾਓਵਾਦੀ" (ਪਤਾ ਨਹੀਂ ਇਸ ਦਾ ਕੀ ਮਤਲਬ ਹੁੰਦਾ ਹੈ!) ਵਿਚਾਰਕ ਹੁਣ ਇਸ ਸੋਚ ਨੂੰ ਤਿਆਗ ਚੁਕੇ ਹਨ ਕਿ ਪ੍ਰੋਲੋਤਾਰੀ ਵਰਗ ਦੇ ਹਿਰਾਵਲ ਦਸਤੇ ਦੀ ਅਗਵਾਈ 'ਚ ਕੋਈ ਇਨਕਲਾਬ ਹੋਵੇਗਾ, ਉਹ ਇਹ ਨਹੀਂ ਮੰਨਦੇ ਕਿ ਪ੍ਰੋਲੋਤਾਰੀ (ਮਜ਼ਦੂਰ ਜਮਾਤ) ਮਨੁਖੀ ਇਤਿਹਾਸ ਦੀ ਸਭ ਤੋਂ ਇਨਕਲਾਬੀ ਜਮਾਤ ਹੈ ਜੋ ਕਿ ਆਪਣੀ ਮੁਕਤੀ ਦੇ ਨਾਲ-ਨਾਲ ਆਪਣੇ ਆਪ ਨੂੰ ਖਤਮ ਕਰੇਗਾ ਅਤੇ ਪੂਰੀ ਮਾਨਵਤਾ ਨੂੰ ਮੁਕਤ ਕਰੇਗਾ। ਇਹਨਾਂ "ਮੁਕਤ" ਚਿੰਤਕਾਂ ਦਾ ਵਿਚਾਰ ਹੈ ਕਿ ਹੁਣ ਹਰਿਆਵਲ (ਸੰਗਠਨ) ਵਰਗੀ ਕਿਸੇ ਚੀਜ ਦੀ ਲੋੜ ਨਹੀਂ ਹੈ ਇਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਹੁਣ ਮਜ਼ਦੂਰ ਜਮਾਤ ਦੀ ਥਾਂ ਆਮ ਤੌਰ 'ਤੇ "ਲੋਕ" ਲੈ ਲੈਣਗੇ ਅਤੇ ਸ਼ਰਮਾਏਦਾਰ ਜਮਾਤ ਦੀ ਥਾਂ ਉਹ ਹਾਕਮ ਜਮਾਤ ਪਸੰਦ ਕਰਦੇ ਹਨ। ਬੇਦਿਯੂ ਇਕ ਉਤਰ-ਮਾਰਕਸਵਾਦੀ ਕਮਿਊਨਿਜ਼ਮ ਦੀ ਗੱਲ ਕਰਦਿਆ ਇਸ ਨਤੀਜੇ 'ਤੇ ਪਹੁੰਚਦੇ ਹਨ ਕਿ ਕਮਿਊਨਿਜ਼ਮ ਦਾ "ਵਿਚਾਰ" ਆਦਿ ਕਾਲ ਤੋਂ ਮੌਜੂਦ ਹੈ ਅਤੇ ਸਭ ਇਨਕਲਾਬ ਇਸ ਵਿਚਾਰ ਦੀ ਯਾਤਰਾ 'ਚ ਵੱਖ-ਵੱਖ ਪੜਾਅ ਸਨ। ਬੇਦਿਯੂ ਇਹ ਵੀ ਦਾਅਵਾ ਕਰਦੇ ਹਨ ਕਿ ਹੁਣ ਪਾਰਟੀ ਤੇ ਰਾਜ ਦਾ ਦੌਰ ਬੀਤ ਚੁਕਿਆ ਹੈ ਅਤੇ ਅਸੀਂ ਅਜੇਹੇ ਯੁੱਗ 'ਚ ਦਾਖਲ ਹੋ ਚੁੱਕੇ ਹਾਂ ਜਿਸ 'ਚ ਪਾਰਟੀ ਤੇ ਰਾਜ ਵਰਗੀਆਂ ਸ਼੍ਰੇਣੀਆਂ ਗੈਰ ਪ੍ਰਸੰਗਿਕ ਹੋ ਚੁੱਕੀਆਂ ਹਨ। ਇਹ ਸਾਰੀਆਂ ਸ਼੍ਰੇਣੀਆਂ ਮਾਰਕਸਵਾਦੀ ਕਮਿਊਨਿਸਟ ਦਾ ਉਤਪਾਦ ਸਨ ਤੇ ਹੁਣ ਜਮਾਤੀ ਵਿਸ਼ਲੇਸ਼ਣ ਦੇ ਅਧਾਰ 'ਤੇ ਮਾਰਕਸਵਾਦੀ ਕਮਿਊਨਿਜ਼ ਦੀ ਥਾਂ ਸ਼ੁੱਧ ਰੂਪ 'ਚ ਕਮਿਊਨਿਜ਼ਮ ਦੇ ਸਨਾਤਨ ਵਿਚਾਰ ਨੇ ਲੈ ਲਈ ਹੈ। ਅਜੇਹੀ ਧੁਰੀ ਹੀਣ ਚਿੰਤਕਾਂ ਨੇ ਅਰਬ ਲੋਕ ਉਭਾਰ ਦੇ ਸ਼ੁਰੂ ਹੋਣ 'ਤੇ ਵੀ ਅਜੇਹੇ ਐਲਾਨ ਕਰਨੇ ਸ਼ੁਰੂ ਕਰ ਦਿੱਤੇ ਸਨ ਕਿ ਉਹਨਾਂ ਦਾ ਪਾਰਟੀ ਰਹਿਤ, ਲੀਡਰਸ਼ਿਪ ਰਹਿਤ, ਮਾਰਕਸ ਵਾਦੋਤਰ ਕਮਿਊਨਿਸਟ ਇਨਕਲਾਬ ਦਾ ਸਿਧਾਂਤ ਸਹੀ ਸਿੱਧ ਹੋ ਰਿਹਾ ਹੈ। ਪਰ ਜਲਦੀ ਹੀ ਅਰਬ ਲੋਕ ਉਭਾਰ ਕਿਸੇ ਇਨਕਲਾਬ 'ਚ ਤਬਦੀਲ ਹੋਣ ਦੀ ਬਜਾਏ ਬਹੁਤੀਆਂ ਥਾਵਾਂ 'ਤੇ ਫੌਜ ਤੇ ਇਸਲਾਮਿਕ ਕਟੜ ਪੰਥੀਆਂ ਦਾ ਗਠਜੋੜ ਦੀ ਹਕੂਮਤ ਵਿਚ ਤਬਦੀਲ ਹੋ ਗਿਆ ਅਤੇ ਬਾਕੀ ਥਾਵਾਂ 'ਤੇ ਪੂੰਜੀਪਤੀ ਵਰਗ ਦੇ ਕਿਸੇ ਇਕ ਬੰਦੇ ਦੀ ਅਗਵਾਈ 'ਚ ਚਲਣ ਵਾਲੀ ਅਤਿਆਚਾਰੀ ਨਿਜੀ ਤਾਨਾਸ਼ਾਹੀ ਦੀ ਥਾਂ ਉਦਾਰ ਸੰਸਦੀ ਜਨਤੰਤਰ ਵਜੋਂ ਪੂੰਜੀਪਤੀ ਵਰਗ ਦੀ ਅਜ਼ਾਰੇਦਾਰੀ ਤਾਨਾਸ਼ਾਹੀ ਨੇ ਲੈ ਲਈ। ਇੰਟੋਨਿਓ ਹਾਰਟ ਐਂਡ ਮਾਈਕਲ ਨੇਰਗੀ ਨੇ ਤਾਂ ਸਮੇਂ ਤੋਂ ਪਹਿਲਾਂ ਹੀ ਖੁਸ਼ ਹੋ ਕੇ ਆਪਣੇ ਸਿਧਾਂਤ ਦੀ ਪੁਸ਼ਟੀ ਦੇ ਐਲਾਨ ਵੀ ਕਰਵਾ ਦਿਤੇ। ਪਰ ਅਰਬ ਲੋਕ ਉਭਾਰ ਬੀਤਣ ਦੇ ਕੁਝ ਸਮੇਂ ਪਿਛੋਂ ਹੀ ਅਜੇਹੇ ਸਾਰੇ ਚਿੰਤਕ ਕੋਨੇ-ਅੰਤਰੇ ਲੱਭਦੇ ਨਜ਼ਰ ਆ ਰਹੇ ਹਨ ਅਤੇ ਇਸ ਸਮੇਂ 'ਵਾਲ ਸਟਰੀਟ ਕਬਜ਼ਾ ਕਰੋ!' ਅੰਦੋਲਨ ਦੀ ਸ਼ੁਰੂਆਤ ਦੇ ਨਾਲ ਇਨ੍ਹਾਂ ਚਿੰਤਕਾਂ ਨੇ ਫਿਰ ਇਕ ਵਾਰੀ ਆਪੋ-ਆਪਣੀਆਂ ਖੁੱਡਾਂ ਵਿਚ ਨਿਕਲ ਕੇ ਇਹ ਐਲਾਨ ਕਰ ਦਿਤਾ ਹੈ ਕਿ ਉਹਨਾਂ ਦੇ ਸਿਧਾਂਤ ਸਹੀ

ਸਾਬਤ ਹੋ ਰਹੇ ਹਨ ਅਤੇ ਇਕ ਵਾਰੀ ਫਿਰ ਉਹ ਮੰਜ਼ਿਲ ਆ ਰਹੀ ਹੈ ਜਦ ਉਹਨਾਂ ਨੂੰ ਆਪਣੇ ਹੀ ਸ਼ਬਦਾਂ ਨੂੰ ਵਾਪਸ ਲੈਣਾ ਪਵੇਗਾ। ਮੌਜੂਦਾ 'ਵਾਲ ਸਟਰੀਟ ਕਬਜ਼ਾ ਕਰੋ' ਅੰਦੋਲਨ ਦੀ ਸ਼ੁਰੂਆਤ ਇਕ ਖਪਤਵਾਦ ਵਿਰੋਧੀ ਸੰਗਠਨ ਏਡਵਸਟਰ ਵਲੋਂ ਇੰਟਰਨੈੱਟ 'ਤੇ ਦਿਤੇ ਸੱਦੇ ਨਾਲ ਹੋਈ ਆਪ ਨੂੰ ਇਹ ਯਾਦ ਹੋਵੇਗਾ ਅਰਬ ਲੋਕ ਉਭਾਰ ਦੀ ਸ਼ੁਰੂਆਤ ਵਿਚ ਵੀ ਨਵੇਂ ਸੂਚਨਾ ਮਾਧਿਅਮਾਂ ਦੀ ਕਾਫੀ ਵਰਤੋਂ ਕੀਤੀ ਗਈ ਸੀ। ਅਮਰੀਕਾ 'ਚ ਇਹ ਅੰਦੋਲਨ ਨਿਊਯਾਰਕ ਦੇ ਜ਼ੁਕੋਟੀ ਪਾਰਕ 'ਚ ਮੁਜਾਹਰੇ ਤੋਂ ਸ਼ੁਰੂ ਹੋਇਆ। ਤਦ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਉਹ ਏਨੇ ਜ਼ਿਆਦਾ ਲੋਕਾਂ ਦੀ ਖਿੱਚ ਦਾ ਕੇਂਦਰ ਬਣੇਗਾ। ਪਰ ਸਮਾਜ 'ਚ ਵੱਖ-ਵੱਖ ਤਬਕਿਆਂ ਦੇ ਲੋਕ ਆਪਣੀਆਂ-ਆਪਣੀਆਂ ਸ਼ਕਾਇਤਾਂ ਦੇ ਨਾਲ ਇਸ ਅੰਦੋਲਨ ਦੇ ਨਾਲ ਜੁੜਨ ਲੱਗੇ। ਵੱਖ-ਵੱਖ ਤਬਕੇ ਕਾਫੀ ਲੰਮੇ ਸਮੇਂ ਪਿਛੋਂ ਆਪਣੀਆਂ-ਆਪਣੀਆਂ ਵੱਖ-ਵੱਖ ਮੰਗਾਂ ਲੈ ਕੇ ਇਕੋ ਵੇਲੇ ਸੜਕਾਂ 'ਤੇ ਆ ਰਹੇ ਸਨ। ਇਸ ਤੋਂ ਪਹਿਲਾਂ ਅਮਰੀਕਾ ਸਮੇਤ ਸਾਰੇ ਪੱਛਮੀ ਵਿਕਸਤ ਦੇਸ਼ਾਂ ਵਿਚ ਜੋ ਇੱਕਾ-ਦੁਕਾ ਅੰਦੋਲਨ ਪਿਛਲੇ ਦੋ-ਤਿੰਨ ਦਹਾਕਿਆਂ ਦੌਰਾਨ ਹੋਏ ਸਨ, ਉਹ ਜ਼ਿਆਦਾਤਰ ਕਿਸੇ ਇਕ ਮੁੱਦੇ 'ਤੇ ਕੇਂਦਰਿਤ ਸਨ। ਮਿਸਾਲ ਵਜੋਂ, ਸਿਖਿਆ ਦੇ ਸੁਆਲ 'ਤੇ, ਰਿਹਾਇਸ਼ ਦੇ ਸੁਆਲ 'ਤੇ, ਪੁਲਿਸ ਜਬਰ ਦੇ ਸੁਆਲ 'ਤੇ ਕੋਈ ਵਾਰ ਅੰਦੋਲਨ ਹੋਏ ਹਨ। ਪਰ ਇਸ ਵਾਰ ਸਮਾਜ ਦੇ ਵੱਖ-ਵੱਖ ਤਬਕਿਆਂ ਦੇ ਲੋਕ ਆਪਣੀਆਂ-ਆਪਣੀਆਂ ਸ਼ਕਾਇਤਾਂ ਦੇ ਨਾਲ ਅਤੇ ਆਪਣੇ-ਆਪਣੇ ਕਾਰਨਾਂ ਕਰਕੇ ਇਕੋ ਵੇਲੇ ਸੜਕਾਂ 'ਤੇ ਆਏ। ਵਿਜੈ ਪ੍ਰਸ਼ਾਦ ਵਰਗੇ ਟਿਪਣੀਕਾਰ ਇਸ ਪ੍ਰੀਘਟਨਾ ਨੂੰ ਸ਼ਕਾਰਾਤਮਕ ਮੰਨਦੇ ਹਨ ਕਿ ਇਸ ਕਾਰਨ ਕਰਕੇ ਇਸ ਅੰਦੋਲਨ ਦੇ ਵਿਚੋਂ ਫਿਲਹਾਲ ਕਈ ਟੁਕੜਿਆਂ 'ਚ ਵੰਡਿਆ ਹੋਇਆ ਖੱਬਾ ਪੱਖ (ਧਿਰ) ਕਿਸੇ ਇਕ ਜੁੱਟ ਪ੍ਰੋਗਰਾਮ ਦੇ ਨਾਲ ਉਭਰ ਕੇ ਅੱਗੇ ਆਵੇਗਾ। ਪਰ ਇਸ ਵਿਸਲੇਸ਼ਣ ਦੇ ਨਾਲ ਕਈ ਸਮਸਿਆਵਾਂ ਜੁੜੀਆਂ ਹੋਈਆਂ ਹਨ। ਕੋਈ ਕਮਿਊਨਿਸਟ ਲੀਡਰਸ਼ਿਪ ਤਾਂ ਹੀ ਸਾਹਮਣੇ ਆ ਸਕਦੀ ਹੈ ਜਦ ਨਾ ਸਿਰਫ ਉਹਨਾਂ ਕੋਲ ਇਕੋ ਮੰਗ ਪੱਤਰ ਹੋਵੇ ਬਲਕਿ ਉਸ ਪਾਸ ਇਕ ਯਕੀਨਨ ਵਿਚਾਰ ਧਾਰਾਤਮਕ ਸਥਿਤੀ, ਇਕ ਪ੍ਰੋਗਰਾਮ ਦੀ ਸੋਚ, ਰਣਨੀਤਕ ਤੇ ਆਮ ਰਣਕੌਸ਼ਿਲ ਸਮਝਦਾਰੀ ਹੋਵੇ ਅਤੇ ਨਾਲ ਹੀ ਇਕ ਸੂਝ-ਬੂਝ ਵਾਲੀ ਲੀਡਰਸ਼ਿਪ ਹੋਵੇ। ਪਰ ਮੌਜੂਦਾ ਸਮੇਂ 'ਚ ਮੰਗਾਂ ਜੈਵਿਕ ਤੌਰ 'ਤੇ ਇਕ ਮੰਗ ਪੱਤਰ ਦਾ ਹਿੱਸਾ ਨਹੀਂ ਬਣ ਰਹੀਆਂ ਹਨ ਅਤੇ ਅਜੇਹੇ ਕਿਸੇ ਵੀ ਭਾਵੀ ਮੰਗ ਪੱਤਰ ਦੀਆਂ ਮੰਗਾਂ ਪਿਛੇ ਕੋਈ ਇਕ ਵਿਚਾਰਧਾਰਾ ਮੌਜੂਦ ਹੋਣ ਦੀ ਗੁੰਜਾਇਸ਼ ਘੱਟ ਹੀ ਨਜ਼ਰ ਆ ਰਹੀ ਹੈ। ਕਾਰਣ ਇਹ ਹੈ ਕਿ ਵੱਖ-ਵੱਖ ਤਬਕੇ ਜੋ ਆਰਥਕ ਸੰਕਟ ਦੇ ਸਿਟਿਆਂ ਤੋਂ ਤੰਗ ਆ ਕੇ ਸੜਕਾਂ 'ਤੇ ਆਪਣੀਆਂ ਮੰਗਾਂ ਸਬੰਧੀ ਉਤਰੇ ਹਨ, ਉਹਨਾਂ ਦੀਆਂ ਮੰਗਾਂ ਇਕ ਬਝਵੇਂ (ਐਗ੍ਰੀਗੇਟਿਡ) ਢਾਂਚੇ 'ਚ ਸਾਹਮਣੇ ਆ ਰਹੀਆਂ ਹਨ। ਇਸ ਲਈ ਇਹ ਜਿੰਨੀਆਂ ਜਲਦੀ ਨਾਲ ਆ ਰਹੀਆਂ ਹਨ, ਹਾਕਮ ਜਮਾਤਾਂ ਵਲੋਂ ਓਹਨਾਂ 'ਚੋਂ ਕੁਝ ਵੀ ਪੂਰਾ ਕੀਤੇ ਜਾਣ ਜਾਂ ਅੰਸ਼ਕ ਤੌਰ 'ਤੇ ਪੂਰੀਆਂ ਕੀਤੇ ਜਾਣ ਦੇ ਨਾਲ ਉਨੀ ਜਲਦੀ ਖਿੰਡ ਵੀ ਸਕਦੀਆਂ ਹਨ। ਸਪਸ਼ਟ ਹੈ ਕਿ ਮੌਜੂਦਾ "ਕਬਜ਼ਾ ਕਰੋ" ਅੰਦੋਲਨ ਦੇ ਕੋਲ ਕੋਈ ਤਹਿਸ਼ੁਦਾ ਮਕਸਦ ਜਾਂ ਉਦੇਸ਼ ਨਹੀਂ ਹੈ। ਇਸ ਦੇ ਪਾਸ ਕੋਈ ਜਥੇਬੰਦਕ ਢਾਂਚਾ ਵੀ ਨਹੀਂ ਹੈਜੋ ਇਸ ਨੂੰ ਖਾਸ ਹੱਦ ਤਕ ਲੀਡਰਸ਼ਿਪ ਮੁਹਈਆ ਕਰੇ ਅਤੇ ਨਾ ਹੀ ਇਸ ਦਾ ਕੋਈ ਸਾਫ-ਸਾਫ ਦਿਸਣ ਵਾਲੀ ਲੀਡਰਸ਼ਿਪ

ਹੈ। ਅਸਲ 'ਚ ਅਜੇ ਅਮਰੀਕਾ ਤੇ ਦੁਨੀਆਂ ਦੇ ਕਈ ਵਿਕਸਤ ਦੇਸ਼ਾਂ ਦੇ ਵੱਡੇ-ਵੱਡੇ ਸ਼ਹਿਰਾਂ 'ਚ ਜੋ ਹੋ ਰਿਹਾ ਹੈ ਉਹ ਵਿਤੀ ਅਜ਼ਾਰੇਦਾਰ ਪੂੰਜੀਵਾਦੀ ਵਿਸ਼ਵੀਕਰਨ ਦੇ ਇਸ ਦੌਰ ਵਿਚ ਨਵ-ਉਦਾਰਵਾਦ ਦੀ ਨੰਗੀਆਂ ਚਿਟੀਆਂ ਨੀਤੀਆਂ ਦੇ ਸਿਟੇ ਵਜੋਂ ਪੈਦਾ ਹੋਈ ਮੰਦੀ, ਬੇਰੁਜ਼ਗਾਰੀ, ਤਬਾਹੀ, ਬਰਬਾਦੀ ਦੇ ਖਿਲਾਫ ਜਨਤਾ ਦੇ ਗੁਸੇ ਦਾ ਵਿਸਫੋਟ ਹੈ। ਵੱਖ-ਵੱਖ ਸਮਾਜਕ ਜਮਾਤਾਂ ਆਪਣੇ-ਆਪਣੇ ਕਾਰਨਾਂ ਕਰਕੇ ਸੜਕਾਂ 'ਤੇ ਹਨ। ਇਹ ਕਾਰਨ ਆਰਥਕ ਵੀ ਹਨ ਤੇ ਰਾਜਸੀ ਵੀ। ਪਰ ਉਹਨਾਂ ਦੀਆਂ ਮੰਗਾਂ ਇਕ ਆਪਾ ਧਾਪੀ 'ਚ ਪ੍ਰਗਟ ਹੋ ਰਹੀਆਂ ਹਨ, ਕਿਸੇ ਨਿਸ਼ਚਤ ਉਦੇਸ਼ ਦੀ ਪ੍ਰਾਪਤੀ ਲਈ ਬਣੇ ਪ੍ਰੋਗਰਾਮ ਨਾਲ ਬੱਝੇ ਮੰਗ ਪੱਤਰ ਵਜੋਂ ਨਹੀਂ। ਇਹਨਾਂ ਮੁਜਾਹਰਿਆਂ 'ਚ ਵੱਖ-ਵੱਖ ਤਰ੍ਹਾਂ ਦੇ ਰਾਜਸੀ ਸਮੂਹ ਹਿੱਸਾ ਲੈ ਰਹੇ ਹਨ ਜਿਹਨਾਂ 'ਚ ਮਾਰਕਸਵਾਦੀ ਲੈਨਿਨਵਾਦੀ ਸਮੂਹਾਂ ਤੋਂ ਲੈ ਕੇ ਅਰਾਜਕਤਾ ਵਾਦੀ, ਈਸਾਈ ਸਮਾਜਵਾਦੀ, ਕਲਿਆਣਕਾਰੀ ਰਾਜ ਦੇ ਸਮਰਥਕ, ਚਾਮਸ ਕੀ ਪੰਥੀ, ਸਵੈ ਸੇਵੀ, ਸੰਗਠਨ ਆਦਿ ਤਕ ਸ਼ਾਮਲ ਹਨ। ਇਹ ਪੂੰਜੀਵਾਦ (ਸਾਮਰਾਜ) ਵਿਰੋਧੀ ਨਾਹਰੇ ਲਾ ਰਹੇ ਹਨ ਪਰ ਇਹ ਕੋਈ ਨਹੀਂ ਦਸ ਰਿਹਾ ਹੈ ਕਿ ਜੇ ਉਹ ਵਾਲ ਸਟਰੀਟ ਦੇ ਹਿੱਤਾਂ ਤੋਂ ਸੰਚਾਲਿਤ ਹੋਣ ਵਾਲੀ ਪੂੰਜੀਵਾਦੀ ਪ੍ਰਣਾਲੀ ਨੂੰ ਨਾਕਾਰ ਰਹੇ ਹਨ ਤਾਂ ਬਦਲ ਕੀ ਪੇਸ਼ ਕਰ ਰਹੇ ਹਨ? ਅਕਸਰ ਉਹ ਸਿਰਫ ਪੂੰਜੀਵਾਦ ਹੀ ਨਹੀਂ ਬਲਕਿ ਵਿਤੀ ਪੂੰਜੀ ਦੀ ਤਾਨਾਸ਼ਾਹੀ ਦੀ ਗੱਲ ਕਰਦੇ ਹਨ। ਸਿਰਫ ਪੂੰਜੀ ਦੀ ਤਾਨਾਸ਼ਾਹੀ ਕਿਉਂ ਨਹੀਂ, ਸਿਰਫ ਬੈਂਕਾਂ ਦਾ ਤਾਨਾਸ਼ਾਹੀ ਦਾ ਵਿਰੋਧ ਹੀ ਕਿਉਂ? ਕਿਤੇ ਉਹ 'ਕਾਰਪੋਰੇਟ ਵੈਲਫੇਅਰ ਸਟੇਟ' (ਜੋਸੇਫ ਸਿਟਗਿਲਟਜ਼ ਦੇ ਸ਼ਬਦਾਂ ਵਿਚ) ਤੋਂ 'ਪਬਲਿਕ ਵੈਲਫੇਅਰ ਸਟੇਟ' ਵੱਲ ਵਾਪਸ ਮੁੜਨ ਦੀ ਇੱਛਾ ਦੀ ਪ੍ਰਛਾਈ ਤਾਂ ਨਹੀਂ? ਕਿਉਕਿ ਜੇ ਆਪ ਪੂੰਜੀਵਾਦੀ ਵਿਵਸਥਾ ਦੇ ਬਦਲ ਦੀ ਗੱਲ ਨਹੀਂ ਕਰਦੇ ਤਾਂ ਤੁਹਾਡਾ ਅਰਥ "ਕਲਿਆਣਕਾਰੀ" ਪੂੰਜੀਵਾਦ ਵੱਲ ਵਾਪਸੀ ਦਾ ਨਾਹਰਾ ਦੇਣਾ ਪਵੇਗਾ। ਉਹਨਾਂ ਦੇ ਕੁਝ ਨਾਹਰਿਆਂ 'ਚ ਇਹ ਗੱਲ ਸਪਸ਼ਟ ਹੁੰਦੀ ਹੈ ਜਿਵੇਂ ਕਿ 'ਮੇਨ ਸਟਰੀਟ ਨੂੰ ਬਚਾਓ, ਵਾਲ ਸਟਰੀਟ ਨੂੰ ਨਹੀਂ' '99 ਫੀ ਸਦੀ ਨੂੰ ਬਚਾਓ, ਇਕ ਫੀ ਸਦੀ ਨੂੰ ਨਹੀਂ' ਆਦਿ। ਹੁਣ ਸੋਚਣ ਦੀ ਗੱਲ ਇਹ ਹੈ ਕਿ ਇਹ ਬਚਾਉਣ ਦੀ ਮੰਗ ਕਿਸ ਤੋਂ ਕੀਤੀ ਜਾ ਰਹੀ ਹੈ? ਨਿਸਚੈ ਹੀ ਰਾਜਸੱਤਾ ਤੋਂ ਪਹਿਲਾਂ ਸਟੇਟ ਸਰਗਰਮੀ ਨਾਲੋਂ ਲੋਕਾਂ ਦੇ ਪਿਛੜਿਆਂ ਹਿਸਿਆਂ ਦੇ ਹਿੱਤਾਂ ਦੀ ਰਾਖੀ ਲਈ ਦਖਲਅੰਦਾਜੀ ਕਰਦੀ ਸੀ। ਇਹ ਬਹੁਤ ਵੱਡੀ ਮਿੱਥ ਹੈ ਕਿ ਸਟੇਟ ਨਵ-ਉਦਾਰਵਾਦ ਦੇ ਦੌਰ 'ਚ ਹੁਣ ਦਖਲਅੰਦਾਜ਼ੀ ਨਹੀਂ ਕਰਦੀ। ਅਸਲ ਵਿਚ ਰਾਜ ਪਹਿਲਾਂ ਹਮੇਸ਼ਾ ਤੋਂ ਵੱਧ ਦਖਲਅੰਦਾਜ਼ੀ ਕਰਦਾ ਰਿਹਾ ਹੈ। ਇਹ ਪਰ ਦਖਲ ਅੰਦਾਜ਼ੀ ਉਹ ਗਰੀਬ, ਕਮਜ਼ੋਰ ਤੇ ਪਿਛੜੇ ਹਿਸਿਆਂ ਲਈ ਭੋਜਨ, ਰਿਹਾਇਸ਼, ਰਾਜ ਤੇ ਸਮਾਜਕ ਸੁਰਖਿਆ ਦੇਣ ਲਈ ਨਹੀਂ ਬਲਕਿ ਮੰਦੀ ਨਾਲ ਕਰਾਹ ਰਹੀਆਂ ਕਾਰਪੋਰੇਸ਼ਨਾਂ ਨੂੰ ਬਚਾਉਣ ਦੀ ਖਾਤਰ ਬੇਲ ਆਉਣ ਪੈਕੇਜ਼ ਦੇਣ ਲਈ ਕਰ ਰਿਹਾ ਹੈ। ਯਾਨੀ ਇਥੇ ਇਹ ਮੰਗ ਕੀਤੀ ਜਾ ਰਹੀ ਹੈ ਕਿ ਰਾਜ ਲੋਕਾਂ ਦੇ ਹੱਕ 'ਚ ਦਖਲ ਅੰਦਾਜੀ ਕਰੇ ਤੇ ਉਹਨਾਂ ਦੇ ਹਿੱਤਾਂ ਦੀ ਹਿਫ਼ਾਜਤ ਕਰੇ ਜਾਂ ਘਟੋਂ-ਘੱਟ ਥੋੜਾ ਬਹੁਤ ਖਿਆਲ ਰਖੇ ਨਾ ਕਿ ਕਾਰਪੋਰੇਸ਼ਨਾਂ ਦੇ ਏਜੰਟ ਵਜੋਂ ਕੰਮ ਕਰੇ। ਪਰ ਪੂੰਜੀਵਾਦ ਪ੍ਰਣਾਲੀ ਯਾਨੀ ਕਿ ਨਿਜੀ ਮਾਲਕੀ ਤੇ ਨਿਜੀ ਮੁਨਾਫੇ ਤੇ ਨਿਜੀ ਪੂੰਜੀ ਦੇ ਬਲਬੂਤੇ ਵਾਲੀ ਪੂਰੀ ਪੂੰਜੀਵਾਦੀ ਪ੍ਰਣਾਲੀ ਨੂੰ ਸਿਧਾਂਤਿਕ ਤੌਰ 'ਤੇ ਕਟਹਿਰੇ 'ਚ ਖੜ੍ਹਾ ਨਹੀਂ ਕੀਤਾ ਗਿਆ ਹੈ। ਜਿਸ ਚੀਜ਼ 'ਤੇ

ਹੱਲਾ ਬੋਲਿਆ ਜਾ ਰਿਹਾ ਹੈ ਉਹ ਪੂੰਜੀਵਾਦ ਦੇ ਸਿਰਫ ਲੱਛਣ ਮਾਤਰ ਹੀ ਹਨ ਜਿਸ ਕਾਰਨ ਤੰਗ ਹੋ ਕੇ ਲੋਕ ਸੜਕਾਂ 'ਤੇ ਉਤਰੇ ਹਨ। ਇਸ ਲਈ ਇਹਨਾਂ ਮੁਜਾਹਰਿਆਂ ਦਾ ਕੋਈ ਸ਼ਕਾਰਾਤਮਕ ਪ੍ਰਸਤਾਅ ਨਹੀਂ ਹੈ। ਇਹ ਪੂੰਜੀਵਾਦੀ ਲੋਕਾਂ ਵਲੋਂ ਲੋਕਾਂ 'ਤੇ ਠੋਸੀਆਂ ਗਈਆਂ ਤਬਾਹੀਆਂ ਦੇ ਇਕ ਹੱਦ ਪਾਰ ਕਰ ਜਾਣ ਪਿਛੋਂ ਲੋਕਾਂ ਦਾ ਨਿਰਾਸ਼ ਹੋ ਕੇ ਸੜਕਾਂ 'ਤੇ ਉਤਰਨਾ ਹੈ, ਆਪਣੀ ਗਰੀਬੀ, ਬੇਰੁਜ਼ਗਾਰੀ, ਭੁਖਮਰੀ, ਬੇਘਰੀ, ਸਿਖਿਆ ਤੇ ਸਿਹਤ ਦੇ ਅਧਿਕਾਰ ਦੇ ਸੁਆਲ 'ਤੇ ਸੜਕਾਂ 'ਤੇ ਉਤਰੇ ਹਨ। ਪਰ ਇਹ ਸਭ ਸਮਸਿਆਵਾਂ ਜਿਸ ਪ੍ਰਬੰਧ ਕਾਰਨ ਪੈਦਾ ਹੋ ਰਹੀਆਂ ਹਨ, ਆਪ ਉਸ ਪ੍ਰਬੰਧ ਦਾ ਕੋਈ ਬਦਲ ਪੇਸ਼ ਨਹੀਂ ਕਰਦੇ। ਆਪ ਪਹਿਲਾਂ ਪੂਰੇ ਦੇ ਪੂਰੇ ਰਾਜਸੀ ਆਰਥਕ ਤੰਤਰ ਨੂੰ ਦਿਵਾਲੀਆ ਦਸਦੇ ਹੋ ਆਪ ਪੂਰੇ ਰਾਜਸੀ ਵਰਗ ਨੂੰ ਭ੍ਰਿਸ਼ਟ ਦਸਦੇ ਹੋ (ਜੋ ਕਿ ਸੱਚ ਹੈ) ਪਰ ਅੰਤ 'ਚ ਆਪ ਉਸ ਪੂਰੀ ਵਿਵਸਥਾ ਤੇ ਹਾਕਮ ਜਮਾਤ ਨੂੰ ਜੜ੍ਹੋਂ ਪੁੱਟ ਸੁਟਣ ਦਾ ਸੱਦਾ ਨਹੀਂ ਦਿੰਦੇ ਤੇ ਨਾ ਹੀ ਕੋਈ ਠੋਸ ਅਮਲੀ ਪ੍ਰੋਗਰਾਮ ਪੇਸ਼ ਕਰਦੇ ਹੋ, ਆਪ ਜੋ ਕਰ ਰਹੇ ਹੋ ਉਹ ਅੰਤ 'ਚ ਇਕ ਸਿਰਫ ਮੰਗ ਹੀ ਹੈ ਅਤੇ ਕਿਸ ਤੋਂ? ਉਹਨਾਂ ਤੋਂ ਜਿੰਨਾਂ ਨੂੰ ਤੁਸੀਂ ਭ੍ਰਿਸ਼ਟ ਤੇ ਦਿਵਾਲੀਆ ਐਲਾਨ ਚੁੱਕੇ ਹੋ। 'ਵਾਲ ਸਟਰੀਟ ਨਾ ਬਚਾ ਕੇ ਮੇਨ ਸਟਰੀਟ ਨੂੰ ਬਚਾਓ' ਉਦੋਂ ਤਕ ਇਕ ਭਰਮਾਊ ਨਾਹਰਾ ਹੈ ਜਦ ਤਕ ਉਹ ਪੂਰੇ ਪ੍ਰਬੰਧ ਨੂੰ ਕਟਹਿਰੇ 'ਚ ਨਾ ਖੜ੍ਹਾ ਕੀਤਾ ਜਾਵੇ ਜੋ ਮੇਨ ਸਟਰੀਟ ਉਪਰ ਵਾਲਾ ਸਟਰੀਟ ਦੀ ਤਾਨਾਸ਼ਾਹੀ ਤੇ ਵੀਰਤਾ 'ਤੇ ਅਧਾਰਤ ਹੈ। ਇਸ ਲਈ ਮੌਜੂਦਾ ਵਿਵਸਥਾ ਦੇ ਬਣੇ ਰਹਿੰਦੀਆਂ ਵਾਲ ਸਟਰੀਟ ਨੂੰ ਬਚਾਉਣ ਇਕੋ ਇਕ ਬਦਲ ਹੈ ਤੇ ਉਸ ਬਿਨ੍ਹਾਂ ਮੇਨ ਸਟਰੀਟ ਨੂੰ ਕੋਈ ਰਾਹਤ ਨਹੀਂ ਮਿਲਦੀ। ਨਿਜੀ ਮਾਲਕਾਨੇ ਤੇ ਨਿਜੀ ਢਾਂਚੇ ਦੀ ਵਿਵਸਥਾ 'ਚ ਆਪ ਨਿਜੀ ਮਾਲਕੀ ਤੇ ਨਿਜੀ ਢਾਂਚੇ ਨੂੰ ਬਚਾਉਗੇ ਹੀ। ਤੁਹਾਡੇ ਕੋਲ ਹੋਰ ਬਦਲ ਵੀ ਕੀ ਹੈ? ਅੱਜ ਦਾ ਸੰਕਟ ਨਿਜੀ ਨਿਰਮਾਣ ਨੂੰ ਹੀ ਖਤਰਨਾਕ ਹੱਦਾਂ ਤਕ ਹੇਠਾਂ ਲੈਂਦਾ ਗਿਆ ਹੈ ਤੇ ਉਸ ਨੂੰ ਬਚਾਉਣ ਲਈ ਬੇਲ ਆਊਟ ਤੇ ਸਿਟਮਊਲਸ ਪੈਕੇਜ ਦਿਤੇ ਗਏ, ਜਿਨਾਂ ਦਾ ਵਿਰੋਧ ਇਹਨਾਂ ਸੰਘਰਸ਼ਾਂ 'ਚ ਹੋ ਰਿਹਾ ਹੈ ਪਰ ਇਹ ਮਹਿਜ ਟੁਕੜਿਆਂ 'ਚ ਉਹਨਾਂ ਵੱਖ-ਵੱਖ ਲੱਛਣਾਂ 'ਤੇ ਨਾਰਾਜ਼ਗੀ ਪ੍ਰਗਟ ਕਰਨਾ ਹੈ। ਜਿਸ ਨਾਲ ਲੋਕਾਂ ਦੇ ਵੱਖ-ਵੱਖ ਹਿੱਸੇ ਪ੍ਰਸ਼ਾਨ ਹਨ। ਇਸ ਲਈ ਬਿਨ੍ਹਾਂ ਪੂੰਜੀਵਾਦੀ ਵਿਵਸਥ ਦਾ ਵਿਰੋਧ ਕੀਤੇ ਸਿਰਫ ਉਸ ਦੇ ਵਿਤੀ ਅਜ਼ਾਰੇਦਾਰੀ ਦੇ ਦੌਰ 'ਚ ਪੈਦਾ ਹੋਣ ਵਾਲੇ ਵੱਖ-ਵੱਖ ਲੱਛਣਾਂ ਦਾ ਵਿਰੋਧ ਕਰਨਾ ਜਾਂ ਤਾਂ ਕਿਸੇ ਯੂਟੋਪਿਆ 'ਚ ਜਿਉਣ ਦੇ ਬਰਾਬਰ ਹੈ ਜਾਂ ਫਿਰ ਪੂੰਜੀਵਾਦੀ ਦੇ "ਕਲਿਆਣਕਾਰੀ" ਦੌਰ 'ਚ ਵਾਪਸ ਮੁੜ ਜਾਣ ਦੀ ਹਵਾਈ ਮੰਗ ਕਰਦਾ ਹੈ ਜੋ ਕਿ ਪੂੰਜੀਵਾਦੀ ਦੀ ਐਸੀ ਅੱਛੀ ਸਿਹਤ ਦੀ ਮੰਗ ਕਰਦਾ ਹੈ ਜੋ ਹੁਣ ਕਦੀ ਨਹੀਂ ਆਉਣ ਵਾਲੀ, ਭਾਵੇਂ ਹੀ ਉਹ ਕਿਸੇ ਅਧੂਰੇ ਪ੍ਰਤੀ ਰੋਧ ਤੇ ਇਨਕਲਾਬ ਦੀ ਘਾਟ 'ਤੇ ਟਿਕਿਆ ਰਹੇ।

ਅਸਲ 'ਚ ਜੋ ਕੋਈ ਪੂੰਜੀਵਾਦ-ਵਿਰੋਧੀ ਅੰਦੋਲਨ ਸਤਾ ਪਲਟਨ 'ਚ ਸਫਲ ਹੋ ਵੀ ਜਾਂਦਾ ਹੈ (ਜਿਵੇਂ ਕਿ ਟਿਊਨੀਸ਼ੀਆ ਤੇ ਮਿਸ਼ਰ 'ਚ ਹੋਇਆ ਅਤੇ ਜਿਹੋ ਜਿਹਾ ਕਿ ਵਿਕਸਤ ਪੱਛਮੀ ਵਿਸ਼ਵ 'ਚ ਹੋਣ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੈ) ਤਾਂ ਅਸਲੀ ਸੁਆਲ ਇਹ ਹੈ ਕਿ ਸਤਾ ਦੇ ਪਲਟਨ ਦੇ ਅਗਲੇ ਦਿਨ ਕੀ ਹੁੰਦਾ ਹੈ? ਅਤੇ ਇਹ ਸੁਆਲ ਇਸ ਗੱਲ ਨਾਲ ਜੁੜਿਆ ਹੈ ਕਿ ਇਹ ਪੂਰੀ ਤਬਦੀਲੀ ਕਿਸੇ

ਵਿਚਾਰਧਾਰਕ ਤੌਰ ’ਤੇ ਪ੍ਰੇਰਿਤ, ਇਕ ਤਜ਼ਰਬੇਕਾਰ ਲੀਡਰਸ਼ਿਪ, ਤੇ ਸੰਗਠਨ ਨਾਲ ਲੈੱਸ ਅੰਦੋਲਨ ਦੇ ਸਿੱਟੇ ਵਜੋਂ ਹੋਇਆ ਹੈ ਜਾਂ ਨਹੀਂ? ਪਰ ਲੋਕ ਪੂਰੇ ਢੰਗ ਨਾਲ ਸੜਕਾਂ ’ਤੇ ਉਤਰ ਕੇ ਸਤਾ ਨੂੰ ਅਸੰਭਵਤਾ ਦੇ ਬਿੰਦੂ ਤਕ ਪਹੁੰਚਾ ਦਿੰਦੀ ਹੈ ਤੇ ਇਸ ਪਿਛੋਂ ਦੀ ਸਥਿਤੀ ’ਚ ਇਕ ਬਦਲਵਾਂ ਸੁਚੱਜਾ ਢਾਂਚਾ ਵਿਕਸ਼ਤ ਕਰਨ ਲਈ ਕੋਈ ਇਨਕਲਾਬੀ ਰਾਜਸੀ ਲੀਡਰਸ਼ਿਪ ਤੇ ਜਥੇਬੰਦੀ ਮੌਜੂਦ ਨਹੀਂ ਤਾਂ ਇਸ ਖਾਲੀ ਥਾਂ ਨੂੰ ਕੋਈ ਨਾ ਕੋਈ ਪਿਛਾਖੜੀ ਤਾਕਤਾਂ ਭਰਨਗੀਆਂ ਜੋ ਅੰਤਮ ਰੂਪ ਦੇ ਧਰਾਤਲ ’ਤੇ ਕੁਝ ਚੀਜ਼ਾਂ ਦੀ ਤਬਦੀਲੀ ਕਰਨਗੀਆਂ ਤਾਂ ਕਿ ਲੋਕਾਂ ਦੇ ਗੁੱਸੇ ਦੇ ਵਿਸਫੋਟ ਨੂੰ ਰੋਕਿਆ ਜਾ ਸਕੇ ਅਤੇ ਫੌਰੀ ਤੌਰ ’ਤੇ ਵਿਵਸਥਾ ਦਾ ਵਾਜਬੀਅਤ ਨੂੰ ਸੁਰਖਿਅਤ ਕੀਤਾ ਜਾ ਸਕੇ ਪਰ ਐਸੀ ਕੋਈ ਵੀ ਤਾਕਤ ਜਾਂ ਤਾਕਤਾਂ ਅਸਲ ’ਚ ਪੂਰੀ ਪੂੰਜੀਵਾਦੀ ਵਿਵਸਥਾ ਦੀ ਹੀ ਉਤਰ ਜੀਵਿਤਾ ਨੂੰ ਯਕੀਨੀ ਬਣਾਉਣਗੀਆਂ। ਮਿਸ਼ਰ ਤੇ ਟਿਊਨੀਸ਼ੀਆ ਦੀ ਮਿਸਾਲ ਵੇਖੋ। ਮਿਸ਼ਰ ’ਚ ਤਹਿਰੀਕ ਚੌਂਕ ਤੋਂ ਸ਼ੁਰੂ ਹੋ ਕੇ ਅੰਦੋਲਨ ਨੇ ਆਖਰ ਹੁਸ਼ਨੀ ਮੁਬਾਰਕ ਨੂੰ ਗੱਦਿਉਂ ਲਾਹ ਦਿਤਾ ਪਰ ਉਸ ਪਿਛੋਂ ਪੈਦਾ ਹੋਏ ਖਲਾਅ ਨੂੰ ਫੌਜ ਤੇ ਇਸਲਾਮਿਕ ਕੱਟੜਪੰਥੀਆਂ ਦੇ ਗਠਜੋੜ ਨੇ ਭਰਿਆ। ਚੋਣਾਂ ਪਿਛੋਂ ਵੀ ਜੋ ਸਤਾ ਉਥੇ ਆਵੇਗੀ ਉਹ ਅਸਲ ਵਿਚ ਪੂੰਜੀਵਾਦੀ ਸਤਾ ਹੀ ਹੋਵੇਗੀ। ਜਿਸ ਦੀਆਂ ਆਰਥਕ ਨੀਤੀਆਂ ’ਚ ਕੋਈ ਫਰਕ ਨਹੀਂ ਹੋਵੇਗਾ। ਹਾਂ ਇਹ ਜ਼ਰੂਰ ਹੋਵੇਗਾ ਕਿ ਇਹ ਸਤਾ ਪੂੰਜੀਪਤੀ ਜਮਾਤ ਦੀ ਤਾਨਾਸ਼ਾਹੀ ਨੂੰ ਕਿਸੇ ਇਕ ਅਤਿਆਚਾਰੀ ਤਾਨਾਸ਼ਾਹੀ ਦੇ ਨੰਗੀ ਚਿੱਟੀ ਹਕੂਮਤ ਵਜੋਂ ਸਥਾਪਤ ਨਹੀਂ ਕਰੇਗੀ ਬਲਕਿ ਵੱਧ ਦਬਦਬਾ ਵਾਲੀ ਪੂੰਜੀਵਾਦੀ ਸੰਸਦੀ ਜਨਤੰਤਰ ਰਾਹੀਂ ਪੂੰਜੀਵਾਦੀ ਤਾਨਾਸ਼ਾਹੀ ਵਜੋਂ ਲਾਗੂ ਕਰੇਗੀ। ਟਿਊਨੀਸ਼ੀਆ ’ਚ ਇਹ ਅਮਲ ਮੁਕੰਮਲ ਹੋ ਚੁਕਿਆ ਹੈ ਕਿ ਹਾਲੀਆਂ ਤਬਦੀਲੀਆਂ ਨੇ ਉਸ ਨੂੰ ਕੁਝ ਨਹੀਂ ਦਿਤਾ ਹੈ। ਉਸ ਨੂੰ ਆਪਣੀ ਮੁਕਤੀ ਲਈ ਇਕਜੁਟ ਹੋ ਕੇ ਲੜਨਾ ਪਊ ਪਰ ਰਾਜਸੀ ਲੀਡਰਸ਼ਿਪ ਤੇ ਸੰਗਠਨ ਦੀ ਗੈਰ ਹਾਜ਼ਰੀ ਇਥੇ ਸੰਯੋਗ ਨਾਲ ਹੋਣ ਵਾਲੀ ਦੁਘਰਟਨਾ ਵਜੋਂ ਹੀ ਹਾਜ਼ਰ ਨਹੀਂ ਹੈ। ਰਾਜਸੀ ਸੰਗਠਨ ਤੇ ਲੀਡਰਸ਼ਿਪ ਦੀ ਘਾਟ ਉਹਨਾਂ ਦੇ ਰਾਹ ਦਾ ਸਭ ਤੋਂ ਵੱਡਾ ਰੋੜਾ ਬਣਿਆ ਹੋਇਆ ਹੈ। ਇਸ ਸੂਰਤ ’ਚ ਸਾਨੂੰ ਇਸ ਨੂੰ ਰਾਜਸੀ ਚੇਤਨਾ ਦੀ ਘਾਟ ਮੰਨਦਿਆਂ ਤੇ ਰਾਜਨੀਤੀ ਕਰਨ ਦੇ ਨਿਰੰਤਰ ਅਮਲ ਨੂੰ ਚਲਾ ਕੇ ਇਸ ਨੂੰ ਦੂਰ ਕਰਨ ਲਈ ਅਸੀਂ ਕੁਝ ਕਰ ਸਕਦੇ ਸੀ ਪਰ ਅਸੀਂ ਇਹਨਾਂ ਸੰਘਰਸ਼ਾਂ ’ਚ ਸੰਗਠਨ, ਵਿਚਾਰਧਾਰਾ ਤੇ ਲੀਡਰਸ਼ਿਪ ਪ੍ਰਤੀ ਇਕ ਸੁਚੇਤਨ ਵਿਗਾੜ ਤੇ ਅਲਰਜੀ ਦਾ ਰੋਗ ਵੇਖ ਸਕਦੇ ਹਾਂ।

‘ਕਬਜ਼ਾ ਕਰੋ’ ਅੰਦੋਲਨ ਦੇ ਅੰਦਰ ਵੀ ਅਜੇਹੀਆਂ ਰਾਜਸੀ ਤਾਕਤਾਂ ਮੁਖ ਤੌਰ ’ਤੇ ਮੌਜੂਦ ਸਨ ਜੋ ਕਿਸੇ ਪ੍ਰਕਾਰ ਦੀ ਜਥੇਬੰਦਕ ਰਾਜਸੀ ਅਗਵਾਈ ਦੀ ਗੈਰ ਹਾਜ਼ਰੀ ਦਾ ਜਸ਼ਨ ਮਨਾ ਰਹੀਆਂ ਸਨ। ਜੋ ਕੁਝ ਚਲ ਰਿਹਾ ਹੈ ਉਸ ਨੂੰ ਕਈਆਂ ਨੇ ‘ਆਗੂ ਰਹਿਤ ਇਨਕਲਾਬ’ ਦਾ ਨਾਂ ਦਿਤਾ ਹੈ ਪਰ ਇਹ ਨਾਂ ਵੀ ਆਪਣੇ ਆਪ ’ਚ ਗਲਤ ਤੇ ਆਪਾ ਵਿਰੋਧੀ ਹੈ। ਜੋ ਕੁਝ ਹੋ ਰਿਹਾ ਹੈ ਉਹ ਲੀਡਰਸ਼ਿਪ ਰਹਿਤ ਤੇ ਇਸ ਲਈ ਇਹ ਇਨਕਲਾਬ ਨਹੀਂ ਹੈ। ਅਸਲ ’ਚ ਜੋ ਚਲ ਰਿਹਾ ਹੈ ਉਸ ਨੂੰ ਸੰਘਰਸ਼ ਕਹਿਣਾ ਵੀ ਸਹੀ ਨਹੀਂ ਹੋਵੇਗਾ। ਬਲਕਿ ਉਸ ਦਾ ਕਿਰਦਾਰ ਇਕ ਆਪਾ ਧਾਪੀ ਉਭਾਰ ਵਾਲਾ ਹੈ। ਸੁਤੇ ਸਿੱਧ ਹੋਇਆ ਹੈ। ਅੰਦੋਲਨ ’ਚ ਵੀ ਵਿਚਾਰ ਤੇ ਪਾਰਟੀ ਜਥੇਬੰਦੀ ਦਾ ਪਹਿਲੂ ਆ ਜਾਂਦਾ ਹੈ। ਪਰ ਅਜੇ ਜੋ ਕੁਝ ਚਲ ਰਿਹਾ ਹੈ ਉਸ ’ਚ

ਅਜਿਹਾ ਕੁਝ ਅਜੇ ਨਜ਼ਰ ਨਹੀਂ ਆ ਰਿਹਾ ਹੈ। ਇਹਨਾਂ ਮੁਜਾਹਰਿਆਂ 'ਚ ਨੋਮ ਚੋਮਸਕੀ, ਸਲਾਵੇਜ਼ ਜਿਜੇਕ, ਨੋਓਮੀਕਲਾਇਨ ਆਦਿ ਵਰਗੇ ਸਾਰੇ ਅਰਾਜਕਤਾਵਾਦੀ, ਨਵ ਮਾਰਕਸਵਾਦੀ ਤੇ ਰੈਡੀਕਲ ਬੁਧੀਜੀਵੀਆਂ ਨੇ ਭਾਸ਼ਣ ਦਿਤੇ ਪਰ ਇਹਨਾਂ ਸਾਰਿਆਂ ਦੇ ਬਾਵਜੂਦ ਇਸ ਪੂਰੇ ਉਭਾਰ ਦਾ ਗੈਰ ਜਥੇਬੰਦਕ ਤੇ ਪਾਰਟੀ ਸੰਗਠਨ ਪ੍ਰਤੀ ਇਕ ਸਚੇਤਨ ਅਲਰਜੀ ਇਸ ਨੂੰ ਕੋਈ ਵੀ ਵਿਕਲਪ ਪੇਸ਼ ਨਹੀਂ ਕਰ ਦੇਵੇਗੀ। ਇਹ ਵਿਕਲਪ ਇਕ ਵਿਕਸਤ ਪੂੰਜੀਵਾਦੀ ਦੇਸ਼ਾਂ 'ਚ ਲਾਗੂ ਹੋ ਸਕਦਾ ਹੈ ਜਾਂ ਨਹੀਂ, ਇਹ ਇਕ ਵਖਰਾ ਸੁਆਲ ਹੈ। ਪਰ ਕੋਈ ਇਨਕਲਾਬੀ ਰਾਜਸੀ ਸੰਘਰਸ਼ ਪੂੰਜੀਵਾਦ ਨੂੰ ਸਿਧਾਂਤਕ, ਵਿਚਾਰਧਾਰਮਕ ਤੇ ਰਾਜਸੀ ਤੌਰ 'ਤੇ ਕਟਹਿਰੇ 'ਚ ਖੜ੍ਹਾ ਕਰੇਗਾ ਸਿਰਫ ਉਸ ਦੇ ਲੱਛਣਾਂ ਨੂੰ ਨਹੀਂ ਤੇ ਇਸ ਸਮੇਂ ਇਹ ਵੀ ਨਹੀਂ ਹੋ ਰਿਹਾ ਹੈ। ਇਸ ਤੋਂ ਸਾਫ ਤੌਰ 'ਤੇ ਉਸ ਉਭਾਰ ਦੀ ਇਕ ਗੰਭੀਰ ਸੰਮਤਾਈ ਦਾ ਪਤਾ ਲਗਦਾ ਹੈ। ਬਿਨ੍ਹਾਂ ਸਿਰ ਤੋਂ ਕੋਈ ਮਨੁੱਖ ਨਹੀਂ ਹੁੰਦਾ ਤੇ ਬਿਨ੍ਹਾਂ ਸੈਨਾਪਤੀ ਤੋਂ ਕੋਈ ਫੌਜ ਨਹੀਂ ਲੜ ਸਕਦੀ। ਸੰਖੇਪ 'ਚ ਅਸੀਂ ਕਹਿ ਸਕਦੇ ਹਾਂ ਕਿ ਇਹ ਸਭ ਅੰਦੋਲਨ ਪੂੰਜੀਵਾਦ ਦੀ ਅਮਰਾਤ ਦੇ ਦਾਅਵਿਆਂ ਨੂੰ ਤਾਂ ਰਦ ਕਰਦੇ ਹਨ ਪਰ ਇਹ ਪੂੰਜੀਵਾਦ ਦਾ ਕੋਈ ਬਦਲ ਨਹੀਂ ਪੇਸ਼ ਕਰਦੇ। ਇਹ ਪੂੰਜੀਵਾਦ ਦੇ ਲੱਛਣਾਂ ਦੇ ਵਿਰੋਧ 'ਤੇ ਜਾ ਕੇ ਖਤਮ ਹੋ ਜਾਂਦੇ ਹਨ ਸੋ ਨਿਸਚੈ ਹੀ ਅੱਜ ਬਹੁਤ ਵੱਡਾ ਰੂਪ ਅਖਤਿਆਰ ਕਰ ਚੁਕਿਆ ਹੈ। ਪਰ ਇਹ ਪੂੰਜੀਵਾਦ ਵਿਰੋਧ ਕਾਫੀ ਨਹੀਂ ਹੈ। ਬਿਨ੍ਹਾਂ ਕਿਸੇ ਪਹਿਲਾਂ ਤੋਂ ਪ੍ਰਭਾਸ਼ਿਤ ਦੇ ਸਪਸ਼ਟ ਮਕਸਦ ਜਾਂ ਉਦੇਸ਼ ਦੇ ਬਿਨ੍ਹਾਂ ਕਿਸੇ ਜਥੇਬੰਦੀ ਜਾਂ ਪਾਰਟੀ ਦੇ, ਬਿਨ੍ਹਾਂ ਕਿਸੇ ਸਪਸ਼ਟ ਵਿਚਾਰਧਾਰਾ ਦੇ, ਬਿਨ੍ਹਾਂ ਕਿਸੇ ਅਨੁਭਵੀ ਲੀਡਰਸ਼ਿਪ ਦੇ ਮੌਜੂਦਾ ਪੂੰਜੀਵਾਦ ਵਿਰੋਧੀ ਅੰਦੋਲਨ ਅਸਲੀ ਸੁਆਲ ਤਕ ਪਹੁੰਚ ਹੀ ਨਹੀਂ ਸਕਦੇ। ਕਿ ਪੂੰਜੀਵਾਦ ਅਮਰ ਨਹੀਂ ਹੈ। ਇਹ ਪਹਿਲਾਂ ਹੀ ਸਾਬਤ ਹੋ ਚੁਕਿਆ ਹੈ। ਹੁਣ ਇਸ ਨੂੰ ਫਿਰ ਤੋਂ ਸਾਬਤ ਕਰਨ ਦੀ ਲੋੜ ਨਹੀਂ ਹੈ। ਅੱਜ ਜਰੂਰਤ ਹੈ ਕਿ ਅਸੀਂ ਇਕ ਕਾਰਗਰ ਵਿਕਲਪ ਦਾ ਮਾਡਲ ਪੇਸ਼ ਕਰੀਏ ਤੇ ਉਸ ਨੂੰ ਲਾਗੂ ਕਰਨ ਦੀ ਸਮਰਥਾ ਰਖਣ ਵਾਲੀ ਲੀਡਰਸ਼ਿਪ ਤੇ ਪਾਰਟੀ ਜਥੇਬੰਦੀ ਖੜ੍ਹੀ ਕਰੀਏ। ਇਸ ਤੋਂ ਬਿਨ੍ਹਾਂ ਵਾਰ-ਵਾਰ ਪੂੰਜੀਵਾਦ ਅਸੰਭਵਤਾ ਦੇ ਬਿੰਦੂ ਤਕ ਪਹੁੰਚੇਗਾ ਪਰ ਰਾਜਸੀ ਖਲਾਅ ਦਾ ਫਾਇਦਾ ਉਠਾ ਕੇ ਤੇ ਕੁਝ ਮੰਗਾਂ ਨੂੰ ਅੰਸ਼ਕ ਰੂਪ 'ਚ ਪੂਰੀਆਂ ਕਰਕੇ ਆਪਣੇ ਆਪ ਨੂੰ ਮੁੜ ਜਥੇਬੰਦ ਕਰ ਲਵੇਗਾ। ਜਿਹੋ ਜਿਹਾ ਕਿ ਮਿਸ਼ਰ ਤੇ ਟਿਊਨੀਸ਼ੀਆ 'ਚ ਹੋ ਰਿਹਾ ਹੈ। ਸਾਨੂੰ ਗੈਰ ਪਾਰਟੀਵਾਦ, ਵਿਰਾਜ ਨੀਤੀਕਰਨ ਤੇ ਸਾਬਤ ਸਬੂਤ ਹੋਣ ਦੇ ਅਲੋਚਨਾਤਮਕ ਰੂਪ ਨਾਲ ਜਸ਼ਨ ਮਨਾਏ ਜਾਣ ਦੇ ਰੁਝਾਣ ਖਿਲਾਫ ਸੰਘਰਸ਼ ਕਰਨਾ ਪਵੇਗਾ। ਨਵੇਂ ਸਿਰੇ ਤੋਂ ਇਕ ਇਨਕਲਾਬੀ ਪਾਰਟੀ ਦਾ ਗਠਨ ਅੱਜ ਇਹਨਾਂ ਸਾਰੇ ਦੇਸ਼ਾਂ 'ਚ ਸਭ ਤੋਂ ਬੁਨਿਆਦੀ ਤੇ ਜਰੂਰੀ ਕਾਰਜ ਹੈ। ਜਦ ਤਕ ਇਕ ਐਸੀ ਪਾਰਟੀ ਨਹੀਂ ਖੜੀ ਹੋਵੇਗੀ ਤਦ ਤਕ ਇਨਕਲਾਬੀ ਹਾਲਤਾਂ ਤਿਆਰ ਹੁੰਦੀਆਂ ਰਹਿਣਗੀਆਂ ਤੇ ਗੁਜ਼ਰ ਜਾਂਦੀਆਂ ਰਹਿਣਗੀਆਂ ਤੇ ਹਰ ਵਾਰੀ ਇਨਕਲਾਬ ਦੀ ਘੜੀ ਦੇ ਲੰਘ ਜਾਣ ਦੀ ਲੋਕਾਂ ਨੂੰ ਭਾਰੀ ਕੀਮਤ ਚਕਾਉਣੀ ਪੈਂਦੀ ਹੈ। ਜਦ ਮੌਜੂਦਾ ਪੂੰਜੀਵਾਦੀ ਵਿਰੋਧੀ ਅੰਦੋਲਨ ਦੇ ਨਾਹਰਿਆਂ ਦੀ ਗੂੰਜ ਸ਼ਾਂਤ ਹੋਵੇਗੀ ਤਾਂ ਨਵੇਂ ਸਿਰੇ ਤੋਂ ਨਿਰਾਸ਼ਾ ਪਸਰੇਗੀ। ਜਨਤਾ ਵਾਰ-ਵਾਰ ਬੇਵੱਸ ਹੋ ਕੇ ਸੜਕਾਂ 'ਤੇ ਉਤਰੇਗੀ। ਪਰ ਵਿਚਾਰਧਾਰਾ, ਸੰਗਠਨ ਤੇ ਲੀਡਰਸ਼ਿਪ ਦੀ ਘਾਟ ਕਰਕੇ ਹਾਲਤ ਫਿਰ ਤੋਂ ਉਹੀ ਬਣ ਜਾਵੇਗੀ। ਇਸ ਲਈ ਇਸ ਗੱਲ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ ਕਿ

20ਵੀਂ ਸਦੀ ਦੇ ਇਨਕਲਾਬਾਂ ਪਿਛੋਂ ਇਨਕਲਾਬੀ ਪਾਰਟੀਆਂ ਵਲੋਂ ਹੋਈਆਂ ਕੁਝ ਗਲਤੀਆਂ ਦੇ ਪਿਛੋਂ ਨਾਮ ਨਿਹਾਦ ਸਮਾਜਵਾਦ ਦੇ ਤਹਿਤ ਇਕ ਸਮਾਜਕ ਫਾਂਸ਼ੀਵਾਦੀ ਪਾਰਟੀ ਦੀ ਤਾਨਾਸ਼ਾਹੀ ਦੇ ਅਨੁਭਵਾਂ ਤੋਂ ਨਿਰਾਸ਼ ਹੋ ਕੇ ਅਤੇ ਮੋੜਵੇਂ ਵਾਰ 'ਚ ਆ ਕੇ ਪਾਰਟੀ ਦੀ ਪੂਰੀ ਧਾਰਨਾ ਦਾ ਹੀ ਤਿਆਗ ਕਰ ਦੇਣਾ ਲੋਕਾਂ ਦੇ ਇਨਕਲਾਬੀ ਸੰਘਰਸ਼ ਲਈ ਬੇਹੱਦ ਆਤਮਘਾਤੀ ਸਿੱਧ ਹੋਵੇਗਾ। ਇਹੀ ਤਾਂ ਸਾਮਰਾਜਵਾਦ ਚਾਹੁੰਦਾ ਹੈ ਕਿ ਉਸ ਨੂੰ ਚੁਣੌਤੀ ਦੇਣ ਵਾਲੀ ਤਾਕਤ ਬਿਨ੍ਹਾਂ ਸੰਗਠਨ, ਨਜ਼ਰੀਏ ਤੇ ਲੀਡਰਸ਼ਿਪ ਦੀ ਅੰਨੀ ਗੁਫਾ 'ਚ ਭਟਕਦੀ ਰਹੇ। ਜਦ ਤਕ ਹਰਿਆਵਲ ਨਹੀਂ ਹੋਵੇਗਾ ਉਹ ਐਸੀ ਕਿਸੇ ਵੀ ਸਥਿਤੀ ਦਾ ਸਾਹਮਣਾ ਕਰ ਸਕਦਾ ਹੈ ਅਤੇ ਇਹੀ ਸਮਕਾਲੀਨ ਘਟਨਾਕ੍ਰਮ ਤੋਂ ਵੀ ਸਾਬਤ ਹੋ ਰਿਹਾ ਹੈ। ਅਜੇਹੀ ਕੋਈ ਵੀ ਜਥੇਬੰਦੀ ਤੇ ਰਾਜਸੀ ਬਦਲ ਤਿਆਰ ਕਰਨ ਲਈ ਅੱਜ ਦੁਨੀਆਂ ਭਰ 'ਚ ਕਮਿਊਨਿਸ਼ਟ ਇਨਕਲਾਬੀਆਂ ਨੂੰ ਆਪਣੇ ਕੱਟੜਵਾਦ ਤੇ ਹਠਧਰਮੀ ਨੂੰ ਛੱਡ ਕੇ ਆਪਣੇ-ਆਪਣੇ ਦੇਸ਼ ਦਾ ਨਵੇਂ ਸਿਰੇ ਤੋਂ ਰਚਨਾਤਮਕ ਮਾਰਕਸੀ, ਵਿਸਲੇਸ਼ਣ ਕਰਨਾ ਹੋਵੇਗਾ। ਉਸ ਨੂੰ ਅਤੀਤਾਂ ਦੇ ਇਨਕਲਾਬਾਂ ਤੇ ਮਹਾਨ ਆਗੂਆਂ ਤੋਂ ਸਿਖਣਾ ਪਵੇਗਾ ਪਰ ਅਤੀਤ ਗ੍ਰਸਿਤ ਹੋਏ ਬਿਨਾਂ ਤੇ ਵਿਗਿਆਨ ਨੂੰ ਆਪਣੇ ਸਮੇਂ ਦੇ ਅਧਾਰ 'ਤੇ ਰਚਨਾਤਮਕ ਤੌਰ 'ਤੇ ਲਾਗੂ ਕਰਨ ਦੇ ਵਿਵੇਕ ਨੂੰ ਗੁਆਏ ਬਿਨਾਂ। ਅੱਜ ਆਪਣੇ ਕੱਟੜਪੁਣੇ ਤੇ ਅਤੀਤ ਗ੍ਰਸਿਤਾ ਕਾਰਨ ਅਤੇ ਨਾਲ ਹੀ ਵਿਚਾਰਧਾਰਕ-ਰਾਜਸੀ ਸਮਝਦਾਰੀ ਦੀ ਘਾਟ ਦੇ ਕਾਰਨ ਦੁਨੀਆਂ ਭਰ 'ਚ ਕਮਿਊਨਿਸ਼ਟ ਇਨਕਲਾਬੀ ਬਦਲ ਦਾ ਕੋਈ ਕਾਰਗਰ ਢਾਂਚਾ ਪੇਸ਼ ਕਰਨ 'ਚ ਅਸਫਲ ਹੋ ਰਹੇ ਹਨ। ਜਦ ਤਕ ਇਹਨਾਂ ਕਮੀਆਂ ਨੂੰ ਦੂਰ ਨਹੀਂ ਕੀਤਾ ਜਾਂਦਾ ਤਦ ਤਕ ਇਕ ਸੱਚੇ ਇਨਕਲਾਬੀ ਕਮਿਊਨਿਸ਼ਟ ਲੀਡਰਸ਼ਿਪ ਦਾ ਸੰਗਠਿਤ ਹੋ ਸਕਣਾ ਮੁਸ਼ਕਲ ਹੈ।

# ਭਾਰਤ 'ਚ ਗਰੀਬੀ ਰੇਖਾ ਤਹਿ ਕਰਨ ਦਾ ਅਰਥ ਸਾਸ਼ਤਰ ਤੇ ਰਾਜਨੀਤੀ

ਫ੍ਰਾਂਸੀਸੀ ਇਨਕਲਾਬ ਤੋਂ ਕੁਝ ਸਮਾਂ ਪਹਿਲਾਂ ਫਰਾਂਸ ਦੀ ਰਾਨੀ ਮੈਰੀ ਇੰਟਾਈਨੇਟ ਨੂੰ ਜਦ ਦਸਿਆ ਗਿਆ ਕਿ ਲੋਕਾਂ ਕੋਲ ਖਾਣ ਲਈ ਰੋਟੀ ਤਕ ਨਹੀਂ ਹੈ ਤਾਂ ਉਸ ਨੇ ਕਿਹਾ ਸੀ ਕਿ ਜੇ ਉਹਨਾਂ ਕੋਲ ਰੋਟੀ ਨਹੀਂ ਹੈ ਤਾਂ ਕੇਕ ਕਿਉਂ ਨਹੀਂ ਖਾ ਲੈਂਦੇ। ਇਸ ਤੋਂ ਪਹਿਲਾਂ ਤੇ ਪਿਛੋਂ ਵੀ ਸਾਰੇ ਹਾਕਮਾਂ ਨੇ ਅਜੇਹੇ ਚਮਤਕਾਰੀ ਬਿਆਨ ਦਿਤੇ ਹਨ। ਰੋਮ ਦੇ ਜਾਲਮ ਹੁਕਮਰਾਨ ਨੀਰੋ ਨੇ ਤਾਂ ਕੁਝ ਕਹਿਣ ਵੀ ਜਰੂਰੀ ਨਹੀਂ ਸਮਝਿਆ ਸੀ ਅਤੇ ਜਦ ਰੋਮ ਜਲ ਰਿਹਾ ਸੀ ਤਾਂ ਨੀਰੋ ਬੰਸਰੀ ਵਜਾ ਰਿਹਾ ਸੀ। ਅਜੇਹੇ ਬਿਆਨ ਹਮੇਸ਼ਾ ਉਹਨਾਂ ਹਾਕਮਾਂ ਦੀ ਜ਼ੁਬਾਨ 'ਚੋਂ ਨਿਕਲਦੇ ਹਨ ਜਿਹਨਾਂ ਦੀ ਵਿਵਸਥਾ ਪਤਨਸ਼ੀਲਤਾ ਦੀ ਸ਼ਿਖਰ 'ਤੇ ਪਹੁੰਚ ਚੁਕੀ ਹੁੰਦੀ ਹੈ। ਜਦ 2000 ਦੇ ਦਹਾਕੇ ਦੀ ਮੰਦੀ ਨੇ ਪਹਿਲੀ ਵਾਰੀ ਅਮਰੀਕੀ ਅਰਥਚਾਰੇ 'ਤੇ ਆਪਣੀ ਨਜ਼ਰ ਮਾਰਨੀ ਸ਼ੁਰੂ ਕੀਤੀ ਸੀ ਤਾਂ ਜਾਰਜ ਬੁਸ਼ ਨੇ ਕਿਹਾ ਸੀ ਕਿ ਜਨਤਾ ਦੱਬ ਕੇ ਤੇ ਖੁਲ੍ਹ ਕੇ ਖਰੀਦਦਾਰੀ ਕਿਉਂ ਨਹੀਂ ਕਰਦੀ। ਜੇ ਉਹ ਖੁਲ੍ਹ ਕੇ ਖਰੀਦਦਾਰੀ ਕਰੇ ਤਾਂ ਮੰਦੇ ਤੋਂ ਰਾਹਤ ਮਿਲ ਜਾਵੇਗੀ। ਸਾਡੇ ਦੇਸ਼ ਦੇ ਦੁਸ਼ਮਣਾਂ ਨੇ ਆਪਣੀ ਸ਼ੈਲੀ 'ਚ ਵਾਰ-ਵਾਰ ਅਜੇਹੇ ਕੰਮ ਕੀਤੇ ਹਨ। 1989-90 ਦੇ ਦੌਰ 'ਚ ਜਦ ਭਾਰਤੀ ਅਰਥਚਾਰਾ ਬੁਰੀ ਤਰ੍ਹਾਂ ਡਾਵਾਡੋਲ ਹੋਇਆ ਸੀ ਤਾਂ ਦੇਸ਼ ਦੇ ਭੁੱਖ ਨਾਲ ਤੜਪਦੇ ਲੋਕਾਂ ਨੂੰ ਸੰਵੇਦਨਸ਼ੀਲ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨੇ ਪੇਟ 'ਤੇ ਪੱਟੀ ਬੰਨ ਕੇ ਦੇਸ਼ ਦੀ ਅਮੀਰਜ਼ਾਦਿਆਂ ਦੀ ਖੁਸ਼ਹਾਲੀ ਨੂੰ ਵਧਾਉਣ ਦੀ ਸਲਾਹ ਦਿਤੀ ਸੀ। ਨਿਸਚੈ ਦੇਸ਼ ਦੀ ਤਰੱਕੀ ਉਹਨਾਂ ਅਨੁਸਾਰ ਧਨਪਸ਼ੂਆਂ ਵਾਗੂੰ ਹੀ ਸੀ। ਹੁਣ ਪਤਨਸ਼ੀਲ, ਮਰਨ ਕੰਢੇ ਤੇ ਮਨੁੱਖ ਧ੍ਰੋਹੀ ਹੋ ਚੁਕਿਆ ਪ੍ਰਬੰਧ ਦੇ ਪੈਰੋਕਾਰਾਂ ਨੇ ਅਜੇਹੇ ਹੀ ਬਿਆਨਾਂ ਤੇ ਦਾਅਵਿਆਂ ਦੇ ਫੇਹਰਿਸਤ 'ਚ ਇਕ ਨਵਾਂ ਵਾਧਾ ਕੀਤਾ ਹੈ। ਪਿਛੇ ਜਿਹੇ ਸੁਪਰੀਮ ਕੋਰਟ ਵਲੋਂ ਪੁਛੇ ਗਏ ਇਕ ਸੁਆਲ ਦੇ ਜੁਆਬ 'ਚ ਦਾਇਰ ਇਕ ਹਲਫੀਆ ਬਿਆਨ 'ਚ ਦੇਸ਼ ਦੇ ਯੋਜਨਾ ਕਮਿਸ਼ਨ ਨੇ ਦਾਅਵਾ ਕੀਤਾ ਕਿ ਦੇਸ਼ 'ਚ ਜੋ ਵੀ ਬੰਦਾ ਪਿੰਡ 'ਚ 26 ਰੁਪਏ ਰੋਜ਼ਾਨਾ (781 ਰੁਪਏ ਮਹੀਨਾ) ਤੇ ਸ਼ਹਿਰ 'ਚ 32 ਰੁਪਏ ਰੋਜ਼ਾਨਾ (965 ਰੁਪਏ ਮਹੀਨਾ) ਕਮਾ ਲੈਂਦਾ ਹੈ, ਉਹ ਗਰੀਬ ਨਹੀਂ ਹੈ। ਇਸ ਦਾਅਵੇ ਦਾ ਤਰਕਾਂ ਨਾਲ ਖੰਡਨ ਕਰਨਾ ਵਕਤ ਦੀ ਬਰਬਾਦੀ ਹੈ। ਇਸ ਦੀ ਖੰਡਨ ਕਰਨ ਲਈ ਯੋਜਨਾ ਕਮਿਸ਼ਨ ਦੇ ਉਚ ਨੌਕਰਸ਼ਾਹਾਂ ਨੂੰ ਜਿਹਨਾਂ ਦੀ ਤਨਖਾਹ ਸਭ ਸਹੂਲਤਾਂ ਨੂੰ ਛੱਡ ਦੇ ਕਰੀਬ 80,000 ਰੁਪਏ ਜਾਂ ਫਿਰ 60,000 ਤੋਂ ਵੱਧ ਤਨਖਾਹ ਲੈਣ ਵਾਲੇ ਸਾਂਸਦਾਂ ਤੇ ਵਿਧਾਇਕਾਂ ਨੂੰ 26/32 ਰੁਪਏ ਦੀ ਰੋਜ਼ਾਨਾ ਦੀ ਆਮਦਨ 'ਤੇ ਗੁਜ਼ਾਰਾ ਕਰਨ ਲਈ ਛੱਡ ਦੇਣਾ ਚਾਹੀਦਾ ਹੈ ਅਤੇ ਉਸ ਪਿਛੋਂ ਉਹਨਾਂ ਤੋਂ ਪੁੱਛਣਾ ਚਾਹੀਦਾ ਹੈ ਕਿ ਉਹਨਾਂ ਨੂੰ ਆਪਣੇ ਆਪ ਨੂੰ ਗਰੀਬੀ ਰੇਖਾ ਤੋਂ ਉਪਰ ਅਨੁਭਵ ਕੀਤਾ ਜਾਂ ਫਿਰ ਹੇਠਾਂ। ਜਦ ਇਸ ਬਿਆਨ ਪਿਛੋਂ ਯੋਜਨਾ ਕਮਿਸ਼ਨ ਦੀ ਲੋੜੀਂਦੀ ਫ਼ਜੀਅਤ ਹੋਈ ਤਾਂ ਫਿਰ ਮੋਨਟੇਕ ਸਿੰਘ ਆਹਲੂਵਾਲੀਆ ਨੇ ਬਿਆਨ ਦਿਤਾ ਕਿ ਇਸ ਗਰੀਬੀ ਰੇਖਾ ਨੂੰ ਸਰਕਾਰੀ ਕਲਿਆਣ ਯੋਜਨਾਵਾਂ ਦਾ ਲਾਭ ਉਠਾਉਣ ਵਾਲੇ ਲੋਕਾਂ ਨਾਲ ਨਹੀਂ ਜੋੜਿਆ ਜਾਵੇਗਾ? ਇਸ ਗੱਲ ਤੋਂ ਸਰਕਾਰ ਸਾਫ ਇਨਕਾਰ ਕਰ ਰਹੀ ਹੈ ਕਿ ਖੁਰਾਕ

ਸੁਰਖਿਆ ਯੋਜਨਾ ਤੇ ਸਰਭ ਸਿਖਿਆ ਵਰਗੀਆਂ ਯੋਜਨਾਵਾਂ ਨੂੰ ਸਰਭ ਵਿਆਪਕ ਬਣਾ ਦਿੱਤਾ ਜਾਵੇ। ਯਾਨੀ ਆਮਦਨ ਚਾਹੇ ਕਿੰਨੀ ਵੀ ਹੋਵੇ, ਹਰ ਨਾਗਰਿਕ ਨੂੰ ਇਸ ਦਾ ਲਾਭ ਉਠਾਉਣ ਦਾ ਅਧਿਕਾਰ ਦਿਤਾ ਜਾਣਾ ਚਾਹੀਦਾ ਹੈ। ਜੇ ਇਹਨਾਂ ਯੋਜਨਾਵਾਂ ਦਾ ਲਾਭ ਹਾਸਲ ਕਰਨ ਦੀ ਯੋਗਤਾ ਨਿਰਧਾਰਿਤ ਕਰਨ ’ਚ ਗਰੀਬੀ ਰੇਖਾ ਦੀ ਕੋਈ ਭੂਮਿਕਾ ਨਹੀਂ ਹੋਵੇਗੀ ਤਾਂ ਆਖਿਰ ਗਰੀਬੀ ਰੇਖਾ ਹੈ ਕਿਸ ਲਈ? ਖਾਸ ਕਰਕੇ ਉਦੋਂ ਜਦ ਗਰੀਬੀ ਰੇਖਾ ਦਾ ਮੁੱਲ ਆਧਾਰ ਖੁਰਾਕ ਸਾਮਗਰੀ ਖਪਤ ਹੀ ਸੀ। ਸਪਸ਼ਟ ਹੈ ਕਿ ਮੋਨਟੇਕ ਸਿੰਘ ਆਹਲੂਵਾਲੀਆ ਸ਼ੀਸ਼ਾਲੇਦਰ ਪਿਛੋਂ ਇਜਤ ਬਚਾਉਣ ਲਈ ਊਲ-ਜਲੂਲ ਬਕ ਰਿਹਾ ਸੀ। ਮੀਡੀਆ ’ਚ ਸਾਰੀਆਂ ਖਬਰਾਂ ਤੇ ਚੈਨਲਾਂ ਨੇ ਯੋਜਨਾ ਕਮਿਸ਼ਨ ਦੀ ਗਰੀਬ ਰੇਖਾ ਦੀ ਇਸ ਪ੍ਰੀਭਾਸ਼ਾ ਦਾ ਮਜ਼ਾਕ ਤਾਂ ਉਡਾਇਆ ਪਰ ਨਾਲ ਹੀ ਉਹਨਾਂ ਇਹ ਮੰਨ ਲਿਆ ਕਿ ਇਸ ਰੁਪਏ 26/32 ਰੋਜ਼ਾਨਾ ’ਚ ਸਿਰਫ ਖਾਣੇ ਦਾ ਖਰਚ ਸ਼ਾਮਲ ਹੈ। ਪਰ ਘੱਟ ਹੀ ਲੋਕ ਜਾਣਦੇ ਹਨ ਕਿ ਯੋਜਨਾ ਕਮਿਸ਼ਨ ਦੇ ਇਸ ਅੰਦਾਜ਼ੇ ’ਚ ਨਾ ਸਿਰਫ ਖਾਣੇ ਦਾ ਖਰਚ ਸ਼ਾਮਲ ਸੀ ਬਲਕਿ ਭੋਜਨ ਪਕਾਉਣਾ, ਰੌਸ਼ਨੀ ਦਾ ਪ੍ਰਬੰਧ, ਸਿਖਿਆ, ਟਰਾਂਸਪੋਰਟ, ਇਲਲਾਜ ਤੇ ਘਰ ਦਾ ਕਿਰਾਇਆ ਵੀ ਸ਼ਾਮਲ ਸੀ। ਪਿੰਡ ਦੇ ਲਈ ਇਸ ਵਿਚ 26 ਰੁਪਏ ’ਚ ਖੁਰਾਕ ਤੇ ਗੈਰ ਖੁਰਾਕ ਖਰਚ ਦਾ ਅਨੁਪਾਤ ਸੀ ਰੁਪਏ 16/10 ਅਤੇ ਸ਼ਹਿਰ ਲਈ ਉਸ 32 ਰੁਪਏ ’ਚ ਇਹ ਅਨੁਪਾਤ 18/14 ਰੁਪਏ ਸੀ। ਹੁਣ ਤੁਸੀਂ ਖੁਦ ਮੂਰਖ ਪੁਣੇ ਦਾ ਅੰਦਾਜ਼ਾ ਲਾ ਸਕਦੇ ਹੋ। ਅਸਲ ’ਚ ਭਾਰਤੀ ਹਾਕਮ ਜਮਾਤ ਮੈਰੀ ਇੰਟਾਈਨੈਟ ਤੇ ਨੀਰੋ ਤੋਂ ਵੀ ਬਦਤਰ ਹੁੰਦਾ ਜਾ ਰਿਹਾ ਹੈ ਇਹ ਅੱਜ ਇਕ ਬਰੂਦ ਦੀ ਫੇਰੀ ’ਤੇ ਬੈਠ ਕੇ ਫੁਲਝੜੀਆਂ ਛੱਡ ਰਹੀ ਹੈ। ਪਰ ਇਸ ਸਾਰੇ ਬੇਤੁਕੇਪਣ ਦਾ ਇਕ ਇਤਿਹਾਸ ਹੈ। ਅਜੇਹੀ ਹਾਸੋਹੀਣ ਗਰੀਬੀ ਰੇਖਾ ਭਾਰਤ ਦੇ ਪੂੰਜੀਵਾਦੀ ਪ੍ਰਬੰਧ ਨੇ ਇਸ ਲਈ ਬਣਾ ਰਖੀ ਹੈ ਕਿਉਂਕਿ ਇਹ ਗਰੀਬਾਂ ਨੂੰ ਉਠਾ ਕੇ ਤਾਂ ਗਰੀਬੀ ਰੇਖਾ ਤੋਂ ਉਪਰ ਪਹੁੰਚਾ ਨਹੀਂ ਸਕਦੀ ਇਸ ਲਈ ਗਰੀਬੀ ਰੇਖਾ ਨੂੰ ਹੀ ਹੇਠਾਂ ਡੇਗਦੀ ਜਾ ਰਹੀ ਤਾਂ ਕਿ ਉਹ ਗਰੀਬਾਂ ਦੀ ਬਦ ਤੋਂ ਬਦਤਰ ਹੁੰਦੀ ਜ਼ਿੰਦਗੀ ਨਾਲ ਤਾਲਮੇਲ ਬਿਠਾ ਸਕੇ। ਅਸਲ ’ਚ ਕਰੀਬ ਤਿੰਨ ਦਹਾਕੇ ਪਹਿਲਾਂ ਯੋਜਨਾ ਕਮਿਸ਼ਨ ਨੇ ਜਾਣਬੁੱਝ ਕੇ ਗਰੀਬੀ ਰੇਖਾ ਦੇ ਨਾਲ ਅਜੇਹਾ ਖਿਲਵਾੜ ਕੀਤਾ ਜਿਸ ਨਾਲ ਹਰ ਸਾਲ ਇਹ ਰੇਖਾ ਵੱਧ ਤੋਂ ਵੱਧ ਹਾਸੋਹੀਣੀ ਹੁੰਦੀ ਜਾਵੇ। ਇਸ ਤੋਂ ਪਹਿਲਾਂ ਅਸੀਂ ਇਸ ਮੁੱਦੇ ’ਤੇ ਇਕ ਨਿਗਾਹ ਮਾਰੀਏ। ਆਓ ਗਰੀਬੀ ਰੇਖਾ ਦੇ ਨਿਰਧਾਰਣ ਦੀ ਗਰੀਬੀ ’ਤੇ ਇਕ ਨਿਗਾਹ ਮਾਰੀਏ। ਬਸਤੀਵਾਦ ਨੇ ਭਾਰਤ ਦੇ ਲੋਕਾਂ ਨੂੰ ਦਰਿਦਰਤਾ ਦੀ ਜਿਸ ਦਲਦਲ ’ਚ ਧੱਕ ਦਿੱਤਾ ਸੀ, ਉਸ ਦੇ ਅਧੁਨਿਕ ਅਧਿਐਨ ਦੀ ਸ਼ੁਰੂਆਤ 19ਵੀਂ ਸਦੀ ਦੇ ਉਤਰਾਅ ’ਚ ਆਰਥਕ ਰਾਸ਼ਟਰਵਾਦ ਦੀ ਸ਼ੁਰੂਆਤ ਦੇ ਨਾਲ ਹੋਈ ਸੀ। ਉਸ ਸਮੇਂ ਬੁਰਜੂਆਂ ਰਾਸ਼ਟਰਪਤੀ ਜ਼ਮੀਨ ’ਤੇ ਖੜ੍ਹੇ ਹੋ ਕੇ ਸਾਰੇ ਰਾਸ਼ਟਰਵਾਦੀਆਂ ਨੇ ਖੁਸ਼ਹਾਲੀ ਦੀ ਲੁੱਟ ਤੇ ਭਾਰਤੀ ਲੋਕਾਂ ਦੀ ਗਰੀਬੀ ਉਪਰ ਅਨੁਭਵਿਕ ਅਧਿਐਨ ਕੀਤੇ। ਇਸ ’ਚ ਦਾਦਾਭਾਈ ਨੈਰੋਜੀ, ਆਰਸ਼ੀ, ਦਤ ਗੋਖਲੇ, ਆਦਿ ਵਰਗੇ ਲੋਕ ਪ੍ਰਮੁੱਖ ਸਨ। ਜਿਨ੍ਹਾਂ ਲੋਕਾਂ ਨੇ ਭਾਰਤੀ ਲੋਕਾਂ ਦੀ ਗਰੀਬੀ ਬਾਰੇ ਪਹਿਲੀਵਾਰੀ ਵਿਸਥਾਰ ਨਾਲ ਲਿਖਿਆ ਉਹ ਸਨ ਦਾਦਾ ਭਾਈ ਨੌ ਰੋਜ਼ੀ ਅਤੇ ਗੋਪਾਲ ਹਰੀ ਦੇਸ਼ਮੁੱਖ ਜਿਹਨਾਂ ਨੂੰ ‘ਲੋਕਹਿਤਵਾਦੀ’ ਵੀ ਕਿਹਾ ਜਾਂਦਾ ਸੀ। ਆਰਥਕ ਰਾਸ਼ਟਰਵਾਦ ਦੇ ਉਭਰਨ ਨੇ ਭਾਰਤ ’ਚ ਰਾਸ਼ਟਰਵਾਦ ਦੇ ਉਭਰਨ ਨੂੰ ਇਕ ਠੋਸ ਤਾਰਕਿਕ ਤੇ ਬੌਧਿਕ ਅਧਾਰ

ਮੁਹਈਆ ਕੀਤਾ। 1930 ਦਾ ਦਹਾਕਾ ਆਉਂਦੇ ਸਾਰੇ ਰਾਸ਼ਟਰਵਾਦੀ ਨੇਤਾ ਤੇ ਕ੍ਰਾਂਤੀਕਾਰੀ ਧਾਰਾ ਦੇ ਨੇਤਾ ਜਨਤਾ 'ਚ ਗਰੀਬੀ ਦੇ ਸੁਆਲ ਸਬੰਧੀ ਉਦੇਲਨ ਕਰ ਰਹੇ ਸਨ। ਇਹ ਅਮਲ 'ਚ 1936 'ਚ ਸੁਭਾਸ਼ ਚੰਦਰ ਬੋਸ ਵਲੋਂ ਕੌਮੀ ਯੋਜਨਾ ਸੰਮਤੀ ਦਾ ਗਠਨ ਇਕ ਮੀਲ ਪੱਥਰ ਸੀ। ਇਸ ਸੰਮਤੀ ਦੇ ਪ੍ਰਧਾਨ ਜਵਾਹਰ ਲਾਲ ਨਹਿਰੂ ਤੇ ਸਕੱਤਰ ਕੇ.ਟੀ. ਸ਼ਾਹ ਸਨ। ਇਸ ਸੰਮਤੀ ਨੇ ਪਹਿਲੀ ਵਾਰ ਜੀਵਨ ਦੇ ਸਭ ਤੋਂ ਹੇਠਲੇ ਪੱਧਰ ਦੀ ਪ੍ਰੀਭਾਸ਼ਾ ਖਾਣ ਤੇ ਰਹਿਣ ਦੀ ਲੋੜ ਦੇ ਅਧਾਰ 'ਤੇ ਦਿਤੀ। 'ਅਜ਼ਾਦੀ' ਤੋਂ ਪਹਿਲਾਂ ਗਰੀਬੀ ਦੀ ਪ੍ਰੀਭਾਸ਼ਾ ਦੇਣ ਦੀ ਦਿਸ਼ਾ 'ਚ ਇਹ ਸਭ ਤੋਂ ਅਹਿਮ ਪਹਿਲ ਸੀ। 1947 ਪਿਛੋਂ ਕੁਝ ਹੀ ਸਾਲਾਂ 'ਚ ਆਮ ਗਰੀਬ ਲੋਕਾਂ ਨੂੰ ਇਹ ਸਮਝ 'ਚ ਆਉਣ ਲੱਗਿਆ ਸੀ ਕਿ ਇਸ ਸੱਤਾ ਤਬਦੀਲੀ (ਅਜਾਦੀ) 'ਚ ਉਹਨਾਂ ਨੂੰ ਬਹਤ ਕੁਝ ਹਾਸਲ ਨਹੀਂ ਹੋਇਆ ਹੈ। ਭਗਤ ਸਿੰਘ ਤੇ ਸਾਥੀਆਂ ਦੀ ਇਹ ਭਵਿੱਖ ਬਾਣੀ ਸਹੀ ਸਾਬਤ ਹੋ ਰਹੀ ਸੀ ਕਿ ਜੇ ਪੂੰਜੀਪਤੀਆਂ ਦੀ ਨੁਮਾਇੰਦਗੀ ਕਰਨ ਵਾਲੀ ਕਾਂਗਰਸ ਦੀ ਅਗਵਾਈ 'ਚ ਅਜਾਦੀ ਆਈ ਵੀ ਤਾਂ ਇਹ ਇਕ ਸਮਝੌਤਾ ਹੋਵੇਗੀ ਅਤੇ ਇਸ 'ਚ ਆਮ ਗਰੀਬ ਲੋਕਾਂ ਨੂੰ ਕੁਝ ਨਹੀਂ ਮਿਲਣਾ। ਗਰੀਬਾਂ ਦੀ ਹਾਲਤ ਅਜ਼ਾਦੀ ਤੋਂ ਬਾਅਦ ਵੀ ਬਹੁਗਿਣਤੀ ਲੋਕਾਂ ਲਈ ਭਿਅੰਕਰ ਤੇ ਅਸਹਿ ਸੀ। ਇਸ 'ਤੇ ਨਿਸਚੈ ਹੀ ਪੂੰਜੀਵਾਦੀ ਰਾਜਨੀਤੀ ਦੇ ਦਾਇਰੇ ਅੰਦਰ ਵੀ ਕੁਝ ਹੱਲਾ ਮਚਾਉਣਾ ਜਰੂਰੀ ਸੀ। ਵੋਟ ਦੀ ਰਾਜਨੀਤੀ ਦੇ ਸਮੀਕਰਣ ਵੈਸੇ ਵੀ ਹਾਕਮ ਜਮਾਤ ਦੇ ਵੱਖ-ਵੱਖ ਗੁੱਟਾਂ ਵਿਚਕਾਰ ਵਿਰੋਧੀਆਂ ਕਾਰਨ ਅਜੇਹੇ ਮੁੱਦੇ ਏਜੰਡੇ 'ਤੇ ਲਾਏ ਜਾਂਦੇ ਹਨ ਜੋ ਅਸਲ 'ਚ ਲੋਕਾਂ ਦੇ ਜੀਵਨ 'ਤੇ ਫਰਕ ਪਾਉਂਦੇ ਹਨ। ਭਾਰਤੀ ਪੂੰਜੀਵਾਦੀ ਚੁਣਾਵੀ ਰਾਜਨੀਤੀ 'ਚ ਪਹਿਲੀ ਵਾਰੀ ਗਰੀਬੀ ਇਕ ਵੱਡਾ ਮੁੱਦਾ ਬਣ ਕੇ ਉਦੋਂ ਉਭਰਿਆ ਜਦੋਂ ਰਾਮ ਮਨੋਹਰ ਲੋਹੀਆ ਨੇ 1950 ਦੇ ਦਹਾਕੇ 'ਚ ਸੰਸਦ 'ਚ ਇਸ ਬਾਰੇ ਭਾਵਨਾਤਮਕ ਬਿਆਨ ਦਿਤਾ ਅਤੇ ਨਹਿਰੂ ਦੇ ਜੀਵਨ ਪੱਧਰ ਤੇ ਟਿਪਟੀ ਕਰਦਿਆ ਕਿਹਾ ਕਿ ਆਮ ਗਰੀਬ ਭਾਰਤੀ ਦੀ ਰੋਜ਼ਾਨਾ ਆਮਦਨ ਨਹਿਰੂ ਦੇ ਪਾਲਤੂ ਕੁੱਤੇ ਦੇ ਰੋਜ਼ਾਨਾ ਹੋਣ ਵਾਲੇ ਖਰਚ ਤੋਂ ਵੀ ਘੱਟ ਹੈ। ਪਰ ਇਸ ਦਾ ਜੁਆਬ ਨਹਿਰੂ ਨੇ ਵਿਵੇਕਪੂਰਨ ਢੰਗ ਨਾਲ ਦਿੰਦਿਆ ਤੱਥਾਂ ਨੂੰ ਮੰਨਿਆ ਅਤੇ 6 ਲੋਕਾਂ ਦੀ ਇਕ ਸੰਮਤੀ ਉਹਨਾਂ ਨੂੰ ਗਰੀਬੀ ਰੇਖਾ ਦੇ ਨਿਰਧਾਰਨ ਲਈ ਬਣਾਉਣੀ ਪਈ। ਇਸ ਸੰਮਤੀ 'ਚ ਵੱਡੇ-ਵੱਡੇ ਵਿਦਵਾਨ ਸਨ। ਸਾਫ ਹੈ ਕਿ ਉਸ ਸਮੇਂ ਭਾਰਤੀ ਦਲਾਲ ਸ਼ਰਮਾਏਦਾਰੀ ਦੀ ਰਾਜਨੀਤੀ ਪਤਨ ਤੇ ਨੰਗੇਜ਼ ਦੇ ਉਸ ਪੱਧਰ 'ਤੇ ਨਹੀਂ ਪਹੁੰਚੀ ਸੀ। ਜਿਸ 'ਤੇ ਅੱਜ ਹੈ। ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਇਸ ਨਾਲ ਉਸ ਦੇ ਕਿਰਦਾਰ 'ਚ ਕੋਈ ਜ਼ਿਆਦਾ ਫਰਕ ਪੈਂਦਾ ਹੈ ਸਪਸ਼ਟ ਹੈ ਕਿ ਇਹਨਾਂ ਸਾਰੀਆਂ ਸੰਮਤੀਆਂ ਤੇ ਕਮਿਸ਼ਨ ਦੇ ਬਿਠਾਏ ਜਾਣ ਦੇ ਬਾਵਜੂਦ 'ਅਜਾਦੀ' ਤੋਂ ਪਿਛੋਂ ਦੇ ਭਾਰਤ ਦੀ ਮੇਹਨਤਕਸ਼ ਜਨਤਾ ਦੀ ਗਰੀਬ 'ਚ ਵਾਧਾ ਹੀ ਹੋਇਆ ਹੈ। ਹਾਲ ਦੀ ਘੜੀ ਉਪਰੋਕਿਤ ਸੰਮਤੀ ਦੀ ਰੀਪੋਟ ਦੇ ਅਧਾਰ 'ਤੇ ਭਾਰਤੀ ਯੋਜਨਾ ਕਮਿਸ਼ਨ ਨੇ ਉਸ ਸਮੇਂ 20 ਰੁਪਏ ਮਹੀਨੇ ਦੀ ਗਰੀਬੀ ਰੇਖਾ ਤਹਿ ਕੀਤੀ ਸੀ। ਇਹ ਗੱਲ ਕਾਫੀ ਭੇਦਭਰੀ ਲਗਦੀ ਹੈ ਕਿ ਸੰਮਤੀ ਇਸ ਗਰੀਬੀ ਰੇਖਾ ਤਕ ਕਿਵੇਂ ਪੁੱਜੀ। ਇਸ ਦਾ ਕੋਈ ਬਿਉਰਾ ਕਦੀ ਨਹੀਂ ਮਿਲਦਾ ਹੈ। ਸਪਸ਼ਟ ਹੈ ਕਿ ਇਹ ਠੋਸ ਤੱਥ ਅਧਾਰਤ ਅਨੁਭਵਿਕ ਅਧਿਐਨ ਸੀ।

1971 'ਚ ਗਰੀਬ ਦਾ ਪਹਿਲਾਂ ਤੱਥ ਅਧਾਰਤ ਅਧਿਐਨ ਕੀਤਾ ਗਿਆ।

ਇਹ ਅਧਿਐਨ ਵੀ.ਐਸ ਦਾਂਡੇਕਰ ਤੇ ਨੀਲ ਕੰਠ ਰੱਥ ਵਲੋਂ ਕੀਤਾ ਗਿਆ ਸੀ ਤੇ ਇਕ ਅੰਗਰੇਜੀ ਰਸਾਲੇ 'ਚ ਛਪਿਆ ਸੀ। ਇਹਨਾਂ ਵਿਦਵਾਨਾਂ ਨੇ ਗਰੀਬੀ ਦੀ ਪ੍ਰੀਭਾਸ਼ਾ ਦਿੰਦੇ ਹੋਏ ਕਿਹਾ ਕਿ ਹਰ ਉਸ ਬੰਦੇ ਨੂੰ ਗਰੀਬ ਮੰਨਿਆ ਜਾਣਾ ਚਾਹੀਦਾ ਹੈ ਜੋ ਦੋ ਡੰਗ ਦੀ ਰੋਟੀ ਹਾਸਲ ਨਹੀਂ ਕਰ ਸਕਦਾ। ਇਹ ਪ੍ਰੀਭਾਸ਼ਾ ਵੀ ਆਪਣੇ ਆਪ 'ਚ ਕਾਫੀ ਨਹੀਂ ਹੈ। ਇਹ ਗਰੀਬੀ ਨਹੀਂ ਬਲਕਿ ਉਤਰਜੀ ਵਿਤਾ (ਸਰਵਾਈਵਲ) ਪੱਧਰ ਦੀ ਪ੍ਰੀਭਾਸ਼ਾ ਹੋਣੀ ਚਾਹੀਦੀ ਹੈ ਕਿਉਂਕਿ ਇਹ ਪ੍ਰੀਭਾਸ਼ਾ ਇਹ ਮੰਨਦੀ ਹੈ ਕਿ ਇਕ ਗਰੀਬ ਆਦਮੀ ਲਈ ਸਿਰਫ ਜਿਉਂਦੇ ਰਹਿਣਾ ਕਾਫੀ ਹੈ। ਉਸ ਨੂੰ ਸਿਖਿਆ, ਇਲਾਜ, ਟਰਾਂਸਪੋਰਟ, ਰਿਹਾਇਸ਼ ਆਦਿ ਵਰਗੀਆਂ ਚੀਜ਼ਾਂ ਦੀ ਲੋੜ ਨਹੀਂ ਹੈ। ਹਾਲ ਦੀ ਘੜੀ ਇਸ ਸੰਮਤੀ ਨੇ ਤਹਿ ਕੀਤਾ ਕਿ ਇਕ ਔਸਤ ਭਾਰਤੀ ਨੂੰ ਪੌਸ਼ਟਿਕ ਆਹਾਰ ਲਈ 2250 ਕਿਲੋ ਕੈਲਰੀ ਦੀ ਲੋੜ ਰੋਜ਼ਾਨਾ ਹੁੰਦੀ ਹੈ। ਇਸ ਸਿੱਟੇ ਦਾ ਨਤੀਜਾ ਉਸ ਸਮੇਂ ਦੇ ਪ੍ਰਸਿੱਧ ਅੰਕੜਾ ਵਿਦਵਾਨ ਪੀ.ਵੀ ਸੁਖਾਤਮੇ ਦਾ ਅਧਿਐਨ ਸੀ, ਦੰਡੇਕਰ ਅਤੇ ਰਥ ਨੇ ਮੰਨਿਆ ਕਿ ਜੋ ਪ੍ਰੀਵਾਰ ਆਪਣੀ ਆਮਦਨ ਨਹੀਂ ਰਖਦੇ ਕਿ ਆਪਣੇ ਹਰ ਮੈਂਬਰ ਨੂੰ ਏਨੀ ਖੁਰਾਕ ਰੋਜ਼ਾਨਾ ਦੇ ਸਕੇ, ਉਹਨਾਂ ਨੂੰ ਗਰੀਬ ਮੰਨਿਆ ਜਾਣਾ ਚਾਹੀਦਾ ਹੈ। ਇਸ ਪਿਛੋਂ 1961-62 ਦੇ ਕੌਮੀ ਨਮੂਨਾ ਸਰਵੇਖਣ ਸੰਗਠਨ ਦੇ ਅੰਕੜਿਆਂ ਦੇ ਅਧਾਰ 'ਤੇ ਅਜੇਹੇ ਪ੍ਰੀਵਾਰਾਂ ਦੀ ਗਿਣਤੀ ਦਾ ਅੰਦਾਜ਼ਾ ਲਾਇਆ ਗਿਆ। ਸਰਕਾਰ ਨੇ 1973-74 'ਚ ਇਸ ਅਧਾਰ 'ਤੇ ਨਤੀਜਾ ਕੱਢਿਆ ਕਿ ਏਨੇ ਅਨਾਜ ਦੀ ਖਪਤ ਲਈ ਪਿੰਡ 'ਚ ਰੋਜ਼ਾਨਾ 49 ਰੁਪਏ ਅਤੇ ਸ਼ਹਿਰ ਵਿਚ ਰੋਜ਼ਾਨਾ ਆਮਦਨ 56 ਰੁਪਏ ਹੋਣੀ ਚਾਹੀਦੀ ਹੈ। ਇਹ ਆਖਰੀ ਮੌਕਾ ਸੀ ਜਦ ਯੋਜਨਾ ਕਮਿਸ਼ਨ ਨੇ ਸਿੱਧੇ-ਸਿੱਧੇ ਘੱਟੋ-ਘੱਟ ਜਰੂਰੀ ਖੁਰਾਕ ਸਮੱਗਰੀ ਦਾ ਮੁੱਲਅੰਕਣ (ਅੰਦਾਜ਼ਾ) ਕਰਦਿਆ ਉਸ ਨੂੰ ਸਮਕਾਲੀਨ ਕੀਮਤਾਂ ਅਨੁਸਾਰ ਘਟੋ-ਘੱਟ ਆਮਦਨ 'ਚ ਰੁਪਾਂਤਰਿਤ ਕੀਤਾ ਸੀ। 1974 ਤੋਂ ਪਿਛੋਂ ਹਰ ਪੰਜ ਸਾਲਾਂ 'ਤੇ ਖਪਤ ਖਰਚੇ ਨੂੰ ਅੰਗਿਆ ਜਾਵੇਗਾ। ਪਰ 1979 ਤੋਂ ਯੋਜਨਾ ਆਯੋਗ ਨੇ ਹਰ ਵਾਰੀ ਘੱਟੋ-ਘੱਟ ਜ਼ਰੂਰੀ ਭਜਨ ਦਾ ਨਵੇਂ ਸਿਰੇ ਤੋਂ ਖਰਚ ਕੱਢ ਕੇ ਗਰੀਬੀ ਰੇਖਾ ਤਹਿ ਕਰਨ ਦੀ ਬਜਾਏ ਪੁਰਾਣੀ ਗਰੀਬੀ ਰੇਖਾ ਦੀ ਕੀਮਤ ਸੂਚਕਾਂਕਾਂ ਦੇ ਨਾਲ ਸਾਮਕਲਨ ਸ਼ੁਰੂ ਕਰ ਦਿੱਤਾ। ਜੇ ਪੁਰਾਣੀ ਗਰੀਬੀ ਰੇਖਾ ਨੂੰ ਹੀ ਕੀਮਤ ਸੂਚਕਾਂਕ 'ਚ ਆਉਣ ਵਾਲੀਆਂ ਤਬਦੀਲੀਆਂ ਦੇ ਨਾਲ ਮੇਲ ਕੇ ਦੇਖਿਆ ਜਾਵੇ ਤਾਂ ਸ਼ੁਰੂ ਦੇ ਤਿੰਨ-ਚਾਰ ਸਾਲਾਂ ਤਕ ਗਰੀਬੀ ਰੇਖਾ ਦੀ ਪ੍ਰੀਭਾਸ਼ਾ ਕੰਮ ਚਲਾਊ ਦਿਸ ਸਕਦੀ ਹੈ ਪਰ ਉਸ ਪਿਛੋਂ ਇਹ ਬੇਕਾਰ ਹੁੰਦੀ ਜਾਵੇਗੀ। ਇਹੀ ਹੋਇਆ ਹੈ ਕਾਰਨ ਇਹ ਹੈ ਕਿ ਕੀਮਤ ਸੂਚਕਾਂਕ ਹਰ ਉਸ ਕਾਰਕ 'ਤੇ ਵਿਚਾਰ ਨਹੀਂ ਕਰਦਾ ਜੋ ਕਿ ਗਰੀਬੀ ਰੇਖਾ ਦੀ ਸੋਧ 'ਚ ਧਿਆਨ 'ਚ ਰਖੇ ਜਾਣਾ ਚਾਹੀਦੇ ਹਨ। ਕੀਮਤ ਸੂਚਕਾਂਕਾਂ ਦੀ ਵਰਤੋਂ ਸਿਰਫ ਮੁਲਾਜਮਾਂ ਦੇ ਮਹਿੰਗਾਈ ਭੱਤੇ 'ਚ ਸੋਧ ਲਈ ਕੀਤੀ ਜਾ ਸਕਦੀ ਹੈ ਕਿਉਂਕਿ ਉਹ ਸਿਰਫ ਬਾਜ਼ਾਰ 'ਚ ਚੀਜ਼ਾਂ ਦੀਆਂ ਕੀਮਤਾਂ 'ਚ ਹੋਣ ਵਾਲੇ ਘਾਟੇ ਵਾਧੇ 'ਤੇ ਨਿਗਾਹ ਰਖਦਾ ਹੈ ਉਹ ਵੀ ਅੰਸ਼ਿਕ ਰੂਪ 'ਚ। ਜੇ ਸਰਕਾਰੀ ਕਰਮਚਾਰੀਆਂ ਦੀ ਤਨਖਾਹ 'ਚ ਵਾਧੇ ਲਈ ਸਿਰਫ ਕੀਮਤ ਸੂਚਕਾਂਕ ਦੇ ਅਧਾਰ 'ਤੇ ਕੀਤੀ ਜਾਂਦੀ ਤਾਂ 1973 ਵਿਚ ਜਿਸ ਸਰਕਾਰੀ ਮੁਲਾਜਮਾਂ ਦੀ ਤਨਖਾਹ 1000 ਰੁਪੈ ਸੀ ਉਹ ਅੱਜ 17000 ਰੁਪਏ ਹੁੰਦੀ ਪਰ ਇਹ ਅੱਜ ਕਰੀਬ 51,000 ਰੁਪਏ ਹੈ। 1973-74 ਪਿਛੋਂ ਸਰਕਾਰ ਨੇ ਕਦੀ ਵੀ ਸਿੱਧੇ ਤੌਰ 'ਤੇ ਨਹੀਂ ਦੇਖਿਆ ਕਿ ਦੇਸ਼

ਦੇ ਕਿੰਨੇ ਫੀ ਸਦੀ ਲੋਕ 2100/2400 ਕਿਲੋ ਕੈਲਰੀ ਤੋਂ ਘੱਟ ਖਪਤਕਾਰ ਪਾ ਰਹੇ ਹਨ। ਉਸ ਨੇ ਬਸ 1974 ਦੀ ਗਰੀਬੀ ਰੇਖਾ ਨੂੰ ਕੀਮਤ ਸੂਚਕਾਂਕ 'ਚ ਹੋਣ ਵਾਲੀਆਂ ਤਬਦੀਲੀਆਂ ਅਨੁਸਾਰ ਸੋਧ ਕਰਨਾ ਜਾਰੀ ਰਖਿਆ। ਨਤੀਜਾ ਇਹ ਹੈ ਕਿ ਅੱਜ ਯੋਜਨਾ ਕਮਿਸ਼ਨ 26/32 ਰੁਪਏ ਰੋਜ਼ਾਨਾ ਦੀ ਗਰੀਬੀ ਰੇਖਾ 'ਤੇ ਪਹੁੰਚ ਗਿਆ ਹੈ। ਸਾਫ ਹੈ ਕਿ ਦੇਸ਼ ਦੀ ਹਾਕਮ ਜਮਾਤ ਨੇ ਬਹੁਤ ਹੀ ਕੁਟਿਲਤਾ ਦੇ ਨਾਲ ਇਕ ਐਸੀ ਪ੍ਰਣਾਲੀ ਅਪਣਾਈ ਜੋ ਕਿ ਗਰੀਬੀ ਨੂੰ ਘੱਟ ਕਰਕੇ ਦਿਖਾ ਸਕੇ। ਇਹ ਪ੍ਰਣਾਲੀ ਸ਼ੁਰੂ ਦੇ 10 ਸਾਲਾਂ ਤਕ ਆਪਣਾ ਕੰਮ ਕਰ ਸਕਦੀ ਸੀ ਪਰ ਉਸ ਪਿਛੋਂ ਇਹ ਬੇਤੁਕੇਪਨ ਦੇ ਪ੍ਰਦੇਸ਼ 'ਚ ਦਾਖਲ ਹੋ ਗਈ ਅੱਜ ਸਾਫ ਨਜ਼ਰ ਆ ਰਿਹਾ ਹੈ ਕਿ ਐਸੀ ਗਰੀਬੀ ਰੇਖਾ 'ਤੇ ਸਿਰਫ ਹੱਸਿਆ ਹੀ ਜਾ ਸਕਦਾ ਹੈ। ਇਸ ਲਈ ਅਰਥਚਾਰੇ ਦੇ ਬਹੁਤੇ ਡੂੰਘੇ ਗਿਆਨ ਦੀ ਲੋੜ ਨਹੀਂ ਹੈ। ਅਸਲ 'ਚ ਜਿਹਨਾਂ ਨੂੰ ਬਹੁਤ ਡੂੰਘਾ 'ਗਿਆਨ' ਹੈ ਉਹ ਇਹ ਧੋਖਾਧੜੀ ਦਾ ਕੰਮ ਕਰ ਰਹੇ ਹਨ। ਜਿਵੇਂ ਮਨਮੋਹਨ ਮੌਨਟੇਕ ਦੀ ਜੋੜੀ। ਅਸਲ 'ਚ ਬੁਰਜੂਆ ਅਰਥ ਸਾਸ਼ਤਰ ਦੇ ਗਿਆਨ ਦਾ ਮੁੱਖ ਕੰਮ ਹੀ ਇਸ ਤਰ੍ਹਾਂ ਦੀਆਂ ਜਾਲਸਾਜੀਆਂ ਕਰਨ ਦਾ ਹੁੰਦਾ ਹੈ। ਹਾਲ ਦੀ ਘੜੀ ਜਦ ਇਹ ਗਰੀਬੀ ਰੇਖਾ ਹਾਸੋਹੀਣੀ ਦਿਸਣ ਲੱਗੀ ਤਾਂ ਸਰਕਾਰ ਨੇ ਦਿਖਾਵੇ ਲਈ ਕੁਝ ਹੋਰ ਸੰਮਤੀਆਂ ਤੇ ਕਮਿਸ਼ਨ ਬਿਠਾਏ ਤਾਂ ਕਿ ਯੋਜਨਾ ਕਮਿਸ਼ਨ ਤੇ ਸਰਕਾਰ ਦੀ ਇਸ ਮਹੱਤਵਪੂਰਨ ਹਾਲਤ 'ਤੇ ਪਰਦਾ ਪਾਇਆ ਜਾ ਸਕੇ। 1991 'ਚ ਲਕੜਵਾਲਾ ਸੰਮਤੀ ਬਿਠਾਈ ਗਈ। ਇਹ ਉਹੀ ਸਮਾਂ ਸੀ ਜਦ ਨਰ ਸਿੰਘਾ ਰਾਓ ਤੇ ਮਨਮੋਹਨ ਸਿੰਘ ਦੀ ਅਗਵਾਈ 'ਚ ਭਾਰਤੀ ਪੂੰਜੀਵਾਦ ਨੇ ਨਿਜੀਕਰਣ, ਉਦਾਰੀਕਰਣ ਤੇ ਵਿਸ਼ਵੀਕਰਨ ਦੇ ਰਾਹ 'ਤੇ ਕਦਮ ਵਧਾਇਆ ਸੀ। ਉਸ ਸੰਮਤੀ ਨੇ 1993 'ਚ ਆਪਣੀ ਰੀਪੋਟ ਪੇਸ਼ ਕੀਤੀ ਜਿਸ ਨੂੰ ਯੋਜਨਾ ਕਮਿਸ਼ਨ ਨੇ ਮੰਨ ਲਿਆ। ਇਸ ਦਾ ਕਾਰਨ ਇਹ ਸੀ ਕਿ ਇਸ ਸੰਮਤੀ ਨੇ ਗਰੀਬੀ ਰੇਖਾ ਨਿਰਧਾਰਨ ਕਰਨ 'ਚ ਜਾਰੀ ਚਾਰ ਸੌ ਵੀਹ ਨੂੰ ਮੰਨਿਆ ਅਤੇ ਨਵੀ ਕਿਸ਼ਮ ਦੀ ਜਾਹਲਸਾਜੀਆਂ ਲਈ ਰਾਹ ਸਾਫ ਕੀਤਾ। ਇਸ ਨੇ ਕੈਲੋਰੀ ਮਾਨਕ ਨੂੰ ਸਵੀਕਾਰ ਕੀਤਾ ਅਤੇ 1973-74 ਦੇ ਕੌਮੀ ਨਮੂਨਾ ਸਰਵੇਖਣ ਦੇ ਅੰਕੜਿਆਂ ਨੂੰ ਅਧਾਰ ਬਣਾਇਆ। ਇਸ ਵਿਚ ਇਕ ਚਲਾਕੀ ਸੀ। ਇਹ ਅੰਕੜੇ ਇਕ ਸਰਕਾਰੀ ਵਿਭਾਗ ਦੇ ਕਹਿਣ 'ਤੇ ਇੱਕਠੇ ਕੀਤੇ ਗਏ ਸਨ ਅਤੇ ਸਿਰਫ ਨੌ ਮਹੀਨਿਆਂ ਦੇ ਸਨ। ਇਸ ਕਾਰਨ ਇਹ ਗਰੀਬੀ ਦੇ ਸਾਰੇ ਪਹਿਲੂਆਂ 'ਤੇ ਵਿਚਾਰ ਨਹੀਂ ਕਰਦੇ ਸਨ। ਇਸ ਤੋਂ ਇਲਾਵਾ ਇਸ ਸੰਮਤੀ ਨੇ ਪੂਰੇ ਦੇਸ਼ 'ਚ ਸ਼ਹਿਰਾਂ ਤੇ ਪਿੰਡਾਂ ਲਈ ਵੱਖ-ਵੱਖ ਤਰ੍ਹਾਂ ਨਾਲ ਗਰੀਬੀ ਰੇਖਾ ਦੇ ਮੁਲਅੰਕਣ ਦਾ ਸੁਝਾਅ ਦਿੱਤਾ। ਅਸਲ 'ਚ ਰਾਜ ਦੇ ਗਰੀਬੀ ਦੇ ਅੰਕੜੇ ਨੂੰ ਵੱਖ-ਵੱਖ ਕੱਢਿਆ ਜਾਣਾ ਚਾਹੀਦਾ ਹੈ ਅਤੇ ਫਿਰ ਉਹਨਾਂ ਨੂੰ ਜੋੜ ਕੇ ਕੌਮੀ ਪੈਮਾਨੇ ਦੀ ਗਰੀਬੀ ਰੇਖਾ ਤਿਆਰ ਕੀਤੀ ਜਾਣੀ ਚਾਹੀਦੀ ਸੀ। ਪਰ ਇਹ ਕਰਨ ਦੀ ਬਜਾਏ ਰਾਜਾਂ ਦੇ ਗਰੀਬੀ ਦੇ ਅੰਕੜਿਆਂ ਦੇ ਔਸਤ ਦਾ ਅੰਦਾਜ਼ਾ ਲਾ ਦਿਤਾ ਗਿਆ। ਇਹ ਮਜਾਕੀਆ ਇਸ ਲਈ ਸੀ ਕਿਉਂਕਿ ਰਾਜ ਦੇ ਗਰੀਬੀ ਦੇ ਅੰਕੜਿਆਂ ਨੂੰ ਜੋੜਨ ਵਿਚ ਕੈਲੋਰੀ ਪੈਮਾਨੇ ਨੂੰ ਨਹੀਂ ਵਰਤਿਆ ਗਿਆ ਸੀ। ਲਕੜ ਵਾਲਾ ਸੰਮਤੀ ਨੇ ਕੀਮਤ ਸੂਚਕਾਂਕ ਰਾਹੀਂ ਗਰੀਬੀ ਰੇਖਾ ਦੀ ਸੋਧ ਨੂੰ ਵੀ ਮਾਨਤਾ ਦੇ ਦਿਤੀ ਗਈ ਪਰ ਇਹ ਸਾਰੀ ਖੇਡ ਜਲਦੀ ਹੀ ਬੇਨਕਾਬ ਹੋ ਗਈ ਅਤੇ ਇਹ ਸਾਫ ਹੋ ਗਿਆ ਕਿ ਲਕੜ ਵਾਲਾ ਸੰਮਤੀ ਨੇ ਅਸਲ 'ਚ ਸਰਕਾਰੀ ਗੋਰਖਧੰਦੇ ਨੂੰ ਬੌਧਿਕ, ਮਾਨਤਾ ਮੁਹੱਈਆ ਕਰਨ ਦਾ ਕੰਮ

ਕੀਤਾ ਹੈ। ਹਾਲੀਆ ਤੰਦੁਲਕਰ ਸੰਮਤੀ ਨੇ ਕੁਝ ਜਰੂਰੀ ਬਦਲਾਅ ਕਰਕੇ ਥੋੜੀ ਇੱਜਤ ਬਚਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਸੰਮਤੀ ਨੇ ਕਾਨੂੰਨੀ ਨਮੂਨਾ ਸਰਵੇਖਣ ਦੇ ਤਾਜ਼ਾ ਅੰਕੜਿਆਂ ਦੇ ਕੀਮਤ ਸੂਚਕਾਂਕਾਂ ਦੀ ਵਰਤੋਂ ਕੀਤੀ ਅਤੇ ਕਲੋਰੀ ਅਧਾਰਤ ਨਿਰਭਰਤਾ ਨੂੰ ਘੱਟ ਕੀਤਾ ਪਰ ਤੰਦੁਲਕਰ ਸੰਮਤੀ ਨੇ ਗਰੀਬ ਰੇਖਾ ਦੇ ਹੇਠਾਂ ਰਹਿਣ ਵਾਲੀ ਗਰੀਬ ਅਬਾਦੀ ਦੇ ਆਖਰੀ ਅੰਕੜਿਆਂ ਨੂੰ ਮੰਨਿਆ ਤੇ ਫਿਰ ਉਸ ਵਿਚ ਪ੍ਰਤੀ ਵਿਅਕਤੀ ਸਿਖਿਆ ਤੇ ਸਿਹਤ ਦੇ ਮੁਦਿਆਂ 'ਚ ਹੋਣ ਵਾਲੇ ਖਰਚ ਨੂੰ ਜੋੜ ਕੇ ਨਵੀਂ ਗਰੀਬੀ ਰੇਖਾ ਬਣਾਈ। ਇਸ ਨੂੰ ਕੌਮੀ ਪੈਮਾਨੇ ਦੀ ਆਮ ਗਰੀਬੀ ਰੇਖਾ ਮੰਨਿਆ ਗਿਆ ਤ ਉਸ ਨੂੰ ਰਾਜ ਸਭਾ 'ਚ ਹੋਣ ਵਾਲੀਆਂ ਤਬਦੀਲੀਆਂ ਦੇ ਨਾਲ ਸਮਾਕਲਿਤ ਕਰ ਦਿੱਤਾ ਗਿਆ। ਇਹ ਗਰੀਬੀ ਰੇਖਾ ਦੇ ਅਧਾਰ 'ਤੇ ਸੰਮਤੀ ਨੇ ਕਲੌਰੀ ਉਪਯੋਗ ਦੀ ਸਥਿਤੀ 'ਤੇ ਗੌਰ ਕੀਤਾ ਤੇ ਪਾਇਆ ਕਿ ਸ਼ਹਿਰੀ ਖੇਤਰਾਂ 'ਚ ਪ੍ਰਤੀ ਵਿਅਕਤੀ ਉਪਯੋਗ 1800 ਕਿਲੋ ਕਲੌਰੀ ਤੋਂ ਘੱਟ ਅਤੇ ਪੇਂਡੂ ਖੇਤਰਾਂ 'ਚ ਇਹ 2000 ਕਿਲੋ ਕੈਲੋਰੀ ਤੋਂ ਵੀ ਘੱਟ ਹੈ। ਪਰ ਬਜਾਏ ਇਸ ਨਵੀਂ ਸੂਚਨਾ ਅਨੁਸਾਰ ਗਰੀਬੀ ਰੇਖਾ ਨੂੰ ਦਰੁਸਤ ਕਰਨ ਦੇ ਪਹਿਲਾਂ ਤੋਂ ਹੀ ਤਹਿ ਗਰੀਬੀ ਰੇਖਾ ਅਨੁਸਾਰ ਕੈਲੋਰੀ ਖਪਤ ਪੈਮਾਨੇ ਨੂੰ ਹੀ ਹੇਠਾਂ ਕਰ ਦਿੱਤਾ ਗਿਆ ਅਤੇ ਹਿਸ ਦੇ ਪੱਖ 'ਚ ਇਹ ਦਲੀਲ ਦਿੱਤੀ ਗਈ ਕਿ ਫੂਡ ਐਂਡ ਐਗਰੀਕਲਚਰ ਆਰਗੇਨਾਈਜੇਸ਼ਨ ਦੇ ਨਵੇਂ ਪੈਮਾਨੇ ਅਨੁਸਾਰ ਖੁਰਾਕ ਸਮਗਰੀਆਂ ਬਾਰੇ ਲੋਕਾਂ ਦੀ ਪਸੰਦ ਬਦਲਨ ਕਾਰਣ ਕੁਲ ਕੈਲੋਰੀ ਖਪਤ 'ਚ ਕਮੀ ਆਈ ਹੈ। ਜਾਹਿਰ ਹੈ ਕਿ ਸੰਯੁਕਤ ਰਾਸ਼ਟਰ ਦਾ ਇਹ ਸੰਗਠਨ ਦੁਨੀਆਂ 'ਚ ਵਧਦੀ ਗਰੀਬੀ ਨੂੰ ਇਉਂ ਹੀ ਵਿਆਪਕ ਕਰੇਗਾ ਤਾਂ ਕਿ ਪੂੰਜੀਵਾਦ ਦੇ ਅਪਰਾਧਾਂ 'ਤੇ ਪਰਦਾ ਪਾਇਆ ਜਾ ਸਕੇ। ਤੇਂਦੂਲਕਰ ਸੰਮਤੀ ਦਾ ਸਭ ਤੋਂ ਵੱਡਾ ਫਰਜ਼ੀਵਾੜਾ ਇਹ ਸੀ ਕਿ ਉਸ ਨੇ 2004-05 'ਚ ਸ਼ਹਿਰਾਂ 'ਚ ਗਰੀਬੀ ਰੇਖਾ ਦੇ ਹੇਠਾਂ ਜੀ ਰਹੇ ਲੋਕਾਂ ਨੂੰ ਹੀ ਗਰੀਬੀ ਰੇਖਾ ਦੀ ਮਾਨਤਾ ਦੇ ਦਿਤੀ, ਜਦਕਿ ਉਹ ਜਾਣਦੀ ਸੀ ਕਿ ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਗਲਤ ਜੋੜ-ਘਟਾਅ ਤੇ ਹੇਰਾ-ਫੇਰੀ ਦੇ ਜਰੀਏ ਇਹ ਅੰਕੜੇ ਹਾਸਲ ਹੋਏ ਸਨ। ਉਸ ਦੇ 1973-74 ਦੇ ਅੰਕੜਿਆਂ ਨੂੰ ਅਧਾਰ ਅੰਕੜਾ ਮੰਨ ਕੇ ਗਰੀਬੀ ਰੇਖਾ 'ਚ ਸੋਧ ਕਰਨੀ ਚਾਹੀਦੀ ਸੀ। ਇਹ ਕਹਾਣੀ ਹੈ ਹੁਣ ਤਕ ਦੇ ਭਾਰਤ 'ਚ ਗਰੀਬੀ ਰੇਖਾ ਦੇ ਨਿਰਧਾਰਣ ਦੇ ਅਰਥਸਾਸ਼ਤਰ, ਰਾਜਨੀਤੀ ਤੇ ਦਰਸ਼ਨ ਦੀ ਜੋ ਕਿ ਖੁਦ ਬੁੱਧੀ ਦੀ ਗਰੀਬੀ ਰੇਖਾ ਤੋਂ ਕਾਫੀ ਹੇਠਾਂ ਹੈ। ਯੋਜਨਾ ਕਮਿਸ਼ਨ ਵਲੋਂ ਪਿਛੇ ਜਿਹੇ ਦਾਇਰ ਹਲਫ਼ਨਾਮੇ ਦੇ ਚਮਤਕਾਰੀ ਦਾਅਵਿਆਂ ਦੇ ਪਿਛੇ ਇਹੀ ਚਮਤਕਾਰੀ ਪ੍ਰਣਾਲੀ ਹੈ ਜਿਸ ਦਾ ਮਕਸਦ ਗਰੀਬਾਂ ਦੀ ਸਹੀ ਗਿਣਤੀ ਦਾ ਅੰਦਾਜ਼ਾ ਲਾ ਕੇ ਉਹਨਾਂ ਦੀ ਬੇਹਤਰੀ ਦੀ ਯੋਜਨਾ ਬਣਾਉਣਾ ਨਹੀਂ ਹੈ। ਇਸ ਦਾ ਮਕਸਦ ਗਰੀਬਾਂ ਨੂੰ ਉਪਰ ਲੈ ਜਾਣਾ ਨਹੀਂ ਹੈ ਕਿਉਂਕਿ ਮਨਮੋਹਨ-ਮੌਨਟੇਕ ਦੀ ਸੋਚ 'ਚ ਅਮੀਰਾਂ ਨੂੰ ਹੋਰ ਅਮੀਰ ਬਣਾਇਆ ਜਾਵੇ ਤਾਂ ਕਿਸੇ ਪ੍ਰਸ਼ਨ ਹਸ਼ਤ ਗਤਿਕੀ ਰਾਹੀਂ ਗਰੀਬ ਖੁਦ ਹੀ ਖੁਸ਼ਹਾਲ ਹੋ ਜਾਣਗੇ। ਇਸ ਲਈ ਉਹਨਾਂ ਦੀਆਂ ਸਾਰੀਆਂ ਨੀਤੀਆਂ ਦਾ ਟੀਚਾ ਹੁੰਦਾ ਹੈ ਅਮੀਰਾਂ ਨੂੰ ਹੋਰ ਅਮੀਰ ਬਣਾਉਣਾ। ਇਹ ਗਰੀਬਾਂ ਨੂੰ ਤਾਂ ਉਪਰ ਲਿਜਾ ਨਹੀਂ ਸਕਦੇ ਲਿਹਾਜ਼ਾ ਉਹਨਾਂ ਦੀ ਸਾਰੀ ਕਸਤਰ ਗਰੀਬੀ ਰੇਖਾ ਦੇ ਨਿਰਧਾਰਨ 'ਚ ਇਸ ਲਈ ਹੁੰਦੀ ਹੈ ਕਿ ਗਰੀਬੀ ਰੇਖਾ ਨੂੰ ਤਰ੍ਹਾਂ-ਤਰ੍ਹਾਂ ਦੀ ਜਾਹਲਸਾਜ਼ੀ ਤੇ ਚਾਰ ਸੌ ਵੀਹ ਰਾਹੀਂ ਹੇਠਾਂ ਲੈ ਜਾਣਾ, ਭਾਵੇਂ ਹੀ ਉਹ ਹਾਸੋਹੀਣੀ ਦਿਸਣ ਲੱਗੇ।

# ਗਰੀਬਾਂ ਦੀ ਅਸਲੀ ਸਥਿਤੀ ਕੀ ਹੈ? ਇਕ ਤਿਰਛੀ ਨਜ਼ਰ

ਹੁਣ ਜਦਕਿ ਗਰੀਬੀ ਰੇਖਾ ਨਿਰਧਾਰਿਣ ਦੇ ਪ੍ਰਸੰਗ 'ਚ ਇਤਿਹਾਸ ਦੇ ਜ਼ਰੀਏ ਭਾਰਤ ਦੀ ਦਲਾਲ ਨੌਕਰਸ਼ਾਹ ਸ਼ਰਮਾਏਦਾਰੀ ਦੇ ਫਰਾਡ ਨੂੰ ਜਾਣ ਚੁੱਕੇ ਹਾਂ ਤਾਂ ਇਹ ਜਾਨਣਾ ਵੀ ਜਰੂਰੀ ਹੈ ਕਿ 2020 'ਚ ਮਹਾਂਸ਼ਕਤੀ ਬਣਨ ਦਾ ਦਾਅਵਾ ਰਖਣ ਵਾਲੇ ਇਸ ਦੇਸ਼ 'ਚ ਗਰੀਬਾਂ ਦੀ ਅਸਲੀ ਸਥਿਤੀ ਕੀ ਹੈ। ਜੇ ਇਕ ਨਿਗਾਰ ਗਰੀਬੀ, ਭੁੱਖਮਰੀ, ਕੁਪੋਸ਼ਣ, ਨਵਜ਼ਾਤ ਮੌਤ ਦਰ ਆਦਿ ਵਰਗੇ ਪੈਮਾਨਿਆਂ 'ਤੇ ਮਾਰੀ ਜਾਵੇ ਤਾਂ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਅਸੀਂ ਤਾਂ ਪਹਿਲਾਂ ਤੋਂ ਹੀ ਦੁਨੀਆਂ 'ਚ ਮਹਾਂਸ਼ਕਤੀ ਦਾ ਦਰਜਾ ਰਖਦੇ ਹਾਂ। ਮੌਜੂਦਾ ਹਾਸੋਹੀਣਾ ਗਰੀਬੀ ਰੇਖਾ ਮੁਤਾਬਕ ਇਸ ਸਮੇਂ ਕਰੀਬ 45 ਕਰੋੜ ਲੋਕ ਇਸ ਦੇਸ਼ 'ਚ ਗਰੀਬੀ ਰੇਖਾ ਤੋਂ ਹੇਠਾਂ ਦਾ ਜੀਵਨ ਜਿਉਂ ਰਹੇ ਹਨ। ਪਰ ਉਹਨਾਂ ਦਾ ਊਰਜਾ ਕੈਲੋਰੀ ਆਦਿ ਪ੍ਰੋਟੀਨ ਖਪਤ ਘੱਟੋ-ਘੱਟ ਪੈਮਾਨਿਆਂ ਤੋਂ ਬਹੁਤ ਹੇਠਾਂ ਹੈ। ਇਸ ਅਬਾਦੀ 'ਚ ਵਜ਼ਨ ਤੋਂ ਘੱਟ ਬੱਚਿਆਂ, ਬੀਮਾਰ ਬੱਚਿਆਂ, ਕੁਪੋਸ਼ਿਤ ਅਬਾਦੀ, ਭੁਖਮਰੀ ਦੀ ਦਰ ਭਿਆਨਕ ਹੈ। ਇਹਨਾਂ ਕੋਲ ਭੋਜਨ ਸਿਹਤ ਵਰਗੀਆਂ ਜੀਵਨਦਾਈ ਤੇ ਜੀਵਨ ਰਖਿਅਕ ਸਹੂਲਤਾਂ ਤਕ ਵੀ ਪਹੁੰਚੀਆਂ ਨਹੀਂ ਹਨ, ਸਿਖਿਆ ਦੀ ਗੱਲ ਤਾਂ ਬਹੁਤ ਦੂਰ ਦੀ ਹੈ ਇਸ ਨੂੰ ਗਰੀਬੀ ਨਹੀਂ ਬਲਕਿ ਕੁਪੋਸ਼ਿਤ ਤੇ ਭੁਖਮਰੀ ਦਾ ਸ਼ਿਕਾਰ ਆਬਾਦੀ ਕਿਹਾ ਜਾਣਾ ਚਾਹੀਦਾ ਹੈ ਅਤੇ ਜਿਸ ਰੇਖਾ ਦੇ ਹੇਠਾਂ ਇਹ ਜਿਉਂ ਰਹੇ ਹਨ ਉਸ ਨੂੰ 'ਗਰੀਬੀ ਰੇਖਾ' ਨਹੀਂ ਬਲਕਿ 'ਭੁਖਮਰੀ ਰੇਖਾ' ਦਾ ਨਾਂ ਦਿੱਤਾ ਜਾਣਾ ਚਾਹੀਦਾ ਸੀ ਕਿਉਂਕਿ ਇਹ ਰੇਖਾ ਅਸਲ 'ਚ ਐਸੀ ਹੀ ਹੈ। ਪਰ ਜੇ ਅਸੀਂ ਭੁਖਮਰੀ ਤਕ ਕੁਪੋਸ਼ਣ ਦੀ ਨਹੀਂ ਬਲਕਿ ਗਰੀਬੀ ਦੀ ਗੱਲ ਕਰੀਏ, ਜਿਸ ਦਾ ਅਰਥ ਹੈ ਕਿ ਉਹ ਅਬਾਦੀ ਜਿਸ ਕੋਲ ਭੋਜਨ, ਸਿਹਤ, ਸਿਖਿਆ, ਟਰਾਂਸਪੋਰਟ ਤੇ ਰੁਜ਼ਗਾਰ ਦੇ ਸਾਧਨਾਂ ਤਕ ਪਹੁੰਚ ਨਹੀਂ ਹੈ ਜਾਂ ਘੱਟ ਪਹੁੰਚ ਹੈ ਤਾਂ ਅਸੀਂ ਵੇਖਦੇ ਹਾਂ ਕਿ ਦੇਸ਼ ਦੀ 75 ਫੀ ਸਦੀ ਅਬਾਦੀ ਗਰੀਬ ਹੈ। ਪਿਛਲੇ ਦੋ ਦਹਾਕਿਆਂ ਤੋਂ ਫੀ ਵਿਅਕਤੀ ਕੈਲੋਰੀ ਖਪਤ ਤੇ ਪ੍ਰਤੀ ਵਿਅਕਤੀ ਪ੍ਰੋਟੀਨ ਖਪਤ ਲਗਾਤਾਰ ਡਿਗ ਰਹੀ ਹੈ। ਭਾਰਤੀ ਖਾਦ ਨਿਗਮ ਨੂੰ ਪੂਰੀ ਜਨਤਾ ਦੀਆਂ ਖੁਰਾਕੀ ਲੋੜਾਂ ਪੂਰੀਆਂ ਕਰਨ ਲਈ ਜਿੰਨਾ ਸਟਾਕ ਐਮਰਜੈਂਸੀ ਹਾਲਤਾਂ ਲਈ ਰਖਣਾ ਹੁੰਦਾ ਹੈ, ਉਸ ਸਮੇਂ ਉਸ ਪਾਸ 6 ਕਰੋੜ ਟਨ ਤੋਂ ਵੱਧ ਅਨਾਜ ਹੈ। ਇਹ ਸਾਰਾ ਅਨਾਜ ਸੜ ਜਾਂਦਾ ਹੈ ਜਦਕਿ ਦੂਜੇ ਪਾਸੇ ਲੋਕ ਭੁੱਖ ਨਾਲ ਮਰ ਜਾਂਦੇ ਹਨ। ਇਸ ਸਮੇਂ ਇਸ ਦੇਸ਼ 'ਚ ਅਰਜਨ ਸੇਨ ਗੁਪਤਾ ਦੀ ਰੀਪੋਟ ਅਨੁਸਾਰ ਕਰੀਬ 77 ਫੀ ਸਦੀ ਲੋਕ 20 ਰੁਪਏ ਰੋਜ਼ਾਨਾ ਜਾਂ ਉਸ ਤੋਂ ਘੱਟ ਆਮਦਨ 'ਤੇ ਜਿਉਂਦੇ ਹਨ। ਇਸ ਵਿਚੋਂ ਕਰੀਬ 27 ਫੀ ਸਦੀ 11 ਰੁਪਏ 60 ਪੈਸੇ ਰੋਜ਼ਾਨਾ ਆਮਦਨ 'ਤੇ ਗੁਜ਼ਰ ਬਸਰ ਕਰਦੇ ਹਨ। ਜੇ ਸ਼ੁਰੂਆਤੀ ਗਰੀਬੀ ਰੇਖਾ ਨੂੰ ਮੰਨਿਆ ਜਾਵੇ ਜਿਸ 'ਚ ਸਿਖਿਆ ਤੇ ਸਿਹਤ ਵਰਗੀਆਂ ਜਰੂਰੀ ਲੋੜਾਂ 'ਤੇ ਖਰਚ ਸ਼ਾਮਲ ਨਹੀਂ ਹੈ ਤਾਂ ਇਸ ਸਮੇਂ ਇਸ ਦੇਸ਼ ਦੀ 76 ਫੀ ਸਦੀ ਆਬਾਦੀ 2400/2100 ਕਿਲੋ ਕੈਲੋਰੀ ਰੋਜ਼ਾਨਾ ਖਪਤ ਤੋਂ ਹੇਠਾਂ ਜਾ ਰਹੀ ਹੈ। ਇਹ ਅੰਕੜਾ ਅਰਜਨ ਸੇਨ ਗੁਪਤਾ ਸੰਮਤੀ ਦੀ ਰੀਪੋਟ ਨਾਲ ਵੀ ਮੇਲ ਖਾਂਦਾ ਹੈ। ਨਵਜਾਤ ਮੌਤ ਦਰ ਸਬੰਧੀ 197 ਦੇਸ਼ਾਂ ਦੀ ਤਾਜ਼ਾ ਸੂਚੀ ਵਿਚ ਭਾਰਤ ਦੀ ਥਾਂ 152 ਵੀ ਹੈ ਅਤੇ ਬੰਗਲਾ ਦੇਸ਼,

ਘਾਨਾ, ਗੁਆਨਾ ਤੇ ਸ੍ਰੀ ਲੰਕਾ ਵੀ ਉਸ ਤੋਂ ਅੱਗੇ ਹਨ। ਮਨੁੱਖੀ ਵਿਕਾਸ ਸੂਚਕਾਂਕ ’ਚ ਭਾਰਤ ਦੀ ਥਾਂ 187 ਦੇਸ਼ਾਂ ਵਿਚੋਂ 134 ਵੀਂ ਹੈ ਅਤੇ ਇਸ ਮਾਮਲੇ ’ਚ ਸਬ-ਸਹਾਰਾ ਦੇ ਵੀ ਦੇਸ਼ ਭਾਰਤ ਨਾਲ ਮੁਕਾਬਲਾ ਕਰ ਰਹੇ ਹਨ। ਦੁਨੀਆਂ ’ਚ ਨਿਮੋਨੀਆ, ਡਾਇਰੀਆ ਆਦਿ ਵਰਗੇ ਇਲਾਜ ਦੇ ਲਾਇਕ ਬੀਮਾਰੀਆਂ ਨਾਲ ਸਭ ਤੋਂ ਵੱਧ ਮੌਤਾਂ ਭਾਰਤ ’ਚ ਹੁੰਦੀਆਂ ਹਨ। 2008 ’ਚ ਦੁਨੀਆਂ ਦੇ ਕੁਲ 15.6 ਕਰੋੜ ਨਮੋਨੀਆ ਰੋਗੀਆਂ ਵਿਚੋਂ 4.3 ਕਰੋੜ ਸਿਰਫ ਭਾਰਤ ’ਚ ਪਾਏ ਜਾਂਦੇ ਹਨ। ਦੁਨੀਆਂ ’ਚ ਸਲਾਨਾ ਡਾਇਰੀਆ ਨਾਲ ਮਰਨ ਵਾਲੇ ਬੱਚਿਆਂ ਦੀ ਗਿਣਤੀ ’ਚ ਭਾਰਤ ਦੀ ਪਹਿਲੀ ਥਾਂ ਤੇ ਨਾਜੀਰੀਆ, ਬਰੂੰਡੀ, ਚਾਡ, ਸੁਡਾਨ ਆਦਿ ਵਰਗੇ ਅਤੇ ਮਾੜੇ ਦੇਸ਼ਾਂ ਦੀ ਸਥਿਤੀ ਵੀ ਸਾਡੇ ਨਾਲੋਂ ਅੱਛੀ ਹੈ। ਭਾਰਤ ’ਚ ਹਰ ਸਾਲ 39 ਲੱਖ ਬੱਚੇ ਡਾਇਰੀਆ ਨਾਲ ਮਰ ਜਾਂਦੇ ਹਨ। ਭਾਰਤ ’ਚ ਖੁਲ੍ਹੇਆਮ ਮਲ ਤਿਆਗ ਕਾਰਨ ਸਾਰੀਆਂ ਬੀਮਾਰੀਆਂ ਜਾਨਲੇਵਾ ਬਣ ਜਾਂਦੀਆਂ ਹਨ। ਇਸ ਸਮੇਂ ਪੂਰੀ ਦੁਨੀਆਂ ’ਚ ਖੁਲ੍ਹੇ ਮੈਦਾਨ ’ਚ ਮਲ ਤਿਆਗ ਕਰਨ ਵਾਲਿਆਂ ਦੀ ਗਿਣਤੀ ’ਚ ਵੀ ਪਹਿਲੇ ਨੰਬਰ ’ਤੇ ਹੈ। ਜੋ ਦੇਸ਼ ਦੂਜੇ ਨੰਬਰ ’ਤੇ ਹਨ ਉਹ ਭਾਰਤ ਤੋਂ ਕਾਫੀ ਪਿਛੇ ਹਨ। ਦੂਜੇ ਨੰਬਰ ’ਤੇ ਇੰਡੋਨੇਸ਼ੀਆ ਹੈ ਜਿਥੇ 6.6 ਕਰੋੜ ਲੋਕਾਂ ਪਾਸ ਪਖਾਨੇ ਨਹੀਂ ਹਨ ਜਦਕਿ ਭਾਰਤ ’ਚ 66 ਕਰੋੜ ਲੋਕ ਭਾਰਤ ’ਚ ਪਖਾਨਿਆਂ ਦੀ ਸਹੂਲਤ ਤੋਂ ਵਾਂਝੇ ਹਨ। ਕੁਪੋਸ਼ਿਤ ਬੱਚਿਆਂ ਸਬੰਧੀ ਵੀ ਭਾਰਤ ਪਿਛਲੇ ਕਈ ਦਹਾਕਿਆਂ ਤੋਂ ਉਪਰਲੇ ਦਸ ਦੇਸ਼ਾਂ ’ਚ ਰਿਹਾ ਹੈ। ਅਜੇਹੇ ਅੰਕੜਿਆਂ ਨਾਲ ਪੰਨੇ ਦੇ ਪੰਨੇ ਭਰੇ ਜਾ ਸਕਦੇ ਹਨ। ਪਰ ਏਨੇ ਅੰਕੜੇ ਤਸਵੀਰ ਸਾਹਮਣੇ ਰਖਣ ਲਈ ਕਾਫੀ ਹਨ। ਅਸਲ ਗਰੀਬੀ ’ਤੇ ਨਜ਼ਰ ਮਾਰੀਏ ਤਾਂ ਭਾਰਤ ਦੇਸ਼ ਮੂਹਰਲੀਆਂ ਕਤਾਰਾਂ ’ਚ ਨਜ਼ਰ ਆਉਂਦਾ ਹੈ ਅਤੇ ਕਈ ਮਾਮਲਿਆਂ ’ਚ ਤਾਂ ਬਿਨ੍ਹਾਂ ਸ਼ੱਕ ਚੈਮਪੀਅਨ ਹੈ। ਯੋਜਨਾ ਕਮਿਸ਼ਨ ਤੇ ਉਸ ਦਾ ਚੇਅਰਮੈਨ ਮੌਨਟੇਕ ਸਿੰਘ ਆਹਲੂਵਾਲੀਆ ਅਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਚਾਹੇ ਜੋ ਵੀ ਕਹਿਣ ਉਸ ਨਾਲ ਅਸਲੀ ਗਰੀਬੀ ਤੇ ਗਰੀਬਾਂ ਦੇ ਜੀਵਨ ’ਤੇ ਕੋਈ ਅਸਰ ਨਹੀਂ ਪੈਣਾ ਵਾਲਾ ਕਿਉਂਕਿ ਅੰਕੜੇ ਅਥਾਰਥ ਪੈਦਾ ਨਹੀਂ ਕਰਦੇ ਅਤੇ ਜੇ ਅੰਕੜੇ ਅਥਾਰਥ ਦਾ ਸਹੀ ਪ੍ਰਬਿੰਬਤ ਨਹੀਂ ਕਰਦੇ ਤਾਂ ਉਹ ਚੁਟਕਲੇ ਜਾਂ ਫਰਜੀ ਵਾੜੇ ਬਣ ਕੇ ਰਹਿ ਜਾਂਦੇ ਹਨ। ਇਹ ਸਥਿਤੀ ਭਾਰਤ ਸਰਕਾਰ ਦੇ ਗਰੀਬੀ ਸਬੰਧੀ ਅੰਕੜਿਆਂ ਦੀ ਹੋ ਗਈ ਹੈ। ਇਸ ਨੂੰ ਕੋਈ ਗੰਭੀਰਤਾ ਨਾਲ ਨਹੀਂ ਲੈਂਦਾ ਸਿਵਾਏ ਉਸ ਵਰਗ ਦੇ ਜੋ ਖਪਤਕਾਰ ਦੀ ਅਖੰਡਤਾ ਦੇ ਮਜੇ ਲੁੱਟ ਰਿਹਾ ਹੈ ਤੇ ਕਿਸੇ ਵੀ ਕੀਮਤ ’ਤੇ ‘ਫੀਲ ਗੁੱਡ’ ਕਰਨਾ ਚਾਹੁੰਦਾ ਹੈ। ਇਹ ਜਮਾਤ ਦੀ ਅਸਲੀਅਤ ਜਾਣਦੀ ਹੈ ਪਰ ਉਸ ’ਤੇ ਭਰੋਸਾ ਨਹੀਂ ਕਰਦੀ। ਹਰ ਪਤਨਸ਼ੀਲ ਸਮਾਜ ਦੇ ਐਸ਼ੋ-ਅਰਾਮ ’ਚ ਰਹਿਣ ਵਾਲੇ ਵਰਗਾਂ ਦੀ ਇਹੋ ਫ਼ਿਤਰਤ ਹੁੰਦੀ ਹੈ। ਇਹ 10-15 ਫੀ ਸਦੀ ਐਸੋ ਆਰਾਮ ’ਚ ਜਿਉਣ ਵਾਲੇ ਰਈਸ ਜਾਣਦੇ ਹਨ ਕਿ ਚੀਜ਼ਾਂ ਕਿਸ ਤਰਫ਼ ਜਾ ਰਹੀਆਂ ਹਨ। ਪਰ ਉਹ ਉਸ ’ਤੇ ਯਕੀਨ ਨਹੀਂ ਕਰਦੇ। ਜਾਣਦੇ ਤਾਂ ਹਨ ਪਰ ਮੰਨਦੇ ਨਹੀਂ। ਇਸ ਦੇਸ਼ ਦੀ 15 ਫੀ ਸਦੀ ਹਾਕਮ ਜਮਾਤ ਇਕ ਭਿਅੰਕਰ ਜਵਾਲਾਮੁਖੀ ਦੇ ਕਿਨਾਰੇ ਬੈਠੀ ਰੰਗਰਲੀਆਂ ਮਨਾ ਰਹੀ ਹੈ ਅਤੇ ਉਸ ਦੇ ਜਾਨਣ ਤੇ ਮਾਨਣ ਦਾ ਫਰਕ ਇਸ ਐਸ਼ਾਈ ਦੇ ਕਾਰਨ ਹਮੇਸ਼ਾ ਬਰਕਰਾਰ ਰਹੇਗਾ ਅਤੇ ਇਹ ਫਰਕ ਉਸੇ ਭਵਿੱਖ ਦੀ ਅਸਲੀਅਤ ਬਣ ਜਾਣ ਦੇ ਨਾਲ ਹੀ ਖਤਮ ਹੋਵੇਗਾ, ਜਿਸ ਨੂੰ ਉਹ ਜਾਣਦੇ ਹਨ ਪਰ ਮੰਨਦੇ ਨਹੀਂ।

# ਕੀ ਚਿੰਤਾ ਕਿਸਾਨ ਦੀ ਨਹੀਂ, ਉਸ ਦੀ ਜ਼ਮੀਨ ਹੜੱਪਣ ਦੀ ਹੈ?

ਪਿਛਲੇ ਸਾਲ ਜੋ ਬਿੱਲ ਜੈ ਕਿਸਾਨ ਤੇ ਜੈ ਗਰੀਬ ਦਾ ਨਾਹਰੇ ਅਤੇ ਰਾਹੁਲ ਗਾਂਧੀ ਦੇ ਖਾਸ਼ ਏਜੰਡੇ ਦੇ ਨਾਂ ਹੇਠ ਸੰਸਦ 'ਚ ਲਿਆਂਦਾ ਗਿਆ ਸੀ। ਉਹੀ ਬਿੱਲ ਅੱਠ ਮਹੀਨੇ ਲੰਘਦਿਆਂ ਸ਼ਹਿਰੀਕਰਨ ਤੇ ਸਨਅਤੀਕਰਣ ਦਾ ਹਮਾਇਤੀ ਤੇ ਉਸ ਲਈ ਬੇਰੋਕ ਟੋਕ ਦੇ ਜ਼ਮੀਨ ਦੇਣ ਵਾਲਾ ਬਣ ਗਿਆ। ਇਕ ਹੀ ਬਿੱਲ 'ਤੇ ਦੋ ਤਰ੍ਹਾਂ ਨਾਲ ਬੈਟਿੰਗ ਕੇਂਦਰ ਸਰਕਾਰ ਦੀ ਤਰਜੀਹ 'ਚ ਆਈ ਤਬਦੀਲੀ ਨੂੰ ਦਰਸਾਉਣ ਲਈ ਕਾਫੀ ਹਨ। ਇਥੇ ਅਸੀਂ ਚਰਚਾ ਕਰ ਰਹੇ ਹਾਂ। ਭੂਮੀ ਇਕਵਾਇਰ ਤੇ ਪੁਨਰਵਾਸ ਤੇ ਮੁੜ ਸੁਰਜੀਤੀ ਬਿੱਲ ਦੀ, ਜਿਸ ਨੂੰ ਲੋਕ ਸਭਾ 'ਚ 7 ਸਤੰਬਰ 2011 ਨੂੰ ਪੇਸ਼ ਕੀਤਾ ਗਿਆ ਸੀ ਤੇ ਜਿਸ ਉਪਰ ਸੰਸਦ ਦੀ ਸਥਾਈ ਸੰਮਤੀ ਨੇ 17 ਮਈ 2012 ਨੂੰ ਆਪਣੀ ਰੀਪੋਟ ਸੌਂਪੀ। ਸਰਕਾਰ ਦੇ ਰਵੱਈਏ ਤੋਂ ਸਾਫ ਹੈ ਕਿ ਉਹ ਜ਼ਮੀਨ ਹਥਿਆਉਣ ਤੇ ਪੁਨਰਵਾਸ ਤੇ ਪੁਨਰ ਸਥਾਪਨ ਪ੍ਰਤੀ ਘੱਟ ਗੰਭੀਰ ਹੈ। ਉਲਟਾ ਉਹ ਜ਼ਮੀਨ ਹਥਿਆਉਣ ਸਬੰਧੀ ਜਲਦੀ ਤੋਂ ਜਲਦੀ ਆਪਣੀ ਸਹੂਲਤ ਦਾ ਕਾਨੂੰਨ ਲਿਆ ਹੈ ਵੱਡੀਆਂ ਕੰਪਨੀਆਂ ਲਈ ਰਾਹ ਸਾਫ ਕਰਨਾ ਚਾਹੁੰਦੀ ਹੈ। ਖਬਰ ਹੈ ਕਿ ਪ੍ਰਧਾਨ ਮੰਤਰੀ ਤੋਂ ਲੈ ਕੇ ਵਿੱਤ ਮੰਤਰੀ ਤਕ ਸਭ ਜਲਦੀ ਤੋਂ ਜਲਦੀ ਇਸ ਨੂੰ ਅਮਲੀ ਜਾਮਾ ਪਹਿਣਾ ਕੇ ਸਨਅਤੀ ਦੁਨੀਆਂ ਨੂੰ ਇਹ ਸਪੱਸ਼ਟ ਕਰ ਦੇਣਾ ਚਾਹੁੰਦੇ ਹਨ। ਕਿ ਸਰਕਾਰ ਨੀਤੀਗਤ ਲਕਵੇ (ਪਾਲਸੀ ਪੈਰਾਲਿਸਸ) ਨਾਲ ਨਹੀਂ ਜੂਝ ਰਹੀ ਹੈ। ਭਾਜਪਾ ਨੇਤਾ ਸੁਮਿਤਰਾ ਮਹਾਜਨ ਦੀ ਪ੍ਰਧਾਨਗੀ ਵਾਲੀ ਸੰਸਦ ਦੀ ਸਥਾਈ ਸੰਮਤੀ ਨੇ ਆਪਣੀ ਰੀਪੋਟ 'ਚ ਬਹੁਤ ਸਖ਼ਤ ਸ਼ਬਦਾਂ 'ਚ ਕਿਹਾ ਹੈ ਕਿ ਸਰਕਾਰ ਨੂੰ ਨਿਜੀ ਕੰਪਨੀਆਂ ਤੇ ਨਿਜੀ ਸਰਕਾਰੀ ਸਾਂਝ (ਪੀ.ਪੀ.ਪੀ.) ਦੇ ਲਈ ਜ਼ਮੀਨ ਨਹੀਂ ਹਥਿਆਉਣੀ ਚਾਹੀਦੀ। ਖਾਸ਼ ਗੱਲ ਇਹ ਹੈ ਕਿ ਕਾਂਗਰਸ ਸਮੇਤ ਸਾਰੀਆਂ ਰਾਜਸੀ ਪਾਰਟੀਆਂ ਦੇ ਸਾਂਸਦਾਂ ਵਾਲੀ ਇਸ ਸੰਮਤੀ ਦੀਆਂ ਸਿਫ਼ਾਰਸ਼ਾਂ 'ਤੇ ਕਿਸੇ ਵੀ ਪਾਰਟੀ ਨੇ ਅਸਹਿਮਤੀ ਨਹੀਂ ਦਰਸਾਈ। ਯਾਨੀ ਕੇਂਦਰ ਦੀ ਯੂ.ਪੀ.ਏ ਸਰਕਾਰ ਨੂੰ ਚਲਾ ਰਹੀਆਂ ਸਾਰੀਆਂ ਪਾਰਟੀਆਂ ਸਮੇਤ ਵਿਰੋਧੀ ਪਾਰਟੀਆਂ ਨੇ ਇਸ ਗੱਲ 'ਤੇ ਸਹਿਮਤੀ ਦਿਤੀ ਹੈ ਕਿ ਪੀ.ਪੀ.ਪੀ. ਪ੍ਰੋਜੈਕਟਾਂ ਅਤੇ ਨਿਜੀ ਕੰਪਨੀਆਂ ਲਈ ਜ਼ਮੀਨ ਸਰਕਾਰ ਨੂੰ ਨਹੀਂ ਹਥਿਆਉਣੀ ਚਾਹੀਦੀ ਖੇਤੀਯੋਗ ਭੂਮੀ ਦੇ ਹਥਿਆਉਣ 'ਤੇ ਵੀ ਬਿਲ ਦੀ ਵਿਵਸਥਾ 'ਤੇ ਸੰਮਤੀ ਸਖਤ ਇਤਰਾਜ ਕੀਤਾ ਹੈ। ਇਸ ਰੀਪੋਟ ਦੇ ਆਉਣ ਪਿਛੋਂ ਹੀ ਤੁਰੰਤ ਸਰਕਾਰ ਨੇ ਉਸ ਨੂੰ ਖਾਰਜ਼ ਕਰਨ ਤੇ ਸਨਅਤੀ ਘਰਾਣਿਆਂ ਵਲੋਂ ਉਸ ਨੂੰ ਵਿਕਾਸ ਵਿਰੋਧੀ ਦੱਸਣ ਦਾ ਅਮਲ ਸ਼ੁਰੂ ਹੋ ਗਿਆ। ਕੇਂਦਰੀ ਪੇਂਡੂ ਵਿਕਾਸ ਮੰਤਰੀ ਜੈ ਰਾਮ ਐਸ਼ ਨੇ ਪੱਤਰਕਾਰ ਕਾਨਫ਼ਰੰਸ ਬੁਲਾ ਕੇ ਇਹ ਸੰਦੇਸ਼ ਦੇਣ 'ਚ ਦੇਰ ਨਹੀਂ ਲਾਈ ਕਿ ਪੀ.ਪੀ.ਪੀ. ਪ੍ਰੋਜੈਕਟਾਂ ਤੇ ਨਿਜੀ ਕੰਪਨੀਆਂ ਲਈ ਭੂਮੀ ਹਥਿਆਉਣ ਦੀਆਂ ਵਿਵਸਥਾਵਾਂ ਨੂੰ ਬਿਲ ਤੋਂ ਬਾਹਰ ਕਰਨ ਦੀ ਸਿਫ਼ਾਰਸ 'ਤੇ ਵਿਚਾਰ ਕਰਨਾ ਮੁਸ਼ਕਲ ਹੈ। ਮੰਤਰੀ ਦੇ ਇਰਾਦੇ ਬਿਲਕੁਲ ਬਦਲੇ ਹੋਏ ਸਨ। ਦਸ ਮਹੀਨੇ ਪਹਿਲਾਂ ਇਸ ਬਿੱਲ ਦਾ ਮਸੌਦਾ ਪੇਸ਼ ਕਰਦਿਆ ਜੈ ਰਾਮ ਰਮੇਸ਼ ਨੇ ਇਹਨਾਂ ਕਿਸਾਨਾਂ ਅਤੇ ਰੁਜ਼ਗਾਰ ਖੋਹਣ ਵਾਲਿਆਂ ਦੇ ਹੱਕ 'ਚ ਉਠਾਇਆ ਗਿਆ ਵੱਡਾ ਕਦਮ ਦਸਿਆ ਸੀ। ਆਪਣੀ ਰਵਾਇਤੀ ਸ਼ੈਲੀ ਦੇ ਉਲਟ ਉਹਨਾਂ ਨੇ ਸਿੱਧ-ਸਿੱਧੇ ਇਸ 'ਤੇ ਰਾਜਸੀ ਹੱਥ ਉਪਰ

ਦੀ ਕਰਨ ਲਈ ਕਿਹਾ ਸੀ ਕਿ ਇਹ ਬਿਲਕੁਲ ਕਾਂਗਰਸ ਜਨਰਲ ਸਕੱਤਰ ਰਾਹੁਲ ਗਾਂਧੀ ਦਾ ਏਜੰਡਾ ਹੈ। ਉਸ ਸਮੇਂ ਯੂ.ਪੀ. 'ਚ ਵਿਧਾਨ ਸਭਾ ਚੋਣਾਂ ਦੀ ਤਿਆਰੀ ਗਰਮ ਸੀ। ਉਦੋਂ ਤੋਂ ਲੈ ਕੇ ਹੁਣ ਤਕ ਮਾਮਲਾ ਬਿਲਕੁਲ ਉਲਟ ਗਿਆ ਹੈ। ਕੇਂਦਰੀ ਪੇਂਡੂ ਵਿਕਾਸ ਮੰਤਰੀ ਨੇ ਤੇਜੀ ਸਨਅਤੀ ਵਿਕਾਸ ਤੇ ਸ਼ਹਿਰੀਕਰਨ ਦੇ ਪੱਖ 'ਚ ਜ਼ੋਰਦਾਰ ਤਰਕ ਦਿੰਦਿਆ ਕਿਹਾ ਸੀ ਕਿ ਨਵਾਂ ਕਾਨੂੰਨ ਆਰਥਕ ਵਿਕਾਸ ਨੂੰ ਵਧਾਉਣ ਲਈ ਹੈ, ਘਟਾਉਣ ਲਈ ਨਹੀਂ ਹੈ। ਇਹ ਗੱਲ ਉਹਨਾਂ ਕਈ ਵਾਰ ਦੁਹਰਾਈ ਕਿ ਸੰਸਦ ਦੀ ਸਥਾਈ ਸੰਮਤੀਆਂ ਦੀਆਂ ਸਿਫ਼ਾਰਸ਼ਾਂ ਅੜਿਕਾ ਨਹੀਂ ਹੁੰਦੀਆਂ ਤੇ ਨਾ ਹੀ ਮੰਨਣ ਦੀ ਕੋਈ ਮਜ਼ਬੂਰੀ ਹੁੰਦੀ ਹੈ ਅਤੇ ਨਿਜੀ ਸਰਕਾਰੀ ਸਾਂਝ ਤੇ ਨਿਜੀ ਕੰਪਨੀਆਂ ਦੇ ਸਰਕਾਰ ਵਲੋਂ ਜ਼ਮੀਨ ਹਥਿਆਉਣ ਦੀ ਵਿਵਸਥਾ ਬਿਲਕੁਲ 'ਚੋਂ ਕੱਢਣਾ ਸੰਭਵ ਨਹੀਂ ਹੈ। ਹਾਲਾਂਕਿ ਸ਼ੁਰੂਆਤ 'ਚ ਜਦ ਇਹ ਵਿਧਾਇਕ ਦਾ ਮਸੌਦਾ ਬਣਿਆ ਸੀ, ਉਦੋਂ ਤੋਂ ਲੈ ਕੇ ਮੰਤਰੀ ਮੰਡਲ 'ਚ ਮੰਜ਼ੂਰੀ ਮਿਲਣ ਤਕ ਇਸ 'ਚ ਸਨਅਤੀ ਜਗਤ ਨੂੰ ਸਿੱਧਾ ਫਾਇਦਾ ਦੇਣ ਵਾਲੀਆਂ ਕਈ ਵਿਵਸਥਾਵਾਂ ਜੋੜੀਆਂ ਗਈਆਂ। ਇਸ ਤਹਿਤ ਪੀ.ਪੀ.ਪੀ ਪ੍ਰੋਜੈਕਟਾਂ ਤੇ ਜਨਤਕ ਵਸਤੂਆਂ ਤੇ ਸੇਵਾਵਾਂ ਦੀ ਪੈਦਾਵਾਰ ਕਰਨ ਵਾਲੀਆਂ ਨਿਜੀ ਕੰਪਨੀਆਂ ਨੂੰ ਸ਼ਾਮਲ ਕੀਤਾ ਗਿਆ। ਦਸਿਆ ਜਾਂਦਾ ਹੈ ਕਿ ਮੰਤਰੀ ਮੰਡਲ 'ਚ ਇਸ ਲਈ ਬਾਕੀ ਨੇਤਾਵਾਂ ਤੋਂ ਇਲਾਵਾ ਸਭ ਤੋਂ ਵੱਧ ਦਬਾਅ ਆਨੰਦ ਸ਼ਰਮਾ ਤੇ ਖੇਤੀ ਮੰਤਰੀ ਸ਼ਰਦ ਪ੍ਰਵਾਰ ਵਲੋਂ ਆਇਆ। ਸੰਸਦੀ ਦੀ ਸਥਾਈ ਸੰਮਤੀ ਨੇ ਜਿਸ ਨੂੰ ਛੋਟੀ ਸੰਸਦ ਕਿਹਾ ਜਾਂਦਾ ਹੈ, ਆਪਣੀ ਰੀਪੋਟ 'ਚ ਸਭ ਤੋਂ ਵੱਧ ਇਹਨਾਂ ਵਿਵਸਥਾਵਾਂ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਹੈ। ਸਰਕਾਰ ਇਕ ਪਾਸੇ ਜਿਥੇ ਇਹ ਦਾਅਵਾ ਕਰ ਰਹੀ ਹੈ ਕਿ ਮੌਜੂਦਾ ਬਿੱਲ 'ਤੇ ਉਸ ਨੂੰ ਤ੍ਰਿਣਮੂਲ ਕਾਂਗਰਸ ਸਮੇਤ ਸਾਰੀਆਂ ਯੂ.ਪੀ.ਏ ਧਿਰਾਂ ਦੀ ਹਮਾਇਤ ਹਾਸ਼ਲ ਹੈ। ਉਥੇ ਸੰਸਦ ਦੀ ਸਥਾਈ ਸੰਮਤੀ ਦੀ ਰੀਪੋਟ ਕੁਝ ਹੋਰ ਹੀ ਕਹਾਣੀ ਕਹਿ ਰਹੀ ਹੈ। ਲੋਕ ਸਭਾ-ਰਾਜ ਸਭਾ ਦੇ ਕੁਲ 31 ਸਾਂਸਦਾਂ ਵਾਲੀ ਇਸ ਸੰਮਤੀ 'ਚ ਜੇ ਕਾਂਗਰਸ ਦੇ ਸਾਂਸਦ ਸੰਦੀਪ ਦੀਕਸ਼ਤ, ਪੀ.ਐਲ ਪੁਨੀਆ, ਮਣੀਸ਼ੰਕਰ ਆਇਰ ਸ਼ਾਮਲ ਸਨ ਤਾਂ ਨੈਸ਼ਨਲਿਸਟ ਕਾਂਗਰਸ ਪਾਰਟੀ (ਐਨ.ਸੀ.ਪੀ) ਦੀ ਸੁਪ੍ਰਿਆ ਸੂਲੇ ਅਤੇ ਤ੍ਰਿਣਮੂਲ ਕਾਂਗਰਸ ਦੇ ਡੀ. ਬੰਘੋਪਧਾਇਿਆ ਭੀਸ਼ਕਾ ਜਦ ਜੈ ਰਾਮ ਰਮੇਸ਼ ਤੋਂ ਇਕ ਪੱਤਰਕਾਰ ਨੇ ਪੁੱਛਿਆ ਕਿ ਉਹਨਾਂ ਸਾਰੇ ਸਾਂਸਦਾਂ ਨੇ ਸੰਮਤੀ ਦੀਆਂ ਸਿਫ਼ਾਰਸਾਂ 'ਤੇ ਭੋਰਾ ਵੀ ਇਤਰਾਜ਼ ਨਹੀਂ ਉਠਾਇਆ ਤਾਂ ਉਹਨਾ ਨੇ ਬਸ ਏਨਾ ਹੀ ਕਿਹਾ ਕਿ ਸੰਸਦ 'ਚ ਇਹ ਸਾਂਸਦ ਵੱਖਰੀ ਰਾਇ ਰਖਦੇ ਹਨ ਅਤੇ ਸੰਮਤੀ 'ਚ ਅਲੱਗ। ਦੂਜੇ ਪਾਸੇ ਜੈ ਰਾਮ ਲਗਾਤਾਰ ਇਹ ਜਤਾ ਰਹੇ ਹਨ ਕਿ ਤ੍ਰਿਣਮੂਲ ਕਾਂਗਰਸ ਤੇ ਉਹਨਾਂ ਦੀ ਨੇਤਾ ਮਮਤਾ ਬੈਨਰਜੀ ਇਸ ਬਿੱਲ ਦੀ ਹਮਾਇਤ 'ਚ ਹਨ ਤੇ ਡੀ-ਬੰਘੋਪਧਾਇਿਆ ਵੀ ਇਸ 'ਤੇ ਸਹਿਮਤ ਹਨ ਪਰ ਸੰਮਤੀ ਦੀਆਂ ਸਿਫਾਰਸ਼ਾਂ 'ਚ ਤ੍ਰਿਣਮੂਲ ਸ਼ਾਮਲ ਹੈ। ਭਾਜਪਾ ਦੇ ਸਾਂਸਦ ਡੀ. ਰਾਜਾਂ ਦਾ ਕਹਿਣ ਹੈ ਕਿ ਸਰਕਾਰੀ ਬਿੱਲ ਬਹੁਤ ਖਤਰਨਾਕ ਹੈ ਤੇ ਜਿਸ 'ਤੇ ਸਖ਼ਤ ਲਹਿਜੇ 'ਚ ਸਾਂਸਦ ਦੀ ਸਥਾਈ ਸੰਮਤੀ ਨੇ ਇਸ ਦੀਆਂ ਮਹੱਤਵਪੂਰਨ ਵਿਵਸਥਾਵਾਂ 'ਤੇ ਇਤਰਾਜ ਉਠਾਇਆ ਹੈ, ਉਸ ਨੂੰ ਅਣਦੇਖਾ ਕਰਨ ਦਾ ਮਤਲਬ ਹੋਇਆ ਕਿ ਸਰਕਾਰ ਇਹਨਾਂ ਸੰਮਤੀਆਂ ਨੂੰ ਬਸ ਕਾਗਜ਼ੀ ਸ਼ੇਰ ਬਣਾਈ ਰਖਣਾ ਚਾਹੁੰਦੀ ਹੈ। ਉਸ ਦਾ ਅਸਲੀ ਮਕਸਦ ਤਾਂ ਕੁਝ ਹੋਰ ਹੈ। ਭੂਮੀ ਹਥਿਆਉਣ ਬਿੱਲ 'ਤੇ ਸਖਤ ਇਤਰਾਜ ਜਿਤਾ ਚੁੱਕੀ ਲੋਕ ਸੰਘਰਸ਼ਾਂ ਦੇ ਕੌਮੀ ਗਠਜੋੜ

ਦੀ ਨੇਤਾ ਮੇਘਾ ਪਾਟੇਕਰ ਇਸ ਨੂੰ ਪੂਰੀ ਤਰ੍ਹਾਂ ਗਰੀਬ ਕਿਸਾਨ ਵਿਰੋਧੀ ਤੇ ਸਨਅਤੀ ਘਰਾਣਿਆਂ ਪੱਖੀ ਦਸਦੀ ਹੈ। ਸਥਾਈ ਸੰਮਤੀ ਦੀਆਂ ਇਹਨਾਂ ਸਖਤ ਸਿਫ਼ਾਰਸ਼ਾਂ ਪਿਛੋਂ ਨਵੇਂ ਸਿਰੇ ਤੋਂ ਇਸ ਬਿੱਲ ਦੇ ਖਿਲਾਫ ਜਨਮਤ ਬਣਾਉਣ ਦੀ ਸੰਭਾਵਨਾ ਬਣ ਸਕਦੀ ਹੈ। ਸੰਸਦ ਦੇ ਮੌਨਸੂਨ ਸੈਸ਼ਨ 'ਚ ਸਰਕਾਰ ਇਹ ਬਿਲ ਪੇਸ਼ ਕਰੇਗੀ ਤੇ ਅਜੇ ਇਸ ਨੇ ਇਹ ਭਰੋਸਾ ਦਿਤਾ ਹੈ ਕਿ ਰਾਜ ਸਰਕਾਰਾਂ ਤੇ ਪੰਚਾਇਤਾਂ-ਗ੍ਰਾਮ ਸਭਾਵਾਂ ਨੂੰ ਹੋਰ ਵੱਧ ਅਧਿਕਾਰ ਦੇਣ 'ਤੇ ਆਦੀਵਾਸੀ ਇਲਾਕਿਆਂ ਲਈ ਵਿਸ਼ੇਸ਼ ਛੋਟ ਦੇਣ ਦੀ ਸੰਸਦ ਦੀ ਸਥਾਈ ਸੰਮਤੀ ਦੀਆਂ ਸਿਫ਼ਾਰਸ਼ਾਂ ਨੂੰ ਉਹ ਮੰਨ ਲਵੇਗੀ। ਇਸ ਤੋਂ ਇਲਾਵਾ ਰਾਜ ਸਰਕਾਰਾਂ ਵਲੋਂ ਭੇਜੀਆਂ ਸਾਰੀਆਂ ਸਿਫ਼ਾਰਸ਼ਾਂ ਨੂੰ ਵੀ ਬਿੱਲ ਦੇ ਨਵੇਂ ਮਸੌਦੇ 'ਚ ਸ਼ਾਮਲ ਕਰਨ ਦੀ ਗੱਲ ਕਹੀ ਗਈ ਹੈ। ਯਾਨੀ ਕਿ ਸਰਕਾਰ ਨੇ ਆਪਣੀ ਲਕੀਰ ਖਿੱਚ ਦਿੱਤੀ ਹੈ ਕਿ ਅਸਾਨੀ ਨਾਲ ਨਿਜੀ ਸਰਕਾਰੀ ਸਾਂਝ ਤੇ ਨਿਜੀ ਕੰਪਨੀਆਂ ਲਈ ਜ਼ਮੀਨ ਹਥਿਆਉਣ ਦੀਆਂ ਵਿਸਸਥਾਵਾਂ 'ਚ ਰੱਦੋ-ਬਦਲ ਕਰਨ ਦੇ ਮੂੜ 'ਚ ਨਹੀਂ ਹੈ। ਬਾਕੀ ਕਿੰਨਾ ਦਬਾਅ ਕਿਥੋਂ ਪੈਂਦਾ ਹੈ। ਇਹ ਤਾਂ ਅੱਗੇ ਚਲਕੇ ਹੀ ਪਤਾ ਲੱਗੂ।

# ਔਰਤ-ਮਰਦ ਦੀ ਬਰਾਬਰੀ ਦੀ ਕੀਮਤ ਕੀ ਹੋਵੇਗੀ?

ਦੋ ਘਟਨਾਵਾਂ ਨਾਲ ਗੱਲ ਸ਼ੁਰੂ ਕਰੀਏ। ਦੋਨੋ 40 ਸਾਲਾਂ ਤੋਂ ਵੱਧ ਹੀ ਪੁਰਾਣੀਆਂ ਹਨ। ਪੂਰਬੀ ਉਤਰ ਪ੍ਰਦੇਸ਼ ਦੇ ਪਿੰਡ 'ਚ ਕਿਤੇ-ਕਿਤੇ ਇੱਕ ਬੇਹੱਦ ਗਰੀਬ ਜਾਤੀ ਵਿਕਾਸ ਕਰਦੀ ਸੀ, ਜਿਸ ਨੂੰ ਉਥੋਂ ਦੀ ਬੋਲੀ 'ਚ ਵਣਜਾਰਾ ਜਾ ਵਣਮੰਸ਼ਾ ਕਿਹਾ ਜਾਂਦਾ ਹੈ। ਉਹ ਕੱਦਕਾਠ ਚਾਲ-ਢਾਲ ਤੇ ਰਹਿਣ-ਸਹਿਣ 'ਚ ਆਦੀਵਾਸੀ ਵਰਗੇ ਹੁੰਦੇ ਹਨ। ਅਬਾਦੀ ਤੋਂ ਕਾਫੀ ਦੂਰ ਬਾਗ ਜਾਂ ਇਸ ਤਰ੍ਹਾਂ ਦੀ ਥਾਂ 'ਤੇ ਝੌਂਪੜੀ ਪਾ ਕੇ ਰਹਿੰਦੇ ਹਨ, ਦੋਨਾ ਪੱਤਲ ਬਣਾਉਣਾ ਇਹਨਾਂ ਦਾ ਪੁਸ਼ਤੈਨੀ ਕੰਮ ਹੈ, ਪਰ ਹਕੂਮਤ ਦੀ ਨਿਗਾਹ 'ਚ ਇਹ ਅਨਸੂਚਿਤ ਜਾਤੀ ਹੈ। ਜਨਜਾਤੀ ਨਾ ਮੰਨੇ ਜਾਣ ਕਰਕੇ ਇਹ ਹਰ ਪ੍ਰਕਾਰ ਦੀ ਸਹੂਲਤ ਤੋਂ ਵਾਂਝੇ ਹੋ ਜਾਂਦੇ ਹਨ। ਖੈਰ ਇਕ ਇਹ ਵੱਖਰਾ ਮੁੱਦਾ ਹੈ। ਇਸੇ ਵਣਜਾਰਾ ਸਮੂਹ ਦੀ ਇੱਕ 35-40 ਸਾਲ ਔਰਤ ਆਪਣੇ ਪਤੀ ਦੇ ਨਾਲ ਇਕ ਦਿਨ ਪਿੰਡ ਦੇ ਇੱਕ ਰੱਜੇ ਪੁਜੇ ਵਿਅਕਤੀ ਕੋਲ ਆਈ ਅਤੇ ਕਿਹਾ ਕਿ 'ਬਾਬੂ, ਸਾਡੀ ਦੋਨਾ ਦੀ 'ਖਪੜ ਕੁਚੀ' ਕਰਵਾ ਦਿਉ' ਬਾਬੂ ਵੀ ਖਪੜਕੁਚੀ ਦਾ ਮਤਲਬ ਨਹੀਂ ਜਾਣਦੇ ਸੀ, ਸੋ ਪੁੱਛਿਆ ਕਿ ਇਹ ਕੀ ਹੁੰਦਾ ਹੈ ਤੇ ਇਸ 'ਚ ਉਸ ਨੇ ਕੀ ਕਰਨਾ ਹੋਵੇਗਾ? ਇਸ ਤੇ ਪਤਾ ਚਲਿਆ ਉਹ ਰੋਮਾਂਟਿਕ ਸੀ। ਇਹ ਅਣਪੜ੍ਹ, ਗੰਵਾਰ, ਜਾਹਿਲ ਤੇ ਜਾਂਗਲੀ (ਅਜਿਹੇ ਲੋਕਾਂ ਲਈ ਸਾਡਾ ਸਮਾਜ ਇਹਨਾਂ ਹੀ ਸ਼ਬਦਾਂ ਦੀ ਵਰਤੋਂ ਕਰਦਾ ਹੈ) ਔਰਤ ਨੇ ਕਿਹਾ ਹੁਣ ਮੇਰੀ ਮੇਰੇ ਮਰਦ ਨਾਲ ਨਹੀਂ ਬਣਦੀ ਹੈ, ਇਸ ਲਈ ਅਸੀਂ ਵਿਆਹ ਤੋੜਨਾ ਚਾਹੁੰਦੇ ਹਾਂ। ਉਸ ਨੇ ਅੱਗੇ ਦੱਸਿਆ ਕਿ ਖਪਰੈਲ ਵਾਲੀ ਛੱਤ 'ਚ ਲੱਗਣ ਵਾਲਾ 'ਖਪੜਾ' ਜਮੀਨ 'ਤੇ ਰੱਖ ਕੇ ਪਤੀ-ਪਤਨੀ ਦੋਨੋ ਆਪਣੇ ਪੈਰਾਂ ਤੇ ਮਾਰ-ਮਾਰ ਕੇ ਤੋੜ ਦੇਣਗੇ ਤਾਂ ਰਿਸ਼ਤਾ ਟੁਟਿਆ ਮੰਨਿਆ ਜਾਵੇਗਾ ਯਾਨੀ ਕਿ ਤਲਾਕ ਹੋ ਗਿਆ ਤੇ ਇਹ ਕੰਮ ਸਮਾਜ ਦੇ ਕਿਸੇ ਵੱਡੇ ਆਦਮੀ ਦੇ ਸਾਹਮਣੇ ਹੋਣਾ ਚਾਹੀਦਾ ਹੈ। ਇਸ 'ਤੇ ਬਾਬੂ ਨੇ ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ ਜਾਨਣਾ ਚਾਹਿਆ ਕਿ ਆਖਰ ਅਜਿਹਾ ਕੀ ਹੋਇਆ ਕਿ ਰਿਸ਼ਤਾ ਤੋੜਨ ਦੀ ਨੌਬਤ ਆ ਗਈ? ਤਦ ਉਸ ਜਾਂਗਲੀ (?) ਔਰਤ ਨੇ ਕਿਹਾ ਕਿ ਦਿਨ ਭਰ ਕੰਮ ਮੈਂ ਕਰਾਂ, ਖਾਣਾ ਮੈਂ ਬਣਾਵਾ, ਘਰ ਮੈਂ ਸੰਭਾਲਾਂ, ਸੌਂਦੇ ਸਮੇਂ ਇਸ ਦੇ ਪੈਰ ਵੀ ਮੈਂ ਘੱਟਾਂ ਅਤੇ ਇਹ ਦਿਨ ਭਰ ਮਹੂਆ ਦੀ ਸ਼ਰਾਬ ਪੀਵੇ ਤੇ ਪੀ ਕੇ ਮੈਨੂੰ ਕੁੱਟੇ। ਹੁਣ ਮੈਂ ਇਸ ਨਾਲ ਕਿਸੇ ਵੀ ਹਾਲਤ 'ਚ ਨਹੀਂ ਰਹਾਂਗੀ। ਹਾਲਾਂਕਿ ਉਹਨਾਂ ਦੇ ਪਤੀ ਨੇ ਉਸ ਨਾਲ ਸੁਲਾਹ ਕਰਨ ਦੀ ਕਾਫ਼ੀ ਕੋਸ਼ਿਸ਼ ਕੀਤੀ ਪਰ ਉਸ ਔਰਤ ਨੇ ਉਸ ਵਕਤ 'ਖਪੜ ਕੁਚੀ' ਕਰ ਲਈ। ਕੁਝ ਸਮੇਂ ਪਿੱਛੋਂ ਉਹ ਦੂਜਾ ਪਤੀ ਲੈ ਆਈ ਤੇ ਉਸੇ ਪਿੰਡ 'ਚ ਵੱਖਰਾ ਛੱਪਰ ਪਾ ਕੇ ਰਹਿਣ ਲੱਗੀ। ਦੂਜੀ ਘਟਨਾ ਜਰਾ ਇਸ ਤੋਂ ਵੱਖਰੀ ਹੈ। ਉਤਰ ਪ੍ਰਦੇਸ਼ 'ਚ ਇੱਕ ਔਰਤ ਸਿਖਿਆ ਅਧਿਕਾਰੀ ਹੁੰਦੀ ਸੀ। ਪੜ੍ਹਾਈ-ਲਿਖਾਈ ਤੇ ਫਿਰ ਨੌਕਰੀ ਦੀ ਕੁਝ ਅਜਿਹੀ ਵਿਵਸਥਾ ਰਹੀ ਕਿ ਉਮਰ ਦੇ 35-40 ਸਾਲ ਨਿਕਲ ਗਏ ਅਤੇ ਉਹ ਸ਼ਾਦੀ ਨਾ ਕਰ ਸਕੀ। ਪਿੱਛੋਂ ਉਸ ਨੂੰ ਆਪਣੀ ਉਮਰ ਤੇ ਆਪਣੇ ਅਹੁਦੇ ਮੁਤਾਬਕ ਕੋਈ ਜਚਿਆ ਹੀ ਨਹੀਂ। ਪਰ ਸਰੀਰ ਦੀ ਵੀ ਇੱਕ ਭੁੱਖ ਹੁੰਦੀ ਹੈ। ਅਹੁਦਾ ਤੇ ਸਮਾਜਕ ਮਰਿਆਦਾ ਇੱਥੇ ਵੀ ਏਨੀ ਵੱਧ ਅੜਿਕਾ ਬਣਦੇ ਹਨ। ਕਿ ਇਸ ਭੁੱਖ

ਨੂੰ ਆਮ ਆਦਮੀ ਵਾਗੂੰ ਮਿਟਾਉਣਾ ਸੰਭਵ ਨਹੀਂ ਲੱਗਦਾ। ਸੋ ਹੌਲੀ-ਹੌਲੀ ਉਹਨਾਂ ਨੇ ਆਪਣੇ ਚਪੜਾਸੀ ਜੋ ਕਿ ਇੱਕ ਘਰੇਲੂ ਨੌਕਰ ਵੀ ਸੀ, ਨਾਲ ਹੀ ਉਸ ਭੁੱਖ ਨੂੰ ਸ਼ਾਂਤ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਕ ਦਿਨ ਉਸ ਨਾਲ ਉਹਨਾਂ ਨੂੰ ਇੱਕ ਬੱਚਾ ਵੀ ਹੋਇਆ। ਸਿੱਖਿਆ ਅਧਿਕਾਰੀ ਨੇ ਤਹਿ ਕੀਤਾ ਕਿ ਉਹ ਉਸ ਨਾਲ ਬਕਾਇਦਾ ਸ਼ਾਦੀ ਕਰ ਲਵੇਗੀ। ਇਸ ਕੰਮ 'ਚ ਉਸ ਬੰਦੇ ਦਾ ਚਪੜਾਸੀ ਦਾ ਅਹੁਦਾ ਅੜਿਕਾ ਬਣ ਰਿਹਾ ਸੀ। ਸੋ ਉਹਨਾਂ ਨੇ ਉਸ ਦੀ ਨੌਕਰੀ ਛੁਡਵਾ ਕੇ ਕੋਈ ਕਾਰੋਬਾਰ ਸ਼ੁਰੂ ਕਰਵਾ ਦਿੱਤਾ। ਇਹਨਾਂ ਦੋਹਾਂ ਘਟਨਾਵਾਂ ਦਾ ਜ਼ਿਕਰ ਇੱਥੇ ਵਿਆਹ ਨਾਂ ਦੀ ਸੰਸਥਾ ਦੇ ਪ੍ਰਸੰਗ ਵਿੱਚ ਹੈ। ਇਹ ਘਟਨਾਵਾਂ ਲੱਗਭਗ ਅਰਧਸਤੀ ਪੁਰਾਣੀਆਂ ਤੇ ਸਮਾਜ ਦੇ ਦੋ ਉਲਟ ਵਰਗਾਂ ਦੀਆਂ ਹਨ। ਦੋਨਾ 'ਚ ਸੰਬੰਧਿਤ ਔਰਤਾਂ ਨੇ ਆਪਣੀ ਖੁਦਮੁਖਤਿਆਰੀ ਵਿਖਾਈ, ਆਪਣੇ ਮਰਦਾਂ ਨੂੰ ਆਪਣੇ ਹਿਸਾਬ ਨਾਲ ਵਰਤਿਆ ਅਤੇ ਆਪਣੇ ਜੀਵਨ ਦੀ ਦਿਸ਼ਾ ਤਹਿ ਕੀਤੀ।

ਅੱਜ ਟੁਟਦੇ ਵਿਆਹ ਸੰਬੰਧ, ਅਦਾਲਤਾਂ 'ਚ ਵਧਦੇ ਤਲਾਕ ਦੇ ਕੇਸ ਅਤੇ ਇਹਨਾਂ ਸਾਰਿਆਂ ਤੋਂ ਖਹਿੜਾ ਛੜਾਉਣ ਲਈ ਰਿਵਾਜ ਇਹ ਬਣ ਰਿਹਾ ਹੈ 'ਲਿਵ ਇਨ ਰੀਲੇਸ਼ਨ' ਇਹਨਾਂ ਸਾਰੇ ਪਿੱਛੇ ਵਜਾਹ ਜਾਂ ਇਉਂ ਕਹੋ ਕਿ ਡਰ, ਸਿਰਫ਼ ਇਹ ਹੈ ਕਿ ਨਾਲ ਰਹਿ ਰਹੇ ਔਰਤ-ਮਰਦ ਵਿੱਚੋਂ 'ਪਤਨੀ' ਕੌਣ ਬਣੇ? ਇਹ ਤਾਂ ਨਿਸ਼ਚਤ ਹੈ ਕਿ ਦੋਨਾਂ ਵਿੱਚੋਂ ਕਿਸੇ ਇੱਕ ਦੇ ਪਤਨੀ ਬਣੇ ਬਗੈਰ ਤਾਂ ਵਿਆਹ ਨਾਮਕ ਸੰਸਥਾ ਦੀ ਗੱਡੀ ਦੂਰ ਤਕ ਚਲਣੀ ਨਹੀਂ ਹੈ। ਦੋਨੋ ਜੇ ਬਿਲਕੁਲ ਬਰਾਬਰੀ ਦੀ ਗੱਲ ਕਰਦੇ ਤੇ ਅੜਦੇ ਹਨ ਤਾਂ ਸੰਬੰਧ ਟੁਟਣ ਕਿਨਾਰੇ ਆ ਜਾਂਦੇ ਹਨ। ਅਸਲ 'ਚ ਵਿਆਹ ਨਾਮਕ ਸੰਸਥਾ, ਇਸ ਮਰਦ ਪ੍ਰਧਾਨ ਸਮਾਜ 'ਚ ਮਰਦਾਂ ਵਲੋਂ ਆਪਣੇ ਦਾਬੇ ਨੂੰ ਬਰਕਰਾਰ ਰੱਖਣ ਤੇ ਔਰਤਾਂ ਨੂੰ ਜਿਣਸ (ਜਾਇਦਾਦ) ਬਣਾ ਕੇ ਰੱਖਣ ਲਈ ਹੀ ਹੋਂਦ 'ਚ ਲਿਆਂਦੀ ਗਈ ਸੀ। ਇਹ ਸੋਚਣਾ ਭੁੱਲ ਹੋਵੇਗੀ ਕਿ ਇਹ ਔਰਤਾਂ ਦੇ ਭਲੇ ਤੇ ਉਹਨਾਂ ਨੂੰ ਸੁਰਖਿਆ ਮੁਹਈਆ ਕਰਾਉਣ ਦੇ ਮਕਸਦ ਨਾਲ ਤਿਆਰ ਕੀਤੀ ਗਈ। ਇਸ ਦਾ ਅੰਤਰਿਮ ਮੰਤਵ ਇਹੀ ਸੀ ਕਿ ਇਹ ਔਰਤ ਮੇਰੀ ਹੀ ਰਹੇ ਤੇ ਕਿਸੇ ਦੂਜੇ ਮਰਦ ਕੋਲ ਨਾ ਜਾ ਸਕੇ ਤੇ ਇਤਿਹਾਸ ਦੱਸਦਾ ਹੈ ਕਿ ਸਮਰਥ ਮਰਦਾਂ ਨੇ ਹਜ਼ਾਰਾਂ ਦੀ ਗਿਣਤੀ 'ਚ ਪਤਨੀਆਂ (?) ਨੂੰ ਰੱਖਿਆ। ਜਿਵੇਂ ਪਹਿਲਾਂ ਗੋਧਨ, ਗਜਧਨ ਤੇ ਬਾਜਘਨ ਹੋਣ ਦਾ ਜ਼ਿਕਰ ਮਿਲਦਾ ਹੈ। ਉਸ ਤਰ੍ਹਾਂ ਇਸ 'ਚ ਸੁਰੱਖਿਆ ਦਾ ਭਾਵ ਬਸ ਏਨਾ ਹੀ ਸੀ (ਅਤੇ ਹੈ) ਜਿੰਨਾ ਕਿ ਕਿਸੇ ਜਾਇਦਾਦ ਦੀ ਵਰਤੋਂ ਲਈ।

ਹੁਣ ਬਰਾਬਰੀ ਦੇ ਮੁੱਦੇ ਨੂੰ ਲਓ। ਸਮਾਜ ਦੇ ਅਰਥ ਕੇਂਦਰਿਤ ਹੁੰਦੇ ਜਾਣ ਤੇ ਵਿਸ਼ਵੀਕਰਨ ਦੀ ਪ੍ਰੀਘਟਨਾ ਨੇ ਜਿੰਨਾ ਸਮਾਜਕ ਸੰਸਥਾਵਾਂ ਨੂੰ ਬੇਹੱਦ ਹਰਜਾ ਪਹੁੰਚਾਇਆ ਉਹਨਾਂ 'ਚ ਸਭ ਤੋਂ ਮੁੱਖ ਹੈ-ਪ੍ਰੀਵਾਰ ਤੇ ਵਿਆਹ। ਇਹਨਾਂ ਦੋਨਾਂ 'ਤੇ ਇਹਨੀ ਦਿਨੀਂ ਮੰਡਰਾਉਂਦੇ ਖਤਰੇ ਨੂੰ ਵੇਖ ਕੇ ਹੁਣ ਇਸ ਦੇ ਬਚੇ ਰਹਿਣ 'ਤੇ ਵੀ ਸ਼ੱਕ ਹੋ ਗਿਆ ਹੈ। ਸਮਾਜ 'ਚ ਪੈਸੇ ਦਾ ਫੈਸਲਾਕੁੰਨ ਰੋਲ ਹੋ ਜਾਣ ਕਰਕੇ ਸਭ ਗੁਣ ਤੇ ਆਦਰਸ਼ ਹੁਣ ਦੋਮ ਦਰਜੇ ਦੇ ਹੋ ਗਏ ਹਨ। ਅੱਜ ਸਭ ਤੋਂ ਵੱਡੀ ਗੁਣੀ ਤੇ ਵਿਦਵਾਨੀ ਉਹੀ ਹੈ ਜੋ ਸਭ ਤੋਂ ਵੱਧ ਪੈਸੇ ਵਾਲਾ ਹੈ। ਗੁਣ ਤੇ ਵਿਦਵਤਾ ਦੀ ਨੀਤੀ ਧਨੀ ਦੇ ਕੋਲ ਇੱਥੇ ਵਿਕਣ ਦੀ ਹੋ ਗਈ ਹੈ। ਇਸ ਅਮਲ 'ਚ ਵਧ ਤੋਂ ਵੱਧ ਪੈਸਾ ਕਮਾਉਣ ਦੀ ਦੌੜ ਨੇ ਮਰਦਾਂ ਨੂੰ ਇਸ ਗੱਲ ਲਈ ਮਜ਼ਬੂਰ ਕੀਤਾ ਕਿ ਉਹ ਆਪਣੀਆਂ ਔਰਤਾਂ

ਨੂੰ ਪੈਸੇ ਕਮਾਉਣ ਲਈ ਮੈਦਾਨ 'ਚ ਉਤਾਰਨ। ਪੈਸਾ ਕਮਾਉਣ ਲਈ ਯੋਗਤਾ ਜ਼ਰੂਰੀ ਸੀ ਤੇ ਯੋਗਤਾ ਲਈ ਪੜ੍ਹਾਈ। ਪੜ੍ਹਾਈ ਨੇ ਸਿਰਫ ਯੋਗਤਾ ਹੀ ਨਹੀਂ ਦਿੱਤੀ ਬਲਕਿ ਵਿਵੇਕ ਤੇ ਜਾਗਰੂਕਤਾ ਵੀ ਦਿੱਤੀ। ਬੁੱਧੀ, ਵਿਵੇਕ ਤੇ ਜਾਗਰੂਕਤਾ ਤਿੰਨੋ ਚੀਜਾਂ ਹਨ ਜਿਹਨਾਂ ਨਾਲ ਮਰਦ ਹਮੇਸ਼ਾ ਹੀ ਔਰਤ ਨੂੰ ਦੂਰ ਰੱਖਦਾ ਆਇਆ ਸੀ। ਇਸ ਲਈ ਉਸ ਨੇ ਆਪਣੇ ਸਹੂਲਤ ਦੇ ਸਾਂਚੇ ਵਿੱਚ ਪ੍ਰਮਾਤਮਾ ਤੇ ਧਰਮ ਨੂੰ ਵੀ ਸ਼ਾਮਲ ਕੀਤਾ। ਇਹੀ ਕਾਰਨ ਹੈ ਕਿ ਦੁਨੀਆਂ ਦਾ ਹਰੇਕ ਧਰਮ ਆਪਣੀ ਔਰਤ ਲਈ ਫਤਵੇ ਜਾਰੀ ਕਰਦਾ ਹੈ। ਔਰਤ ਨੂੰ ਭਰਮਾਉਣ ਲਈ ਉਸ ਨੂੰ ਗਹਿਣਿਆ ਦੇ ਰੂਪ ਵਿੱਚ ਧਨ ਦਾ ਪਟਾ (ਲੀਜ਼) ਵੀ ਦਿੱਤੀ ਪਰ ਉਸ ਨੂੰ ਅਜਿਹਾ ਸਜਾਵਟੀ ਬਣਾਇਆ ਕਿ ਔਰਤ ਉਸ ਨੂੰ ਧਨ ਸਮਝ ਹੀ ਨਾ ਸਕੇ। ਧਨ ਤੇ ਜਾਇਦਾਦ ਦੇ ਪ੍ਰਸੰਗ ਵਿੱਚ ਵੀ ਮਰਦ ਨੇ ਔਰਤ ਦਾ ਮਾਨਸਕ ਅਨਕੂਲਨ ਹੀ ਕਰ ਦਿੱਤਾ। ਉਸ ਦੇ ਖ਼ੂਨ 'ਚ ਘੋਲ ਦਿੱਤਾ ਕਿ ਪਤੀ ਪੁੱਤਰ ਤੇ ਜੇਵਰ ਹੀ ਤੁਹਾਡਾ ਧਨ ਹੈ। ਇੱਥੇ ਵੇਖਣ ਵਾਲੀ ਗੱਲ ਇਹ ਵੀ ਹੈ ਕਿ ਜਿਸ ਵੀ ਸਮਾਜ 'ਚ ਔਰਤ ਆਪਣੇ ਮਰਦ ਦੇ ਮੁਕਾਬਲੇ ਆਰਥਕ ਰੂਪ 'ਚ ਆਤਮ ਨਿਰਭਰ ਹੋਈ ਉਥੇ ਅਕਸਰ ਦੋ ਹੀ ਗੱਲਾਂ ਹੋਈਆਂ-ਜਾਂ ਤਾਂ ਉਸ ਦਾ ਮਰਦ ਉਸ ਨਾਲ ਪਤਨੀ ਬਣ ਕੇ ਰਿਹਾ ਜਾਂ ਫਿਰ ਛੁਟਕਾਰਾ। ਆਰਥਕ ਉਦਾਰੀਕਰਨ ਦੇ ਬੀਤੇ ਤਿੰਨ ਦਹਾਕਿਆਂ ਵਿੱਚ ਅਸੀਂ ਵੇਖਿਆ ਕਿ ਘਰ ਦੀ ਚਾਰ ਦਿਵਾਰੀ ਤੋਂ ਨਿਕਲ ਕੇ ਔਰਤਾਂ ਹੌਲੀ-ਹੌਲੀ ਉਹਨਾਂ ਮੈਦਾਨਾਂ 'ਚ ਆਉਂਦੀਆਂ ਗਈਆਂ ਜੋ ਸਦਾ ਤੋਂ ਮਰਦਾਂ ਦੀ ਅਜ਼ਾਰੇਦਾਰੀ ਵਿੱਚ ਸਨ। ਉਹਨਾਂ ਨੇ ਉਥੇ ਨਾ ਸਿਰਫ ਥਾਂ ਹਾਸਲ ਕੀਤੀ ਬਲਕਿ ਮਰਦਾਂ ਨੂੰ ਉਥੋਂ ਉਖੇੜਿਆ ਵੀ। ਕਈ ਥਾਂ ਤਾਂ ਇਸ ਦਾ ਅਜਿਹਾ ਦਿਲਚਸਪ ਨਜ਼ਾਰਾ ਵੇਖਣ ਨੂੰ ਮਿਲਿਆ ਹੈ ਕਿ ਉਥੇ ਮਰਦ ਆਪਣੀ ਔਰਤ ਦੀ ਪਤਨੀ ਬਣਿਆ ਹੋਇਆ ਹੈ। ਮਸਲਨ, ਜਿਵੇਂ ਖੁਦ ਨੌਕਰੀ ਨਹੀਂ ਮਿਲੀ ਪਰ ਜਿਹਨਾਂ ਦੀਆਂ ਪਤਨੀਆਂ ਨੂੰ ਨੌਕਰੀ ਮਿਲ ਗਈ, ਉਹ ਘਰ ਸੰਭਾਲਣ ਲੱਗੇ, ਪਤਨੀਆਂ ਨੂੰ ਸਾਈਕਲ ਜਾਂ ਮੋਟਰਸਾਈਕਲ 'ਤੇ ਬਿਠਾ ਕੇ ਉਹਨਾਂ ਦੇ ਕੰਮ ਵਾਲੀ ਥਾਂ ਰੋਜ਼ ਲਿਜਾਣ-ਲਿਆਉਣ ਲੱਗੇ ਤੇ ਬੱਚੇ ਵੀ ਸੰਭਾਲੇ। ਪਰ ਜਿੱਥੇ ਇਹ ਨਹੀਂ ਹੋਇਆ, ਚਾਹੇ ਮਰਦ ਦੇ ਵੀ ਕਮਾਊ ਹੋਣ ਕਰਕੇ ਜਾਂ ਉਸ ਅੰਦਰ ਮਰਦ ਦਾ ਦੰਭ ਹੋਣ ਕਰਕੇ, ਉਥੇ ਟਕਰਾਅ ਹੋਇਆ। ਇਸ ਟਕਰਾਅ ਨੇ ਜਾਂ ਤਾਂ ਕਿ ਇੱਕ ਨੂੰ ਗੋਡੇ ਟਿਕਵਾਏ ਜਾਂ ਫਿਰ ਟੁਟ ਭੱਜ। ਅੱਜ ਕਮਾਊ ਨੌਜਵਾਨ ਜੇ ਲਿਵ ਇਨ ਰਿਲੇਸ਼ਨਸ਼ਿਪ ਵੱਲ ਖਿਚਿਆ ਜਾ ਰਿਹਾ ਹੈ ਤਾਂ ਉਸ ਪਿੱਛੇ ਵੀ ਇਹੀ ਭੈਅ ਹੈ। ਜੋ ਸ਼ਾਦੀ ਕਰਕੇ ਰਹਿ ਰਹੇ ਹਨ, ਉਹਨਾਂ ਦੀ ਵੀ ਤਿਆਰੀ ਹੁਣ ਇਸ ਤਰ੍ਹਾਂ ਦੀ ਰਹਿਣ ਲੱਗੀ ਹੈ ਕਿ ਜਦ ਨਾ ਨਿਭੇ ਤਾਂ ਵੱਖ ਰਾਹ ਫੜਿਆ ਜਾ ਸਕੇ।

ਮੇਰੇ ਇੱਕ ਦੋਸਤ ਦੀ ਭਾਣਜੀ ਦੀ ਅਜੇ ਪਿੱਛਲੇ ਸਾਲ ਸ਼ਾਦੀ ਹੋਈ ਹੈ। ਲੜਕੀ ਵਿਆਹ ਤੋਂ ਪਹਿਲਾਂ ਤੋਂ ਹੀ ਕਿਸੇ ਬਹੁਕੌਮੀ ਕੰਪਨੀ 'ਚ ਉਚੇ ਅਹੁਦੇ 'ਤੇ ਸੀ ਅਤੇ ਆਪਣੇ ਪਤੀ ਤੋਂ ਕਿਤੇ ਵੱਧ ਤਨਖਾਹ ਲੈਂਦੀ ਸੀ। ਬੱਚੇ ਅਜੇ ਨਹੀਂ ਸਨ। ਪਰ ਉਹਨਾਂ ਨੇ ਮਿਲ ਕੇ ਅੱਡ-ਅੱਡ ਥਾਵਾਂ 'ਤੇ ਦੋ ਮਕਾਨ ਖਰੀਦ ਲਏ ਹਨ। ਪੁੱਛਣ 'ਤੇ ਪਹਿਲਾਂ ਤਾਂ ਭਾਣਜੀ ਹੱਸੀ, ਫਿਰ ਗੰਭੀਰ ਹੋ ਕੇ ਬੋਲੀ, ਕੱਲ੍ਹ ਨੂੰ ਜੇ ਆਪਸ 'ਚ ਨਾ ਨਿਭੀ ਤਾਂ ਰਾਹ ਸੌਖਾ ਰਹੂ। ਤਾਂ ਕੀ ਇਹ ਮੰਨਿਆ ਜਾਵੇ ਕਿ ਪਰਿਵਾਰ ਤੇ ਵਿਆਹ ਨਾਮਕ ਸੰਸਥਾਵਾਂ ਗੈਰ-ਪ੍ਰਸੰਗਿਕ ਹੋ ਰਹੀਆਂ ਹਨ? ਤੇ ਕੀ ਇਹਨਾਂ ਸੰਸਥਾਵਾਂ ਨੂੰ

ਬਚਾ ਕੇ ਰੱਖਣ ਲਈ ਇਹ ਕੀਮਤ ਚੁਕਾਉਣੀ ਜ਼ਰੂਰੀ ਹੈ ਜੋ ਇਹ ਮੰਗਦੀਆਂ ਹਨ? ਔਰਤ ਦਾ ਮਾਨਸਿਕ ਅਨਕੂਲਨ ਕਰਨ ਲਈ ਸਾਡੇ ਪ੍ਰਾਚੀਨ ਗ੍ਰੰਥਾਂ ਨੇ ਇਹ ਪ੍ਰਭਾਸ਼ਿਤ ਕੀਤਾ ਕਿ ਪ੍ਰੀਵਾਰ ਰੂਪੀ ਗੱਡੀ ਲਈ ਪਤੀ ਤੇ ਪਤਨੀ ਦੋ ਪਹੀਏ ਬਰਾਬਰ ਹਨ ਪਰ ਨਾਲ ਹੀ ਕਿਹਾ ਕਿ ਪਤੀ ਪਰਮੇਸ਼ਵਰ ਹੈ। ਫਿਰ ਦੋ ਪਹੀਏ ਕਿਵੇਂ ਹੋਏ? ਤੇ ਜੇ ਹੋਇਆ ਵੀ ਤਾਂ ਉਹ ਬੇਮੇਲ ਪਹੀਆ ਹੀ ਹੋਵੇਗਾ, ਉਚਤਾ ਦੇ ਦੰਭ ’ਚ ਭਰਪੂਰ ਲਿਵ ਇਨ ਰੀਲੇਸ਼ਨਸ਼ਿਪ ਦਾ ਤਾਂ ਅਧਾਰ ਹੀ ਅਣਹੋਂਦ ਹੈ। ਫਿਰ ਇਸ ’ਚ ਪ੍ਰੀਵਾਰ ਦੀ ਗੁੰਜਾਇਸ਼ ਕਿੱਥੇ ਬਚਦੀ ਹੈ ਅਤੇ ਜੇ ਬੱਚੇ ਪੈਦਾ ਹੋਏ ਤਾਂ ਵਿਛੜਣ ਪਿੱਛੋਂ ਉਹਨਾਂ ਦੀ ਸਾਂਭ ਸੰਭਾਲ ਕੌਣ ਕਰੂ? ਲਿਵ ਇਨ ਰਿਲੇਸ਼ਨਸ਼ਿਪ ਸਿਰਫ ਸਬੰਧਾਂ ਦੀ ਗੁੰਜਾਇਸ਼ ਦਾ ਨਾਂ ਹੀ ਹੈ। ਅਜਿਹੇ ਹੋਰ ਸਬੰਧਾਂ ਤੋਂ ਪੈਦਾ ਹੋਏ ਬੱਚਿਆਂ ਦਾ ਕੀ ਹੋਵੇ? ਜਾਂ ਜੇ ਇਕ ਸੰਭਾਵਿਤ ਜਹਿਮਤ (ਤਲਾਕ) ਤੋਂ ਛੁਟਕਾਰੇ ਲਈ ਐਸਾ ਰਿਲੇਸ਼ਨਸ਼ਿਪ ਕੀਤਾ ਗਿਆ ਤਾਂ ਫਿਰ ਦੂਜੀ ਜਹਿਮਤ (ਯਾਨੀ ਬੱਚੇ) ਪੈਦਾ ਹੀ ਕਿਉਂ ਕੀਤੇ ਜਾਣ? ਤਾਂ ਕੀ ਔਰਤ-ਮਰਦ ਬਰਾਬਰੀ ਦੀ ਕੀਮਤ ਇਸ ਪ੍ਰੀਵਾਰ ਨੂੰ ਖਤਮ ਕਰਕੇ ਉਤਾਰੋਗੇ? ਕੈਰੀਅਰ ਤੇ ਰੀਲੇਸ਼ਨ ਕੀਤਾ ਗਿਆ ਤਾਂ ਇਹਨਾਂ ਦੋਹਾਂ ਤੱਤਾਂ ਨੇ ਅੱਜ ਦੇ ਨੌਜਵਾਨ ਨੂੰ ਆਤਮ ਕੇਂਦਰਿਤ ਬਣਾ ਦਿੱਤਾ ਹੈ।

ਕਹਿਣਾ ਨਾ ਹੋਵੇ ਉਹ ਹੁਣ ਸਮਾਜ ਪ੍ਰਤੀ ਆਪਣੇ ਫਰਜਾਂ ਨੂੰ ਹੀ ਨਕਾਰਨ ਲਗਿਆ ਹੈ। ਔਲਾਦ ਨੂੰ ਜਨਮ ਦਿੱਤੇ ਬਗੈਰ ਔਰਤ-ਮਰਦ ਦਾ ਸਬੰਧ ਬਣਾ ਕੇ ਰੱਖਣਾ ਕੀ ਸਮਾਜ ਤੇ ਕੁਦਰਤ ਪ੍ਰਤੀ ਅਪਰਾਧ ਨਹੀਂ ਹੈ? ਸਾਰੇ ਸੰਸਾਰ ’ਚ ਅਜਿਹੀ ਮਿਸਾਲ ਕਿੱਥੇ ਅਤੇ ਜੋ ਕਿਸੇ ਜੀਵ ਜਾਂ ਬਨਸਪਤੀ ’ਚ ਮਿਲ ਸਕਦੀ ਹੋਵੇ। ਹਾਲ ਦੀ ਘੜੀ ਅੱਜ ਅਸੀਂ ਜਿੱਥੇ ਆ ਚੁੱਕੇ ਹਾਂ, ਉਥੋਂ ਪਿਛੇ ਹਟਣਾ ਤਾਂ ਸੰਭਵ ਨਹੀਂ। ਇਸ ਦੇ ਨਾਲ ਹੀ ਇਹ ਵੀ ਸੰਭਵ ਨਹੀਂ ਕਿ ਔਰਤ ਨੂੰ ਮਾਂ ਦਾ ਚੋਲਾ ਪਾ ਕੇ ਉਸ ਨੂੰ ਬੱਚੇ ਦੀਆਂ ਸਾਰੀਆਂ ਜਿੰਮੇਵਾਰੀਆਂ ਦਾ ਵਾਹਕ ਬਣਾਇਆ ਜਾਵੇ। ਸਮਾਜ ਦੀ ਇਹ ਸੋਚ ਇਸ ਕਾਰਨ ਹੈ ਜਿਸ ਕਾਰਨ ਅੱਜ ਦੁਨੀਆਂ ਦੇ ਸਾਰੇ ਵਿਕਸਤ ਦੇਸ਼ਾਂ ’ਚ ਨੌਜਵਾਨ ਵਿਆਹ ਅਤੇ ਬੱਚੇ ਪੈਦਾ ਕਰਨੇ, ਦੋਨਾ ਤੋਂ ਬਚਣ ਲੱਗੇ ਹਨ। ਇਹ ਰੁਝਾਣ ਜੇ ਵਧ ਰਿਹਾ ਹੈ ਤਾਂ ਨਿਸ਼ਚੇ ਹੀ ਪ੍ਰੀਵਾਰ ਨਾਂ ਦੀ ਸੰਸਥਾ ਸੰਕਟ ਵਿਚ ਹੈ। ਬੱਚੇ ਪਤਨੀ-ਪਤੀ ਦੀ ਸਾਂਝੀ ਜੁੰਮੇਵਾਰੀ ਹੋਣ ਦੇ ਬਾਵਜੂਦ ਕੁਦਰਤੀ ਹੀ ਮਾਂ ਦੀ ਪਹਿਲੀ ਜਿੰਮੇਵਾਰੀ ਬਣ ਜਾਂਦਾ ਹੈ, ਤੇ ਇਹ ਉਹ ਮੂਲ ਭੈਅ ਹੈ। ਜਿਸ ਕਾਰਨ ਔਰਤਾਂ ਮਰਦ ਨਾਲ ਰਹਿੰਦਿਆਂ ਵੀ ਬੱਚੇ ਨਹੀਂ ਪੈਦਾ ਕਰਨਾ ਚਾਹੁੰਦੀਆਂ। ਔਰਤ ਲਈ ਬੱਚੇ ਦੀ ਚਾਹਤ ਮਰਦ ਨਾਲੋਂ ਵੱਧ ਹੁੰਦੀ ਹੈ, ਪਰ ਚਾਹਤ ਨਾ ਚਾਹੁਣ ’ਤੇ ਕੌਣ ਪੂਰੇ ਕਰੇਗਾ? ਕੀ ਫਿਰ ਔਰਤ-ਮਰਦ ਦੀ ਬਰਾਬਰੀ ਦੀ ਕੀਮਤ ਸਾਨੂੰ ਪ੍ਰੀਵਾਰ ਵਜੋਂ ਚੁਕਾਉਣੀ ਪਊ। ਫੇਰ ਅਜਿਹੇ ਜੋੜਿਆਂ ਨੂੰ ਬੱਚੇ ਪੈਦਾ ਕਰਨ ਲਈ ਪ੍ਰੇਰਿਤ ਕਿਵੇਂ ਕੀਤਾ ਜਾਵੇ। ਜਿਹਨਾਂ ਦੇ ਬੱਚੇ ਉਹ ਜੋੜੇ ਆਪ ਨਾਲ ਪਾਲਣਾ ਚਾਹੁਣ, ਉਹਨਾਂ ਨੂੰ ਹਕੂਮਤ (ਦੇਸ਼) ਪਾਲ਼ੇ। ਸ਼ੁਰੂਆਤ ਹੋ ਚੁੱਕੀ ਹੈ। ਔਰਤ ਮਰਦ ਬਰਾਬਰੀ ਲਾਜਮੀ ਹੈ ਤੇ ਨਾਲ ਹੀ ਪ੍ਰੀਵਾਰ ਵੀ। ਪਰ ਪੈਦਾ ਹੋਏ ਬੱਚੇ ਔਰਤ-ਮਰਦ ਦੋਨੋ ਸੰਭਾਲਣ। ਔਰਤਾਂ ਨੂੰ ਇਹ ਗਰੰਟੀ ਦੇਸ਼ ਦੀ ਹਕੂਮਤ ਦੇਵੇ।

# ਬਿਹਾਰ ਦੇ ਪਿੰਡਾਂ 'ਚ ਲੁੱਟ-ਘਸੁੱਟ ਦੇ ਤੌਰ ਤਰੀਕੇ ਹਨ ਕੀ?

ਵਿੱਤ ਤੇ ਭੂਮੰਡਲੀਕਰਣ ਦੇ ਯੁੱਗ ਵਿੱਚ ਵੀ ਦਿਹਾਤੀ ਭੌਇੰਮਾਲਕੀ ਭਾਰਤ ਦੇ ਰਾਜਸੀ ਅਰਥਸਾਸਤਰ 'ਚ ਕੇਂਦਰੀ ਬਿੰਦੂ ਬਣਿਆਂ ਹੋਇਆ ਹੈ। ਸੋਮਪੇਟਾ ਹੋਵੇ ਜਾਂ ਨਾਰਾਇਣਪਟਨਾ, ਸੁਰੱਖਿਅਤ ਮਾਲਕੀ ਦਾ ਡਰ ਹੀ ਲੋਕ ਰੋਹ ਦਾ ਮੁੱਖ ਪਹਿਲੂ ਬਣਿਆਂ ਹੋਇਆ ਹੈ, ਦੂਜੇ ਪਾਸੇ, ਬਿਹਾਰ 'ਚ ਕਾਸ਼ਤਕਾਰੀ ਸੁਧਾਰ ਦਾ ਵਿਰੋਧ ਅਤੇ ਲਕਸ਼ਮਣਪੁਰ ਬਾਥੇ? ਕਤਲੇਆਮ ਦੀ ਜਾਂਚ ਕਰ ਰਹੇ ਅਮੀਰ ਦਾਸ ਕਮਿਸ਼ਨ ਨੂੰ ਭੰਗ ਕਰਨਾ ਇਹ ਦਰਸਾਉਂਦਾ ਹੈ ਕਿ ਵੱਡੀ ਮਾਲਕੀਅਤ ਆਪਣੀ ਹੋਂਦ ਨੂੰ ਬਣਾਈ ਰੱਖਣ ਲਈ ਕਿੰਨਾ ਤੱਤਪਰ ਹੈ। ਭਾਰਤੀ ਲੋਕਾਂ ਦਾ ਕਰੀਬ 60 ਫੀਸਦੀ ਹਿੱਸਾ ਪਿੰਡਾਂ 'ਚ ਰਹਿੰਦਾ ਹੈ ਅਤੇ ਭਾਰਤ ਦੀ ਕਿਰਤ ਸ਼ਕਤੀ ਦਾ ਕਰੀਬ 60 ਫੀਸਦੀ ਖੇਤੀ 'ਚ ਕੰਮਾਂ 'ਚ ਲੱਗਿਆ ਹੋਇਆ ਹੈ। ਜ਼ਾਹਿਰ ਹੈ ਕਿ ਭਾਰਤੀ ਰਾਜਸੀ ਅਰਥਚਾਰੇ ਦੇ ਢਾਂਚੇ ਤੇ ਰਫਤਾਰ ਨੂੰ ਯਕੀਨੀ ਬਣਾਉਂਦੇ ਸਮੇਂ ਜਮੀਨ ਦੇ ਸੁਆਲ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ। 70 ਦੇ ਦਹਾਕੇ ਤੋਂ ਭਾਰਤੀ ਰਾਜਸੀ ਅਰਥਸਾਸ਼ਤਰੀਆਂ ਵਿੱਚ ਵੱਡਾ ਸੁਆਲ ਰਿਹਾ ਹੈ ਕਿ ਭਾਰਤੀ ਪਿੰਡ 'ਚ ਲੁੱਟ-ਘਸੁੱਟ ਦੀ ਕਿਸਮ ਕੀ ਹੈ? ਖਾਸ ਕਰਕੇ ਬਸਤੀਵਾਦੀ ਸਮੇਂ ਤੋਂ ਭਾਰਤ 'ਚ ਚੱਲੀ ਆ ਰਹੀ ਅਰਧ ਜਾਗੀਰੂ ਲੁੱਟ-ਘਸੁੱਟ ਅਰਧ ਬਸਤੀਵਾਦੀ ਲੁੱਟ ਨੂੰ ਪੂੰਜੀਵਾਦੀ ਪ੍ਰਣਾਲੀ ਨੇ ਕਿਸ ਹੱਦ ਤਕ ਤਬਦੀਲੀ ਲਿਆਂਦੀ ਹੈ। ਲੁੱਟ ਘਸੁੱਟ ਦੇ ਢੰਗ 'ਚ ਤਬਦੀਲੀ ਦੀਆਂ ਅਸਲੀ ਸੰਭਾਵਨਾਵਾਂ ਹਨ ਕਿਉਂਕਿ ਬੀਤੇ 40 ਸਾਲਾਂ ਦੌਰਾਨ ਤਬਦੀਲੀ ਦੀ ਅਸਲੀ ਸੰਭਾਵਨਾਵਾਂ ਹਨ ਕਿਉਂਕਿ ਭਾਰਤ ਦਾ ਪੇਂਡੂ ਅਰਥਚਾਰਾ ਵਿਸ਼ਵ ਅਰਥਚਾਰੇ (ਸਾਮਰਾਜ) ਨਾਲ ਹੋਰ ਵੱਧ ਇਕ ਮਿਕ ਹੋਇਆ ਹੈ। ਪਹਿਲੀ ਵੱਡੀ ਲਹਿਰ ਸੱਤਰ ਦੇ ਦਹਾਕੇ 'ਚ ਹਰੇ ਇਨਕਲਾਬ ਵਜੋਂ ਆਈ। ਹੁਣ ਸਾਡੇ ਕੋਲ ਇਹ ਦਰਸਾਉਣ ਲਈ ਲੋੜੀਂਦਾ ਸਬੂਤ ਹੈ ਕਿ ਹਰਾ ਇਨਕਲਾਬ ਭਾਰਤ 'ਚ ਲੁੱਟ-ਘਸੁੱਟ ਤੇ ਤਰੀਕਿਆਂ 'ਚ ਤਬਦੀਲੀ ਕਰਨ 'ਚ ਅਸਫਲ ਰਿਹਾ ਹੈ (ਖਾਸ ਕਰਕੇ ਪੇਂਡੂ ਬਿਹਾਰ ਦੇ ਪਰਸੰਗ 'ਚ ਦੇਖੋ ਕੇ ਡਬਲਯੂ ਤੇ ਏਸੀ ਨੂੰ)। ਪਰ ਸੁਧਾਰ ਦੀ ਦੂਜੀ ਲਹਿਰ ਬਾਰੇ ਸਾਡਾ ਕੀ ਅੰਦਾਜਾ ਹੈ ਕੀ ਇਸ ਨਾਲ ਬਦਲਾਅ ਪੇਂਡੂ ਤਸਵੀਰ 'ਚ ਲੁੱਟ-ਘਸੁੱਟ ਦੇ ਤਰੀਕਿਆਂ 'ਚ ਮਹੱਤਵਪੂਰਨ ਤਬਦੀਲੀ ਕਰ ਦਿੱਤੀ ਹੈ।

ਇਥੇ ਦੋ ਗੱਲਾਂ ਦਾ ਧਿਆਨ ਰੱਖਣਾ ਹੈ, ਪਹਿਲਾ ਇਹ ਨੋਟ ਉਕਤ ਸੁਆਲਾਂ ਦਾ ਜੁਆਬ ਦੇਣ ਲਈ ਨਹੀਂ ਹੈ। ਜਿਸ ਲਈ ਹੋਰਨਾਂ ਗੱਲਾਂ ਤੋਂ ਇਲਾਵਾ ਵਿਆਪਕ ਤੇ ਡੂੰਘੇ ਖ਼ੁਦਰਬੀਨੀ ਆਰਥਿਕ ਵਿਸਲੇਸ਼ਣ ਤੇ ਕੇਸ ਸਟੱਡ ਦੀ ਲੋੜ ਹੈ। (ਮਿਸਾਲ ਵਜੋਂ ਕ੍ਰਮਵਾਰ ਬੀ. ਬੀ. ਤੇ ਐਸ ਦੋਨੋ ਹੀ ਪੂੰਜੀਵਾਦੀ ਉਤਪਾਦਨ ਪ੍ਰਣਾਲੀ ਦੇ ਪੱਖ 'ਚ ਤਰਕ ਦਿੰਦੇ ਹਨ) ਜਦ ਕਿ ਸਾਲ ਦੇ ਬੀਤੇ ਕੁਝ ਸਾਲਾਂ 'ਚ ਭੋਇੰ ਮਾਲਕੀ ਨਾਲ ਸਬੰਧਤ ਕੁਝ ਤੱਥਾਂ 'ਤੇ ਵਿਆਪਕ ਪੱਧਰ 'ਤੇ ਬਹਿਸ ਹੋਈ ਹੈ। (ਦੇਖੋ ਬੀਬੀ ਤੇ ਵੀ. ਕੇ ਆਰ.)। ਜਿਵੇਂ ਕਿ ਜਮੀਨ ਦੇ ਟੁਕੜੇ ਹੋਣ 'ਚ ਵਾਧਾ ਅਤੇ ਇਕ ਗਤੀਸ਼ੀਲ ਖੇਤੀ ਵਾਧੂ ਅਤੇ ਇਕ ਸਪੀਡ ਬਰੇਕਰ ਕਿਰਤ ਸ਼ਕਤੀ ਦਾ ਖੇਤੀ ਕੰਮਾਂ 'ਚ ਲੱਗੇ ਰਹਿਣਾ। ਕੁੱਝ ਹੋਰ ਪਾਸੇ ਧਿਆਨ ਨਹੀਂ ਹੈ। ਇਕ ਛੋਟੀ ਜਿਹੀ ਘਿਣੀ 'ਚ ਕੁੱਝ ਹਰ ਤੱਥਾਂ ਨੂੰ

ਜ਼ਾਹਿਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਦੂਜਾ ਇਹੀ ਟਿਪੱਣੀ ਮੁੱਖ ਤੌਰ 'ਤੇ ਬਿਹਾਰ ਤੋਂ ਮਿਲੇ ਤੱਥਾਂ 'ਤੇ ਅਧਾਰਤ ਹੋਵੇਗੀ ਅਤੇ ਭਾਰਤ ਦੇ ਵਿਕਾਸ ਦੇ ਮੱਦੇਨਜ਼ਰ ਮੈਂ ਆਪਣੇ ਦਾਅਵੇ ਨੂੰ ਸਰਬ ਪ੍ਰਵਾਨਿਤ ਬਣਾਉਣ ਲਈ ਕੋਈ ਕੋਸ਼ਿਸ਼ ਨਹੀਂ ਕਰੂੰਗਾ। ਭਾਰਤ ਦੇ ਰਾਜਸੀ ਅਰਥਸਾਸ਼ਤਰ ਦੇ ਪ੍ਰਸੰਗ ਵਿੱਚ ਜਮੀਨੀ ਸੁਆਲ ਦੀ ਚਰਚਾ ਕਰਨੀ ਵੀ ਜ਼ਰੂਰੀ ਹੈ।

ਲੁੱਟ ਦੀ ਅਰਧਬਸਤੀਵਾਦੀ ਤੇ ਪੂੰਜੀਵਾਦੀ ਪ੍ਰਣਾਲੀ 'ਚ ਮੁੱਖ ਫਰਕ ਨੂੰ ਮੈਂ ਦੁਹਰਾਉਣ ਦਾ ਜੋਖਮ ਉਠਾ ਕੇ ਟਿੱਕ ਰਿਹਾ ਹਾਂ। (ਮੈਂ ਅਰਧ ਜਾਗੀਰੂ ਦੀ ਥਾਂ ਸਾਬਕਾ ਪੂੰਜੀਵਾਦੀ ਸ਼ਬਦ ਦੀ ਵਰਤੋਂ ਵੀ ਕਰਾਂਗਾ)

1. ਪੂੰਜੀਵਾਦੀ ਸਮਾਜ ਪੈਦਾਵਾਰ ਦੇ ਵਸੀਲਿਆਂ ਦੀ ਸੁਰੱਖਿਅਤ ਮਾਲਕੀ ਦੇ ਨਾਲ-ਨਾਲ ਪੂੰਜੀ ਦੇ ਮਾਲਕ ਤੇ ਮਜ਼ਦੂਰ ਵਿਚਕਾਰ ਸੁਰੱਖਿਅਤ ਸਮਝ ਨੂੰ ਵੀ ਯਕੀਨੀ ਬਣਾਉਂਦਾ ਹੈ। ਮਾਲਕੀ ਤੇ ਸਮਝੌਤੇ ਰਾਜ ਮਸ਼ੀਨਰੀ ਵੱਲੋਂ ਲਾਗੂ ਕੀਤੇ ਜਾਂਦੇ ਹਨ। ਜਦ ਕਿ ਅਰਧ-ਜਾਗੀਰੂ ਸਮਾਜ ਵਿੱਚ ਅਸਪੱਸ਼ਟ ਮਾਲਕੀ ਵੱਧ ਹੁੰਦੀ ਹੈ। ਜੋ ਕਿ ਪੂੰਜੀਵਾਦ ਤੋਂ ਪਹਿਲਾਂ ਉਪਜੇ ਸਮਾਜਕ ਸਰੋਕਾਰ ਤੇ ਨਿਯਮਾਂ ਰਾਹੀਂ ਨਿਰਦੇਸ਼ਿਤ ਗੈਰ-ਰਵਾਇਤੀ ਇਕਰਾਰਾਂ 'ਤੇ ਅਧਾਰਿਤ ਹੁੰਦੀ ਹੈ। ਭਾਰਤ ਦੇ ਪ੍ਰਸੰਗ 'ਚ ਜਾਤਪਾਤ ਪ੍ਰਣਾਲੀ ਇਕ ਮਹੱਤਵਪੂਰਨ ਨਿਰਧਾਰਿਤ ਪੱਖ ਹੈ। ਪੂੰਜੀਵਾਦ ਤੋਂ ਪਹਿਲਾਂ ਦੇ ਇਕਰਾਰ ਨੂੰ ਸਥਾਨਕ ਤਾਕਤ ਦੇ ਢਾਂਚੇ 'ਤੇ ਨਿਰਭਰ ਵੱਖ-ਵੱਖ ਤਰੀਕਿਆਂ ਨਾਲ ਲਾਗੂ ਕੀਤਾ ਜਾਂਦਾ ਹੈ। ਸਥਾਨਕ ਤਾਕਤ ਦੇ ਢਾਂਚੇ 'ਚ ਨਿੱਜੀ ਫ਼ੌਜਾਂ, ਸਥਾਨਕ ਸਰਕਾਰੀ ਏਜੰਟ ਆਦਿ ਸ਼ਾਮਲ ਹਨ।

2. ਪੂੰਜੀਵਾਦੀ ਲੁਟੇਰੀ ਪ੍ਰਣਾਲੀ 'ਚ ਮਜ਼ਦੂਰ ਸਮਾਜਕ ਤੇ ਰਾਜਸੀ ਤੌਰ 'ਤੇ ਅਜ਼ਾਦ ਹੁੰਦੇ ਹਨ। ਇਸ ਦਾ ਮਤਲਬ ਹੈ ਕਿ "ਸਬੰਧਾਂ" 'ਚ ਨਿੱਜੀ ਨਿਰਭਰਤਾ ਤੇ ਪਿੱਤਰਸਤਾਤਮਕਤਾ ਦੇ ਸਭ ਰੂਪ ਗਾਇਬ ਹੋ ਜਾਂਦੇ ਹਨ। (ਲੈਨਿਨ : ਰੂਸ 'ਚ ਪੂੰਜੀਵਾਦ ਦਾ ਵਿਕਾਸ) ਯਾਨੀ ਪੂੰਜੀ ਦੇ ਮਾਲਕ 'ਤੇ ਮਜ਼ਦੂਰਾਂ ਦੀ ਨਿਰਭਰਤਾ ਬਿਲਕੁਲ ਆਰਥਕ ਹੁੰਦੀ ਹੈ। ਅਰਧ ਜਾਗੀਰੂ ਢਾਂਚੇ 'ਚ ਲੁੱਟ-ਘਸੁੱਟ ਦਾ ਸ਼ਿਕਾਰ ਹੇਠਲਾ ਹਿੱਸਾ ਕੁਲੀਨ ਜਮਾਤ 'ਤੇ ਆਰਥਕ ਸਮਾਜਕ ਤੇ ਸਿਆਸੀ ਤਿੰਨਾਂ ਹੀ ਰੂਪਾਂ 'ਚ ਅਧੀਨ ਹੁੰਦਾ ਹੈ।

ਵਿਆਪਕ ਰਾਜਸੀ-ਆਰਥਕ ਢਾਂਚੇ 'ਚ ਜ਼ਮੀਨ ਦਾ ਸੁਆਲ ਕੀ ਹੈ? ਸ਼ੁਰੂ 'ਚ ਪੂੰਜੀਵਾਦੀ ਸਮਾਜ ਤੋਂ ਪਹਿਲਾਂ ਦੇ ਪੇਂਡੂ ਸਮਾਜ 'ਚ ਆਰਥਕ ਪੈਦਾਵਾਰੀ ਨਿਵੇਸ਼ 'ਤੇ ਕੰਟਰੋਲ ਕਰਕੇ ਕਾਇਮ ਕੀਤਾ ਜਾਂਦਾ ਹੈ। ਪੈਦਾਵਾਰੀ ਨਿਵੇਸ਼ 'ਚ ਜਮੀਨ ਮੁੱਖ ਹੁੰਦੀ ਹੈ। ਪਰ ਉਹ ਇਕੱਲੀ ਹੀ ਮੁੱਖ ਨਹੀਂ ਹੁੰਦੀ। ਧਰਤੀ ਹੇਠਲਾ ਪਾਣੀ, ਕਰਜ਼ਾ, ਵਪਾਰ ਆਦਿ ਵੀ ਇਸ ਦੇ ਹੋਰ ਰੂਪ ਹਨ। ਅਸਲ ਮਾਲਕ ਯਾਨੀ ਲੁਟੇਰੀ ਕੁਲੀਨ ਜਮਾਤ ਇਸ ਪੈਦਾਵਾਰੀ ਨਿਵੇਸ਼ ਨੂੰ ਚੇਤੰਨ ਰੂਪ ਨਾਲ ਮੁਹੱਈਆ ਕਰਵਾ ਕੇ ਆਸਾਮੀ ਬਣਾਉਂਦਾ ਹੈ। ਵਾਧੂ ਯਾਨੀ ਸਰਪਲੱਸ ਮਾਲੀਆ, ਵਿਆਜ ਭੁਗਤਾਨ, ਅਰਧ-ਬੰਦਕ ਕਿਸਮ ਦੀ ਤਹਿਸ਼ੁਦਾ ਕਿਰਤ ਆਦਿ ਵਜੋਂ ਲਿਆ ਜਾਂਦਾ ਹੈ। ਹਰੇਕ ਦਬਾਅ ਇਕ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਵਾਧੂ ਲੁੱਟ-ਘਸੁੱਟ ਕਰਨ ਵਾਲੇ ਨੂੰ ਤਬਦੀਲ ਕਰਨ 'ਚ ਸਿੱਧਾ ਦਬਾਅ ਕੋਈ ਛੋਟੀ ਭੂਮਿਕਾ ਅਦਾ ਨਹੀਂ ਕਰਦਾ। ਇਸ ਦੇ ਨਾਲ ਹੀ ਇਸ ਨਾਲ ਦੱਬੇ ਕੁਚਲੇ ਲੋਕਾਂ ਦੀ ਸਮਾਜਿਕ ਰਾਜਸੀ ਨਿਰਭਰਤਾ ਤੇ

ਗੁਲਾਮੀ 'ਚ ਵਾਧਾ ਹੁੰਦਾ ਹੈ। ਇਸ ਤਰ੍ਹਾਂ ਵਾਧੂ ਦੀ ਲੁੱਟ ਸਥਾਨਕ ਰਾਜਸੀ ਤੇ ਆਰਥਕ ਦਾਬੇ ਦੀ ਵਰਤੋਂ ਕਰਕੇ ਕੀਤੀ ਜਾਂਦੀ ਹੈ। ਤੇ ਸੁਰੱਖਿਅਤ ਕਾਸ਼ਤਕਾਰੀ ਅਧਿਕਾਰੀ ਪੈਦਾਵਾਰ ਤੇ ਜਮੀਨੀ ਰਾਖੀ 'ਚ ਵਾਧੇ ਲਈ ਦੂਰਗਾਮੀ ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹਨ। ਜਿਹੋ ਜਿਹਾ ਕਿ ਅਸੁਰੱਖਿਅਤ ਅਧਿਕਾਰਾਂ 'ਚ ਨਹੀਂ ਹੁੰਦਾ। ਇਸ ਤਰ੍ਹਾਂ ਉਪਜਿਆ ਹੋਇਆ ਸਰਪਲੱਸ (ਵਾਧੂ) ਦੂਜੀਆਂ ਵਸਤਾਂ ਲਈ ਹੀ ਨਵਾਂ ਬਾਜ਼ਾਰ ਪੈਦਾ ਨਹੀਂ ਕਰਦਾ ਬਲਕਿ ਇਹ ਇਸ ਦੇ ਇਕ ਹਿੱਸੇ ਨੂੰ ਪੈਦਾਵਾਰੀ ਨਿਵੇਸ਼ 'ਚ ਵੀ ਲਾਉਂਦਾ ਹੈ। ਇਸ ਤਰ੍ਹਾਂ ਇਹ ਪੂੰਜੀਵਾਦ ਦੀ ਪ੍ਰਸਿੱਧ ਗੀਤਸ਼ੀਲਤਾ ਦੇ ਇਕ ਘਟਕ ਨੂੰ ਵੀ ਪੈਦਾ ਕਰਦਾ ਹੈ। ਸਮਾਜਕ-ਰਾਜਸੀ ਨਜ਼ਾਮ 'ਚ ਸੁਰਖਿਅਤ ਤੇ ਕਾਨੂੰਨੀ ਮਾਲਕੀ ਤੇ ਪੈਦਾਵਾਰੀ ਨਿਵੇਸ਼ ਦੀ ਉਪਲੱਭਤਾ, ਪ੍ਰਮੁੱਖ ਦਬਾਅ ਦੀ ਪ੍ਰਸੰਗਿਕਤਾ ਨੂੰ ਖਤਮ ਕਰਦਿਆਂ ਅਬਾਦੀ ਦੇ ਵਿਆਪਕ ਹਿੱਸਿਆਂ 'ਚ ਜਮਹੂਰੀ ਅਧਿਕਾਰਾਂ ਦਾ ਬੋਧ ਵੀ ਵਿਕਸਤ ਕਰਦੀ ਹੈ। ਇਹ ਸਮਾਜਕ ਰਾਜਸੀ ਦ੍ਰਿਸ਼ 'ਚ ਪੇਂਡੂ ਰੱਜੇ ਪੁੱਜਿਆਂ ਦੀ ਦੱਬੇ-ਕੁਚਲੇ ਵਰਗਾਂ 'ਤੇ ਪਕੜ ਢਿੱਲੀ ਕਰ ਦਿੰਦਾ ਹੈ। ਭਾਵੇਂ ਉਕਤ ਵਿਭੇਦ ਇਕ ਮਾਰਗਦਰਸ਼ਕ ਹੋ ਸਕਦਾ ਹੈ ਪਰ ਅਸਲੀਅਤ ਉਪਰੋਕਿਤ ਵਰਨਣ ਕੀਤੀਆਂ ਨਮੂਨਾ ਵਿਸੇਸ਼ਤਾਈਆਂ ਦੇ ਐਨ ਇਕੋ ਜਿਹੀ ਵੀ ਨਹੀਂ ਹੋ ਸਕਦੀ ਹੈ (ਇੱਥੇ ਖੇਤਰੀ ਵਿਸੇਸ਼ਤਾਵਾਂ ਤੇ ਗੌਰ ਕਰਨ ਲਈ ਵਿਆਪਕ ਵਿਸਲੇਸ਼ਣ ਕਰਨ ਦੀ ਲੋੜ ਹੈ ਜਿਵੇਂ ਕਿ ਇਸ ਦਾ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਿਆ ਹੈ) ਇਸ ਚੌਖਟੇ ਨੂੰ ਅਧਾਰ ਬਣਾ ਕੇ ਇਕ ਦਲੀਲ ਇਹ ਵੀ ਦਿੱਤੀ ਜਾ ਸਕਦੀ ਹੈ ਕਿ ਬਿਹਾਰ ਦੇ ਪ੍ਰਸੰਗ 'ਚ ਪੂਰਵ ਪੂੰਜੀਵਾਦੀ ਲੁਟੇਰੀ ਪ੍ਰਣਾਲੀ ਦੇ ਤੱਤ ਅਜੇ ਵੀ ਮੌਜੂਦ ਹਨ।

**ਪੂੰਜੀਵਾਦੀ ਲੁਟੇਰੀ ਪ੍ਰਣਾਲੀ ਦੇ ਪੱਖ 'ਚ ਤਰਕ :**

ਪੂੰਜੀਵਾਦੀ ਪ੍ਰਣਾਲੀ ਦੀ ਪ੍ਰੀਕਲਪਨਾ ਦੇ ਹੱਕ 'ਚ ਦਿੱਤੇ ਗਏ ਕੁਝ ਵੱਡੇ ਤਰਕਾਂ ਤਕ ਹੀ ਅੱਜ ਦੀ ਟਿੱਪਣੀ ਸੀਮਤ ਰਖਦਿਆਂ ਇਸ ਮੁੱਦੇ ਦੀ ਹੇਠ ਲਿਖੀ ਵਿਆਖਿਆ ਹੈ :

**1. ਜਮੀਨ ਦੀ ਮਾਲਕੀ :** ਪਿਛਲੇ ਕੁਝ ਦਹਾਕਿਆਂ 'ਚ ਜਮੀਨ ਨੂੰ ਖੋਰਾ ਲੱਗਿਆ ਹੈ। 1982 'ਚ ਮਾਲਕੀ ਦਾ ਔਸਤ ਆਕਾਰ ਤਿੰਨ ਏਕੜ ਸੀ ਜੋ ਕਿ 2003 'ਚ ਘਟ ਕੇ ਸਿਰਫ 2 ਏਕੜ ਤੋਂ ਵੀ ਘੱਟ ਰਹਿ ਗਿਆ। ਇਸ ਦੌਰਾਨ ਬੇਜ਼ਮੀਨੇ ਪ੍ਰੀਵਾਰਾਂ ਦੀ ਗਿਣਤੀ (ਜਿਹਨਾਂ ਕੋਲ ਇਕ ਏਕੜ ਤੋਂ ਘੱਟ ਜਮੀਨ ਹੈ) ਕੁੱਲ ਪੇਂਡੂ ਪ੍ਰੀਵਾਰਾਂ ਦੇ 48 ਫੀਸਦੀ ਤੋਂ ਵਧ ਕੇ 60 ਫੀਸਦੀ ਹੋ ਗਈ ਹੈ। ਬੀ. ਬੀ., ਯੂ. ਪੀ. ਆਰ. ਆਰ. ਐਸ. ਤੇ ਦੀਪਾਂਕਰ ਬਸੂ ਦਾ ਲੇਖ ਪੜ੍ਹ ਕੇ ਪੂਰਨ ਵਿਸਲੇਸ਼ਣ ਪੇਸ਼ ਕੀਤਾ ਜਾ ਸਕਦਾ ਹੈ।

**ਬੀ. ਬੀ. ਦੀ ਰੀਪੋਟ ਅਨੁਸਾਰ** - '1992 ਤੋਂ 2000 ਦੇ ਅੱਧ ਤਕ ਹੋਏ ਪੁੰਨਰ ਸਰਵੇਖਣ ਅਨੁਸਾਰ ਬਿਹਾਰ 'ਚ ਜ਼ਮੀਨ ਮਾਲਕੀ ਦੀ ਵੰਡ 'ਚ ਤਬਦੀਲੀ ਜ਼ਮੀਨ ਗਵਾਉਣ ਵਜੋਂ ਟਿੱਕੀ ਗਈ ਜੋ ਕਿ ਸਭ ਸ੍ਰੇਣੀਆਂ ਤੇ ਜਾਤੀ ਸਮੂਹਾਂ ਦੀ ਔਸਤ ਮਾਲਕੀ ਜੋਤ ਦੇ ਸਾਇਜ਼ ਨਾਲ ਮਿਣਿਆ ਗਿਆ ਸੀ; ਜ਼ਮੀਨ ਦਾ ਗਵਾਉਣਾ, ਜ਼ਿੰਮੀਦਾਰਾਂ, ਵੱਡੇ ਕਿਸਾਨਾਂ ਤੇ ਖੇਤ ਮਜ਼ਦੂਰਾਂ 'ਚ ਤੇਜੀ ਨਾਲ ਹੋਇਆ। ਕਿਸਾਨਾਂ ਦੀ ਮੱਧਵਰਗੀ ਜਮਾਤ ਵੱਲੋਂ ਸਭ ਤੋਂ ਘੱਟ ਜ਼ਮੀਨ ਗਵਾਈ ਗਈ।

**2. ਮਜ਼ਦੂਰ ਇਕਰਾਰ :-** 1981 ਤੋਂ 1999 ਵਿਚਕਾਰ ਕੀਤੇ ਗਏ ਜ਼ਮੀਨੀ

ਅਧਿਐਨ ਦੇ ਅਧਾਰ 'ਤੇ ਆਰ. ਆਰ. ਨੇ ਬਿਹਾਰ ਦੇ ਪੂਣੀਆਂ ਜ਼ਿਲ੍ਹੇ 'ਚ ਕਿਰਤ ਇਕਰਾਰਾਂ ਦੀ ਤੁਲਨਾ ਕੀਤੀ। ਉਹਨਾਂ ਨੇ 1981 ਤੋਂ ਤੁਲਨਾ ਕਰਕੇ ਵੇਖਿਆ ਕਿ ਸਭ ਤੋਂ ਵੱਡਾ ਬਦਲਾਅ ਸਥਾਈ ਕਿਰਤ 'ਚ ਗਿਰਾਵਟ ਹੈ। ਹਕੀਕਤ 'ਚ ਸਭ ਖੇਤ ਮਜ਼ਦੂਰ ਹੁਣ ਅਸਥਾਈ ਦਿਹਾੜੀਦਾਰ ਹਨ। ਬਹੁਤ ਸਾਰੇ ਪੱਕੇ ਹਲਵਾਹਕ 1981 ਤੋਂ ਪਿੱਛੋਂ ਗਾਇਬ ਹੋ ਗਏ। ਵਟਾਈਦਾਰੀ (ਸ਼ੇਅਰ ਕਾਸ਼ਤਕਾਰੀ) ਸਬੰਧੀ ਵੀ ਮੈਕਰੋ ਅੰਕੜੇ, ਇਹੀ ਰੁਝਾਣ ਵਿਖਾਉਂਦੇ ਹਨ। ਪਾਇਆ ਗਿਆ ਕਿ ਪਟੇ 'ਤੇ ਜਮੀਨ ਲੈਣ ਵਾਲੇ ਪ੍ਰੀਵਾਰਾਂ ਦੀ ਫੀਸਦੀ 1971-72 ਦੀ 25 ਫੀਸਦੀ ਤੋਂ ਘਟ ਕੇ 2003 'ਚ 12 ਫੀਸਦੀ ਰਹਿ ਗਈ ਅਤੇ ਇਹਨਾਂ ਸਾਲਾਂ 'ਚ ਸਭ ਕਾਸ਼ਤਕਾਰੀ ਇਕਰਾਰਾਂ 'ਚ ਬਟਾਈਦਾਰੀ ਦਾ ਅਨੁਪਾਤ ਲਗਭਗ ਇਕੋ ਜਿਹਾ ਰਿਹਾ ਜੋ ਕਿ ਲਗਭਗ 40 ਫੀਸਦੀ ਸੀ। ਇਹਨਾਂ ਰੁਝਾਣਾਂ ਨਾਲ ਇਹ ਤਰਕ ਦਿੱਤਾ ਜਾ ਸਕਦਾ ਹੈ ਕਿ ਪੁਰਾਣੇ ਜਿੰਮੀਦਾਰਾਂ ਦੀ ਪਕੜ ਤੇਜੀ ਨਾਲ ਢਿੱਲੀ ਪੈਂਦੀ ਜਾ ਰਹੀ ਹੈ ਅਤੇ ਅਮੀਰ ਤੇ ਮੱਧ ਵਰਗੀ ਕਿਸਾਨ ਉਹਨਾਂ ਦੀ ਥਾਂ ਲੈ ਰਹੇ ਹਨ (ਪਹਿਲਾ ਬਿੰਦੂ) ਜਿੰਮੀਦਾਰਾਂ ਦੇ ਉਲਟ ਜੋ ਕਿ ਰਾਜਸੀ-ਆਰਥਕ ਦਬਾਅ ਬਣਨ ਦੇ ਕਈ ਪ੍ਰਤੱਖ ਤਰੀਕਿਆਂ ਨਾਲ ਸਰਪਲੱਸ ਦੀ ਲੁੱਟ ਕਰਦਾ ਸੀ, ਧਨੀ ਕਿਸਾਨਾਂ ਦੇ ਸਰਪਲੱਸ ਲੁਟਣ ਦੀ ਪ੍ਰਧਾਨ ਪ੍ਰਣਾਲੀ 'ਮੁਕਤ' ਉਜਰਤੀ-ਕਿਰਤ ਦੀ ਸੰਸਥਾ ਰਾਹੀਂ ਕੰਮ ਕਰਦੀ ਹੈ (ਦੂਜਾ ਬਿੰਦੂ) ਜੋ ਕਿ ਪੂੰਜੀਵਾਦ ਦਾ ਵਿਸੇਸ਼ ਗੁਣ ਹੈ। ਦੂਜੇ ਕਾਰਕ ਜਿਵੇਂ ਕਿ ਗੈਰ ਜ਼ਮੀਨੀ ਨਿਵੇਸ਼ 'ਤੇ ਕੰਟਰੋਲੀ ਕਰਜਾ, ਪੂੰਜੀ ਨਿਰਮਾਣ, ਇਸ ਵਿਸਲੇਸ਼ਣ ਨਾਲ ਜੁੜੇ ਹਨ ਅਤੇ ਇਹਨਾਂ ਵਿੱਚੋਂ ਕੁਝ ਉਪਰੋਕਿਤ ਪ੍ਰਸੰਗਾਂ 'ਚ ਵਰਤੇ ਗਏ ਹਨ।

**ਅੰਕੜਿਆਂ ਦਾ ਸਰੋਤ** :- ਜ਼ਿਆਦਾਤਰ ਤੱਥ 'ਬੇਜ਼ਮੀਨੇ ਤੇ ਸਮਾਜਕ ਨਿਆਂ : ਜ਼ਮੀਨੀ ਵੰਡ 'ਚ ਨਾ ਬਰਾਬਰੀ ਦਾ ਮੁਲਅੰਕਣ ਅਤੇ ਭੂਮੀ ਸੁਧਾਰ ਦਾ ਪ੍ਰਸੰਗ ਨਾਂ ਦੀ ਕਿਤਾਬ ਜੋ ਕਿ ਬਿਹਾਰ 'ਚ ਜਮੀਨ ਨਾਪਣ 'ਤੇ ਆਧਾਰਤ ਹੈ, ਤੋਂ ਲਏ ਗਏ ਹਨ। ਹੇਠ ਲਿਖੇ ਕਾਰਨਾਂ ਕਰਕੇ ਇਹ ਅੰਕੜੇ ਗੁਣਵਣਤਾ 'ਚ ਮੈਕਰੋ ਤੱਥਾਂ ਨਾਲ ਅਤੇ ਕੁਝ ਮਕੈਨੀਕਲ ਕੇਸ ਸਟੱਡੀ ਤੋਂ ਵੱਧ ਅੱਛੇ ਹਨ।

(1) ਭਾਵੇਂ ਇਸ ਦੀ ਰਾਜਨੀਤੀ ਮੂਲ ਰੂਪ 'ਚ ਸੁਧਾਰਵਾਦੀ ਹੈ। ਅੰਕੜੇ ਇਕੱਠੇ ਕਰਨ ਦਾ ਉਦੇਸ਼ 'ਸਮੂਹਿਕ ਕਾਰਵਾਈ ਦਾ ਅਧਾਰ' ਬਣਾਉਣਾ ਹੈ, ਨਾ ਕਿ ਅਕਾਦਮਿਕ ਕੰਮ ਲਈ ਇਸ ਤੋਂ ਵਰਤੋਂ ਕਰਨਾ।

(2) ਅੰਕੜਾ ਇਕੱਤਰੀਕਰਣ ਤੇ ਮੁਲ ਅੰਕਣ ਕਰਨ ਦੇ ਅਮਲ 'ਚ ਬੇਜ਼ਮੀਨੇ ਪੇਂਡੂਆਂ ਨੇ ਵੱਧ ਚੜ੍ਹ ਕੇ ਹਿਸਾ ਲਿਆ ਹੈ। 2007 'ਚ ਏਕਤਾ ਪ੍ਰੀਸ਼ਦ ਅਤੇ ਪ੍ਰੇਕਿਸਸ ਨੇ ਹੇਠ ਲਿਖੇ ਪੰਜ ਜ਼ਿਲ੍ਹਿਆਂ 'ਚ ਜਮੀਨ ਮਾਪਣ ਦਾ ਕੰਮ ਕੀਤਾ ਸੀ। ਜਮੂਈ 'ਚ ਸਿਕੰਦਰਾ ਸਬ ਡਵੀਜ਼ਨ ਦੇ 14 ਪਿੰਡ, ਨਵਾਦਾ ਦੇ ਕਾਊਵਾਕੋਲ ਸਬਡਵੀਜ਼ਨ ਦੇ ਸੱਤ ਪਿੰਡ ਗਯਾ ਦੇ ਬਾਂਕੇਬਾਜ਼ਾਰ ਸਬ ਡਵੀਜ਼ਨ ਦੇ ਛੇ ਪਿੰਡ, ਪੱਛਮੀ ਬੰਗਾਲ ਦੀ ਬਾਘਾ ਸਬ-ਡਵੀਜ਼ਨ ਦੇ ਦਸ ਪਿੰਡ, ਪਟਨਾ ਦੀ ਪਾਲੀਗੰਜ ਸਬਡਵੀਜਨ ਦਾ ਇਕ ਪਿੰਡ; ਪਰ ਪੁਸਤਕ 'ਚ ਪਟਨਾ ਦੇ ਅੰਕੜਿਆਂ ਦਾ ਕੋਈ ਜ਼ਿਕਰ ਨਹੀਂ ਮਿਲਿਆ ਹੈ। ਹਰੇਕ ਪਿੰਡ ਦੇ ਤਿੰਨ ਜਾਂ ਚਾਰ ਪੇਂਡੂਆਂ ਦੇ ਸਮੂਹਿਕ ਗਿਆਨ ਦੇ ਅਧਾਰ 'ਤੇ ਪਿੰਡ ਦੀ ਵਿਆਪਕ ਜ਼ਮੀਨ ਮਾਪੀ ਗਈ। ਜ਼ਮੀਨ ਦੇ ਹਰੇਕ ਟੁਕੜੇ ਜਾਂ ਪਲਾਟ ਨਾਲ ਜੁੜੀਆਂ ਸਭ ਮਹੱਤਵਪੂਰਨ ਸੂਚਨਾਵਾਂ ਜਿਵੇਂ : ਪਲਾਟ ਦੇ ਮੌਜੂਦਾ ਕੰਟਰੋਲਰ ਦਾ

ਨਾਂ ਅਤੇ ਜਾਤ। ਕੰਟਰੋਲ ਦਾ ਅੰਦਰੂਨੀ ਜਾਲ ਅਤੇ ਅਧਾਰ, ਪਲਾਟ ਦੀ ਗੁਣਵਣਤਾ ਤੇ ਸਿੰਚਾਈ ਦੀ ਸਥਿਤੀ, ਕਾਨੂੰਨੀ ਮਾਲਕ ਦਾ ਨਾਂ ਆਦਿ ਪਤਾ ਕੀਤਾ ਗਿਆ। ਇਸ ਤਰ੍ਹਾਂ ਤਿਆਰ ਕੀਤੇ ਨਕਸ਼ੇ ਨੂੰ ਪਾਸ ਕਰਾਉਣ ਲਈ ਪੇਂਡੂਆਂ ਮੂਹਰੇ ਰਖਿਆ ਗਿਆ। ਆਖਰੀ ਰਿਕਾਰਡ ਨੂੰ ਇਕੱਠਾ ਕਰਨ ਤੋਂ ਪਹਿਲਾਂ ਸਰਕਾਰੀ ਨਕਸ਼ਿਆ ਨਾਲ ਮੇਲ ਕੇ ਵੇਖਿਆ ਗਿਆ।

**ਲੁੱਟ ਦੀ ਪ੍ਰਣਾਲੀ ਨੂੰ ਸਮਝਣਾ :- ਅੰਕੜਿਆਂ ਤੇ ਅਧਾਰਤ ਵਿਸੇਸ਼ਤਾਵਾਂ ਦਾ ਵਿਸਲੇਸ਼ਣ**
**(ੳ) ਜਮੀਨ ਦਾ ਕਬਜ਼ਾ ਲੈਣਾ** - ਭਾਵੇਂ ਜਿੰਮੀਦਾਰੀ ਨੂੰ ਕਾਨੂੰਨੀ ਤੌਰ ’ਤੇ ਖਤਮ ਕਰ ਦਿੱਤਾ ਗਿਆ ਸੀ ਪਰ ਬਿਹਾਰ ਦੀ ਧੱਕੜ ਤੇ ਤਾਕਤਵਰ ਜਾਤਾਂ ਨੇ ਕਾਨੂੰਨੀ ਚੋਰ ਮੋਰੀਆਂ ਤੇ ਲਾਗੂ ਕਰਨ ’ਚ ਕਮਜ਼ੋਰੀ ਦਾ ਫਾਇਦਾ ਉਠਾਉਂਦਿਆਂ ਜਮੀਨ ’ਤੇ ਕੰਟਰੋਲ ਕਾਇਮ ਰੱਖਿਆ। ਇਸ ਅਮਲ ’ਚ ਜਿੰਮੀਦਾਰਾਂ ਵਿਚੋਲਿਆਂ ਤੇ ਸਥਾਈ ਕਾਸ਼ਤਕਾਰਾਂ (ਅਕੂਪੈਂਸੀ ਟੇਨੈਂਟ), ਜੋ ਕਿ ਮੁੱਖ ਤੌਰ ’ਤੇ ਉਚ ਜਾਤੀਆਂ ਦੇ ਸਨ, ਮੱਧ ਜਾਤੀਆਂ ਦੀ ਉਪਰੀ ਪਰਤ ਵਿੱਚੋਂ ਕੁਝ ਨੂੰ ਫਾਇਦਾ ਮਿਲਿਆ। ਪਿੱਛੋਂ ਲਿਬਰੇਸ਼ਨ : ਸਤੰਬਰ 2002 ’ਚ ਪੱਛਮੀ ਚੰਪਾਰਨ ’ਚ ਜਮੀਨੀ ਸੰਘਰਸ਼ ਇਕ ਨਵੇਂ ਮੁਕਾਮ ’ਤੇ ਲੇਖ ’ਚ ਪੱਛਮੀ ਚੰਪਾਰਨ ਦੇ ਵੱਡੇ ਭੋਇੰ ਮਾਲਕਾਂ ਦੀ ਸੂਚੀ ਦਿੱਤੀ। ਇਸ ਦਾ ਇੱਕ ਅੰਸ ਇਹ ਹੈ “ਉਤਰ ਪ੍ਰਦੇਸ਼ ’ਚ ਦੇਵਰਿਆ ਜ਼ਿਲ੍ਹੇ ਦਾ ਨਿਵਾਸੀ ਮਾਰਕੰਡੇ ਪਾਂਡੇ ਇਕ ਖ਼ੂੰਖਾਰ ਭੋਇੰ ਮਾਫੀਆ ਹੈ। ਜਿਸ ਨੇ ਦਿਓਤਾਵਨ ਪਿੰਡ ਵਿੱਚ 250 ਏਕੜ ਭੂਮੀ ਤੇ ਗੈਰ ਕਾਨੂੰਨੀ ਤਰੀਕੇ ਨਾਲ ਕਬਜ਼ਾ ਕੀਤਾ ਹੋਇਆ ਹੈ। ਉਸ ਕੋਲ ਸਿਰਫ 6.5 ਏਕੜ ਜ਼ਮੀਨ ਦੇ ਕਾਨੂੰਨੀ ਦਸਤਾਵੇਜ ਹਨ। ਦਲੀਪ ਕੁਮਾਰ ਵਰਮਾ, ਮਧੂ ਵਰਮਾ, ਓਮ ਵਰਮਾ ਤੇ ਉਹਨਾਂ ਦੇ ਪ੍ਰੀਵਾਰ ਕਾਅਸਥ ਫ਼ਿਰਕੇ ਦੇ ਹਨ। ਉਹ ਭਾਰਤ ਦੇ ਪਹਿਲੇ ਰਾਸ਼ਟਰਪਤੀ ਰਜਿੰਦਰ ਪ੍ਰਸ਼ਾਦ ਦੇ ਰਿਸ਼ਤੇਦਾਰ ਹਨ। ਉਹਨਾਂ ਦੇ ਕਬਜ਼ੇ ’ਚ ਲਗਭਗ 5000 ਏਕੜ ਜ਼ਮੀਨ ਹੈ ਜੋ ਕਿ ਜ਼ਿਲ੍ਹੇ ਦੇ ਸ਼ਿਕਾਰਪੁਰ, ਗਊਨਾਹਾ, ਮੇਨਾਤ ਅਨਰ ਤੇ ਰਾਮਗੜ੍ਹ ਡਵੀਜਨ ’ਚ ਫੈਲੀ ਹੋਈ ਹੈ।” ਜ਼ਮੀਨ ਦਾ ਨਕਸ਼ਾ ਬਣਾਉਂਦੇ ਸਮੇਂ ਦੇਖਿਆ ਗਿਆ ਕਿ ਸਮਾਜ ਦੇ ਪ੍ਰਭਾਵਸ਼ਾਲੀ ਵਰਗ ਦੇ ਲੋਕਾਂ ਨੇ ਜ਼ਮੀਨ ਦੇ ਇੱਕ ਵੱਡੇ ਹਿੱਸੇ ’ਤੇ ਕਬਜਾ ਕੀਤਾ ਹੋਇਆ ਹੈ। ਇਸ ਵਰਗ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਕਬਜ਼ੇ ਹੇਠ ਲਈ ਜ਼ਮੀਨ ਦਾ ਔਸਤਾਨ ਆਕਾਰ 2.4 ਏਕੜ ਹੈ; ਜੋ ਕੁਲ ਕੀਮਤੀ ਜ਼ਮੀਨ ਦਾ 10 ਫੀਸਦੀ ਹੈ। ਜੇ ਅਸੀਂ ਉਚ ਜਾਤੀਆਂ ਦੀਆਂ ਔਸਤਨ ਕਾਨੂੰਨੀ ਜੋਤਾਂ (ਗਯਾ ’ਚ 4.44 ਏਕੜ ਅਤੇ ਜਮੂਈ ’ਚ 3 ਏਕੜ) ਨਾਲ ਇਸ ਦੀ ਤੁਲਨਾ ਕਰੀਏ ਤਾਂ 431 ਲੱਗਦਾ ਹੈ ਕਿ ਗੈਰ ਕਾਨੂੰਨੀ ਕਬਜ਼ੇ ਦਾ ਸਾਈਜ਼ ਕਾਨੂੰਨੀ ਜੋਤ ਦੇ ਬਰਾਬਰ ਜਿਨਾ ਹੀ ਵੱਡਾ ਹੈ। ਇਸ ਦੇ ਉਲਟ ਅਨਸੂਚਿਤ ਜਾਤੀ, ਅਨਸੂਚਿਤ ਜਨਜਾਤੀ ਤੇ ਪਿਛੜੇ ਵਰਗਾਂ ਦਾ ਔਸਤ ਕਬਜ਼ਾ ਕ੍ਰਮਵਾਰ 0.46, 0.85, 0.98 ਏਕੜ ਹੈ। ਈ. ਪੀ. ਨੇ ਵਿਖਾਇਆ ਕਿ ਨਿਚਲੀਆਂ ਜਾਤੀਆਂ ਦੇ ਕਬਜ਼ਾ ਕਰਨ ਦੀਆਂ ਮਿਸਾਲਾਂ ਰੋਟੀ-ਰੋਜ਼ੀ ਕਮਾਉਣ ਦੀ ਮਜ਼ਬੂਰੀ ਕਾਰਨ ਮਿਲਦੀਆਂ ਹਨ ਜੋ ਕਿ ਉਹਨਾਂ ਕੋਲ ਉਕਾ ਹੀ ਜਮੀਨ ਦੇ ਨਾ ਹੋਣ ਤੋਂ ਸਾਫ ਜ਼ਾਹਿਰ ਹੈ। ਹਾਲਾਂਕਿ ਦਸਤਾਵੇਜੀਕਰਣ ਨਹੀਂ ਕੀਤਾ ਗਿਆ ਹੈ ਪਰ ਇਹ ਸਾਫ਼ ਹੈ ਕਿ ਹੇਠਲੀਆਂ ਜਾਤਾਂ ਦੇ ਕਬਜਾਧਾਰੀ ਜਮੀਨ ਤੇ ਕਬਜਾ (ਗੈਰ ਕਾਨੂੰਨੀ) ਸਿਰਫ ਤਾਂ ਹੀ ਬਣਾ ਕੇ ਰੱਖ

ਸਕਦੇ ਹਨ ਜਦ ਉਹ ਇਲਾਕੇ ਦੇ ਜਿੰਮੀਦਾਰਾਂ ਤੇ ਵੱਡੇ ਕਿਸਾਨਾਂ ਦੇ ਨਾਲ ਨੇੜੇ ਸਬੰਧ ਬਣਾਈ ਰੱਖਣ। ਉਚ ਜਾਤੀਆਂ ਕਿਵੇਂ ਨਵੀਆਂ ਜ਼ਮੀਨਾਂ ਤੇ ਕਬਜ਼ਾ ਕਰਦੀਆਂ ਹਨ ਅਤੇ ਆਪਣੇ ਕਬਜ਼ੇ ਨੂੰ ਬਣਾਈ ਰੱਖਦੀਆਂ ਹਨ।

ਈ. ਪੀ. ਨੇ ਇਸ ਦਾ ਇਕ ਮੁੱਖ ਸਰੋਤ ਟਿੱਕਿਆ ਹੈ। ਕਿ ਸਰਕਾਰਾਂ ਵੱਲੋਂ ਬੇਜ਼ਮੀਨਿਆਂ ਨੂੰ ਵੰਡੀ ਜ਼ਮੀਨ 'ਤੇ ਉਹ ਅਸਰਦਾਇਕ ਕੰਟਰੋਲ ਕਰਨ 'ਚ ਅਸਮਰਥ ਹਨ। ਧਨੀ ਕਿਸਾਨਾਂ ਤੇ ਜਿੰਮੀਦਾਰਾਂ ਨੇ ਪ੍ਰਸ਼ਾਸ਼ਨ ਪੁਲਸ ਤੇ ਨਿਆਂ ਪਾਲਿਕਾ ਦੇ ਨਾਲ ਮਿਲ ਕੇ ਉਹਨਾਂ ਜ਼ਮੀਨਾਂ 'ਤੇ ਕਬਜ਼ਾ ਕਰ ਲਿਆ ਹੈ। ਅਜਿਹੇ ਮਾਮਲਿਆਂ 'ਚ ਸਰਕਾਰੀ ਦਸਤਾਵੇਜ 'ਚ ਅਤੇ ਇਸ ਲਈ ਅੰਕੜਿਆਂ ਵਿੱਚ ਵੀ ਬੇਜ਼ਮੀਨ ਪ੍ਰੀਵਾਰਾਂ ਨੂੰ ਵੀ ਜ਼ਮੀਨ ਦੇ ਨਵੇਂ ਮਾਲਕਾਂ ਵਜੋਂ ਵਿਖਾਇਆ ਗਿਆ ਹੈ। ਜਦ ਜ਼ਮੀਨ 'ਤੇ ਅਸਰਦਾਇਕ ਕੰਟਰੋਲ ਅਜੇ ਵੀ ਜਿੰਮੀਵਾਰਾਂ ਧਨੀ ਕਿਸਾਨਾਂ ਦਾ ਹੈ। ਕਈ ਕੇਸਾਂ ਵਿੱਚ 'ਦਾਖਲ ਖਾਰਿਜ' (ਜਮੀਨ ਅਲਾਟਮੈਂਟ ਦੀ ਰਸੀਦ) ਅਜੇ ਤਕ ਕਾਨੂੰਨੀ ਮਾਲਕਾਂ ਨੂੰ ਨਹੀਂ ਮਿਲੀ। ਈ. ਪੀ. ਨੇ ਇਕ ਖਾਸ ਕੇਸ ਦਾ ਜ਼ਿਕਰ ਕੀਤਾ ਹੈ। ਜ਼ਮੀਨੀ ਹੱਦ ਬੰਦੀ ਕਾਨੂੰਨ ਦੇ ਐਲਾਨ ਪਿੱਛੋਂ ਮਹੰਤ ਰਾਮਧਨ ਨੇ 81 ਏਕੜ ਨੂੰ ਬੇਜ਼ਮੀਨਿਆਂ 'ਚ ਵੰਡ ਦਿੱਤਾ ਹੈ। ਹਾਲਾਂਕਿ ਸਰਕਾਰ ਨੇ ਜ਼ਮੀਨ ਲੈਣ ਵਾਲਿਆਂ ਨੂੰ ਅਜੇ ਤਕ ਕਿਸੇ ਨੂੰ ਕਿਸੇ ਪ੍ਰਕਾਰ ਦੀ ਪ੍ਰਾਪਤੀ ਰਸੀਦ ਜਾਰੀ ਨਹੀਂ ਕੀਤੀ ਹੈ। ਜਿਥੇ ਲੋਕਾਂ ਨੂੰ ਜ਼ਮੀਨ ਦੇ ਕਾਗਜ ਮਿਲੇ ਹਨ; ਉਥੇ ਧਨੀ ਕਿਸਾਨਾਂ ਤੇ ਜਿੰਮੀਦਾਰਾਂ ਨੇ ਹਿੱਕ ਦੇ ਜ਼ੋਰ 'ਤੇ ਗੈਰ ਕਾਨੂੰਨੀ ਕਬਜ਼ਾ ਕਾਇਮ ਰੱਖਿਆ ਹੈ।

ਲਿਬਰੇਸ਼ਨ ਨੇ ਅਪ੍ਰੈਲ 2004 'ਚ ਯੂ. ਪੀ. ਦੇ ਸੋਨਭੱਦਰ ਜ਼ਿਲ੍ਹੇ 'ਤੇ ਜਾਂਚ ਰੀਪੋਟ ਛਾਪੀ "ਇਹਨਾਂ ਪਿੰਡਾਂ ਦੇ ਸਾਡੇ ਦੌਰੇ ਅਤੇ ਲੋਕਾਂ ਨਾਲ ਗੱਲਬਾਤ ਪਿੱਛੋਂ ਪਤਾ ਲੱਗਿਆ ਕਿ ਇੱਥੇ ਬੇਜ਼ਮੀਨਿਆਂ ਤੇ ਭੋਇੰ ਮਾਲਕਾਂ ਵਿਚਕਾਰ ਝਮੇਲੇ ਦੀ ਮੁੱਖ ਵਜਾਹ ਸਿੰਚਾਈ ਦੇ ਜ਼ਮੀਨ 'ਤੇ ਕਬਜ਼ਾ ਜਮਾਈ ਰੱਖਣ ਸਬੰਧੀ ਹੈ। ਜਿਸ ਨੂੰ ਇਕ ਦਹਾਕੇ ਪਹਿਲਾਂ ਗਰੀਬ ਬੇਜ਼ਮੀਨਿਆਂ ਨੂੰ ਵੰਡਿਆ ਗਿਆ ਸੀ। ਉਹਨਾਂ ਪਾਸੋਂ ਦਿੱਤੇ ਕਾਗਜਾਂ ਅਨੁਸਾਰ ਜ਼ਮੀਨ ਤੇ ਕਾਨੂੰਨੀ ਅਧਿਕਾਰ ਦਿੱਤਾ ਗਿਆ, ਪਰ ਭੋਇੰ ਮਾਲਕਾਂ ਨੇ ਨੰਗੇ ਚਿੱਟੇ ਰੂਪ 'ਚ ਤਾਕਤ ਦੀ ਵਰਤੋਂ ਕਰਕੇ ਤੇ ਅਪਰਾਧੀਆਂ ਦੀ ਮੱਦਦ ਲੈ ਕੇ ਗਰੀਬਾਂ ਨੂੰ ਜ਼ਮੀਨ 'ਚ ਵੜਣ ਤੋਂ ਰੋਕ ਰੱਖਿਆ ਹੈ।" ਈ. ਪੀ. ਨੇ ਇਹ ਵੀ ਦੇਖਿਆ ਕਿ ਬੇਜਮੀਨੇ ਹੋਣਾਂ ਅਤੇ ਅਸਰਦਾਇਕ ਢੰਗ ਨਾਲ ਜ਼ਮੀਨ 'ਤੇ ਮਾਲਕੀ ਦਾ ਹੱਕ ਕਾਇਮ ਕਰਨਾ; ਖਾਸ ਕਰਕੇ ਅਨਸੂਚਿਤ ਜਾਤੀ ਤੇ ਅਨਸੂਚਿਤ ਜਨਜਾਤੀ ਦੇ ਪ੍ਰੀਵਾਰਾਂ ਲਈ ਬਹੁਤ ਔਖਾ ਹੈ। ਆਪਾਂ ਇਸ ਮੁੱਦੇ ਨੂੰ ਅਗਲੇ ਭਾਗ 'ਚ ਲਵਾਂਗੇ।

ਪਰ ਇਸ ਭਾਗ ਦੇ ਤੱਥ ਵਿਖਾਉਂਦੇ ਹਨ ਕਿ ਕਿਸ ਤਰ੍ਹਾਂ ਜ਼ਮੀਨ 'ਤੇ ਕੰਟਰੋਲ ਅਜੇ ਵੀ ਪੇਂਡੂ ਬਿਹਾਰ 'ਚ ਗੈਰ-ਪੂੰਜੀਵਾਦੀ ਤਰੀਕੇ ਨਾਲ ਲੁੱਟ-ਘਸੁੱਟ ਦਾ ਮੁੱਖ ਅਧਾਰ ਬਣਿਆ ਹੋਇਆ ਹੈ।

**(ਅ) ਦਲਿਤ ਤੇ ਆਦੀਵਾਸੀਆਂ ਦਾ ਬੇਜ਼ਮੀਨੇ ਹੋਣਾ** : ਪੇਂਡੂ ਜਮਾਤੀ ਤਾਣੇ-ਬਾਣੇ ਨੂੰ ਸਮਝਣ ਲਈ ਬੇਜ਼ਮੀਨੇ ਹੋਣਾ ਇਕ ਮਹੱਤਵਪੂਰਨ ਕਾਰਨ ਹੈ। ਕਿਉਂਕਿ ਬੇਜ਼ਮੀਨੇ ਪ੍ਰੀਵਾਰ ਖੇਤ ਮਜ਼ਦੂਰ ਵਰਗ ਦੇ ਹਿੱਸਾ ਬਨਣ ਦੀ ਉਮੀਦ ਕੀਤੀ ਜਾਂਦੀ ਹੈ। ਉਹਨਾਂ ਕੋਲ ਆਪਣੀ ਕਿਰਤ ਸ਼ਕਤੀ ਤੋਂ ਇਲਾਵਾ ਕਿਸੇ ਵੀ ਪੈਦਾਵਾਰ ਦੇ ਸਾਧਨ ਦੀ ਮਾਲਕੀ ਨਹੀਂ ਹੁੰਦੀ ਹੈ। ਇਸ ਲਈ ਉਹ ਵੀ ਸਭ ਤੋਂ ਜ਼ਿਆਦਾ ਧਨੀ ਤਹਿਸ਼ਦਾ

ਭੋਇੰ ਮਾਲਕਾਂ ਦੇ ਨਾਲ ਉਜਰਤੀ ਕਿਰਤ ਦਾ ਸਮਝੌਤਾ ਕਰਦੇ ਹਨ। ਉਹ ਵੀ ਅੱਛੀ ਮਜ਼ਦੂਰੀ ਦੀ ਖੋਜ ਵਿੱਚ ਸਭ ਤੋਂ ਵੱਧ ਹਿਜ਼ਰਤ ਕਰਦੇ ਹਨ। ਜਿਸ ਕਾਰਨ ਰਾਜਸੀ ਕੰਟਰੋਲ ਦੀ ਪਕੜ ਢਿੱਲੀ ਪੈ ਜਾਂਦੀ ਹੈ। ਅੰਕੜੇ ਦੱਸਦੇ ਹਨ ਕਿ ਕੁੱਝ ਦਹਾਕਿਆਂ 'ਚ ਬੇਜ਼ਮੀਨਿਆਂ (ਇਕ ਏਕੜ ਤੋਂ ਵੀ ਘੱਟ ਦੀ ਮਾਲਕੀ ਵਾਲੇ) ਦੀ ਗਿਣਤੀ ਬਹੁਤ ਤੇਜੀ ਨਾਲ ਵਧੀ ਹੈ ਅਤੇ ਇਹਨਾਂ ਦੇ ਪ੍ਰੀਵਾਰ 'ਚ ਆਮਦਨ ਦਾ ਇਕ ਵੱਡਾ ਹਿੱਸਾ ਮਜ਼ਦੂਰੀ ਵਜੋਂ ਆ ਰਿਹਾ ਹੈ। ਹਾਲਾਂਕਿ ਇਹ ਪੂੰਜੀਵਾਦੀ ਲੁੱਟ-ਘਸੁੱਟ ਵਜੋਂ ਦਿਸਣ ਵਾਲਾ ਬਦਲਾਅ ਇਸ ਵਿੱਚ ਗੈਰ ਪੂੰਜੀਵਾਦੀ ਕੰਟਰੋਲ ਕਈ ਚੈਨਲਾਂ ਨੂੰ ਛੁਪਾ ਦਿੰਦਾ ਹੈ। ਮਿਸਾਲ ਵਜੋਂ 1991 ਦੀ ਮਰਦਮ-ਸ਼ੁਮਾਰੀ ਅਨੁਸਾਰ ਬਿਹਾਰ 'ਚ ਔਰਤ ਖੇਤ ਮਜ਼ਦੂਰਾਂ 'ਚ 33 ਫੀਸਦੀ ਕਿਸਾਨ ਸਨ ਜਦ ਕਿ 60 ਫੀਸਦੀ ਖੇਤ ਮਜ਼ਦੂਰ ਸਨ। ਪਰ ਕੀ ਇਸ ਨੂੰ ਉਜਰਤੀ ਕਿਰਤ ਸਬੰਧਾਂ ਦੀ ਨਿਸ਼ਾਨੀ ਵਜੋਂ ਮੰਨਿਆ ਜਾਵੇ? ਇਸ ਦੇ ਉਲਟ ਔਰਤ ਖੇਤ ਮਜ਼ਦੂਰਾਂ ਦੀ ਲੁੱਟ-ਘਸੁੱਟ ਜਾਤੀ-ਜਮਾਤੀ ਜ਼ਬਰ ਦੀ ਕਸੌਟੀ ਬਣ ਗਈ ਹੈ। ਇਸ ਦਾ ਕਾਫੀ ਦਸਤਾਵੇਜਕਰਣ ਹੋਇਆ ਹੈ।

90 ਦੇ ਦਹਾਕੇ ਦੀ ਸ਼ੁਰੂਆਤ 'ਚ ਮੱਧ ਬਿਹਾਰ 'ਚ ਕਤਲੇਆਮ 'ਤੇ ਪੀ. ਯੂ. ਡੀ. ਆਰ. ਦੀ ਸ਼ਾਨਦਾਰ ਜਾਂਚ ਰੀਪੋਟ ਦਾ ਇਕ ਅੰਸ਼ ਹੇਠ ਲਿਖਿਆ ਹੈ। "ਬਹੁਤੇ ਲੋਕਾਂ ਦੀਆਂ ਨਜ਼ਰਾਂ ਵਿੱਚ ਲੁੱਟ ਤੇ ਜ਼ਬਰ ਦਾ ਸ਼ਿਕਾਰ ਉਹ ਹਨ ਜੋ ਮਜ਼ਦੂਰੀ ਘੱਟ ਲੈਣ ਦਾ ਦਬਾਅ ਬਣਾ ਕੇ, ਜ਼ਮੀਨ ਤੇ ਕਬਜ਼ਾ ਦੇਣ ਤੋਂ ਨਾਂਹ ਕਰਕੇ ਅਤੇ ਬੇਇੱਜ਼ਤ ਵਰਤਾਅ ਕਰਕੇ ਆਪਣੇ ਮਜ਼ਦੂਰਾਂ ਦੇ ਮਾਣ ਸਨਮਾਨ ਨੂੰ ਰੋਲਦਾ ਹੋਵੇ।

ਇਕ ਆਦਮੀ ਦੀ ਜਿੰਮੀਦਾਰ ਜਾਂ ਜਾਗੀਰਦਾਰ ਵਜੋਂ ਪਹਿਚਾਣ ਸਿਰਫ਼ ਇਕੋ ਇਕ ਜੋਤ ਦੇ ਸਾਈਜ ਨਾਲ ਹੀ ਨਹੀਂ ਜੁੜੀ ਹੁੰਦੀ। ਤੱਤ ਰੂਪ 'ਚ ਇਹ ਪਹਿਚਾਣ ਕਿਰਤ ਨੂੰ ਭਾੜੇ 'ਤੇ ਚੁਕਣ ਦੀ ਸਮਰਥਾ ਰੱਖਣ ਵਾਲੀ ਇਕ ਵਿਸੇਸ਼ ਕਿਸਮ ਦੀ ਹਮਲਾਵਰ ਮਾਨਸਿਕਤਾ 'ਤੇ ਟਿਕੀ ਹੋਈ ਹੈ, ਜਿਸ ਨੂੰ ਕਿ ਜਾਗੀਰੂ ਵਿਚਾਰ ਮੰਨਿਆ ਜਾ ਸਕਦਾ ਹੈ। ਜੋ ਆਮ ਤੌਰ 'ਤੇ ਕਿਰਤ ਅਤੇ ਵਿਸੇਸ਼ ਤੌਰ 'ਤੇ ਔਰਤਾਂ ਦੇ ਆਤਮ ਸਨਮਾਨ ਪ੍ਰਤੀ ਨਿਰਦਾਈ ਤੇ ਧਮਕੀ ਵਾਲੇ ਰਵੱਈਏ 'ਚ ਝਲਕਦਾ ਹੈ।" ਇਸ ਲਈ ਲੁੱਟ ਦੀ ਪ੍ਰਣਾਲੀ ਨਿਰਧਾਰਿਤ ਕਰਨ ਲਈ ਸਿਰਫ ਅੰਕੜਿਆਂ 'ਚ ਖੇਤ ਮਜ਼ਦੂਰਾਂ ਦੇ ਅਨੁਪਾਤ, "ਰਵਾਇਤੀ" ਮਜ਼ਦੂਰੀ ਇਕਰਾਰ ਦੇ ਫੈਲਾਅ ਆਦਿ ਪੂਰੀ ਤਰ੍ਹਾਂ ਭਰਮਾ ਸਕਦੀ ਹੈ। ਇਸ ਲਈ ਭੂਮੀ ਹੀਣਾ, ਦੇ ਅੰਕੜੇ ਵੇਖਣਾ ਹੀ ਕਾਫੀ ਨਹੀਂ ਹੈ। ਭੂਮੀਹੀਣਤਾ ਦੇ ਕਾਰਨਾਂ ਨੂੰ ਜਾਨਣਾ ਵੀ ਜ਼ਰੂਰੀ ਹੈ। ਇਸ ਪ੍ਰਸੰਗ 'ਚ ਬੇਜ਼ਮੀਨੇ ਪ੍ਰੀਵਾਰਾਂ ਦੀ ਜਾਤੀ ਬਣਤਰ ਨੂੰ ਸਮਝਣਾ ਫਾਇਦੇਮੰਦ ਹੋਵੇਗਾ।

ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਈ. ਪੀ. ਨੇ ਜਾਤੀ ਅਧਾਰਤ ਜੋਤਾਂ ਦੇ ਅੰਕੜੇ ਇਕੱਠੇ ਕੀਤੇ ਹਨ। ਦੇਖਿਆ ਗਿਆ ਹੈ ਕਿ ਅਸਰਦਾਇਕ ਭੂਮੀਹੀਣਤਾ (ਜਮੀਨ ਤੋਂ ਸੱਖਣੇ ਹੋਣਾ) ਜਾਤੀ ਹੈਸੀਅਤ ਨਾਲ ਬਹੁਤ ਜ਼ਿਆਦਾ ਜੁੜੀ ਹੋਈ ਹੈ, ਮਿਸਾਲ ਵਜੋਂ ਪੱਛਮੀ ਚੰਪਾਰਣ ਵਿੱਚ 96 ਫੀਸਦੀ ਐਸ. ਸੀ. ਬਿਲਕੁਲ ਬੇਜ਼ਮੀਨੇ ਹਨ। ਜਦ ਕਿ ਐਸ. ਟੀ. 'ਚ 80 ਫੀਸਦੀ ਓ. ਬੀ ਸੀ. 'ਚ 64 ਫੀਸਦੀ ਤੇ ਉਚ ਜਾਤੀਆਂ ਵਿੱਚ ਸਿਰਫ 26 ਫੀਸਦੀ ਹੀ ਬੇਜ਼ਮੀਨੇ ਹਨ। ਇਸ ਤਰ੍ਹਾਂ ਨਾਲ ਗਯਾ ਜ਼ਿਲ੍ਹੇ 'ਚ 70 ਫੀਸਦੀ ਐਸ. ਸੀ. ਪ੍ਰੀਵਾਰ ਬੇਜ਼ਮੀਨੇ ਹਨ, ਜਦ ਕਿ ਉਚ ਜਾਤੀਆਂ 'ਚ 40 ਫੀਸਦੀ ਬੇਜ਼ਮੀਨੇ ਹਨ। ਇਹ ਅੰਕੜੇ ਹੈਰਾਨਕੁੰਨ ਹਨ ਕਿਉਂਕਿ

ਜ਼ਮੀਨ ਹਮੇਸ਼ਾਂ ਉਚ ਜਾਤੀਆਂ ਦੇ ਕੰਟਰੋਲ ’ਚ ਰਹੀ ਹੈ। ਇਹ ਦਰਸਾਉਂਦਾ ਹੈ ਕਿ ਉਜਰਤੀ ਕਿਰਤ ਦਾ ਮਤਲਬ ਪੂੰਜੀਵਾਦੀ ਇਕਰਾਰ ਜ਼ਰੂਰੀ ਨਹੀਂ ਹੈ। ਧਨੀ ਕਿਸਾਨ ਤੇ ਬੇਜ਼ਮੀਨੇ ਮਜ਼ਦੂਰਾਂ ਵਿਚਾਲੇ ਇਕ ਰਵਾਇਤੀ ਕਿਰਤ ਇਕਰਾਰ ’ਚ ਉਚ ਜਾਤੀ ਭੋਇੰ ਮਾਲਕ ਤੇ ਦਲਿਤ ਬੇਜ਼ਮੀਨੇ ਵਿਚਾਲੇ ਪੈਦਾਵਾਰੀ ਸਬੰਧ ਮੌਜੂਦਾ ਹੁੰਦਾ ਹੈ। ਇਸ ਕਿਸਮ ਦੀ ਪੈਦਾਵਾਰ ਗੈਰ ਪੂੰਜੀਵਾਦੀ ਹੈ ਅਤੇ ਇਤਿਹਾਸਕ ਤੌਰ ’ਤੇ, ਆਰਥਕ ਤੇ ਗੈਰ ਆਰਥਕ ਕੰਟਰੋਲ ਵਜੋਂ ਨਾਲ-ਨਾਲ ਬਿਆਨਿਆ ਜਾ ਚੁਕਿਆ ਹੈ। ਇਸ ਲਈ ਇਹ ਮੰਨਿਆ ਜਾ ਸਕਦਾ ਹੈ ਕਿ ਅਰਧ ਜਾਗੀਰੂ ਜਾਤੀ ਲੁੱਟ-ਘਸੁੱਟ ਦੇ ਪੂੰਜੀਵਾਦੀ ਉਜਰਤੀ ਕਿਰਤ ਦੇ ਦਿਖਵਾਟੀ ਰੂਪ ਪਿਛੇ ਛੁਪ ਸਕਦਾ ਹੈ। ਇਹ ਵਿਸਲੇਸ਼ਣ ਕਰਨ ਦੀ ਲੋੜ ਹੈ। ਜ਼ਮੀਨ ਦੇ ਖੁਰਨ ਤੋਂ ਇਲਾਵਾ ਬੇਜ਼ਮੀਨੇ, ਪਣ ਦਾ ਮੁਖ ਕਾਰਨ ਕੀ ਹੈ? ਬੇਜ਼ਮੀਨਿਆਂ ਦੀ ਵਧਦੀ ਗਿਣਤੀ ’ਚ ਦਲਿਤ ਤੇ ਆਦੀਵਾਸੀ ਟੱਬਰਾਂ ਦਾ ਯੋਗਦਾਨ ਕਿੰਨਾ ਹੈ? ਕੀ ਇਉਂ ਹੋਇਆ ਹੈ ਕਿ ਉਚ ਜਾਤੀ ਬੇਜ਼ਮੀਨਿਆਂ ਵਿੱਚ ਵਾਧਾ ਮੁੱਖ ਤੌਰ ’ਤੇ ਕਿਸਾਨਾਂ/ਜਿੰਮੀਦਾਰਾਂ ਦਾ ਠੇਕੇਦਾਰ, ਵਪਾਰੀ ਆਦਿ ’ਚ ਤਬਦੀਲ ਹੋਣ ਕਾਰਨ ਹੋਇਆ ਹੈ ਕਿ ਕਾਰੋਬਾਰੀ ਵਿਭੰਨਤਾ ਦਾ ਸਿੱਟਾ ਹੈ। ਜਾਂ ਫਿਰ ਕਿਸਾਨ ਦੇ ਬੇਜ਼ਮੀਨੇ ਮਜ਼ਦੂਰ ਬਣਨ ਨਾਲ ਅਜਿਹਾ ਹੋਇਆ ਹੈ? ਕਿਸ ਹੱਦ ਤੱਕ ਹਿਜਰਤ ਨੇ ਉਚ ਜਾਤੀਆਂ ਦੀ ਦਲਿਤਾਂ/ਆਦੀਵਾਸੀਆਂ/ਮਜ਼ਦੂਰਾਂ/ਕਿਸਾਨਾਂ ’ਤੇ ਸਮਾਜਕ-ਰਾਜਸੀ ਪਕੜ ਢਿੱਲੀ ਕੀਤੀ ਹੈ?

**(ੲ) ਛੁਪੀ ਹੋਈ ਕਾਸ਼ਤਕਾਰੀ** : ਬਿਹਾਰ ਦੇ ਬਟਾਈਦਾਰਾਂ ਦੇ ਫੈਲਾਅ ਨੂੰ ਕਈ ਅਧਿਐਨ ਨੇ ਵੇਖਿਆ ਹੈ। ਡੀ ਬੀ ਉਪਾਧਿਆ ਜਿਹਨਾਂ ਨੇ ਬਿਹਾਰ ਕਾਸ਼ਤਕਾਰੀ ਸੁਧਾਰ ਕਾਨੂੰਨ (ਜਿਸ ਨੂੰ ਨਾ ਮੰਜੂਰ ਕਰ ਦਿੱਤਾ ਗਿਆ) ਬਣਾਇਆ ਸੀ, ਨੇ ਮੰਨਿਆ ਕਿ ‘ਬਟਾਈਦਾਰ ਪ੍ਰਬੰਧ ਬਾਰੇ ਕੋਈ ਵਿਸਥਾਰਿਤ ਅੰਕੜਾ ਮੁਹੱਈਆ ਨਹੀਂ ਹੈ। ਇਕ ਮੋਟੇ ਅਨੁਮਾਨ ਅਨੁਸਾਰ ਬਿਹਾਰ ’ਚ ਵਾਹੀਯੋਗ ਜ਼ਮੀਨ ਦਾ ਕੋਈ 35 ਫੀਸਦੀ ਹਿੱਸਾ ਬਟਾਈਦਾਰ ਵਿਵਸਥਾ ਦੇ ਤਹਿਤ ਹੈ। ਇਹ ਅੰਕੜੇ ਐਨ. ਐਸ. ਐਸ. ਓ. ਦੇ ਅਨੁਮਾਨ ਦੇ ਉਲਟ ਹਨ। ਜਿਸ ਦੇ 2003 ਦੇ ਅੰਦਾਜੇ ਅਨੁਸਾਰ ਕੁੱਲ ਭੋਇੰ ਮਾਲਕੀਅਤ ’ਚੋਂ ਸਿਰਫ 7 ਫੀਸਦੀ ਨੂੰ ਹੀ ਪਟੇ ’ਤੇ ਲਿਆ ਗਿਆਂ ਤੇ ਕੁੱਝ ਮਾਲਕੀਅਤ ਦਾ ਸਿਰਫ 3 ਫੀਸਦੀ ਹੀ ਪਟੇ ’ਤੇ ਦਿੱਤਾ ਗਿਆ। ਈ. ਪੀ. ਦੀ ਭੂਮਿਕਾ ਖਾਕੇ ਮੁਤਾਬਕ ਇਹ ਬੇਮੇਚੀ ਦਾ ਮੁੱਖ ਕਾਰਨ ਕਾਸ਼ਤਕਾਰੀ ਦੀ ਰੀਪੋਟ ਬਹੁਤ ਘੱਟ ਹੋਣਾ ਹੈ। ਦੇਖਿਆ ਗਿਆ ਹੈ ਕਿ ਅਧਿਐਨ ਕੀਤੇ ਗਏ ਸਾਰੇ ਜ਼ਿਲ੍ਹਿਆਂ ’ਚ ਬਟਾਈਦਾਰੀ ਇਕ ਆਮ ਵਰਤਾਰਾ ਹੈ। ਮਿਸਾਲ ਵਜੋਂ ਕਿਤਾਬ ’ਚ ਜਮੂਈ ਜ਼ਿਲ੍ਹੇ ਦੇ ਲਾਚੂਰ ਪਿੰਡ ਦਾ ਜ਼ਮੀਨ ਦਾ ਖਾਕਾ ਮੁਹੱਈਆ ਹੈ। ਇਸ ਪਿੰਡ ਦੇ ਕੁੱਲ ਖੇਤਰਫਲ 717 ਏਕੜ ’ਚੋਂ 295 ਏਕੜ ਯਾਨੀ ਤਕਰੀਬਨ 40 ਫੀਸਦੀ ਬਟਾਈਦਾਰ ਦੇ ਤਹਿਤ ਬੀਜਿਆ ਜਾਂਦਾ ਹੈ। ਜੇ ਇਹਨਾਂ ਪਲਾਟਾਂ ਦਾ ਆਕਾਰ-ਵਰਗ ਦੇ ਹਿਸਾਬ ਨਾਲ ਵੰਡਿਆ ਨਹੀਂ ਗਿਆ, ਪਰ ਇਹ ਦੱਸਿਆ ਗਿਆ ਹੈ ਕਿ ਇਹ 295 ਏਕੜ ਜ਼ਮੀਨ 56 ਪ੍ਰੀਵਾਰਾਂ ਤਕ ਸੀਮਤ ਹੈ। ਇਸ ਵਿੱਚੋਂ 33 ਉਚ ਜਾਤੀ ਅਤੇ ਮੱਧ ਜਾਤੀ ਵਿੱਚੋਂ ਹਨ। ਜਦ ਕਿ 18 ਪਿਛੜੀਆਂ ਸ੍ਰੇਣੀਆਂ ਦੇ ਹਨ। ਹੇਠ ਲਿਖੇ ਪੈਰਿਆਂ ’ਚ ਬਟਾਈਦਾਰੀ ’ਤੇ ਤੱਥਾਂ ਨੂੰ ਇਕ ਪੁਸਤਕ ਨੇ ਸਾਰ ਦਿੱਤਾ ਹੈ। ਇਹ ਗੱਲ ਖੁਦ ਹੀ ਸਾਰੀ ਕਹਾਣੀ ਕਹਿ ਦਿੰਦੀ ਹੈ ਅਤੇ ਬਟਾਈਦਾਰੀ ਦੇ ਰਾਹੀਂ ਹੋਣ ਵਾਲੀ ਕਲਾਸੀਕ ਅਰਧ ਜਾਗੀਰੂ

ਲੁਟ-ਘਸੁੱਟ ਦੀ ਅਟਲਤਾ ਨੂੰ ਸਾਫ ਤੌਰ 'ਤੇ ਦਰਸਾਉਂਦਾ ਹੈ।

'ਬਟਾਈਦਾਰੀ ਦੇ ਜ਼ਿਆਦਾਤਰ ਕੇਸਾਂ 'ਚ ਭੋਇੰ ਮਾਲਕਾਂ ਤੇ ਬਟਾਈਦਾਰ ਵਿਚਕਾਰ ਇਕਰਾਰ ਬਿਹਾਰ ਕਾਸ਼ਤਕਾਰੀ ਕਾਨੂੰਨ, 1985 ਦੀਆਂ ਵਿਵਸਥਾਵਾਂ ਦੀ ਉਲੰਘਣਾ ਕਰਦੇ ਲੱਗਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਰਾਜ 'ਚ ਬਟਾਈਦਾਰੀ ਨਾਲ ਜੁੜੇ ਜ਼ਿਆਦਾਤਰ ਮਾਮਲਿਆਂ 'ਚ ਜੁਬਾਨੀ ਇਕਰਾਰ ਕੀਤਾ ਗਿਆ ਹੈ ਅਤੇ ਕੋਈ ਵੀ ਭੋਇੰ ਮਾਲਕ ਲਿਖਤੀ ਇਕਰਾਰ ਨਹੀਂ ਕਰਨਾ ਚਾਹੁੰਦਾ ਤੇ ਨਾ ਹੀ ਇਸ ਇਕਰਾਰ ਨੂੰ ਅਮਲੀ ਰੂਪ ਦੇਣਾ ਚਾਹੁੰਦਾ ਹੈ। ਪ੍ਰਚਲਿਤ ਰਵਾਇਤਾਂ ਅਨੁਸਾਰ ਬਟਾਈਦਾਰ ਬੀਜੀ ਗਈ ਜਮੀਨ ਦੀ ਉਪਜ ਦਾ ਅੱਧਾ ਹਿੱਸਾ ਭੋਇੰ ਮਾਲਕ ਨੂੰ ਦਿੰਦਾ ਹੈ। ਜੋ ਕਿ ਇਸ ਲਈ ਪ੍ਰਸਤਾਵਿਤ ਕਾਨੂੰਨੀ ਸੀਮਾ ਦੀ ਉਲੰਘਣਾ ਹੈ, ਇਸ ਤੋਂ ਵੀ ਅੱਗੇ ਭੋਇੰ ਮਾਲਕ ਯਕੀਨ ਬਣਾਉਂਦਾ ਹੈ ਕਿ ਬਟਾਈਦਾਰ ਜਮੀਨ ਦੇ ਕਿਸੇ ਟੁਕੜੇ ਯਾਨੀ ਪਲਾਟ ਨੂੰ ਨਿਰੰਤਰ ਲੰਮੇ ਸਮੇਂ ਤਕ ਨਾ ਬੀਜੇ ਤਾਂ ਕਿ ਬਟਾਈਦਾਰ ਦੇ ਨਾਂ 'ਚ ਭੋਇੰ ਮਾਲਕ ਦੀ ਕਾਨੂੰਨੀ ਤਬਦੀਲੀ ਦੀ ਸੰਭਾਵਨਾਵਾਂ ਪਹਿਲਾਂ ਤੋਂ ਹੀ ਖਤਮ ਕੀਤੀਆਂ ਜਾ ਸਕਣ। ਇਸ ਪ੍ਰਸੰਗ 'ਚ ਏ ਸੀ ਨੇ ਇੱਕ ਮਹੱਤਵਪੂਰਨ ਮੁਲਾਂਅੰਕਣ ਕੀਤਾ ਹੈ : 'ਛੋਟੇ ਕਿਸਾਨ (ਪ੍ਰੀਵਾਰਾਂ ਦਾ ਕਰੀਬ 19 ਫੀਸਦੀ) ਜੋ ਕਿ ਮੁੱਖ ਤੌਰ 'ਤੇ ਦਲਿਤ ਹਨ, ਵੀ ਜਮੀਨ ਕੰਟਰੋਲ ਦੇ ਤਾਣੇ-ਬਾਣੇ 'ਚ ਹਾਸ਼ੀਏ 'ਤੇ ਹਨ। ਛੋਟੇ ਕਿਸਾਨ, ਪ੍ਰੀਵਾਰਾਂ ਦੇ ਮੇਹਨਤ ਕਰਨ ਵਾਲੇ ਮੈਂਬਰ ਖੇਤੀ ਮਜ਼ਦੂਰ ਵਜੋਂ ਭਾੜੇ ਦਾ ਕੰਮ ਕਰਨ ਲਈ ਮਜ਼ਬੂਰ ਹਨ ਕਿਉਂਕਿ ਉਹਨਾਂ ਦੀ ਵਾਹੀਯੋਗ, ਜਮੀਨ ਦੀ ਮਾਤਰਾ ਉਹਨਾਂ ਦਾ ਜੀਵਨ ਚਲਾਉਣ ਲਈ ਨਾ ਕਾਫੀ ਹੈ। ਜੇ ਇਸ ਜਮਾਤ ਦੇ ਕੁਝ ਮੈਂਬਰ ਖੁਦ ਨੂੰ 'ਛੋਟਾ ਕਿਸਾਨ' ਦਸਦੇ ਹਨ, ਕੁਝ ਬਟਾਈਦਾਰ ਦੱਸਦੇ ਹਨ ਅਤੇ ਹੋਰ ਸਾਧਾਰਨ ਤੌਰ 'ਤੇ ਖੁਦ ਨੂੰ ਮਜ਼ਦੂਰ ਕਰਨ ਵਾਲੇ ਦੱਸਦੇ ਹਨ ਇਸ ਤਰ੍ਹਾਂ ਅਜਿਹਾ ਲੱਗਦਾ ਹੈ ਕਿ ਘੱਟੋ-ਘੱਟ ਪੇਂਡੂ ਬਿਹਾਰ ਵਿੱਚ ਕਿਸਾਨ ਤੇ ਬਟਾਈਦਾਰ ਦੀਆਂ ਸ੍ਰੇਣੀਆਂ ਆਪਣੀ ਕੁਦਰਤ 'ਚ ਕਾਫੀ ਬਦਲਦੀਆਂ ਰਹਿੰਦੀਆਂ ਹਨ। ਅਸਲ 'ਚ ਇਹ ਮੰਨਿਆ ਜਾ ਸਕਦਾ ਹੈ ਕਿ ਇਹਨਾਂ ਸ੍ਰੇਣੀਆਂ ਸਬੰਧੀ ਇਕ ਪ੍ਰੀਵਾਰ ਦੀ ਹਾਲਤ ਸਾਲ-ਦਰ-ਸਾਲ ਬਦਲਦੀ ਰਹਿੰਦੀ ਹੈ। ਹਾਲਾਂਕਿ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਲੁਟ-ਘਸੁੱਟ ਦੀ ਪ੍ਰਣਾਲੀ ਇਕ ਬੁਨਿਆਦੀ ਪ੍ਰਣਾਲੀ ਹੈ ਅਤੇ ਇਹ 'ਅਧਿਕਾਰਿਤ ਸ੍ਰੇਣੀਆਂ' ਵਾਗੂੰ ਨਹੀਂ ਬਦਲ ਸਕਦੀ ਹੈ। ਇਸ ਲਈ ਜੇ ਪੇਂਡੂ ਬਿਹਾਰ 'ਚ ਬਟਾਈਦਾਰ ਅਰਧ-ਜਾਗੀਰੂ ਲੁਟ-ਘਸੁੱਟ ਦਾ ਸ਼ਿਕਾਰ ਹੁੰਦਾ ਹੈ ਤਾਂ ਇਹ ਖੇਤ ਮਜ਼ਦੂਰਾਂ ਲਈ ਬਹੁਤ ਵੱਖਰਾ ਨਹੀਂ ਹੋ ਸਕਦਾ ਹੈ।

(ਸ) ਸਮਝੌਤੇ ਜਾਂ ਇਕਰਾਰ ਤੇ ਅਮਲ : ਜਮੀਨ ਦੇ ਗੈਰ ਕਾਨੂੰਨੀ ਤਰੀਕੇ ਨਾਲ ਕਬਜੇ ਤੇ ਗੈਰ ਰਵਾਇਤੀ ਬਟਾਈਦਾਰੀ ਦਾ ਪਸਾਰ ਸਾਡੇ ਸਾਹਮਣੇ ਇਕਰਾਰ ਦੇ ਅਮਲ ਦੇ ਮਹੱਤਵਪੂਰਨ ਮੁਦੇ ਨੂੰ ਸਾਡੇ ਸਾਹਮਣੇ ਲਿਆਉਂਦਾ ਹੈ। ਇਉਂ ਲੱਗਦਾ ਹੈ ਕਿ ਅਜਿਹੇ ਗੈਰ ਰਵਾਇਤ ਇਕਰਾਰਾਂ 'ਚ ਰਾਜ ਮਸ਼ੀਨਰੀ ਜਿਵੇਂ ਕਿ ਪ੍ਰਸਾਸ਼ਨ, ਪੁਲਸ ਤੇ ਅਦਾਲਤਾਂ ਦੇ ਰਾਹੀਂ ਲਾਗੂ ਨਹੀਂ ਕੀਤੇ ਜਾ ਸਕਦੇ। ਜੋ ਕਿ ਪੂੰਜੀਵਾਦੀ ਹਕੂਮਤੀ ਪ੍ਰਣਾਲੀ ਦੀ ਵਿਸੇਸ਼ਤਾ ਹੈ। ਇਸ ਦੀ ਬਜਾਏ ਇਹ ਇਕਰਾਰ ਜਿੰਮੀਦਾਰਾਂ/ਧਨੀ ਕਿਸਾਨਾ ਰਾਜ ਮਸ਼ੀਨਰੀ ਵੱਲੋਂ ਰਾਖਵੀ-ਅਸਾਮੀਦੇ ਸਬੰਧ ਵਿਕਸਤ ਕਰਕੇ ਲਾਗੂ ਕੀਤੇ ਜਾਂਦੇ ਹਨ। ਪੂੰਜੀਵਾਦੀ ਅਮਲ ਦੇ ਉਲਟ ਇਸ ਲਈ ਲੁਟੀ ਗਈ, ਕਿਰਤ ਦੇ ਵਾਧੂ

(ਸਰਪਲਸ) ਦੇ ਹਿੱਸੇ ਨੂੰ ਰਾਜ ਦੀਆਂ ਏਜੰਸੀਆਂ ਨਾਲ ਨਿੱਜੀ ਤੌਰ 'ਤੇ ਵੰਡਣਾ ਹੁੰਦਾ ਹੈ। (ਅਜਿਹੀਆਂ ਏਜੰਸੀਆਂ ਦੀ ਰਾਜ ਫਡਿੰਗ ਸਭ ਤੋਂ ਵੱਧ ਹੁੰਦੀ ਹੈ। ਇਹ ਸਰਕਾਰੀ ਏਜੰਟ ਪ੍ਰਤੱਖ ਦਬਾਅ ਨਾਲ ਸਪਲੱਸ ਲੁਟ ਦੇ ਆਪਣੇ ਖੁਦ ਦੇ ਪ੍ਰਜੀਵੀ ਰੂਪ ਵੀ ਰੱਖਦੇ ਹਨ। ਪਰ ਇਹ ਅਧਿਐਨ ਦੇ ਖੇਤਰ 'ਚ ਨਹੀਂ ਆਉਂਦਾ ਹੈ) ਇਸ ਤਰ੍ਹਾਂ ਦੇ ਸਿੱਟੇ ਪਹਿਲਾਂ ਹੋਏ ਹੋਰ ਅਧਿਐਨਾਂ ਵੀ ਕੱਢੇ ਹਨ। ਏਸੀ ਨੇ ਲਿਖਿਆ ਹੈ 'ਇਸ ਤਰ੍ਹਾਂ ਦੀਆਂ ਮਿਸਾਲਾਂ ਪੁਸਟੀ ਕਰਦੀਆਂ ਹਨ ਕਿ ਪਿੰਡਾਂ 'ਚ ਪ੍ਰਭਾਵਸ਼ਾਲੀ ਜਮਾਤ ਤੇ ਰਾਜ ਦੇ ਸਥਾਨਕ ਲੋਕਾਂ ਵਿਚਕਾਰ ਇਕ ਸਹਿਜੀਵੀ ਸਬੰਧ ਹਨ। ਅਸਲ 'ਚ ਪਿੰਡ ਦੇ ਅਮੀਰਜਾਦਿਆਂ ਵੱਲੀ ਹੜੱਪੇ ਜਾਣ ਕਾਰਣ ਬਿਹਾਰ 'ਚ ਰਾਜਸਤਾ ਅਸਲ 'ਚ ਜ਼ਮੀਨੀ ਪੱਧਰ ਦੀ ਤਾਕਤ 'ਚ ਸਮੋਈ ਹੋਈ ਹੈ।' ਈ. ਪੀ. ਨੇ ਇਸ ਰੁਝਾਣ ਦੀਆਂ ਕਈ ਘਟਨਾਵਾਂ ਦੇ ਦਸਤਾਵੇਜ ਇਕੱਠੇ ਕੀਤੇ ਹਨ। ਹੇਠ ਲਿਖਿਆ ਕੇਸ ਇਸ ਦੀ ਇਕ ਠੋਸ ਉਦਾਹਰਣ ਹੈ। ਪੱਛਮੀ ਚੰਪਾਰਣ ਦੇ ਨਵਾਂ ਗਾਂਵ ਤੇ ਕਾਥਫੋੜ ਪਿੰਡ 'ਚ ਸ਼ਾਰਦਾ ਦੇਵੀ ਦੀ 5-75 ਏਕੜ ਜਮੀਨੀ ਹੱਦਬੰਦੀ ਤਹਿਤ 12 ਅਨਸੂਚਿਤ ਜਾਤੀ ਦੇ ਪ੍ਰੀਵਾਰਾਂ ਨੂੰ ਵੰਡੀ ਗਈ ਸੀ, ਪਰ ਪਾਰਸਨਾਥ ਯਾਦਵ ਨੇ ਵੰਡੀ ਗਈ ਜਮੀਨ 'ਤੇ ਕਬਜਾ ਕਰ ਲਿਆ ਭਾਵੇਂ ਸਰਕਿਲ ਕੋਰਟ ਨੇ ਗਰੀਬ ਪ੍ਰੀਵਾਰਾਂ ਦੇ ਪੱਖ 'ਚ ਫੈਸਲਾ ਸੁਣਾਇਆ ਪਰ ਪਿਛਲੇ 20 ਸਾਲਾਂ ਵਿੱਚ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਕੋਈ ਕਾਰਵਾਈ ਹੋਈ ਹੀ ਨਹੀਂ।

ਸਿੱਟਾ (1) ਗੌਣ ਸਰੋਤਾਂ ਦੇ ਅਧਾਰ 'ਤੇ ਅਜਿਹਾ ਲੱਗਦਾ ਹੈ ਕਿ ਪੇਂਡੂ ਬਿਹਾਰ ਦੇ ਕਈ ਹਿੱਸਿਆਂ 'ਚ ਗੈਰ ਪੂੰਜੀਵਾਦੀ ਲੁਟ ਹੀ ਅਜੇ ਵੀ ਪ੍ਰਧਾਨ ਰੂਪ ਹੈ। (2) ਕੁਲ ਅੰਕੜੇ ਵਿਆਪਕ ਪ੍ਰਸੰਗ 'ਚ ਦੇਣ ਨੂੰ ਤਾਂ ਮਦਦਗਾਰ ਹੁੰਦੇ ਹਨ ਪਰ ਲੁੱਟ ਦੀ ਪ੍ਰਣਾਲੀ ਨੂੰ ਨਿਰਧਾਰਿਤ ਕਰਨ ਲਈ ਵਿਸਵਾਸ਼ਯੋਗ ਨਹੀਂ ਹਨ। ਕਿਉਂਕਿ ਮੈਕਰੋ ਅੰਕੜੇ ਸਰਕਾਰੀ ਮਕਸਦ ਲਈ ਇੱਕਠੇ ਕੀਤੇ ਜਾਂਦੇ ਹਨ। (ਜੋ ਇਨਕਲਾਬੀ ਤਰੀਕੇ ਨਾਲ ਸਮਾਜ ਨੂੰ ਬਦਲਣ ਦੀ ਲੁੱਟ ਦੇ ਉਲਟ ਹੁੰਦੇ ਹਨ) ਉਹ ਗੈਰਵਾਇਤੀ ਮਾਲਕੀ, ਇਕਰਾਰ ਤੇ ਜਮੀਨੀ ਪੱਧਰ 'ਤੇ ਉਹਨਾਂ ਦੇ ਅਮਲ ਦੀਆਂ ਬਰੀਕੀਆਂ ਨੂੰ ਫੜਨ 'ਚ ਅਸਫਲ ਰਹਿੰਦੇ ਹਨ। ਜੋ ਰਾਖਵੀ ਅਸਾਮੀ ਸਬੰਧੀ ਘਟਕ ਹਨ ਤੇ ਇਸ ਪ੍ਰਕਾਰ ਇਹ ਗੈਰ ਪੂੰਜੀਵਾਦੀ ਲੁਟ-ਘਸੁੱਟ ਹੈ (3) ਕਿਉਂਕਿ ਅਰਧ ਜਾਗੀਰੂ ਲੁਟ ਤੋਂ ਹਾਸਲ ਹਿੱਸਾ ਗੈਰਆਰਥਕ ਚੈਨਲ ਰਾਹੀਂ ਉਸਰਦਾ ਹੈ ਜੋ ਸੁਧ ਆਰਥਕ ਅੰਗ ਤੋਂ ਵਾਧੂ ਹੁੰਦਾ ਹੈ। ਇਸ 'ਚ ਲੁਟ ਦੇ ਰੂਪਾਂ ਨੂੰ ਸਮਝਣ ਲਈ ਪੇਂਡੂ ਸਮਾਜ ਦੇ ਗੈਰ ਆਰਥਕ ਪੱਖ ਤੇ ਖੇਤਰੀ ਵਿਸੇਸ਼ਤਾਵਾਂ ਨੂੰ ਦੇਖਣਾ ਮਹੱਤਵਪੂਰਨ ਹੁੰਦਾ ਹੈ।

# ਦੇਸ਼ 'ਚ ਹਰ ਸਾਲ ਇਕ ਲੱਖ ਬੱਚੇ ਹੁੰਦੇ ਹਨ ਲਾਪਤਾ ਬੱਚਿਆਂ ਦੀ ਮੰਡੀ ਦਾ ਕਿਵੇਂ ਫੈਲਦਾ ਹੈ ਵਪਾਰ?

ਦਿੱਲੀ ਦੇ ਦਰਿਆਗੰਜ ਇਲਾਕੇ ਦੀ ਰਹਿਣ ਵਾਲੀ ਤਾਜਵਰ ਦੇ ਹੰਝੂ ਸੁੱਕ ਚੁੱਕੇ ਹਨ। ਲੰਬਾ ਹੌਕਾ ਲੈਂਦਿਆਂ ਉਹ ਕਹਿੰਦੀ ਹੈ, 'ਨੋ ਨਿਊਜ਼ ਇਜਗੁਡ ਨਿਊਜ' (ਕੋਈ ਖਬਰ ਨਹੀਂ ਯਾਨੀ ਅੱਛੀ ਖਬਰ)'। ਇਨ੍ਹਾਂ ਦੀ ਸਾਢੇ ਤਿੰਨ ਸਾਲ ਪੋਤੀ ਤਿੰਨ ਸਾਲਾਂ ਤੋਂ ਲਾਪਤਾ ਹੈ। ਇਕ ਦਿਨ ਤਾਜਵਰ ਦਾ ਪ੍ਰੀਵਾਰ ਕਰੀਬੀ ਮਿੱਤਰ ਦੀ ਸ਼ਾਦੀ 'ਚ ਸ਼ਰੀਕ ਹੋਣ ਗਿਆ ਜਿੱਥੇ ਪੰਜ ਮਿੰਟਾਂ ਅੰਦਰ ਤੈਅਬਾ ਅੱਖਾਂ ਤੋਂ ਓਝਲ ਹੋ ਗਈ। ਉਸ ਪਿੱਛੋਂ ਅੱਜ ਤੱਕ ਉਸ ਦਾ ਕੋਈ ਸੁਰਾਗ ਨਹੀਂ ਮਿਲਿਆ। ਤਾਜਵਰ ਦੇ ਪ੍ਰੀਵਾਰ ਨੇ ਦਿੱਲੀ ਦਾ ਹਰ ਗਲੀ ਖੂੰਜਾ ਛਾਣ ਮਾਰਿਆ। ਉਹ ਇਕੱਲੀ ਨਹੀਂ ਜੋ ਲਾਪਤਾ ਬੱਚੀ ਦੇ ਦੁੱਖ ਨਾਲ ਤਿਲਤਿਲ ਮਰ ਰਹੀ ਹੈ। ਭਾਰਤ ਦੇ ਹਰ ਘੰਟੇ 'ਚ 11 ਬੱਚੇ ਲਾਪਤਾ ਹੋ ਰਹੇ ਹਨ। ਸਾਲ 2003 'ਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਕੁਝ ਮਹਿਰਾਂ ਤੋਂ ਇਸ ਸਬੰਧੀ ਸਰਵੇਖਣ ਕਰਵਾਇਆ ਸੀ। ਉਸ ਮੁਤਾਬਕ ਹਰ ਸਾਲ ਭਾਰਤ ਵਿੱਚ 45000 ਬੱਚੇ ਲਾਪਤਾ ਹੁੰਦੇ ਹਨ। ਪ੍ਰੀਆਸ ਸੰਸਥਾ ਦੇ ਮੁਖੀ ਆਮੋਦਕੰਠ ਕਹਿੰਦੇ ਹਨ ਕਿ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਅਨੁਸਾਰ 2003 ਤੋਂ ਪਿੱਛੋਂ ਲਾਪਤਾ ਬੱਚਿਆਂ ਦਾ ਅੰਕੜਾ 60000 ਤਕ ਜਾ ਪਹੁੰਚਿਆ ਹੈ। ਕੰਠ ਅਨੁਸਾਰ 60000 ਤਾਂ ਸਰਕਾਰੀ ਅੰਕੜਾ ਹੈ। ਗੈਰ ਸਰਕਾਰੀ ਅੰਕੜੇ 'ਤੇ ਯਕੀਨ ਕਰੀਏ ਤਾਂ ਦੇਸ਼ 'ਚ ਹਰ ਸਾਲ ਇਕ ਲੱਖ ਬੱਚੇ ਲਾਪਤਾ ਹੋ ਰਹੇ ਹਨ। ਵਧਦੇ ਅੰਕੜਿਆਂ ਦਾ ਗ੍ਰਾਫ ਦਰਸਾਉਂਦਾ ਹੈ ਕਿ ਦੇਸ਼ 'ਚ ਬੱਚਿਆਂ ਦੀ ਮੰਡੀ ਦਾ ਵਪਾਰ ਸਾਲ ਦਰ ਸਾਲ ਵਧ ਫੁੱਲ ਰਿਹਾ ਹੈ। ਦਿੱਲੀ ਹਾਈਕੋਰਟ ਮੁਤਾਬਕ ਹਰ ਸਾਲ ਭਾਰਤ 'ਚ ਲਾਪਤਾ ਬੱਚੇ ਉਹ ਹਨ ਜਿਹਨਾਂ ਦੇ ਪਤੇ ਟਿਕਾਣੇ ਦੀ ਜਾਣਕਾਰੀ ਉਹਨਾਂ ਦੇ ਮਾਪਿਆਂ ਜਾਂ ਪੁਲਸ ਨੂੰ ਵੀ ਨਹੀਂ ਹੈ। ਦੁਨੀਆਂ 'ਚ ਮਨੁੱਖੀ ਵਪਾਰ ਪੰਦਰਾਂ ਅਰਬ ਡਾਲਰ ਦਾ ਹੈ। ਇਹ ਦੁਨੀਆਂ ਦਾ ਤੀਜਾ ਵੱਡਾ ਵਪਾਰ ਹੈ। ਆਮੋਦ ਕੰਠ ਮੁਤਾਬਕ ਭਾਰਤ 'ਚ ਅਨੈਤਿਕ ਮਾਨਵ ਤਸਕਰੀ ਰੋਕੂ ਕਾਨੂੰਨ 1986 ਤਹਿਤ ਕਾਰੋਬਾਰੀ ਸੈਕਸ ਵਰਕਰ ਨੂੰ ਪ੍ਰਭਾਸ਼ਿਤ ਕੀਤਾ ਗਿਆ ਹੈ। ਬੱਚਿਆਂ ਸਬੰਧੀ ਟ੍ਰੈਫਕਿੰਗ ਨੂੰ ਨਹੀਂ। ਪਰ ਹੁਣ ਭਾਰਤ 'ਚ ਵੀ ਇਸਦੀ ਪ੍ਰੀਭਾਸ਼ਾ ਤੇ ਗੱਲਬਾਤ ਹੋ ਰਹੀ ਹੈ। ਬੱਚਿਆਂ ਦੀ ਆਰਥਕ ਲੁੱਟ, ਉਹਨਾਂ ਤੋਂ ਖਤਰਨਾਕ ਕੰਮ ਕਰਵਾਉਣਾ, ਬੱਚਿਆਂ ਦੀ ਗਿਣਤੀ 'ਚ ਰੁਕਾਵਟ ਪਾਉਣ ਵਾਲੇ ਕੰਮ, ਉਹਨਾਂ ਦੀ ਸਿਹਤ, ਸਰੀਰਕ ਮਾਨਸਿਕ, ਅਧਿਆਤਮਕ, ਨੈਤਿਕ ਤੇ ਸਮਾਜਕ ਵਿਕਾਸ ਦੇ ਲਈ ਖਤਰਨਾਕ ਕੰਮ, ਉਹਨਾਂ ਦੀ ਵਿਕਰੀ, ਬਾਲ ਵੇਸ਼ਵਾ ਬਿਰਤੀ, ਬਾਲ ਅਸ਼ਲੀਲ ਚਿਤਰਣ, ਉਹਨਾਂ ਨੂੰ ਕਿਸੇ ਵੀ ਪ੍ਰਕਾਰ ਦਾ ਲਾਲਚ ਦੇ ਕੇ ਬਹਿਕਾ-ਕੇ ਫੁਸਲਾ ਕੇ ਆਪਣੇ ਨਾਲ ਲੈ ਜਾਣਾ ਆਦਿ ਬੱਚਿਆਂ ਸੰਬੰਧੀ ਦੁਰ ਪ੍ਰਭਾਵਾਂ 'ਚ ਆਉਂਦੇ ਹਨ। ਭਾਰਤ 'ਚ ਇਸ ਬੁਰੇ ਵਪਾਰ ਦੀ ਮੁੱਖ ਵਜਾਹ ਗਰੀਬੀ ਹੈ।

ਦਿੱਲੀ ਪੁਲਸ ਦੇ ਇਕ ਉਚ ਅਧਿਕਾਰੀ ਕਹਿੰਦੇ ਹਨ 'ਬੱਚਿਆਂ ਦਾ ਦੁਰਵਪਾਰ ਕਰਨ ਵਾਲਿਆਂ ਲਈ ਗਰੀਬੀ ਰੇਖਾ ਤੋਂ ਹੇਠਾਂ ਦਾ ਜੀਵਨ ਜਿਉਣ ਵਾਲੇ ਬਹੁਤ ਕਮਾਊ ਹੁੰਦੇ ਹਨ।' ਅੱਸੀ ਫੀਸਦੀ ਲਾਪਤਾ ਹੋਣ ਵਾਲੇ ਬੱਚੇ ਇਸ ਤਬਕੇ ਦੇ

ਹੁੰਦੇ ਹਨ। ਦਿੱਲੀ ਦੀਆਂ ਕਲੋਨੀਆਂ 'ਚ ਬੱਚਿਆਂ ਦੇ ਸਿਹਤ ਕਨੂੰਨੀ ਮੁੱਦਿਆਂ 'ਤੇ ਕੰਮ ਕਰਨ ਵਾਲੀ ਸੰਸਥਾ ਸੰਪੂਰਣਾਂ ਦੀ ਆਗੂ ਤੇ ਬੱਚਿਆਂ ਸਬੰਧੀ ਕਈ ਕਮੇਟੀਆਂ ਦੀ ਮੈਂਬਰ ਡਾ. ਸ਼ੋਭਾ ਵਿਜੇਂਦਰ ਦੱਸਦੀ ਹੈ ਕਿ ਬਸਤੀਆਂ 'ਚ ਰਹਿਣ ਵਾਲੇ ਮਜ਼ਦੂਰੀ ਕਰਦੇ ਹਨ ਜਾਂ ਘਰਾਂ 'ਚ ਝਾੜੂ ਪੋਚੇ ਲਾਉਣ ਦਾ ਕੰਮ। ਉਹ ਚੜ੍ਹਦੀ ਸਵੇਰ ਜਾ ਕੇ ਸ਼ਾਮ ਨੂੰ ਘਰ ਮੁੜਦੇ ਹਨ। ਪਿਛੋਂ ਬੱਚੇ ਰੱਬ ਆਸਰੇ ਹੁੰਦੇ ਹਨ। ਡਾ. ਸੋਭਾ ਵਿਜੇਂਦਰ ਅਨੁਸਾਰ ਇਸ ਕਮਜ਼ੋਰ ਤਬਕੇ ਦੇ ਇਕ ਵਾਰੀ ਕਹਿਣ 'ਤੇ ਐਫ. ਆਈ. ਆਰ. ਵੀ ਦਰਜ਼ ਨਹੀਂ ਹੁੰਦੀ। ਪੁਲਸ ਤਾਂ ਯਕੀਨ ਵੀ ਨਹੀਂ ਕਰਦੀ ਕਿ ਗਰੀਬਾਂ ਦੇ ਬੱਚੇ ਵੀ ਗੁੰਮ ਹੋ ਸਕਦੇ ਹਨ ਅਤੇ ਬੱਚਿਆਂ ਦੀ ਮੰਡੀ 'ਚ ਵੇਚੇ ਜਾਂ ਖਰੀਦੇ ਜਾ ਸਕਦੇ ਹਨ। ਬਚਪਨ ਬਚਾਓ ਅੰਦੋਲਨ ਨਾਲ ਜੁੜੇ ਭਵਨ ਤ੍ਰਿਧੂ ਕਹਿੰਦੇ ਹਨ ਕਿ ਅਮੀਰਾਂ ਦੇ ਬੱਚਿਆਂ ਦਾ ਅਗਵਾ ਫਿਰੌਤੀ ਲਈ ਕੀਤਾ ਜਾਂਦਾ ਹੈ। ਕੋਈ ਗਰੀਬ ਕਿੰਨੇ ਕੁ ਦਿਨ ਦਿਹਾੜੀ ਛੱਡ ਕੇ ਬੱਚਿਆਂ ਨੂੰ ਲੱਭੇਗਾ ਅਤੇ ਪੁਲਸ ਇਸ ਬਾਰੇ ਕੁਝ ਕਰਦੀ ਵੀ ਨਹੀਂ ਹੈ। ਪੜਤਾਲ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਫਿਰੌਤੀ ਲਈ ਅਗਵਾ ਕਰਨ ਵਾਲਿਆਂ ਵਾਸਤੇ ਵੀ ਖਤਰੇ ਘੱਟ ਨਹੀਂ ਹੁੰਦੇ। ਦਲਾਲ ਜਿੰਨਾ ਇਕ ਫਿਰੌਤੀ ਤੋਂ ਕਮਾਉਂਦੇ ਹਨ, ਉਨਾ ਚਾਰ ਬੱਚਿਆਂ ਨੂੰ ਵੇਚ ਕੇ ਕਮਾ ਲੈਂਦੇ ਹਨ। ਬੱਚਿਆਂ ਦੀ ਵੇਚ-ਖਰੀਦ ਕਰਨ ਵਾਲੇ ਕਈ ਵਿਚੋਲਿਆ ਰਾਹੀਂ ਲੜਕੀਆਂ ਨੂੰ ਵਪਾਰਕ ਸੈਕਸ ਕੰਮ 'ਚ ਧੱਕ ਦਿੰਦੇ ਹਨ ਅਤੇ ਲੜਕਿਆਂ ਨੂੰ ਬਾਲ ਮਜ਼ਦੂਰੀ ਜਾਂ ਭੀਖ ਮੰਗਣ ਵਾਲੇ ਗਰੋਹਾਂ ਵਿੱਚ। ਇਹਨਾਂ ਬੱਚਿਆਂ ਦੀ ਉਮਰ 28 ਸਾਲ ਤੋਂ 15 ਸਾਲ ਤਕ ਹੁੰਦੀ ਹੈ। ਬੱਚਿਆਂ ਨੂੰ ਪਲੇਸਮੈਂਟ ਏਜੰਸੀਆਂ ਨੂੰ ਵੀ ਸੌਂਪ ਦਿੱਤਾ ਜਾਂਦਾ ਹੈ। ਭਵਨ ਤ੍ਰਿਧੂ ਅਨੁਸਾਰ ਅੰਗ ਵਪਾਰ ਦੇ ਲਈ ਵੀ ਬੱਚਿਆਂ ਨੂੰ ਵੇਚਿਆ ਜਾ ਰਿਹਾ ਹੈ। ਦੋ ਮਹੀਨੇ ਪਹਿਲਾਂ ਦਿੱਲੀ ਦੀ ਬੁੱਧ ਵਿਹਾਰ ਬਸਤੀ ਤੋਂ ਇਕ ਸਾਧੂ ਦੋ ਬੱਚਿਆਂ ਨੂੰ ਬੋਰੀ 'ਚ ਲੈ ਜਾ ਰਿਹਾ ਸੀ। ਬਸਤੀ ਦੀ ਬਿਮਲਾ ਬਾਈ ਔਰਤ ਨੇ ਜਦ ਵੇਖਿਆ ਤਾਂ ਉਹ ਸਾਧੂ ਪਿੱਛੇ ਭੱਜੀ। ਕਿਸੇ ਤਰ੍ਹਾਂ ਸਾਧੂ ਦੇ ਘਰੋਂ ਬੱਚੇ ਬਰਾਮਦ ਕਰ ਲਏ ਗਏ। ਬਿਮਲਾ ਦਸਦੀ ਹੈ ਕਿ ਕਲੋਨੀ 'ਚ ਰੋਜ ਨਵੇਂ-ਨਵੇਂ ਭਿਖਾਰੀ ਆਉਂਦੇ ਹਨ। ਇਹ ਲੋਕ ਬੱਚਿਆਂ ਨੂੰ ਖਾਣ ਦੀ ਚੀਜ ਦੇ ਕੇ ਉਹਨਾਂ ਨਾਲ ਦੋਸਤੀ ਕਰਨ ਦੀ ਕੋਸ਼ਿਸ਼ ਕਰਦੇ ਹਨ। ਨੈਸ਼ਨਲ ਮਿਸਿੰਗ ਚਿਲਡਰਨ ਸੈਂਟਰ ਦੇ ਅਨੁਜ ਭਾਰਗਵ ਅਨੁਸਾਰ ਬੱਚਿਆਂ ਦੀ ਟ੍ਰੈਫਿਕਿੰਗ ਦਾ ਇਕ ਵੱਡਾ ਕਾਰਨ ਉਹਨਾਂ ਨੂੰ ਗੋਦ ਲੈਣਾ ਵੀ ਹੈ। ਭਾਰਗਵ ਦਸਦੇ ਹਨ ਕਿ ਕੁਝ ਸਾਲ ਪਹਿਲਾ ਉਹਨਾਂ ਨੂੰ ਬੇਲਜਿਅਮ ਤੋਂ ਇਕ 21 ਸਾਲਾ ਲੜਕੇ ਦਾ ਫੋਨ ਆਇਆ। ਉਸ ਨੂੰ ਦੱਖਣੀ ਭਾਰਤ ਤੋਂ ਉਸਦੇ ਘਰ ਦੇ ਸਾਹਮਣਿਉਂ ਚੁੱਕਿਆ ਗਿਆ ਸੀ। ਉਸ ਨੂੰ ਇਕ ਅਨਾਥ ਆਸਰਮ 'ਚ ਰੱਖਿਆ ਗਿਆ। ਉਥੇ ਉਸ ਦਾ ਪਾਸਪੋਰਟ ਬਣਾ ਕੇ ਉਸ ਨੂੰ 7000 ਡਾਲਰ 'ਚ ਬੈਲਜਿਆਮ ਦੇ ਇਕ ਬੇਔਲਾਦ ਜੋੜੇ ਨੂੰ ਵੇਚ ਦਿੱਤਾ ਗਿਆ। ਉਸ ਸਮੇਂ ਲੜਕੇ ਦੀ ਉਮਰ ਛੇ ਸਾਲ ਦੀ ਸੀ। ਇਕੀ ਸਾਲ ਦਾ ਹੋਣ 'ਤੇ ਉਸ ਲੜਕੇ ਨੇ ਅਨੁਜ ਭਾਰਗਵ ਨੂੰ ਫੋਨ ਕੀਤਾ ਤੇ ਉਹ ਆਪਣੇ ਮਾਪਿਆਂ ਨੂੰ ਲੱਭਣ 'ਚ ਕਾਮਯਾਬ ਵੀ ਰਿਹਾ।

ਦਿੱਲੀ ਦੇ ਵਧੀਕ ਪੁਲਸ ਕਮਿਸ਼ਨਰ (ਅਪਰਾਧ) ਸੰਜੈ ਭਾਟੀਆ ਦੱਸਦੇ ਹਨ ਕਿ ਵੇਸ਼ਵਾ ਵਿਰਤੀ ਲਈ ਜ਼ਰੂਰੀ ਨਹੀਂ ਕਿ ਬੱਚਿਆਂ ਨੂੰ ਮੁੰਬਈ ਜਾਂ ਜੀ. ਬੀ. ਰੋਡ ਤੇ ਹੀ ਵੇਚਿਆ ਜਾਵੇ। ਉਹਨਾਂ ਨੂੰ ਦੂਜੇ ਸੂਬਿਆਂ ਤੇ ਛੋਟੇ ਕਸਬਿਆਂ ਦੇ ਰੈਡ ਲਾਈਟ

ਏਰੀਆ 'ਚ ਵੀ ਵੇਚਿਆ ਜਾਂਦਾ ਹੈ। ਸੂਚਨਾ ਦੇ ਅਧਿਕਾਰ ਤਹਿਤ ਜਾਣਕਾਰੀ ਅਨੁਸਾਰ ਜਨਵਰੀ 2008 ਤੋਂ ਲੈ ਕੇ ਜਨਵਰੀ 2010 ਤਕ ਸਭ ਤੋਂ ਵਧ 26211 ਬੱਚੇ ਮਹਾਂਰਾਸ਼ਟਰ ਤੋਂ ਲਾਪਤਾ ਹੋਏ। ਪੱਛਮੀ ਬੰਗਾਲ ਤੋਂ 25413, ਦਿੱਲੀ ਤੋਂ 13570, ਮੱਧ ਪ੍ਰਦੇਸ਼ ਤੋਂ 12777, ਉਤਰਪ੍ਰਦੇਸ਼ ਤੋਂ 9482, ਛਤੀਸ਼ਗੜ ਤੋਂ 5594, ਆਂਧਰਾ ਤੋਂ 3577, ਬਿਹਾਰ ਤੋਂ 3345, ਅਸਮ ਤੋਂ 2686 ਬੱਚੇ ਲਾਪਤਾ ਹੋਏ। ਦਿੱਲੀ ਦੇ ਜਾਇੰਟ ਕਮਿਸ਼ਨਰ ਆਫ ਪੁਲਸ (ਕਰਾਈਮ) ਸੰਦੀਪ ਗੋਇਲ ਦੱਸਦੇ ਹਨ ਕਿ 2009 'ਚ ਦਿੱਲੀ ਹਾਈਕੋਰਟ ਦੇ ਫੁਰਮਾਨਾ ਪਿਛੋਂ ਦਿੱਲੀ 'ਚ ਲਾਪਤਾ ਬੱਚਿਆਂ ਸਬੰਧੀ ਐਫ. ਆਈ. ਆਰ. ਦਰਜ ਅੰਕੜਾ ਵਧਿਆ ਹੈ। ਲਾਪਤਾ ਬੱਚਿਆਂ ਦੀ ਐਫ. ਆਈ. ਆਰ. ਦਰਜ ਹੋਣੀ ਚਾਹੀਦੀ ਹੈ ਕਿਉਂਕਿ ਉਹ ਖਤਰੇ 'ਚੋਂ ਹੋ ਸਕਦੇ ਹਨ। ਜੇ ਕਿਸੇ ਬੱਚੇ ਨੂੰ ਨੌਕਰੀ ਦਾ ਝਾਂਸਾ ਦੇ ਕੇ ਦੇਸ਼-ਵਿਦੇਸ਼ ਭੇਜਿਆ ਜਾਂਦਾ ਹੈ, ਉਥੇ ਉਸ ਨੂੰ ਨੌਕਰੀ ਦੇ ਬਜਾਏ ਜਬਰੀ ਕੁਝ ਹੋਰ ਕਰਵਾਇਆ ਜਾਵੇ ਤਾਂ ਉਹ ਵੀ ਬੱਚਿਆਂ ਦੀ ਟ੍ਰੈਫਿਕਿੰਗ ਕਿਹਾ ਜਾਵੇਗਾ। ਆਪਣੀ ਮਰਜ਼ੀ ਨਾਲ ਘਰ ਛੱਡਣ ਵਾਲੇ ਬੱਚੇ ਅਕਸਰ ਵਾਪਸ ਆ ਜਾਂਦੇ ਹਨ। ਪਰ ਜੇ ਘਰ ਵਾਪਸ ਨਹੀਂ ਮੁੜਦੇ ਤਾਂ ਮੰਨ ਲੈਣਾ ਚਾਹੀਦਾ ਹੈ ਕਿ ਉਹ ਗਲਤ ਹੱਥਾਂ 'ਚ ਚਲੇ ਗਏ ਹਨ। ਫਿਰ ਉਹਨਾਂ ਤੋਂ ਜੋ ਵੀ ਕੁਕਰਮ ਕਰਵਾਇਆ ਜਾਵੇਗਾ, ਉਸ ਨੂੰ ਟ੍ਰੈਫਿਕਿੰਗ ਆਖਿਆ ਜਾਵੇਗਾ।

# ਵਾਧੂ ਅਨਾਜ ਦੇ ਬਾਵਜੂਦ ਭੁਖਮਰੀ ਤੇ ਕੁਪੋਸ਼ਣ ਕਿਉਂ?

ਮਹਾਂਰਾਸ਼ਟਰ ਦੇ ਵਿਦਰਭ 'ਚ ਕਾਂਗਰਸ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਕਲਾਵਤੀ ਤੇ ਲੀਲਾਵਤੀ ਦੀ ਖੈਰ ਸੁੱਖ ਤਾਂ ਪੁੱਛੀ ਪਰ ਸੋਨੀਆ ਗਾਂਧੀ ਦੇ ਸੰਸਦੀ ਖੇਤਰ ਰਾਏਬਰੇਲੀ ਦੇ ਸਲੇਮਪੁਰ ਪਿੰਡ 'ਚ ਰਹਿਣ ਵਾਲੀ 35 ਸਾਲਾ ਲੀਲਾਵਤੀ ਦੀ ਸੁਧ ਲੈਣ ਨਾ ਗਏ। ਗੰਦੇ ਨਾਲੇ ਦੇ ਲਾਗੇ ਸਿਰਫ 10 ਫੁਟ ਚੌੜੀ ਤੇ ਪੰਜ ਫੁਟ ਉਚੀ ਝੁੱਗੀ ਵਿੱਚ ਪੰਜ ਬੱਚਿਆਂ ਨਾਲ ਬੱਚਿਆਂ ਸਮੇਤ ਰਹਿਣ ਵਾਲੀ ਲੀਲਾਵਤੀ ਦੀ ਧੀ ਰੋਹਿਣੀ ਇਕ ਸਾਲ ਦਸ ਮਹੀਨੇ ਦੀ ਹੈ ਪਰ ਚਲ ਫਿਰ ਵੀ ਨਹੀਂ ਸਕਦੀ। ਨੇੜੇ ਹੀ ਸਥਿਤ ਆਂਗਣਵਾੜੀ ਦੇ ਰਜਿਸਟਰ 'ਚ ਉਸ ਦਾ ਨਾਂ ਕੁਪੋਸ਼ਿਤ ਬੱਚਿਆਂ ਵਜੋਂ ਦਰਜ ਹੈ। ਭੋਜਨ ਦੇ ਬਹਾਨੇ ਹਫਤੇ 'ਚ ਉਸ ਨੂੰ ਡੇਢ ਕਿਲੋ ਪੰਜੀਰੀ ਮਿਲਦੀ ਹੈ। ਪਰ ਪੰਜੀਰੀ ਨੂੰ ਪਕਾਉਣ ਲਈ ਸਾਫ ਪਾਣੀ ਨਹੀਂ ਹੈ। ਦੋ ਘਰ ਛੱਡ ਕੇ ਸਰਕਾਰੀ ਨਲਕਾ ਹੈ ਜੋ ਅੱਠ ਸਾਲ ਪਹਿਲਾਂ ਲੱਗਿਆ ਸੀ, ਇਕ ਸਾਲ ਤੋਂ ਖਰਾਬ ਪਿਆ ਹੈ। ਆਂਢ-ਗੁਆਂਢ ਦੇ ਲੋਕ ਖੂਹ ਦਾ ਪਾਣੀ ਪੀਣ ਲਈ ਮਜ਼ਬੂਰ ਹਨ। ਰੋਹਿਣੀ ਦੇ ਬਾਪੂ ਪੇਸ਼ੇ ਵਜੋਂ ਕਬਾੜੀਏ ਹਨ ਤੇ ਰੋਜਾਨਾ 100-150 ਰੁਪਏ ਹੀ ਕਮਾਉਂਦੇ ਹਨ। ਮਨਰੇਗਾ 'ਚ ਪ੍ਰਸੂਤਾ ਛੁਟੀ ਦੀ ਵਿਵਸਥਾ ਨਹੀਂ ਹੈ। ਸਲੇਮਪੁਰ ਦੀ ਆਂਗਣਵਾੜੀ ਕਾਰਕੁੰਨ ਅਨੁਸਾਰ 'ਪਿੰਡ 'ਚ ਜਨਮ ਸਮੇਂ ਬੱਕਰੀ ਦਾ ਦੁੱਧ ਪਿਲਾਉਦ ਦਾ ਰਿਵਾਜ ਹੈ। ਜਿਸ ਨੂੰ ਅਸੀਂ ਬੰਦ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

"ਸੋਨੀਆ ਗਾਂਧੀ ਦੀ ਰਾਏਬਰੇਲੀ ਵਰਗਾ ਹੀ ਹਾਲ ਮੇਨਿਕਾ ਗਾਂਧੀ ਤੇ ਉਸ ਦੇ ਬੇਟੇ ਵਰੁਣ ਗਾਂਧੀ ਦੀ ਸੀਟ ਪੀਲੀ ਭੀਤ ਦਾ ਹੈ। ਉਤਰਪ੍ਰਦੇਸ਼ ਦੇ ਦਿਉ ਕੱਦ ਨੇਤਾ ਮੁਲਾਇਮ ਸਿੰਘ ਯਾਦਵ ਦੀ ਮੈਨਪੁਰੀ ਸੀਟ ਵੀ ਕੁਪੋਸ਼ਣ ਦੀ ਚੋਟੀ 'ਤੇ ਹੈ। ਇਹੀ ਸਾਰੇ ਨੇਤਾ ਉਤਰਪ੍ਰਦੇਸ਼ ਦੀਆਂ ਚੋਣਾਂ 'ਚ ਵਧ ਚੜ ਕੇ ਵਿਕਾਸ ਦੇ ਦਾਅਵੇ ਕਰ ਰਹੇ ਹਨ। ਇਹਨਾਂ ਜਿਲ੍ਹਿਆਂ ਦੇ ਹਾਲਾਤ ਅੱਜ ਐਸੇ ਹਨ ਕਿ ਉਤਰ ਪ੍ਰਦੇਸ਼ ਦੇ 72 ਜ਼ਿਲ੍ਹਿਆਂ ਵਿੱਚੋਂ 28 'ਚ ਭੋਜਨ ਦਾ ਅਧਿਕਾਰ ਕਾਨੂੰਨ ਲਾਗੂ ਹੈ। ਅੰਕੜਿਆਂ ਮੁਤਾਬਕ ਰਾਏਬਰੇਲੀ 'ਚ 58 ਫੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਾਂ (ਬੀ. ਪੀ. ਐਲ.) ਹਨ ਤਾਂ ਪੀਲੀ ਭੀਤ 'ਚ 45 ਤੇ ਮੈਨਪੁਰੀ 'ਚ 43 ਫੀਸਦੀ। ਕੌਮੀ ਪ੍ਰੀਵਾਰ ਸਿਹਤ ਸਰਵੇਖਣ-3 ਦੇ ਮੁਤਾਬਕ ਪੰਜ ਸਾਲਾਂ ਤੋਂ ਘੱਟ ਉਮਰ ਦੀ ਬਾਲ ਮੌਤ ਦਰ ਦੀ ਕੌਮੀ ਔਸਤ 74.3 ਪ੍ਰਤੀ ਹਜ਼ਾਰ ਹੈ। ਤਾਂ ਉਤਰ ਪ੍ਰਦੇਸ਼ 'ਚ 96.4 ਪ੍ਰਤੀ ਹਜ਼ਾਰ। ਮੌਤ ਦਰ ਸਬੰਧੀ ਕੌਮੀ ਔਸਤ 57 ਦੇ ਮੁਕਾਬਲੇ ਰਾਜ 'ਚ 72.7 ਪ੍ਰਤੀ ਹਜ਼ਾਰ ਹੈ। ਅਜਿਹੇ ਹਾਲਾਤ ਉਦੋਂ ਹਨ ਜਦੋਂ ਜਦ ਮੁਖ ਮੰਤਰੀ ਖੁਦ ਚਾਰ ਵਾਰੀ ਉਤਰਪ੍ਰਦੇਸ਼ ਦੀ ਮੁੱਖ ਮੰਤਰੀ ਰਹਿ ਚੁੱਕੀ ਹੈ। ਜ਼ਾਹਿਰ ਹੈ ਕਿ ਯੂ. ਪੀ. ਦੀ ਬਦਹਾਲੀ ਅਤੇ ਭੁੱਖ ਦੀ ਮਾਰ ਝੱਲ ਰਹੇ ਬਚਪਨ ਲਈ ਸਭ ਰਾਜਸੀ ਪਾਰਟੀਆਂ ਇਕੋ ਜਿਹੀਆਂ ਜਿੰਮੇਵਾਰ ਹਨ। ਨਾਂ ਦੀ ਫਾਊਂਡੇਸ਼ਨ ਵੱਲੋਂ ਭੁਖ ਤੇ ਕੁਪੋਸ਼ਣ ਸਬੰਧੀ ਨੌਂ ਸੂਬਿਆਂ ਦੇ 112 ਜ਼ਿਲ੍ਹਿਆਂ 'ਚ ਸਰਵੇਖਣ ਰਾਹੀਂ ਤਿਆਰ ਰਿਪੋਟ 'ਚ ਖੁਲਾਸਾ ਹੋਇਆ ਹੈ ਕਿ ਅੱਜ ਵੀ ਦੇਸ਼ ਦੇ 42 ਫੀਸਦੀ ਬੱਚੇ ਕੁਪੋਸ਼ਣ ਤੋਂ ਪੀੜਤ ਹਨ। 59 ਫੀਸਦੀ ਬੱਚਿਆਂ ਦਾ ਕੱਦ ਆਮ ਨਾਲੋਂ ਘੱਟ ਹੈ। ਇਹ ਰੀਪੋਟ ਉਦੋਂ ਹੈ ਜਦੋਂ 2011 ਦੀ ਮਰਦਮਸ਼ੁਮਾਰੀ ਦੇ ਮੁਤਾਬਕ 0-6

ਸਾਲਾਂ ਦੇ ਬੱਚਿਆਂ ਦੀ ਗਿਣਤੀ ’ਚ ਕਰੀਬ 50 ਲੱਖ ਦੀ ਕਮੀ ਆਈ ਹੈ। ਦੇਸ਼ ਭਰ ’ਚ ਇਸ ਉਮਰ ਦੇ ਬੱਚਿਆਂ ਦੀ ਕੁਲ ਗਿਣਤੀ 15.87 ਕਰੋੜ ਹੈ ਜਦ ਕਿ 2001 ਦੀ ਜਨ ਸੰਖਿਆ ’ਚ ਇਹ ਅੰਕੜਾ 16.38 ਕਰੋੜ ਸੀ। ਇਸ ਕਮੀ ਦੇ ਬਾਵਜੂਦ ਭਾਰਤ ਕੁਪੋਸ਼ਿਤ ਨੌ ਨਿਹਾਲਾਂ ਦੀ ਗਿਣੀ ਦੁਨੀਆਂ ਦੇ ਸਭ ਤੋਂ ਗਰੀਬ ਸਹਾਰਾ ਅਫਰੀਕੀ ਦੇਸ਼ਾਂ (22 ਫੀਸਦੀ) ਤੋਂ ਦੁੱਗਣੀ (42 ਫੀਸਦੀ) ਹੈ। ਇਹ ਸਥਿਤੀ ਤਦ ਹੈ ਜਦ 12ਵੀਂ ਯੋਜਨਾ ’ਚ ਸਮੇਕਿਤ ਬਾਲ ਸੇਵਾ (ਆਈ. ਸੀ. ਡੀ. ਐਸ.) ਲਈ ਸੂਬਿਆਂ ਦੇ ਸਹਿਯੋਗ ਨਾਲ 2.54 ਲੱਖ ਕਰੋੜ ਰੁਪਏ ਦਾ ਬਜਟ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇਸ ਖੁਲਾਸੇ ਨੂੰ “ਕੌਮੀ ਬੇਸ਼ਰਮੀ” ਕਰਾਰ ਦਿੱਤਾ। ਹੰਗਾਮਾ (ਹੰਗਰ ਐਂਡ ਮਾਲ ਨਿਊਟ੍ਰੀਸ਼ਨ) ਰੀਪੋਟ ਨੂੰ ਜਾਰੀ ਕਰਦਿਆਂ ਪ੍ਰਧਾਨ ਮੰਤਰੀ ਕਹਿੰਦੇ ਹਨ “ਕੁਪੋਸ਼ਨ ਰੋਗ ਸ਼ਰਮ ਦਾ ਵਿਸ਼ਾ ਹੈ। ਕੁਲ ਘਰੇਲੂ ਪੈਦਾਵਾਰ ’ਚ ਤੇਜੀ ਨਾਲ ਵਾਧੇ ਦੇ ਬਾਵਜੂਦ ਪੋਸ਼ਣ ਦਾ ਪੱਧਰ ਆਮ ਨਾਲੋਂ ਏਨਾ ਘੱਟ ਹੋਣਾ ਨਾ ਮੰਨਣਯੋਗ ਹੈ। ਸਾਨੂੰ ਕੁਪੋਸ਼ਣ ਦੇ ਪੱਧਰ ’ਚ ਕਮੀ ਲਿਆਉਣ ’ਚ ਸਫਲਤਾ ਨਹੀਂ ਮਿਲੀ ਹੈ।’ ਹਾਲਾਂਕਿ ਕੇਂਦਰੀ ਮਹਿਲਾ ਵਿਕਾਸ ਰਾਜ ਮੰਤਰੀ (ਅਜਾਦ ਇੰਚਾਰਜ) ਕ੍ਰਿਸ਼ਨਾ ਤੀਰਥ ਪ੍ਰਧਾਨ ਮੰਤਰੀ ਦੀ ਟਿੱਪਣੀ ਨੂੰ ਆਪਣੇ ਢੰਗ ਨਾਲ ਲੈਂਦੀ ਹੋਈ ਕਹਿੰਦੀ ਹੈ “ਪ੍ਰਧਾਨ ਮੰਤਰੀ ਨੇ ਕੌਮੀ ਸ਼ਰਮ ਨਹੀਂ ਕਿਹਾ ਬਲਕਿ ਹੰਗਾਮਾ ਰੀਪੋਟ ਦੇ ਪ੍ਰਸੰਗ ’ਚ ਕਿਹਾ ਕਿ ਜੇ ਵਾਕਈ ਕੁਪੋਸ਼ਣ ਏਨਾ ਜ਼ਿਆਦਾ ਹੈ ਤਾਂ ਸਾਡੇ ਲਈ ਸ਼ਰਮ ਦੀ ਗੱਲ ਹੈ” ‘ਅਸੀਂ ਸਰਕਾਰੀ ਰੀਪੋਟ ’ਤੇ ਅਧਾਰਤ ਕੰਮ ਕਰਾਂਗੇ, ਜਲਦੀ ਹੀ ਕੌਮੀ ਪ੍ਰੀਵਾਰ ਸਿਹਤ ਸਰਵੇਖਣ–4 ਦੀ ਰੀਪੋਟ ਆਉਣ ਵਾਲੀ ਹੈ। ਹੰਗਾਮਾ ਰਿਪੋਟ ’ਚ ਜਿਸ ਹੱਦ ਤੱਕ ਕੁਪੋਸ਼ਣ ਦੇ ਡਿਗਦੇ ਪੱਧਰ ਦੀ ਜਾਣਕਾਰੀ ਮਿਲਦੀ ਹੈ ਉਸ ਲਈ ਵਾਧੂ ਵਾਜਬੀਅਤ ਜ਼ਰੂਰੀ ਹੈ।”

ਪਰ ਸਰਕਾਰੀ ਰੀਪੋਟ ’ਤੇ ਸ਼ੱਕ ਜ਼ਾਹਿਰ ਕਰਦਿਆਂ ਸੋਨੀਆ ਦੀ ਅਗਵਾਈ ਵਾਲੀ ਕੌਮੀ ਸਲਾਹਕਾਰ ਪ੍ਰੀਸ਼ਦ (NAC) ਦੀ ਮੈਂਬਰ ਤੇ ਸਮਾਜਕ ਕਾਰਕੁੰਨ ਅਰੁਣਾ ਰਾਏ ਅਨੁਸਾਰ ‘ਮਨੁੱਖੀ ਵਿਕਾਸ ਸੂਚਕਾਂਕ ’ਚ ਗਰੀਬ ਸਹਾਰਾ ਅਫਰੀਕੀ ਦੇਸ਼ਾਂ ਤੋਂ ਵੀ ਬਦਤਰ ਹੋਣ ’ਤੇ ਵੀ ਪ੍ਰਧਾਨ ਮੰਤਰੀ ਇਕ ਪਾਸੇ ਕੁਪੋਸ਼ਣ ਨੂੰ ਕੌਮੀ ਬੇਸ਼ਰਮੀ ਕਰਾਰ ਦਿੰਦੇ ਹਨ ਦੂਜੇ ਪਾਸੇ ਉਹ ਮਨਵੇਗਾ ਮਜ਼ਦੂਰਾਂ ਨੂੰ ਘੱਟੋ–ਘੱਟ ਤਨਖਾਹ ਮੰਜੂਰ ਕਰਨ ’ਚ ਵੀ ਹਿਚਕਚਾਉਂਦੇ ਆ ਰਹੇ ਹਨ। ਸਾਫ ਹੈ ਕਿ ਕੁਪੋਸ਼ਣ ਤੇ ਲੋਕਾਂ ਦੀ ਆਮਦਨ ਵਧਾਉਣ ਦੀ ਪ੍ਰਧਾਨ ਮੰਤਰੀ ਦੀ ਚਿੰਤਾ ਸਿਰਫ ਜੁਬਾਨੀ ਜਮ੍ਹਾਂ, ਖਰਚ ਹੈ।’ ਰਾਏ ਨੇ ਆਪਣੀ ਚਿੰਤਾ ਦੇ ਪ੍ਰਸੰਗ ’ਚ ਪਿਛਲੇ ਹਫਤੇ ਹੀ ਪ੍ਰਧਾਨ ਮੰਤਰੀ ਨੂੰ ਪ੍ਰੱਤ ਲਿਖਿਆ ਹੈ। ਹੰਗਾਮਾ ਰੀਪੋਟ ਮੁਤਾਬਕ ਰਾਏਬਰੇਲੀ ’ਚ 40.77 ਬੱਚੇ ਆਪਣੀ ਉਮਰ ਨਾਲੋਂ ਬਹੁਤ ਘੱਟ ਵਜਨ ਵਾਲੇ ਹਨ। ਇਹਨਾਂ ’ਚੋਂ 17 ਫੀਸਦੀ ਬੇਹੱਦ ਕੁਪੋਸ਼ਿਤ ਸ਼੍ਰੇਣੀ ਵਾਲੇ ਹਨ। ਜਦ ਕਿ 70.40 ਫੀਸਦੀ ਬੇਹੱਦ ਛੋਟੇ ਕੱਦ ਦੇ ਹਨ। ਮੌਸਮ ਚੋਣਾਂ ਦਾ ਹੈ। ਲਿਹਾਜਾ ਸਭ ਪਾਰਟੀਆਂ ਵਿਕਾਸ ਦੇ ਖੋਖਲੇ ਦਾਅਵੇ, ਵਾਅਦੇ ਤੇ ਧਾਰਮਿਕ ਕਾਰਡ ਰਾਹੀਂ ਉਤਰ ਪ੍ਰਦੇਸ਼ ਚੋਣ ਵਿੱਚ ਵੋਟ ਵਟੋਰਨ ਦੇ ਨੁਸਖੇ ਅਜਮਾ ਰਹੇ ਹਨ। ਪਰ ਉਹਨਾਂ ਬੱਚਿਆਂ ਦੀ ਭੁੱਖ ਦਾ ਫਿਕਰ ਕਿਸੇ ਨੂੰ ਨਹੀਂ ਹੈ। ਗੈਰ ਸਰਕਾਰੀ ਸੰਸਥਾ ‘ਕਰਾਈ’ ਦੀ ਖੇਤਰੀ ਨਿਦੇਸ਼ਕ ਸੋਹਾ ਮੋਈਤਰਾ ਕਹਿੰਦੀ ਹੈ, “ਲੋਕ ਉਸ ਉਮੀਦਵਾਰ ਨੂੰ ਹੀ ਵੋਟ ਦੇਣ ਜੋ ਔਰਤਾਂ ਬੱਚਿਆਂ ਦੀਆਂ ਲੋੜਾਂ ਨੂੰ ਸਮਝਦਾ ਹੋਵੇ। ਸਿਹਤ ਨੂੰ ਬੁਨਿਆਦੀ

ਹੱਕ ਮੰਨੇ।" ਕੁਪੋਸ਼ਣ ਦੀ ਤਾਜਾ ਰਿਪੋਟ 'ਚ ਮੁਸਲਿਮ ਪ੍ਰੀਵਾਰਾਂ ਤੇ ਅਨਸੂਚਿਤ ਜਾਤੀ ਤੇ ਜਨਜਾਤੀ ਦੇ ਬੱਚਿਆਂ ਦਾ ਪੋਸ਼ਣ ਪੱਧਰ ਬੇਹੱਦ ਖਰਾਬ ਵੇਖਿਆ ਗਿਆ ਹੈ। ਰਾਏ ਦੇ ਸਤਾਂਵ ਬਲਾਕ ਦੇ ਨਕਫਲਹਾ ਪਿੰਡ ਵਿੱਚ ਵਾਜਿਦ ਅਲੀ ਡੇਢ ਸਾਲ ਦਾ ਹੈ। ਪਰ ਬੇਹੱਦ ਕੁਪੋਸ਼ਿਤ ਹੋਣ ਕਰਕੇ ਚਲਣਾ ਤਾਂ ਦੂਰ, ਬਿਨਾਂ ਸਹਾਰੇ ਦੇ ਬੈਠ ਵੀ ਨਹੀਂ ਸਕਦਾ ਹੈ, ਵਾਜਿਦ ਦੀ ਅੰਮਾ ਸਲਮਾ ਕਹਿੰਦੀ ਹੈ" ਸਾਡਾ ਜਾਬ ਕਾਰਡ ਨਹੀਂ ਬਣਿਆ ਹੈ, ਮਨਰੇਗਾ 'ਚ ਕੰਮ ਨਹੀਂ ਮਿਲਦਾ। ਪਤੀ (ਜਾਕਿਰ ਮੁਹੰਮਦ) ਰਿਕਸ਼ਾ ਚਲਾ ਕੇ ਸਾਰਾ ਦਿਨ 'ਚ 40-50 ਰੁਪਏ ਕਮਾ ਲੈਂਦਾ ਹੈ" ਕਿਸੇ ਤਰ੍ਹਾਂ ਦੀ ਮਦਦ ਨਾ ਮਿਲਣ ਕਰਕੇ ਸਲਮਾ ਨੇ ਸਿਹਤ ਕੇਂਦਰ ਦੀ ਬਜਾਏ ਬੱਚਿਆਂ ਨੂੰ ਘਰੇ ਹੀ ਜਨਮ ਦਿੱਤਾ ਹੈ। ਉਹਨਾਂ ਕੋਲ ਬਸ ਫੂਸ ਦੀ ਇਕ ਬਦਹਾਲ ਝੁੱਗੀ ਹੈ। ਉਸ ਦੇ ਕੋਲ ਹੀ ਦੂਜਾ ਪਿੰਡ ਗੁਨਾਵਰ ਦੇ ਆਂਗਣਵਾੜੀ ਰਜਿਸਟਰ ਮੁਤਾਬਕ ਰੁਚੀ, ਰੋਸ਼ਨੀ ਤੇ ਕੌਸ਼ਿਕ ਕੁਪੋਸ਼ਿਤ ਹਨ। ਆਂਗਣਵਾੜੀ ਵਰਕਰ ਮਿਥਲੇਸ਼ ਸ੍ਰੀ ਵਾਸਤਵ ਕਹਿੰਦੀ ਹੈ ਕਿ "ਤਿੰਨੋ ਬੱਚੇ ਹੁਣ-ਹੁਣੇ ਪੰਜੀਰੀ ਲੈ ਕੇ ਨੌਂ ਨਿਹਾਲ ਹੋ ਗਏ ਇਸ ਤੋਂ ਇਲਾਵਾ ਸਾਡੇ ਇੱਥੇ ਕੋਈ ਹੋਰ ਕੁਪੋਸ਼ਿਤ ਬੱਚਾ ਨਹੀਂ ਹੈ।" ਪਿੰਡ ਦਾ ਦੂਜਾ ਮੁਹੱਲਾ ਰਵਿਦਾਸ ਟੋਲਾ ਜਿਸ ਨੂੰ ਅਜੇ ਜਾਤੀਸੂਚਕ ਨਾਂ ਨਾਲ ਬੁਲਾਇਆ ਜਾਂਦਾ ਹੈ, ਉਥੇ ਕਈ ਬੱਚੇ ਕੁਪੋਸ਼ਿਤ ਹਨ। ਇਸ ਟੋਲੇ 'ਚ ਸ਼ਿਵਦਾਸ ਦਾ ਬੇਟਾ ਭੀਮ ਇਕ ਸਾਲ ਦਸ ਮਹੀਨਿਆ ਦਾ ਹੈ ਪਰ ਚਲ ਨਹੀਂ ਸਕਦਾ। ਬਾਹਰ ਦੇ ਲੋਕਾਂ ਨੂੰ ਵੇਖ ਕੇ ਗੁਆਂਢੀ ਵੀ ਆ ਜਾਂਦੇ ਹਨ, ਭੀੜ 'ਚ ਖੜੀ ਮਾਇਆ ਨਾਂ ਦੀ ਗਰਭਵਤੀ ਔਰਤ ਗੁੱਸੇ ਵਿੱਚ ਹੈ। ਪਿਛਲੇ 3-4 ਮਹੀਨਿਆਂ ਤੋਂ ਉਸ ਨੂੰ ਆਇਰਨ-ਕੈਲਸ਼ੀਅਮ ਦੀਆਂ ਗੋਲੀਆਂ ਨਹੀਂ ਮਿਲੀਆਂ, ਉਸ ਅਨੁਸਾਰ "ਆਸ਼ਾ (ਏ. ਐਨ. ਐਮ.) ਆ ਕੇ ਟੀਕਾ ਲਾਉਂਦੀ ਹੈ ਪਰ ਕਾਰਡ ਨਹੀਂ ਬਣਾ ਰਹੀ, ਅਸੀਂ ਵੀ ਕਿਹੜਾ ਹਸਪਤਾਲ ਜਾਣਾ ਹੈ, ਘਰੇ ਹੀ ਬੱਚਾ ਪੈਦਾ ਕਰਨਾ ਹੈ।"

ਗਰਭਵਤੀ ਔਰਤਾਂ ਤੋਂ ਲੈ ਕੇ ਬਾਲਗਾਂ ਤਕ ਕੁਪੋਸ਼ਣ ਦਾ ਮੁਕਾਬਲਾ ਕਰਨ ਲਈ ਇਕੱਲੇ ਕੇਂਦਰ ਸਰਕਾਰ ਦੀਆਂ ਡੇਢ ਦਰਜਨ ਤੋਂ ਵੱਧ ਯੋਜਨਾਵਾਂ ਚਲ ਰਹੀਆਂ ਹਨ। ਸਮਕਿਤ ਬਾਲ ਵਿਕਾਸ ਸੇਵਾ (ਆਈ. ਸੀ. ਡੀ. ਐਸ.) ਤਾਂ 36 ਸਾਲਾਂ ਤੋਂ ਚਲ ਰਹੀ ਹੈ ਪਰ ਕੁਪੋਸ਼ਣ ਦੇ ਕੇਸ ਘਟ ਨਹੀਂ ਰਹੇ। ਇਸ ਦੀ ਸਭ ਤੋਂ ਵੱਡੀ ਵਜਾਹ ਇਹ ਹੈ ਕਿ ਸਰਕਾਰ ਨੇ ਇਮਾਨਦਾਰੀ ਨਾਲ ਕਦੀ ਕੁਪੋਸ਼ਣ ਦੀ ਸਮੱਸਿਆ ਨੂੰ ਸਮਝਿਆ ਹੀ ਨਹੀਂ ਤੇ ਨਾ ਹੀ ਇਸ ਨੂੰ ਕਦੇ ਸਮੱਸਿਆ ਮੰਨਿਆ ਹੈ। ਸੰਸਦ 'ਚ ਸਿਹਤ ਮੰਤਰੀ ਗੁਲਾਮ ਨਬੀ ਆਜ਼ਾਦ ਤੇ ਔਰਤ-ਬੱਚਾ ਵਿਕਾਸ ਮੰਤਰੀ ਕ੍ਰਿਸ਼ਨਾ ਤੀਰਥ ਨੇ ਸੁਆਲਾਂ ਦੇ ਜੁਆਬ 'ਚ ਕਿਹਾ ਕਿ ਬੱਚਿਆਂ ਦੀਆਂ ਮੌਤਾਂ ਪਿੱਛੇ ਕਾਰਨ ਕੁਪੋਸ਼ਣ ਨਹੀਂ ਹੈ। ਬਲਕਿ ਬੀਮਾਰੀ ਨੂੰ ਹੀ ਵਜਾਹ ਮੰਨਿਆ। ਉਹਨਾਂ ਅਨੁਸਾਰ "ਭਾਰਤ ਸਰਕਾਰ ਦੇ ਮਹਾਂਪੰਜੀਅਕ ਦੀ 2001-03 ਦੀ ਰੀਪੋਟ ਮੁਤਾਬਕ 0-4 ਸਾਲ ਦੀ ਉਮਰ ਦੇ ਸਿਰਫ 2.8 ਫੀਸਦੀ ਤੇ ਦੋ ਫੀਸਦੀ ਸ਼ਿਸ਼ੂਆਂ ਦੀ ਮੌਤ ਦਾ ਕਾਰਨ ਕੁਪੋਸ਼ਣ ਹੈ।" ਸਰਕਾਰੀ ਜੁਆਬ 'ਚ ਕੁਪੋਸ਼ਣ ਨਾਲ ਹੋਣ ਵਾਲੀਆਂ ਮੌਤਾਂ ਦੀ ਵਜਾਹ ਕੁਪੋਸ਼ਣ ਦੀ ਬਜਾਏ ਕਈ ਬੀਮਾਰੀਆਂ ਦੱਸਿਆ ਗਿਆ ਹੈ। ਜਦ ਕਿ ਬੀਮਾਰੀਆਂ ਦੀ ਜੜ੍ਹ 'ਚ ਅਕਸਰ ਕੁਪੋਸ਼ਣ ਹੀ ਦਿਸਦਾ ਹੈ। ਕਾਂਗਰਸ ਦੇ ਬੁਲਾਰੇ ਰਸ਼ਿਦ ਅਲਵੀ ਨੇ ਤਾਂ ਗੱਲਕਰਨ ਤੋਂ ਹੀ ਨਾਂਹ ਕਰ ਦਿੱਤੀ। ਰਾਏਬਰੇਲੀ ਦੇ ਮਝਗੰਵਾ ਹਰਦੋਈ ਪਿੰਡ ਦੇ

ਲੋਧਨ ਟੋਲਾ 12 ਸਾਲਾ ਅੰਜੂ ਪੰਜਵੀਂ 'ਚ ਪੜ੍ਹਦੀ ਹੈ ਉਸ ਦੇ ਹੱਥ ਪੈਰ ਕੰਬਦੇ ਹਨ। ਸਰੀਰਕ ਵਿਕਾਸ ਉਮਰ ਦੇ ਮੁਕਾਬਲੇ ਕਾਫੀ ਘੱਟ ਹੋਇਆ ਹੈ। ਨਾਂ ਦੀ ਫਾਊਂਡੇਸ਼ਨ ਦੇ ਸਰਵੇਖਣ 'ਚ ਸਥਾਨਕ ਪੱਧਰ 'ਤੇ ਸਹਿਯੋਗ ਦੀ ਭੂਮਿਕਾ ਨਿਭਾਉਣ ਵਾਲੀ ਐਨ. ਜੀ. ਓ. ਫਾਊਂਡੇਸ਼ਨ ਦੇ ਮੁਖੀ ਕੇ ਐਸ. ਦਿਵੇਦੀ ਕਹਿੰਦੇ ਹਨ" ਸਰਵੇਖਣ 'ਚ ਅਸੀਂ ਜਿੰਨੀਆਂ ਥਾਵਾਂ ਤੇ ਗਏ ਉਥੇ 75-80 ਫੀਸਦੀ ਬੱਚੇ ਕੁਪੋਸ਼ਿਤ ਮਿਲੇ।" ਉਹਨਾਂ ਮੁਤਾਬਕ, "ਯੂਨੀਸੈਫ ਵੱਲੋਂ ਆਉਣ ਵਾਲਾ ਪੌਸ਼ਟਿਕ ਖਾਣਾ ਅੱਛਾ ਸੀ ਹੁਣ ਸੂਬਾ ਸਰਕਾਰ ਰਾਹੀਂ ਠੇਕੇ 'ਤੇ ਆਉਂਦਾ ਹੈ। ਗੁਣਵੰਣਤਾ 'ਚ ਕਾਫੀ ਕਮੀ ਆਈ ਹੈ, ਕਈ ਥਾਵਾਂ 'ਤੇ ਖਾਣੇ 'ਚ ਕੀੜੇ ਮਿਲਦੇ ਹਨ।" ਜ਼ਿਲ੍ਹੇ ਦੀ ਇਕ ਹੋਰ ਗੈਰ ਸਰਕਾਰੀ ਸੰਸਥਾ ਪੇਂਡੂ ਵਿਕਾਸ ਸੰਸਥਾ ਦੇ ਪ੍ਰਧਾਨ ਅਤਾਉਲਾ ਕਹਿੰਦੇ ਹਨ, "ਆਂਗਣਵਾੜੀ ਕਾਰਕੁੰਨ ਤੋਂ ਲੈ ਕੇ ਵੱਡੇ ਅਫਸਰ ਤੱਕ ਪੌਸ਼ਟਿਕ ਭੋਜਨ ਵੇਚ ਰਹੇ ਹਨ। ਕੁਪੋਸ਼ਣ ਫਿਰ ਕਿਵੇਂ ਦੂਰ ਹੋਊ।" ਅਜਿਹਾ ਹੀ ਮੰਦਾ ਹਾਲ ਸੂਬੇ ਦੀ ਰਾਜਨੀਤੀ ਦੇ ਮਾਹਿਰ ਮੁਲਾਇਮ ਸਿੰਘ ਯਾਦਵ ਦੇ ਰਵਾਇਤੀ ਖੇਤਰ ਮੈਨਪੁਰੀ ਦੀ ਵੀ ਹੈ। ਰੀਪੋਟ ਮੁਤਾਬਕ ਜ਼ਿਲ੍ਹੇ ਦੇ 33.61 ਫੀਸਦੀ ਬੱਚੇ ਉਮਰ ਦੇ ਮੁਕਾਬਲੇ ਘੱਟ ਵਜਨ ਵਾਲੇ ਹਨ। ਇਹਨਾਂ 'ਚੋਂ 10.33 ਫੀਸਦੀ ਬੇਹੱਦ ਕੁਪੋਸ਼ਣ ਸ੍ਰੇਣੀ ਦੇ ਹਨ। ਜਦ ਕਿ 58.32 ਫੀਸਦੀ ਬੱਚੇ ਕੱਦ 'ਚ ਛੋਟੇ ਹਨ। ਇਹਨਾਂ 'ਚ 32.02 ਫੀਸਦੀ ਬੱਚਿਆਂ ਦੇ ਕੱਦ 'ਚ ਵਿਕਾਸ ਬੇਹੱਦ ਘੱਟ ਹੋਇਆ ਹੈ। ਮੈਨਪੁਰੀ ਦੇ ਨਗਰਿਆ, ਨਗਲਾ ਭੰਤ, ਸੰਤਪੁਰ, ਕਿਰਥੂਆ, ਕਥੌਲੀ ਸਮੇਤ ਕਈ ਪਿੰਡਾਂ 'ਚ ਕੁਪੋਸ਼ਿਤ ਬੱਚਿਆਂ ਦੀ ਵੱਡੀ ਤੈਦਾਦ ਹੈ। ਨਗਰਿਆ ਦੀ ਸੁਮਲਤਾ 4 ਸਾਲ ਦੀ ਹੈ ਤੇ ਕੁਪੋਸ਼ਣ ਦਾ ਸ਼ਿਕਾਰ ਹੈ। ਬੀ. ਪੀ. ਐਸ. ਕਾਰਡ ਹੋਲਡਰ ਸੁਮਲਤਾ ਦੇ ਬਾਪ ਰਾਜਵੀਰ ਸਿੰਘ ਕਹਿੰਦੇ ਹਨ "ਪਿੰਡ ਤੋਂ ਤਿੰਨ ਕਿਲੋ ਮੀਟਰ ਦੂਰ ਕਮਿਊਨਟੀ ਹੈਲਥ ਸੈਂਟਰ ਹੈ। ਜਿੱਥੇ ਡਾਕਟਰ ਮਿਲਦਾ ਹੀ ਨਹੀਂ, ਜੇ ਮਿਲ ਵੀ ਜਾਵੇ ਤਾਂ ਦਵਾਈ ਮੁਲ ਵਿਕਦੀ ਹੈ। ਬੁਖਾਰ ਹੋਣ 'ਤੇ ਅਸੀਂ ਮੈਨਪੁਰੀ ਦੇ ਜ਼ਿਲ੍ਹਾ ਹਸਪਤਾਲ ਜਾਂਦੇ ਹਾਂ।" ਰਾਜਵੀਰ ਦਾ ਜਾਬ ਕਾਰਡ ਨਹੀਂ ਬਣਿਆ ਹੈ। ਉਹ ਦਿੱਲੀ 'ਚ ਦਰਜੀ ਦਾ ਕੰਮ ਕਰਦੇ ਹਨ। ਪਿੰਡ ਦੀ ਆਸ਼ਾ ਵਰਕਰ ਪੁਸ਼ਪਾ ਦੇਵੀ ਕਹਿੰਦੀ ਹੈ, "ਔਰਤ ਪੇਟ ਦੇ ਕੀੜੇ ਮਾਰਨ ਦਾ ਦਵਾ ਵੀ ਨਹੀਂ ਖਾਂਦੀਆਂ ਇਸ ਲਈ ਬੱਚੇ ਕੁਪੋਸ਼ਿਤ ਹਨ। ਔਰਤਾਂ ਜਲਦੀ ਜੀ ਕੱਚਾ ਹੋਣ 'ਤੇ ਆਇਰਨ ਦੀ ਗੋਲੀ ਨਹੀਂ ਲੈਂਦੀਆਂ" ਇਕ ਜਮਾਤ 'ਚ ਤਾਂ ਧਾਰਨਾ ਬਣ ਗਈ ਹੈ ਕਿ ਗੋਲੀਆਂ ਨਾਲ ਬੱਚਿਆਂ 'ਚ ਨਿਪੁੰਸਕਤਾ ਆ ਜਾਂਦੀ ਹੈ। ਇਸ ਪਿੰਡ ਦੇ ਸਾਬਕਾ ਸਰਪੰਚ ਰਾਮਰਤਨ ਮੁਤਾਬਕ ਪਿੰਡ 'ਚ 20 ਤੋਂ ਵੱਧ ਕੁਪੋਸ਼ਿਤ ਬੱਚੇ ਹਨ। ਇਸ ਪਾਸੇ ਮੁਲਾਇਮ ਨੇ ਕਦੀ ਧਿਆਨ ਨਹੀਂ ਦਿੱਤਾ। ਪੰਜ ਸਾਲ ਹਿੰਮਾਸ਼ੂ ਦਾ ਵਿਕਾਸ ਨਹੀਂ ਹੋ ਸਕਿਆ ਹੈ। ਸੰਯੁਕਤ ਪ੍ਰੀਵਾਰ ਵਾਲੇ ਹਿੰਮਾਸ਼ੂ ਦੀ ਕਹਾਣੀ ਬੜੀ ਦਿਲਚਸਪ ਹੈ।

ਪਿਤਾ ਰਾਮੂ ਤੇ ਦਾਦਾ ਗਿਰੀਸ਼ ਚੰਦਰ ਦੇ ਨਾਂ ਦੇ ਈ. ਪੀ. ਐਲ. ਕਾਰਡ ਹਨ ਤਾਂ ਚਾਚਾ ਸਤੀਸ਼ ਕੋਲ ਬੀ. ਪੀ. ਐਲ. ਕਾਰਡ। ਹਿਮਾਂਸ਼ੂ ਦੀ ਦਾਦੀ ਸ਼ਾਂਤੀ ਤਿੰਨ ਰਾਸ਼ਣ ਕਾਰਡ ਵਿਖਾਉਂਦਿਆਂ ਕਹਿੰਦੀ ਹੈ "ਇੱਕ ਹੀ ਚੁਲ੍ਹੇ ਤੋਂ ਖਾਣ ਤੇ ਨਾਲ-ਨਾਲ ਰਹਿਣ ਵਾਲੇ ਕੋਈ ਬੀ. ਪੀ. ਐਲ. ਤੇ ਕੋਈ ਏ. ਪੀ ਐਲ. ਜਦ ਕਿ ਪੂਰਾ ਪ੍ਰੀਵਾਰ ਮਜ਼ਦੂਰੀ ਕਰਦਾ ਹੈ" ਇੱਥੇ ਨੰਗਲਾ ਭੰਤ ਪਿੰਡ ਦਾ ਤਿੰਨ ਸਾਲਾ ਸਮੀਰ ਕੁਪੋਸ਼ਣ ਦਾ ਸ਼ਿਕਾਰ ਹੈ। ਪਿਤਾ ਰਜੇਸ਼ ਖੇਤੀ ਕਰਦਾ ਹੈ ਤਾਂ ਮਾਂ ਪੂਨਮ ਨੂੰ ਪੇਂਡ ਸਿਹਤ ਮਿਸ਼ਨ

ਬਾਰੇ ਕੋਈ ਗਿਆਨ ਨਹੀਂ ਹੈ। ਬਲਕਿ ਮੈਨਪੁਰੀ ਤੋਂ ਸਪਾ ਦੇ ਵਿਧਾਨ ਸਭਾ ਉਮੀਦਵਾਰ ਤੇ ਮੁਲਾਇਮ ਦੇ ਚੋਣ ਨੁਮਾਇੰਦੇ ਰਾਜੂ ਯਾਦਵ ਕਹਿੰਦੇ ਹਨ" ਰਾਜ 'ਚ ਜਦ ਸਰਕਾਰ ਸਾਡੀ ਸੀ ਤਾਂ ਅਸੀਂ ਚੁਣ-ਚੁਣ ਕੇ ਬੀ. ਪੀ. ਐਲ. ਕਾਰਡ ਬਣਾਏ ਪਰ ਹੁਣ ਨਹੀਂ ਬਣਦੇ। ਜਦ ਅਨਾਜ ਹੀ ਨਹੀਂ ਮਿਲੂ ਤਾਂ ਕੁਪੋਸ਼ਣ ਕਿਵੇਂ ਦੂਰ ਹੋ ਜਾਊ। ਮੁਲਾਇਮ ਦੇ ਏਜੰਡੇ ਤੇ ਸਿਹਤ ਹੈ ਪਰ ਬਸਪਾ ਸਰਕਾਰ 'ਚ ਸਾਡੇ ਸਾਰੇ ਯਤਨ ਨਾਕਾਮ ਹੋ ਰਹੇ ਹਨ।' ਰੀਪੋਟ ਮੁਤਾਬਕ ਪੀਲੀਭੀਤ 'ਚ 47.26 ਫੀਸਦੀ ਬੱਚੇ ਘਟ ਵਜਨੀ ਤੇ ਕੁਪੋਸ਼ਿਤ ਹਨ। ਇਹਨਾਂ 'ਚ 20.90 ਫੀਸਦੀ ਬੱਚਿਆਂ ਦੀ ਸਥਿਤੀ ਅਤੀ ਗੰਭੀਰ ਹੈ। ਜਦਕਿ ਆਮ ਨਾਲੋਂ ਘੱਟ ਕੱਦ ਵਾਲੇ ਬੱਚਿਆਂ ਦੀ ਗਿਣਤੀ 61.49 ਫੀਸਦੀ ਹੈ। ਇਹਨਾਂ 'ਚੋਂ 38.94 ਫੀਸਦੀ ਅਤੀ ਗੰਭੀਰ ਸ੍ਰੇਣੀ 'ਚ ਆਉਂਦੇ ਹਨ। ਮਰੌਰੀ ਡਵੀਜਨ ਤੋਂ ਵਿਲਗੰਵਾ ਪਿੰਡ ਦਾ ਦੋ ਸਾਲਾ ਰੂਪ ਬਸੰਤ ਕੁਪੋਸ਼ਿਤ ਹੈ, ਪਿਤਾ ਜੀਵਨ ਲਾਲ ਰਿਕਸ਼ਾ ਚਾਲਕ ਹੈ। ਨੇਤਾ ਸਿਰਫ ਵੋਟ ਭਾਲਦੇ ਹਨ, ਬੁਰੇ ਸਮੇਂ 'ਚ ਕੋਈ ਬਾਂਹ ਨਹੀਂ ਫੜਦਾ। ਮਿਡ-ਡੇ-ਮੀਲ, ਸਮੇਤ ਰਾਸ਼ਣ ਦਾ ਫਾਇਦਾ ਇਸ ਦੇ ਸੰਚਾਲਕ ਹੀ ਲੈਂਦੇ ਹਨ। ਸਰਕਾਰ ਨੇ ਕੁਪੋਸ਼ਣ ਦੀ ਪ੍ਰਚਾਰ ਮੁਹਿੰਮ ਲਈ 200 ਕਰੋੜ ਦਾ ਬਜਟ ਬਣਾਇਆ ਹੈ। ਸਰਕਾਰ ਭੁਖ ਦਾ ਹੱਲ ਦਿਖ ਸੁਧਾਰ ਕੇ ਕਰਨਾ ਲੋਚਦੀ ਹੈ। ਰਾਇਬਰੇਲੀ ਦੇ ਭੁਖੇ ਬੱਚੇ ਵਾਜਿਦ ਰੋਹਿਣੀ ਲਈ ਇਸ ਦਾ ਕੋਈ ਮਤਲਬ ਨਹੀਂ ਹੈ।

# ਐਫ-ਵਨ ਰੇਸ ਮੇਹਨਤਕਸ਼ਾਂ ਨਾਲ ਇਕ ਭੱਦਾ ਮਜ਼ਾਕ?

30 ਅਕਤੂਬਰ ਨੂੰ ਹੋਈ ਪਹਿਲੀ ਇੰਡੀਅਨ ਗ੍ਰਾਂ. ਪੀ. ਐਫ.–ਵਨ ਰੇਸ ਦੇਸ਼ ਦੇ ਧਨਾਢ ਵਰਗਾਂ ਦੀ ਆਪਣੀ ਸ਼ਾਨੋਸ਼ੌਕਤ ਤੇ ਜਾਇਦਾਦ ਦਾ ਸ਼ਾਇਦ ਹੁਣ ਤੱਕ ਦਾ ਸਭ ਤੋਂ ਖਰਚੀਲਾ ਤੇ ਵਿਲਾਸਤਾਪੂਰਨ ਮੁਜਾਹਰਾ ਸੀ। 300 ਕਿ ਮੀ. ਪ੍ਰਤੀ ਘੰਟੇ ਦੀ ਰਫਤਾਰ ਨਾਲ ਦੌੜਦੀਆਂ ਕਾਰਾਂ, ਬਾਲੀਵੁਡ ਕ੍ਰਿਕਟ ਜਗਤ ਤੇ ਕਾਰਪੋਰੇਟ ਜਗਤ ਦੀਆਂ ਵੱਡੀਆਂ ਹਸਤੀਆਂ ਦਾ ਘੁੱੜਮੱਸ ਅਤੇ ਦੌੜ ਪਿੱਛੋਂ ਸੰਸਾਰ ਪ੍ਰਸਿੱਧ ਗਾਇਕਾ ਅਤੇ ਨਗਨਤਾ ਤੇ ਅਸ਼ਲੀਲਤਾ ’ਚ ਅਵਾਰਾਗਰਦ ਦੀ ਭੂਮਿਕਾ ਨਿਭਾ ਰਹੀ ਲੇਡੀ ਗਾਗਾ ਦਾ ਗਰਮਾ–ਗਰਮ ਪ੍ਰੋਗ੍ਰਾਮ। ਯਾਨੀ ਕਿ ਇਹ ਸਭ ਕੁਝ ਜਿਸ ਲਈ ਦੇਸ਼ ਦਾ ਨਵਾਂ ਧਨਾਢ ਵਰਗ ਅਤੇ ਮਾਨਸਿਕ ਤੌਰ ’ਤੇ ਉਹਨਾਂ ਦਾ ਗੁਲਾਮ ਮੱਧਵਰਗ ਪਿਘਲਾਇਆ ਜਾਂਦਾ ਹੈ। ਨਾਲ ਹੀ ਦੇਸ਼ ਦੀ ਮੁੱਖਧਾਰਾ ਦੇ ਮੀਡੀਆ ਨੇ ਐਫ–ਵਨ–ਰੇਸ ਦੇ ਸਫਲ ਆਯੋਜਨ ਲਈ ਆਯੋਜਕਾਂ ਤੇ ਉੱਤਰ ਪ੍ਰਦੇਸ਼ ਸਰਕਾਰ ਦੇ ਤਰੀਫਾਂ ਦੇ ਪੁਲ ਬੰਨ੍ਹ ਦਿੱਤੇ ਤਾਂ ਕਿ ਇਸ ਦਾ ਹਸ਼ਰ ਪਿਛਲੇ ਸਾਲ ਹੋਈਆਂ ਕਾਮਨ–ਵੈਲਥ ਖੇਡਾਂ ਵਾਗੂੰ ਨਾ ਹੋ ਜਾਵੇ। ਇਸ ਰੇਸ ਨੂੰ ਵੇਖਣ ਲਈ ਘੱਟੋ–ਘੱਟ ਟਿਕਟ 2500 ਰੁਪਏ ਸੀ ਅਤੇ ਕਾਰਪੋਰੇਟ ਬਾਕਸ ਦੀ ਟਿਕਟ ਤਾਂ 1.25 ਕਰੋੜ ਰੁਪਏ ਤਕ ਸੀ। ਰੇਸ ਨੂੰ ਵੇਖਣ ਲਗਭਗ 95000 ਲੋਕ ਆਏ ਸਨ ਅਤੇ 1.25 ਕਰੋੜ ਵਾਲੀਆਂ ਟਿਕਟਾਂ ਦੀ ਵਿਕਰੀ ਸ਼ੁਰੂ ਹੋਣ ਦੇ ਤਿੰਨ ਘੰਟੇ ਦੇ ਅੰਦਰ ਹੀ ਵਿਕ ਗਈਆਂ ਸਨ। ਦੇਸ਼ ਦੀ ਇਸ ਪਹਿਲ ਐਫ–ਵਨ–ਰੇਸ ਟ੍ਰੈਕ ਦੀ ਉਸਾਰੀ ਮਾਇਆਵਤੀ ਦੇ ਚਹੇਤੇ ਬਿਲਡਰ ਜੇ. ਪੀ. ਗਰੁੱਪ ਨੇ ਕੀਤੀ ਹੈ ਅਤੇ ਇਹ ਉਸ ਦੇ ਪ੍ਰੋਜੈਕਟ ਜੇ. ਪੀ. ਗ੍ਰੀਨ ਸਪੋਰਟਸ ਸਿੱਟੀ ਦਾ ਹਿੱਸਾ ਹੈ। ਇਸ ਗ੍ਰੀਨ ਸਪੋਰਟਸ ਸਿਟੀ ਦਾ ਕੁਲ ਖੇਤਰਫਲ 574 ਏਕੜ ਹੈ। ਇਸ ਟ੍ਰੈਕ ਦਾ ਨਾਂ ਬੁਧਾ ਇੰਟਰਨੈਸ਼ਨਲ ਸਰਕਿਟ ਰੱਖਿਆ ਗਿਆ ਹੈ ਅਤੇ ਇਸ ਦੀ ਉਸਾਰੀ ’ਚ ਕੁਲ 2000 ਕਰੋੜ ਰੁਪਏ ਦਾ ਖਰਚ ਆਇਆ।

ਪਰ ਸੁਆਲ ਇਹ ਉਠਦਾ ਹੈ ਕਿ ਜਿਸ ਦੇਸ਼ ਵਿੱਚ 80 ਫੀਸਦੀ ਅਬਾਦੀ ਢਿੱਡ ਭਰ ਕੇ ਖਾਣ ਲਈ ਜ਼ਰੂਰੀ ਸਾਧਨਾਂ ਦਾ ਜੁਗਾੜ ਵੀ ਬੜੀ ਮੁਸ਼ਕਿਲ ਨਾਲ ਕਰ ਸਕਦੀ ਹੋਵੇ, ਉਥੇ ਭੁਖਿਆਂ, ਨੰਗਿਆਂ, ਬੇਘਰਿਆਂ, ਬੇਰੁਜ਼ਗਾਰਾਂ ਦੀ ਫੌਜ ਦਿਨ–ਬ–ਦਿਨ ਵਿਸ਼ਾਲ ਹੁੰਦੀ ਜਾ ਰਹੀ ਹੋਵੇ। ਉਥੇ ਮੁਠੀਭਰ–ਅਮੀਰਜਾਦਿਆਂ ਦੇ ਵਿਲਾਸਤਾਪੂਰਨ ਮਨਬਦਲਾਅ ਲਈ ਧਨ ਦੀ ਐਸੀ ਬੇਹਿਸਾਬ ਬਰਬਾਦੀ ਕੀ ਦੇਸ਼ ਦੀ ਮੇਹਨਤਕਸ਼ ਗਰੀਬ ਅਬਾਦੀ ਨਾਲ ਕੀਤਾ ਗਿਆ ਇਕ ਨਾਮੁਆਫੀਯੋਗ ਅਪਰਾਧ ਨਹੀਂ ਹੈ? ਅਤੇ ਖਾਸ ਕਰਕੇ ਦਲਿਤ ਵੋਟਾਂ ਨਾਲ ਚੁਣਕੇ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣੀ ਮਾਇਆਵਤੀ, ਜਿਸ ਨੂੰ ਦਲਿਤਾਂ ਦੇ ਇਕ ਉਭਾਰ ਵਜੋਂ ਵੇਖਿਆ ਜਾਂਦਾ ਹੈ; ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਉਹਨਾਂ ਦੀ ਸਰਕਾਰ ਇਹ ਸਭ ਦਲਿਤ ਦੀ ਮੁਕਤੀ ਲਈ ਕਰ ਰਹੀ ਹੈ? ਅਸਲ ’ਚ ਦੇਸ਼ ਦੇ ਜਾਇਦਾਦਾਂ ਦੇ ਮਾਲਕ ਵਰਗਾਂ ਦੇ ਮਨੋਰੰਜਨ ਲਈ ਆਯੋਜਿਤ ਇਸ ਰੇਸ ਦੇ ਟ੍ਰੈਕ ਦੀ ਉਸਾਰੀ ਲਈ ਮਾਇਆਵਤੀ ਸਰਕਾਰ ਨੇ ਕੋਈ ਕਸਰ ਬਾਕੀ ਨਹੀਂ ਛੱਡੀ। ਸਨਅਤੀ ਵਿਕਾਸ ਤੇ ਰੁਜ਼ਗਾਰ ਪੈਦਾ ਕਰਨ ਦੇ ਨਾਂ ਹੇਠ ਇੱਥੇ ਰਹਿਣ ਵਾਲੇ ਕਿਸਾਨਾਂ ਤੋਂ ਬੇਹੱਦ ਸਸਤੇ ਰੇਟਾਂ ’ਤੇ ਜਮੀਨ

ਹੜੱਪ ਕੇ ਜੇ. ਪੀ. ਗਰੁੱਪ ਨੂੰ ਦੇ ਦਿੱਤੇ ਜਾਣਾ, ਇਸ ਨੂੰ ਮਨੋਰੰਜਨ ਟੈਕਸ ਤੋਂ ਪੂਰੀ ਤਰ੍ਹਾਂ ਮੁਕਤ ਕਰ ਦਿੱਤਾ ਜਾਣਾ, ਹਵਾਈ ਅੱਡਿਆਂ ਤੋਂ ਟ੍ਰੈਕ ਨੂੰ ਜੋੜਨ ਵਾਲੀ 6-ਲੇਨ ਹਾਈਵੇ ਦੀ ਉਸਾਰੀ। ਸਾਰਾਂਸ ਇਹ ਹੈ ਕਿ ਮਾਇਆਵਤੀ ਸਰਕਾਰ ਨੇ ਦੇਸੀ ਤੇ ਵਿਦੇਸ਼ੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਨੂੰ ਭਰਮਾਉਣ ਲਈ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਛੱਡੀ। ਜੇ ਪੂਰੇ ਉੱਤਰ ਪ੍ਰਦੇਸ਼ 'ਤੇ ਨਜ਼ਰ ਮਾਰੀ ਜਾਵੇ ਤਾਂ ਇਹ ਗੱਲ ਹੋਰ ਵੀ ਵੱਧ ਸਪੱਸ਼ਟ ਹੋ ਜਾਂਦੀ ਹੈ। ਜਿੱਥੇ 2007-2011 ਦੇ ਦੌਰਾਨ ਇਹ ਉਤਰਪ੍ਰਦੇਸ਼ ਦੀ ਵਿਕਾਸ ਦਰ 7.28 ਫੀਸਦੀ (2010-11) ਦੇ ਦੌਰਾਨ 8.8 ਫੀਸਦੀ ਸੀ, ਇਸ ਤਰ੍ਹਾਂ ਹੀ ਨਵਜਾਤ ਸਿਸ਼ੂਆਂ ਦੀ ਮੌਤ ਦਰ, ਸਾਖਰਤਾ, ਜਨਮ ਦਰ, ਫੀ ਵਿਅਕਤੀ ਆਮਦਨ, ਸਿਹਤ ਸਹੂਲਤਾਂ, ਮੁਢਲੀ ਸਿੱਖਿਆ ਦੇ ਖੇਤਰ 'ਚ ਅਧਿਆਪਕ-ਵਿਦਿਆਰਥੀ ਅਨੁਪਾਤ, ਪਿੰਡਾਂ ਦਾ ਬਿਜਲੀਕਰਣ ਆਦਿ ਅਨੇਕਾਂ ਪੈਮਾਨਿਆਂ 'ਚ ਉਤਰ ਪ੍ਰਦੇਸ਼ ਦੇਸ਼ ਦੇ 16 ਮੁਖ ਸੂਬਿਆਂ ਵਿੱਚੋਂ 13ਵੇਂ ਜਾਂ 14ਵੇਂ ਸਥਾਨ 'ਤੇ ਆਉਂਦਾ ਹੈ। ਦੇਸ਼ 'ਚ ਨਵਜਾਤ ਸਿਸ਼ੂਆਂ ਦੀ ਮੌਤ ਦੀ ਕੁਲ ਗਿਣਤੀ ਦਾ ਲਗਭਗ 25 ਫੀਸਦੀ ਇਕੱਲੇ ਉਤਰ ਪ੍ਰਦੇਸ਼ ਵਿੱਚ ਹੈ। ਭਾਵ ਬਾਕੀ ਦੇਸ਼ ਵਾਗੂੰ ਉਤਰ ਪ੍ਰਦੇਸ਼ 'ਚ ਵੀ ਆਰਥਕ ਵਿਕਾਸ ਦਾ ਇੱਥੋਂ ਦੀ ਆਮ ਜਨਤਾ ਦੇ ਵਿਕਾਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਨਾਲ ਹੀ ਦੇਸੀ-ਵਿਦੇਸ਼ੀ ਸਰਮਾਏਦਾਰਾਂ ਦੀ ਸੇਵਾ 'ਚ ਲੱਗੀ ਮਾਇਆਵਤੀ ਪੂੰਜੀ ਦੀ ਨਿਰਧਾਰਿਤ ਗਤੀ 'ਚ ਆਉਣ ਵਾਲੀਆਂ ਸਾਰੀਆਂ ਔਕੜਾਂ ਨਾਲ ਸਖਤੀ ਨਾਲ ਨਿਬੜਣ ਲਈ ਪੂਰੀ ਤਰ੍ਹਾਂ ਨਾਲ ਕਮਰ ਕਸੀ ਬੈਠੀ ਹੈ। ਇਸ ਸਮੇਂ ਮਾਇਆਵਤੀ ਨੇ ਪੂਰੇ ਦੇਸ਼ ਤੇ ਆਮ ਮੇਹਨਤਕਸ਼ ਕਿਸਾਨ-ਮਜ਼ਦੂਰ ਅਬਾਦੀ ਤੋਂ ਲੈ ਕੇ ਯੂਨੀਵਰਸਿਟੀ ਤੱਕ ਦੇ ਵਿਦਿਆਰਥੀਆਂ ਉਪਰ ਮੌਜ਼ੂਦਾ ਸਮੇਂ ਦੀ ਸਭ ਤੋਂ ਅਤਿਆਚਾਰੀ ਹਕੂਮਤ ਕਾਇਮ ਕੀਤੀ ਹੋਈ ਹੈ। ਅਜਿਹੇ 'ਚ ਦੇਸ਼ ਦੇ ਧਨਾਢ ਲੋਕਾਂ ਦੇ ਮਨੋਰੰਜਨ ਲਈ ਕੀਤੀ ਗਈ ਇਸ ਫਜ਼ੂਲ ਖਰਚੀ ਉਪਰ ਕਹਿਣ ਲਈ ਬਹੁਤਾ ਕੁਝ ਨਹੀਂ ਬਚਦਾ ਹੈ। ਸੰਖੇਪ 'ਚ ਏਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਐਫ-ਵਨ-ਰੇਸ ਇਕ "ਉਭਰਦੇ" ਹੋਏ ਦੇਸ਼ ਦੇ "ਉਭਰਦੇ" ਹੋਏ ਧਨਾਢਾਂ, ਉਹਨਾਂ ਦੇ ਮੀਡੀਆ ਤੇ ਉਹਨਾਂ ਦੀ ਸੇਵਾ 'ਚ ਲੱਗੀ ਸਰਕਾਰ ਵੱਲੋਂ ਦੇਸ਼ ਦੇ ਮੇਹਨਤਕਸ਼ ਲੋਕਾਂ ਤੇ ਗਰੀਬ ਅਬਾਦੀ ਨਾਲ ਕੀਤਾ ਜਾ ਰਿਹਾ ਇਕ ਭੱਦਾ ਮਜ਼ਾਕ ਹੈ।

# ਮੁਨਾਫੇ ਦੀ ਹਵਸ਼ ਦਾ ਸ਼ਿਕਾਰ ਹੁੰਦੇ ਮਜ਼ਦੂਰ

ਪੂੰਜੀ ਕਿਸ ਹੱਦ ਤਕ ਆਦਮਖੋਰ ਤੇ ਮੁਨਾਫੇ ਦੀ ਹਵਸ਼ 'ਚ ਕਿੰਨੀ ਅਤਿਆਚਾਰੀ ਹੋ ਜਾਂਦੀ ਹੈ, ਇਸ ਦੀ ਸਭ ਤੋਂ ਤਾਜ਼ਾ ਉਦਾਹਰਣ ਦਸੰਬਰ 2011 ਮਹੀਨੇ 'ਚ ਪੱਛਮੀ ਬੰਗਾਲ ਸਥਿਤ ਦੱਖਣੀ 24 ਪ੍ਰਗਣਾ ਜ਼ਿਲ੍ਹੇ 'ਚ ਨਕਲੀ ਤੇ ਜ਼ਹਿਰੀਲੀ ਸ਼ਰਾਬ ਪੀਣ ਨਾਲ ਲਗਭਗ 170 ਲੋਕਾਂ ਦੀ ਮੌਤ ਵਜੋਂ ਸਾਹਮਣੇ ਆਈ। ਮ੍ਰਿਤਕਾਂ 'ਚ ਬਹੁਤੇ ਦਿਹਾੜੀਦਾਰ ਮਜ਼ਦੂਰ ਤੇ ਰਿਕਸ਼ੇ ਚਾਲਕ ਸਨ। ਪਿਛਲੇ ਲਗਭਗ ਇਕ ਦਹਾਕੇ 'ਚ ਨਜਾਇਜ਼ ਦੇਸੀ ਸ਼ਰਾਬ ਪੀਣ ਨਾਲ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਲਗਭਗ 850 ਲੋਕਾਂ ਦੀ ਮੌਤ ਹੋਈ ਹੈ। ਦੱਸਣ ਦੀ ਭੋਰਾ ਲੋੜ ਨਹੀਂ ਹੈ ਕਿ ਇਹਨਾਂ ਸਾਰੇ ਹਾਦਸਿਆਂ 'ਚ ਮਰਨ ਵਾਲਿਆਂ 'ਚੋਂ ਬਹੁਤੇ ਲੋਕ ਗਰੀਬ ਤਬਕੇ ਵਿੱਚੋਂ ਹੀ ਸਨ। ਪੱਛਮੀ ਬੰਗਾਲ ਸਰਕਾਰ ਨੇ ਮ੍ਰਿਤਕਾਂ ਦੇ ਪ੍ਰੀਵਾਰਾਂ ਨੂੰ 2 ਲੱਖ ਰੁਪਏ ਮੁਆਵਜੇ ਵਜੋਂ ਦੇਣ ਦਾ ਐਲਾਨ ਕੀਤਾ ਹੈ ਜੋ, ਜਿਵੇਂ ਕਿ ਆਮ ਤੌਰ 'ਤੇ ਹੁੰਦਾ ਹੈ, ਇਹਨਾਂ ਲੋਕਾਂ ਤਕ ਨਹੀਂ ਪੁੱਜਿਆ ਹੈ। ਹਰ ਵਾਰੀ ਵਾਂਗੂੰ ਇਸ ਵਾਰੀ ਵੀ ਬੁਰਜੂਆਂ ਚੁਣਾਵੀ ਪਾਰਟੀਆਂ ਗਰੀਬਾਂ ਦੀ ਮੌਤ 'ਤੇ ਵੀ ਦਲਦਲ ਰਾਜਨੀਤੀ ਕਰਨ ਤੋਂ ਬਾਜ ਨਹੀਂ ਆਉਂਦੀਆਂ। ਤ੍ਰਿਣਮੂਲ ਕਾਂਗਰਸ ਤੇ ਭਾਜਪਾ ਵਿਚਕਾਰ ਦੋਸ਼-ਪ੍ਰਤੀਦੋਸ਼ ਦਾ ਜੋ ਸਿਲਸਿਲਾ ਸ਼ੁਰੂ ਹੋਇਆ, ਉਹ ਰੁਕੇਗਾ ਵੀ ਨਹੀਂ, ਇਸ ਦੀ ਸੰਭਾਵਨਾ ਘੱਟ ਹੀ ਹੈ। ਵੈਸੇ ਵੀ ਇਹਨਾਂ ਸਾਰੀਆਂ ਪਾਰਟੀਆਂ ਕੋਲ ਪਾਰਲੀਮੈਂਟ-ਵਿਧਾਨ ਸਭਾਵਾਂ 'ਚ ਕਰਨ ਲਈ ਬਹੁਤਾ ਕੁਝ ਹੁੰਦਾ ਨਹੀਂ, ਇਸ ਲਈ ਬੜੀ ਬੇਸ਼ਰਮੀ ਦੇ ਨਾਲ ਇਹ ਅਜਿਹੇ ਹਾਦਸਿਆਂ ਨੂੰ ਆਪਣੀ ਰਾਜਨੀਤੀ ਚਮਕਾਉਣ ਲਈ ਸਭ ਤੋਂ ਅੱਛੇ ਮੌਕੇ ਵਜੋਂ ਵੇਖਦੇ ਹਨ। ਇਹ ਅਜਿਹੇ ਸਾਰੇ ਹਾਦਸਿਆਂ ਸਬੰਧੀ ਪ੍ਰਸਾਸ਼ਨ ਖਾਸ ਕਰਕੇ ਅਜਿਹਾ ਨਹੀਂ ਹੈ ਕਿ ਆਬਕਾਰੀ ਵਿਭਾਗ ਤੇ ਪੁਲਸ ਨੂੰ ਇਸ ਇਲਾਕੇ 'ਚ ਹੁੰਦੇ ਨਜਾਇਜ਼ ਸ਼ਰਾਬ ਦੇ ਧੰਦੇ ਸਬੰਧੀ ਜਾਣਕਾਰੀ ਨਹੀਂ ਸੀ ਇਸ ਕਿਸਮ ਦੇ ਸਾਰੇ ਨਜਾਇਜ਼ ਤੇ ਅਪਰਾਧਿਕ ਕਾਰੋਬਾਰ ਤਾਂ ਪ੍ਰਸਾਸ਼ਨ ਤੇ ਪੁਲਸ ਦੀ ਮਿਲੀ ਭੁਗਤ ਨਾਲ ਤੇ ਉਹਨਾਂ ਦੀ ਛੱਤਰ ਛਾਇਆ ਹੇਠ ਵਧਦੇ ਫੁਲਦੇ ਹਨ ਅਤੇ ਅਜਿਹਾ ਵੀ ਨਹੀਂ ਹੈ ਕਿ ਇਸ ਕਿਸਮ ਦੇ ਨਜਾਇਜ਼ ਕਾਰੋਬਾਰ ਤੇ ਅਪਰਾਧ ਪੂੰਜੀਵਾਦ ਲਈ ਅਪਵਾਦ ਜਾਂ ਕੋਈ ਨਵੀਂ ਵਾਰਦਾਤ ਨਹੀਂ ਹੁੰਦੇ। ਅਪਰਾਧ ਤਾਂ ਪੂੰਜੀਵਾਦੀ ਅਰਥਚਾਰੇ ਤੇ ਬੁਰਜੂਆ ਸਮਾਜ ਦਾ ਇਕ ਬੇਹੱਦ ਜ਼ਰੂਰੀ ਅੰਗ ਹੈ। ਇਸ ਵਿਸ਼ੇ ਸਬੰਧੀ "ਪੂੰਜੀ" ਦੇ ਲੇਖਕ ਕਾਰਲ ਮਾਰਕਸ ਦੀ ਇਹ ਮਿਸਾਲ ਕਾਫੀ ਪ੍ਰਸੰਗਿਕ ਹੈ-"ਅਪਰਾਧ ਪੂੰਜੀਵਾਦੀ ਜੀਵਨ ਦੀ ਇਕਸਰਤਾ ਤੇ ਸੁਰੱਖਿਆ ਨੂੰ ਭੰਗ ਕਰਦਾ ਹੈ। ਇਸ ਤਰ੍ਹਾਂ ਇਹ ਉਸ ਨੂੰ ਠਹਿਰਾਅ ਦਾ ਸ਼ਿਕਾਰ ਬਣਨ ਤੋਂ ਰੋਕਦਾ ਹੈ ਅਤੇ ਇਸ ਵਿੱਚ ਕਠਿਨ ਤਣਾਅ ਪੈਦਾ ਕਰਦਾ ਹੈ ਜਿਸ ਬਿਨਾਂ ਮੁਕਾਬਲੇ ਦਾ ਡਰ ਵੀ ਘੱਟ ਪੈ ਜਾਂਦਾ ਹੈ। ਜਿਸ ਤਰ੍ਹਾਂ ਇਹ ਪੈਦਾਵਾਰੀ ਸ਼ਕਤੀਆਂ ਨੂੰ ਪ੍ਰੇਰਿਤ ਕਰਦਾ ਹੈ। ਜਿੱਥੇ ਅਪਰਾਧ ਕਿਰਤ ਦੇ ਬਾਜ਼ਾਰ 'ਚੋਂ ਵਾਧੂ ਅਬਾਦੀ ਦੇ ਇਕ ਹਿੱਸੇ ਨੂੰ ਆਪਣੇ ਨਾਲ ਲਾ ਲੈਂਦਾ ਹੈ ਅਤੇ ਇਸ ਤਰ੍ਹਾਂ ਮਜ਼ਦੂਰਾਂ ਵਿਚਕਾਰ ਮੁਕਾਬਲੇ ਨੂੰ ਘੱਟ ਕਰਦਾ ਹੈ। ਇਸ ਨਿਸ਼ਚਿਤ ਬਿੰਦੂ ਤਕ ਤਾਂ ਕਿ ਮਜ਼ਦੂਰਾਂ ਦੀ ਤਨਖਾਹ ਘੱਟੋ-ਘੱਟ ਹੇਠਾਂ ਡਿੱਗੇ-ਉਥੇ ਅਪਰਾਧ ਵਿਰੁੱਧ ਸੰਘਰਸ਼ ਇਸ ਅਬਾਦੀ ਦੇ ਇਕ ਦੂਜੇ ਹਿੱਸੇ

ਨੂੰ ਆਪਣੇ ਅੰਦਰ ਸ਼ਾਮਲ ਕਰ ਲੈਂਦਾ ਹੈ। ਇਸ ਤਰ੍ਹਾਂ ਅਪਰਾਧੀ ਕੁਦਰਤੀ ਸੰਤੁਲਨਕਾਰੀ ਵਜੋਂ ਸਾਹਮਣੇ ਆਉਂਦਾ ਹੈ ਅਤੇ ਅਨੇਕਾਂ ਲਾਭਦਾਇਕ ਜ਼ਰੂਰੀ ਪੇਸ਼ਿਆਂ ਲਈ ਰਾਹ ਖ੍ਹੋਲ ਦਿੰਦਾ ਹੈ। ਪੈਦਾਵਾਰੀ ਸ਼ਕਤੀਆਂ ਦੇ ਵਿਕਾਸ 'ਤੇ ਅਪਰਾਧ ਦੇ ਅਸਰ ਨੂੰ ਵਿਸਥਾਰ ਨਾਲ ਵੇਖਿਆ ਜਾ ਸਕਦਾ ਹੈ। ਜੇ ਚੋਰ ਨਾ ਹੁੰਦੇ ਤਾਂ ਤਾਲੇ ਕਦੀ ਆਪਣੇ ਮੌਜੂਦਾ ਪੱਧਰ 'ਤੇ ਨਾ ਪਹੁੰਚ ਸਕਦੇ? ਜੇ ਜਾਲ੍ਹ ਸਾਜ ਨਾ ਹੁੰਦੇ ਤਾਂ ਕੀ ਬੈਂਕ ਨੋਟਾਂ ਦੀ ਛਪਵਾਈ ਇਸ ਪੱਧਰ 'ਤੇ ਪਹੁੰਚਦੀ? ਜੇ ਵਪਾਰਕ ਧੋਖਾਧੜੀ ਨਾ ਹੁੰਦੀ ਤਾਂ ਕੀ ਆਮ ਵਪਾਰ 'ਚ ਖੁਰਦਬੀਨਾਂ ਦੀ ਵਰਤੋਂ ਸੰਭਵ ਹੁੰਦੀ? ਕੀ ਵਿਹਾਰਿਕ ਰਸਾਇਣ ਸਾਸ਼ਤਰ ਮਾਲਾਂ 'ਚ ਮਿਲਾਵਟ ਲਈ ਧੰਨਵਾਦੀ ਨਹੀਂ ਹਨ? ਅਪਰਾਧ ਜਾਇਦਾਦ 'ਤੇ ਨਵੇਂ-ਨਵੇਂ ਹਮਲਿਆਂ ਰਾਹੀਂ ਸੁਰਖਿਆ ਦੇ ਨਵੇਂ-ਨਵੇਂ ਤਰੀਕਿਆਂ ਦੀ ਲੋੜ ਪੈਦਾ ਕਰਦਾ ਹੈ ਅਤੇ ਇਸ ਲਈ ਉਸ ਪ੍ਰਕਾਰ ਉਤਪਾਦਕ ਹੈ ਜਿਵੇਂ ਮਸ਼ੀਨ ਦੀ ਕਾਢ ਲਈ ਹੜਤਾਲਾਂ ਤੇ ਜੇ ਅਸੀਂ ਨਿੱਜੀ ਅਪਰਾਧਾਂ ਦੇ ਦਾਇਰੇ ਨੂੰ ਛੱਡ ਦੇਈਏ ਤਾਂ ਵੀ ਕੀ ਬਿਨਾਂ ਕੌਮੀ ਅਪਰਾਧਾਂ ਦੇ ਵਿਸ਼ਵੀ ਬਜ਼ਾਰ ਹੋਂਦ 'ਚ ਆਇਆ ਹੁੰਦਾ? ਬਲਕਿ ਕੀ ਦੇਸ਼ ਵੀ ਪੈਦਾ ਹੋਏ ਹੁੰਦੇ?"

ਇਹ ਸੱਚ ਹੈ ਕਿ ਸਾਡੇ ਦੇਸ਼ ਵਿੱਚ ਕੇਂਦਰੀ ਆਬਕਾਰੀ ਕਾਨੂੰਨ 'ਚ ਅਜਿਹਾ ਕਾਰੋਬਾਰ ਕਰਨ ਵਾਲਿਆਂ ਖਿਲਾਫ ਸਖਤ ਸਜਾ ਤੇ ਭਾਰੀ ਜੁਰਮਾਨਿਆਂ ਦੀ ਵਿਵਸਥਾ ਹੈ। ਪਰ ਅਜਿਹੇ ਕਾਨੂੰਨਾਂ ਦੀ ਗੱਲ ਜਿੰਨੀ ਘੱਟ ਕੀਤੀ ਜਾਵੇ, ਉਨੀ ਅੱਛੀ ਹੈ। ਅਜਿਹੇ ਸਾਰੇ ਖੱਸੀ, ਥੋਥੇ ਤੇ ਖੋਖਲੇ ਕਾਨੂੰਨ ਇਸ ਪ੍ਰਬੰਧ ਦੇ ਵਿਖਾਉਣ ਦੇ ਦੰਦਾਂ ਤੋਂ ਇਲਾਵਾ ਹੋਰ ਕੱਖ ਨਹੀਂ ਹਨ। ਨਜਾਇਜ਼ ਅਪਰਾਧਿਕ ਕਾਰੋਬਾਰਾਂ 'ਚ ਲੱਗੇ ਸਾਰੇ ਲੋਕ ਅਜਿਹੇ ਕਾਨੂੰਨਾਂ ਨੂੰ ਆਪਣੀ ਜ਼ੇਬ 'ਚ ਪਾਕੇ ਘੁੰਮਦੇ ਹਨ। ਇਹੀ ਗੱਲ ਨਜਾਇਜ਼ ਸ਼ਰਾਬ ਦੇ ਕਾਰੋਬਾਰ 'ਤੇ ਵੀ ਲਾਗੂ ਹੁੰਦੀ ਹੈ। ਇਸ ਧੰਦੇ 'ਚ ਲੱਗੇ ਲੋਕ ਘਟ ਲਾਗਤ ਨਾਲ ਵੱਧ ਤੋਂ ਵੱਧ ਮੁਨਾਫਾ ਕਮਾਉਣ ਦੀ ਮੰਸ਼ਾ ਨਾਲ ਅਜਿਹੇ ਰਸਾਇਣਾਂ ਦੀ ਵਰਤੋਂ ਕਰਦੇ ਹਨ ਜੋ ਵੱਧ ਨਸ਼ਾ ਦੇ ਸਕਣ। ਉਹਨਾਂ ਦੀ ਇਹੀ ਮੁਨਾਫੇ ਦੀ ਹਵਸ਼ ਗਰੀਬਾਂ ਦੀ ਮੌਤ ਦਾ ਕਾਰਣ ਬਣਦੀ ਹੈ। ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਇਸ "ਘਟਨਾ" ਨੂੰ ਸਮਾਜਕ ਬੁਰਾਈ ਕਹਿ ਦੇਣਾ ਅਜਿਹੇ ਸਾਰੇ ਹਾਦਸਿਆਂ ਲਈ ਜੋ ਸਰਕਾਰ ਨੂੰ ਜੁਅਬਦੇਹੀ ਬਣਾਉਂਦੇ ਹੈ, ਉਸ ਤੋਂ ਪੱਲਾ ਛੁਡਾਉਣਾ ਹੈ। ਸਾਰੀਆਂ ਅਖਬਾਰਾਂ 'ਚ ਛਪੀਆਂ ਰਿਪੋਰਟਾਂ ਅਨੁਸਾਰ ਇਸ ਹਾਦਸੇ 'ਚ ਜੋ ਕਾਰੋਬਾਰੀ ਦੋਸ਼ੀ ਪਾਇਆ ਗਿਆ ਹੈ। ਉਹ ਪਹਿਲੀ ਖੱਬੇ ਮੋਰਚੇ ਦੀ ਸਰਕਾਰ ਵੇਲੇ ਮਾਕਰਸੀ ਪਾਰਟੀ ਦਾ ਮੈਂਬਰ ਵੀ ਸੀ। ਜਦ ਮਮਤਾ ਬੈਨਰਜੀ ਦੀ ਸਰਕਾਰ ਬਣੀ ਤਾਂ ਉਸ ਨੇ ਤ੍ਰਿਣਮੂਲ ਕਾਂਗਰਸ ਵੱਲ ਪਾਰਟੀ ਬਦਲ ਲਈ। ਤੇ ਮਮਤਾ ਦੀ ਪਾਰਟੀ ਦਾ ਮੈਂਬਰ ਬਣ ਗਿਆ। ਹਕੂਮਤ ਨਾਲ ਨੇੜਤਾ ਦੇ ਆਸਰੇ ਉਹ ਆਪਣੇ ਨਜਾਇਜ਼ ਸ਼ਰਾਬ ਬਣਾਉਣ ਦੇ ਨਾਲ ਇਕ ਆਲੀਸ਼ਾਨ ਹੋਟਲ ਅਤੇ ਕਈ ਰਿਹਾਇਸ਼ੀ ਭਵਨਾਂ ਦਾ ਮਾਲਕ ਵੀ ਬਣ ਗਿਆ। ਸ਼ਹਿਰਾਂ ਤੇ ਪਿੰਡਾਂ 'ਚ ਨਿਰਜਨ ਥਾਵਾਂ 'ਤੇ ਭੱਠੀਆਂ ਲਾਕੇ ਦੇਸੀ ਸ਼ਰਾਬ ਬਣਾਉਣ ਤੇ ਵੇਚਣ ਦਾ ਧੰਦਾ ਬਿਨਾਂ ਕਿਸੇ ਹਕੂਮਤੀ ਤੇ ਪ੍ਰਸਾਸ਼ਕੀ ਮਿਲੀ ਭੁਗਤ ਬਿਨਾਂ ਅਸੰਭਵ ਹੈ। ਇਸ ਲਈ 'ਪੂੰਜੀਵਾਦੀ ਰਾਜਨੀਤੀ 'ਚ ਲਿਪਤ, ਸਾਰੀਆਂ ਬੁਰਜੂਆ ਪਾਰਟੀਆਂ ਨੂੰ ਫਜੂਲ ਦੀ ਬਿਆਨਬਾਜ਼ੀ ਤੋਂ ਪਹਿਲਾਂ ਇਕਵਾਰ ਆਪਣੀ-ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ।

ਸ਼ਰਾਬਖੋਰੀ ਪੂੰਜੀਵਾਦੀ ਸਮਾਜ ਦਾ ਇਕ ਯਥਾਰਥ ਹੈ। ਪਰ ਹਰ ਸਮਾਜਕ ਬੁਰਾਈ ਵਾਗੂੰ ਇਹ ਹਵਾ 'ਚ ਹੀ ਨਹੀਂ ਹੈ। ਸ਼ਰਾਬਖੋਰੀ ਪੂੰਜੀਵਾਦੀ ਜਨਿਤ ਸਮਾਜਕ ਬੁਰਾਈ ਹੈ। ਗਰੀਬ ਜੋ ਮਹਿੰਗੀ ਸ਼ਰਾਬ ਨਹੀਂ ਖਰੀਦ ਸਕਦੇ ਉਹ ਨਜਾਇਜ਼ ਤਰੀਕੇ ਨਾਲ ਤਿਆਰ ਕੀਤੀ ਦੇਸੀ ਸ਼ਰਾਬ ਪੀਂਦੇ ਹਨ ਤੇ ਅਜਿਹੇ ਹਾਦਸਿਆਂ ਦਾ ਸ਼ਿਕਾਰ ਵੀ ਉਹੀ ਬਣਦੇ ਹਨ। ਅਮੀਰੀ-ਗਰੀਬੀ ਦੀ ਖਾਈ ਜੋ ਪੂੰਜੀਵਾਦ ਪੈਦਾ ਕਰਦਾ ਹੈ, ਉਹ ਸਮਾਜ ਨੂੰ ਵੀ ਅਸਰਅੰਦਾਜ ਕਰਦੀ ਹੈ ਇਸ ਲਈ ਖਪਤਕਾਰੀ ਵਸਤੂਆਂ ਤੋਂ ਲੈ ਕੇ ਸੰਗੀਤ ਫ਼ਿਲਮਾਂ ਆਦਿ ਦੇ ਖੇਤਰ 'ਚ ਦੋ ਬਜ਼ਾਰ ਮੌਜੂਦ ਹਨ। ਇਕ ਉਹ ਜਿੱਥੇ ਮਜ਼ਦੂਰ ਦੀ ਕਿਰਤ ਕੌਡੀਆਂ ਦੇ ਭਾਅ ਵਿਕਦੀ ਹੈ ਤੇ ਉਥੇ ਦੀਆਂ ਵਸਤਾਂ 'ਚ ਮਿਲਾਵਟ, ਘਟੀਆਪਣ ਤੇ ਨਕਲੀਪਣ ਹੁੰਦਾ ਹੈ। ਮਹਿੰਗੀ ਅੱਛੀ ਅੰਗ੍ਰੇਜੀ ਬ੍ਰਾਂਡ ਪੀਣ ਨਾਲ ਕੋਈ ਨਹੀਂ ਮਰਦਾ। ਇਸ ਲਈ ਸ਼ਰਾਬਖੋਰੀ 'ਚ ਇਹਨਾਂ ਹਾਦਸਿਆਂ ਦਾ ਕਾਰਨ ਲੱਭਣਾ ਬੇਕਾਰ ਕਸਰਤ ਹੈ। ਜਦ ਤਕ ਪੂੰਜੀਵਾਦ ਦਾ ਅੰਤ ਨਹੀਂ ਹੁੰਦਾ, ਤਦ ਤਕ ਇਸ 'ਚੋਂ ਪੈਦਾ ਹੋਈਆਂ ਸਾਰੀਆਂ ਬੀਮਾਰੀਆਂ ਦਾ ਵੀ ਖਾਤਮਾ ਨਹੀਂ ਹੁੰਦਾ। ਜਿੱਥੇ ਵੀ ਪੂੰਜੀਵਾਦ ਖਤਮ ਹੋਇਆ ਉਥੇ ਸਾਰੀਆਂ ਸਮਾਜਿਕ ਬੁਰਾਈਆਂ ਖਤਮ ਹੋ ਗਈਆਂ। ਕਿਉਂਕਿ ਇਸ ਦਾ ਵਸਤੂਸਤ ਅਧਾਰ ਪੂੰਜੀਵਾਦ 'ਚ ਮੌਜੂਦ ਹੈ।

# ਸਿੱਖਿਆ ਅਧਿਕਾਰ ਦਾ ਛੁਨਛਨਾ?

‘ਸਿੱਖਿਆ ਅਧਿਕਾਰ ਕਾਨੂੰਨ’ ਦੇ 1 ਅਪ੍ਰੈਲ 2010 ’ਚ ਲਾਗੂ ਹੋਣ ਦੇ ਪਹਿਲੇ ਸਾਲ ’ਤੇ ਵਿਚਾਰ ਕਰਨਾ ਜ਼ਰੂਰੀ ਸੀ। ਇਹ ਲੇਖ ਲਿਖਣਾ ਸ਼ੁਰੂ ਹੀ ਕੀਤਾ ਸੀ ਕਿ ਭੁਪਾਲ ਦੀ ਇਕ ਬਸਤੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਅਧਿਆਪਕ ਸੰਮਤੀ ਦੇ ਪ੍ਰਧਾਨ ਦਾ ਫੋਨ ਆਇਆ ਕਿ ਕੀ ਉਕਤ ਕਾਨੂੰਨ ਤਹਿਤ ਬੱਚਿਆਂ ਨੂੰ ਪਹਿਲੀ ਤੋਂ ਅੱਠਵੀਂ ਤੱਕ ਕਿਸੇ ਵੀ ਜਮਾਤ ’ਚ ਦਾਖਲਾ ਲੈਣ ਦਾ ਅਧਿਕਾਰ ਹੈ। ਇਸਦਾ ਜੁਆਬ ਸੀ ਕਿ ਹਾਂ ਕਿ ਪਹਿਲੀ ਤੋਂ ਅੱਠਵੀਂ ਤੱਕ ਕਿਸੇ ਵੀ ਜਮਾਤ ’ਚ ਦਾਖਲ ਹੋਣ ਦਾ ਅਧਿਕਾਰ ਹੈ। ਪੁੱਛਣ ’ਤੇ ਪਤਾ ਲੱਗਿਆ ਕਿ ਬਸਤੀ ਦੇ ਸਰਕਾਰੀ ਸਕੂਲ ’ਚ ਵੱਖ-ਵੱਖ ਜਮਾਤਾਂ ’ਚ ਦੋ ਬੱਚੇ ਪੜ੍ਹਦੇ ਸਨ। ਉਹ ਆਪਣੇ ਬੱਚਿਆਂ ਨੂੰ ਕਿਸੇ ਨਿੱਜੀ ਸਕੂਲ ’ਚ ਉਕਤ ਕਾਨੂੰਨ ਤਹਿਤ ਮੁਫਤ ਸਿੱਖਿਆ ਲਈ ਰਾਖਵੀਆਂ 25 ਫੀਸਦੀ ਸੀਟਾਂ ’ਤੇ ਭਰਤੀ ਕਰਵਾਉਣਾ ਚਾਹੁੰਦੇ ਸਨ। ਹੁਣ ਆਈ ਸਾਹਮਣੇ ਅਸਲੀ ਗੱਲ। ਫੇਰ ਮੈਂ ਉਹਨਾਂ ਨੂੰ ਦੱਸਿਆ ਕਿ ਇਸ ਵਿਵਸਥਾ ਤਹਿਤ ਨਿੱਜੀ ਸਕੂਲਾਂ ’ਚ ਭਰਤੀ ਪਹਿਲੀ ਜਮਾਤ ਤੋਂ ਹੀ ਸ਼ੁਰੂ ਹੋਵੇਗੀ ਵਿੱਚ ਵਿਚਾਲਿਉਂ ਨਹੀਂ ਹੋਣੀ। ਮੈਂ ਸੋਚੀ ਪੈ ਗਿਆ। ਇਹ ਮਹਾਂਪੁਰਸ਼ ਪਿਛਲੇ ਸਾਲ ਗੱਲ ਕਰ ਰਹੇ ਸੀ ਕਿ ਉਹਨਾਂ ਦੀ ਬਸਤੀ ’ਚ ਸਰਕਾਰੀ ਸਕੂਲ ਨੂੰ ਬੇਹਤਰ ਬਣਾਉਣ ਤੇ ਸਰਕਾਰੀ ਮਿਡਲ ਸਕੂਲ (ਜਮਾਤ 6 ਤੋਂ 8 ਤੱਕ) ਖੁਲਵਾਉਣ ਲਈ ਆਮ ਜਨਤਾ ਨੂੰ ਲਾਮਬੰਦ ਕਰਕੇ ਸਰਕਾਰ ’ਤੇ ਜਨਤਕ ਦਬਾਅ ਕਿਵੇਂ ਬਣਾਇਆ ਜਾਵੇ। ਅੱਜ ਗੱਲ ਕਰ ਰਹੇ ਹਨ ਕਿ ਕਿਸ ਤਰ੍ਹਾਂ ਉਹਨਾਂ ਦੇ ਦੋ ਬੱਚੇ ਇਸ ਸਕੂਲ ’ਚੋਂ ਬਾਹਰ ਆ ਸਕਣ। ਇਸ ਦਾ ਰਾਹ ਕਾਨੂੰਨ ਨੇ ਨਿੱਜੀ ਸਕੂਲਾਂ ’ਚ 25 ਫੀਸਦੀ ਸੀਟਾਂ ਵਾਲੀ ਵਿਵਸਥਾ ਹੈ। ਮੀਡੀਆ ਵੀ ਇਹ ਮੰਨਦਾ ਹੈ। ਪੂਰੇ ਸਾਲ ਭਰ ਬਹੁਤੇ ਰਾਜਾਂ ਵਾਂਗੂੰ ਮੱਧ ਪ੍ਰਦੇਸ਼ ਸਰਕਾਰ ਵੀ ਕਾਨੂੰਨ ਦੀ ਨਿਯਮਾਵਲੀ ਅਧਿਸੂਚਿਤ ਕਰਨ ਸਬੰਧੀ ਟਾਲ ਮਟੋਲ ਕਰਦੀ ਰਹੀ ਪਰ ਸਾਲ ਖ਼ਤਮ ਹੋਣ ਤੋਂ 2-3 ਦਿਨ ਪਹਿਲਾਂ ਨੋਟੀਫੀਕੇਸ਼ਨ ਜਾਰੀ ਕਰ ਦਿੱਤਾ। ਅਗਲੇ ਦਿਨ ਅਖਬਾਰ ਨੇ ਖਬਰ ਛਾਪੀ “ਨਿਰਦੇਸ਼ ਜਾਰੀ, ਸਿੱਖਿਆ ਦਾ ਅਧਿਕਾਰ ਨੋਟੀਫੀਕੇਸ਼ਨ ਜਾਰੀ” ਸਕੂਲਾਂ ’ਚ ਹੁਣ 25 ਫੀਸਦੀ ਸੀਟਾਂ ਰਾਖਵੀਆਂ ਅਤੇ ਖਬਰ ਇਸ ਬਿੰਦੂ ’ਤੇ ਕੇਂਦਰਿਤ ਰਹੀ। ਜਿਵੇਂ ਕਿਤੇ ਦੇਸ਼ ਦੇ 6-14 ਸਾਲਾ ਸਮੂਹ ਦੇ 20 ਕਰੋੜ ਬੱਚਿਆਂ ਦਾ ਨਿੱਜੀ ਸਕੂਲਾਂ ’ਚ ਦਾਖਲਾ ਕਿਵੇਂ ਹੋਵੇ। ਇਸ ਮੁੱਦੇ ਤੋਂ ਇਲਾਵਾ ਕਾਨੂੰਨ ’ਚ ਹੋਰ ਕੁਝ ਹੈ ਹੀ ਨਹੀਂ। ਜਮਾਤ ਪਹਿਲੀ ਤੋਂ ਅੱਠਵੀਂ ਤੱਕ ਵਿੱਚ ਕੁਲ ਦਰਜ ਗਿਣਤੀ ਵਿੱਚੋਂ 80 ਫੀਸਦੀ ਬੱਚੇ ਸਰਕਾਰੀ ਜਾਂ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ’ਚ ਦਰਜ ਹਨ। ਸਿਰਫ਼ 20 ਫੀਸਦੀ ਬੱਚੇ ਗੈਰ-ਸਹਾਇਤਾ ਪ੍ਰਾਪਤ ਨਿੱਜੀ ਸਕੂਲਾਂ ਵਿੱਚ ਹਨ।

ਹਕੀਕਤ ਇਸ ਦੇ ਬਾਵਜੂਦ ਇਹ ਹੈ ਕਿ ਪਿਛਲੇ 20 ਸਾਲਾਂ ਦੇ ਵਿਸ਼ਵੀਕਰਨ ਦੌਰਾਨ ਸਰਕਾਰ ਨੇ ਸੰਵਿਧਾਨ ਨੂੰ ਛਿਕੇ ਟੰਗ ਕੇ ਸਿੱਖਿਆ ਦੇ ਨਿੱਜੀਕਰਣ ਤੇ ਵਪਾਰੀਕਰਨ ਵਧਾਉਣ ਵਾਲੀਆਂ ਨਵ-ਉਦਾਰਵਾਦੀ ਨੀਤੀਆਂ ਬੇਲਗਾਮ ਲਾਗੂ ਕੀਤੀਆਂ ਹਨ। ਇਹ ਵਿਡੰਬਨਾ ਹੈ ਕਿ ਸਿੱਖਿਆ ਦੇ ਅਧਿਕਾਰ ਦਾ ਭਰਮ ਪੈਦਾ ਕਰਨ ਵਾਲੇ ਕਾਨੂੰਨ ਦੇ ਅਮਲ ਦੀ ਸਭ ਤੋਂ ਵੱਡੀ ‘ਸਫਲਤਾ’ 25 ਫੀਸਦੀ ਇਸੇ ਵਿਵਸਥਾ

ਨਾਲ ਜੁੜੀ ਹੈ। ਇਸ ਦੇ ਤਿੰਨ ਬਿੰਦੂ ਗਿਣਾਏ ਜਾ ਸਕਦੇ ਹਨ। ਪਹਿਲਾ ਸਰਕਾਰ ਨੇ ਇਸ ਵਿਵਸਥਾ ਰਾਹੀਂ ਆਪਣਾ ਅਸਲੀ ਮਕਸਦ ਦੱਸ ਦਿੱਤਾ ਹੈ ਕਿ ਹੁਣ ਤੋਂ ਗੁਣ ਵੰਣਤਾਪੂਰਨ ਸਿੱਖਿਆ ਸਿਰਫ਼ ਨਿੱਜੀ ਸਕੂਲਾਂ ਵਿੱਚ ਹੀ ਮਿਲ ਸਕੇਗੀ, ਸਰਕਾਰੀ ਸਕੂਲਾਂ ਵਿੱਚ ਨਹੀਂ। ਇਸ ਦਾ ਮਤਲਬ ਸਿਰਫ਼ ਮੁੱਠੀਭਰ ਕੇਂਦਰੀ ਤੇ ਨਵੋਦਿਆ ਸਕੂਲ ਤੇ 11ਵੀਂ ਪੰਜ ਸਾਲਾਂ ਯੋਜਨਾ ਦੇ ਤਹਿਤ ਬਣਾਏ ਜਾ ਰਹੇ 600 ਮਾਡਲ ਸਕੂਲਾਂ ਵਰਗੇ ਸਕੂਲ ਹੀ ਰਹਿਣਗੇ ਜਿਹਨਾਂ ਨੂੰ ਕਾਨੂੰਨ 'ਚ ਉਚ ਸ਼੍ਰੇਣੀ ਦੇ ਸਕੂਲ ਕਿਹਾ ਗਿਆ ਹੈ। ਪਹਿਲੇ ਸਾਲ ਸਰਕਾਰ ਦੀ ਸਭ ਤੋਂ ਵੱਡੀ ਜਿੱਤ ਇਹ ਰਹੀ ਹੈ ਕਿ ਉਕਤ ਨਵ-ਉਦਾਰਵਾਦੀ ਐਲਾਨ ਨੂੰ ਲੋਕਾਂ ਨੇ ਮਜ਼ਬੂਰੀ ਹਿੱਤ ਮੰਨਿਆ ਹੈ। ਦੂਸਰੀ 'ਸਫਲਤਾ' ਹੈ ਕਿ ਹੁਣ ਸਰਕਾਰੀ ਜਨਤਕ ਸਕੂਲ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਅਤੇ ਉਸ 'ਚ ਮੁਫਤ ਤੇ ਗੁਣ ਵੰਣਤਾਪੂਰਨ ਸਿੱਖਿਆ ਦੇ ਸਾਰੇ ਸਰੋਕਾਰ ਤੇ ਸਾਰੀ ਬਹਿਸ ਸਿਰਫ਼ ਰਵਾਇਤੀ ਰਹਿ ਗਈ ਹੈ। ਇਸ ਰਵਾਇਤ ਦੀ ਰਾਜਨੀਤੀ ਨੂੰ ਜਦ ਤੱਕ ਜਿਉਂਦਾ ਰੱਖਿਆ ਜਾਵੇਗਾ। ਤਦ ਤੱਕ ਦਲਿਤਾਂ, ਆਦੀਵਾਸੀਆਂ, ਅਤੀ ਪਿਛੜਿਆਂ, ਘੱਟ ਗਿਣਤੀਆਂ (ਧਾਰਮਿਕ ਤੇ ਭਾਸ਼ਾਈ ਦੋਨੋ), ਅਪਾਹਜਾਂ ਅਤੇ ਦੇਸ਼ ਦੀ 80 ਫੀਸਦੀ ਮੇਹਨਤਕਸ਼ ਜਨਤਾ ਦੇ ਹੋਰ ਵਾਂਝੇ ਵਰਗਾਂ ਦਾ ਸੰਵਿਧਾਨ ਰਾਹੀਂ ਬਰਾਬਰੀ ਤੇ ਸਮਾਜਿਕ ਨਿਆਂ ਹਾਸਲ ਕਰਨ ਤੇ ਦੇਸ਼ ਦੇ ਅਰਥਚਾਰੇ 'ਚ ਬਰਾਬਰ ਦੀ ਹਿੱਸੇਦਾਰੀ ਦਾ ਸਮਾਜਵਾਦੀ ਸੁਪਨਾ ਚਕਨਾਚੂਰ ਨਹੀਂ ਹੋ ਜਾਂਦਾ। ਤੀਜੀ 'ਸਫਲਤਾ' ਇਹ ਹੈ ਕਿ ਜਿੱਥੇ ਜਿੱਥੇ ਇਸ ਕਾਨੂੰਨ ਦੇ ਬਣਨ ਤੱਕ ਆਮ ਲੋਕ ਸਫਲਤਾਪੂਰਵਕ ਗੁਣਵੰਣਤਾ ਦੀ ਜਨਤਕ ਸਿੱਖਿਆ ਦੀ ਲੜਾਈ ਲੜ ਰਹੇ ਸਨ। ਉਹ ਹੁਣ ਇਸ 25 ਫੀਸਦੀ ਦੀ ਵਿਵਸਥਾ ਦੇ ਚੱਕਰ ਵਿੱਚ ਭਰਮ ਜਾਲ 'ਚ ਫਸੇ ਰਹਿਣਗੇ। ਉਹਨਾਂ ਦੀ ਲੜਾਈ ਦਾ ਮੁੱਦਾ ਸਮੂਹਕ ਤੇ ਲੋਕ ਹਿੱਤ ਦੀ ਥਾਂ ਨਿੱਜੀ ਹਿੱਤ ਤੇ ਲਾਲਚ ਤੱਕ ਸਿਮਟ ਜਾਵੇਗਾ। ਇਹੀ ਤਾਂ ਅੱਜ ਕਾਰਪੋਰੇਟ ਪੂੰਜੀ ਤੇ ਬਾਜ਼ਾਰਵਾਦੀ ਯੁੱਗ ਦੀ ਨਵ-ਉਦਾਰਵਾਦੀ ਧਾਰਨਾ ਹੈ ਅਤੇ ਇਹੀ ਤਾਂ ਅੱਜ ਕਾਰਪੋਰੇਟ ਪੂੰਜੀ (ਸਾਮਰਾਜ) ਦੇ ਏਜੰਟ ਰੂਪ 'ਚ ਕੰਮ ਕਰਨ ਵਾਲੀ ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਵੀ ਚਾਹੁੰਦੀ ਹੈ। ਇਸ ਦਾ ਸਬੂਤ ਇਹ ਹੈ ਕਿ ਪਿਛਲੇ ਦਹਾਕੇ 'ਚ ਗੁਆਂਢੀ ਸਕੂਲ 'ਤੇ ਅਧਾਰਤ ਤੇ ਜਨਤਕ ਪੈਸੇ ਤੇ ਟਿਕੀ ਹੋਈ ਪਰ ਵਿਕੇਂਦ੍ਰਿਤ, ਵਿਧਵਤਾਪੂਰਨ ਤੇ ਲੋਕਾਂ ਦੀ ਸਾਂਝੀ ਸ਼ਮੂਲੀਅਤ ਨਾਲ ਚਲਾਈ ਜਾਂਦੀ ਆਮ ਸਕੂਲ ਸਿੱਖਿਆ ਪ੍ਰਣਾਲੀ ਦੇ ਪੱਖ 'ਚ ਜੋ ਲੜਾਈ ਜੋਰ ਫੜ ਰਹੀ ਸੀ ਉਹ ਹੁਣ ਤੇਜੀ ਨਾਲ ਖਿੰਡਣੀ ਸ਼ੁਰੂ ਹੋ ਗਈ ਹੈ। ਇਸ ਦੀ ਥਾਂ ਹੁਣ ਲੋਕ 25 ਫੀਸਦੀ ਦੇ ਲਾਲੀਪਾਪ ਨੂੰ ਹਾਸਲ ਕਰਨ ਲਈ ਆਪਣੇ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ ਦੀ ਪਹਿਲੀ ਜਮਾਤ 'ਚ ਕਮਜ਼ੋਰ ਜਮਾਤ ਦੇ ਸਿਰਫ਼ 18 ਲੱਖ ਬੱਚੇ ਹੀ ਭਰਤੀ ਹੋ ਸਕਣਗੇ ਜੋ ਨਿੱਜੀ ਸਕੂਲ ਪਹਿਲੀ ਜਮਾਤ 'ਚ ਕੁਲ ਦਰਜ ਗਿਣਤੀ (72 ਲੱਖ) ਦਾ 25 ਫੀਸਦੀ ਹੈ। ਜੇ ਇਹ ਛੁਨਛਨਾ (ਲਾਲੀਪਾਪ) ਅਗਲੇ 8 ਸਾਲਾਂ ਤੱਕ ਲਗਾਤਾਰ ਮਿਲਦਾ ਰਿਹਾ ਅਤੇ ਜਮਾਤ 1 ਤੋਂ 8 ਤੱਕ ਲਾਗੂ ਹੋ ਸਕੇਗਾ ਤਾਂ ਇਸ ਦਾ ਜੋ ਵੀ ਫਾਇਦਾ ਉਹ ਕਮਜੋਰ ਜਮਾਤ ਦੇ ਸਿਰਫ਼ 1.36 ਕਰੋੜ ਬੱਚਿਆਂ ਨੂੰ ਹੀ ਮਿਲੇਗਾ। ਪਰ ਅਸੀਂ ਬੇਹਤਰ ਸਿੱਖਿਆ ਪ੍ਰਣਾਲੀ ਦੀ ਲੜਾਈ ਤੋਂ ਭਟਕ ਜਾਵਾਂਗੇ। ਇਹ ਫਾਇਦਾ ਹੈ ਵੀ ਕਿੰਨਾ ਕੁ? ਰਾਜ ਸਰਕਾਰਾਂ ਨਿੱਜੀ ਸਕੂਲਾਂ ਨੂੰ 25 ਫੀਸਦੀ ਵਿਵਸਥਾ ਦੀ ਧਾਰਾ 12 (2) ਦੇ ਤਹਿਤ ਵੱਧ ਤੋਂ ਵੱਧ ਉਸ ਦਰ ਨਾਲ

ਪੂਰਤੀ ਕਰੇਗੀ ਜਿਸ ਦਰ ਨਾਲ ਉਹ ਆਪਣੇ ਰਾਜਾਂ ਦੇ ਸਰਕਾਰੀ ਸਕੂਲਾਂ 'ਤੇ ਖਰਚ ਕਰਦੀ ਹੈ।

ਇਹ ਘਾਟਾ ਪੂਰਤੀ ਜ਼ਿਆਦਾਤਰ ਨਿੱਜੀ ਸਕੂਲਾਂ ਦੀਆਂ ਫੀਸਾਂ ਦੀ ਤਾਕਤਵਰ ਲਾਬੀ ਇਸ ਵਿਵਸਥਾ ਦਾ ਦੱਬ ਕੇ ਵਿਰੋਧ ਕਰ ਰਹੀ ਹੈ ਅਤੇ ਇਸ ਦੇ ਲਈ ਸੁਪਰੀਮ ਕੋਰਟ ਤੱਕ ਵਿੱਚ ਕਈ ਪਟੀਸ਼ਨਾ ਪਾ ਦਿੱਤੀਆਂ ਹਨ। ਵੈਸੇ ਵੀ ਕਈ ਸੁਆਲ ਹਨ ਜਿਹਨਾਂ ਦਾ ਜੁਆਬ ਕਾਨੂੰਨ ਵਿੱਚ ਨਹੀਂ ਹੈ। ਇੱਕ ਨਿੱਜੀ ਸਕੂਲਾਂ 'ਚ ਐਲਾਨੀ ਫੀਸ ਤੋਂ ਇਲਾਵਾ ਵਰਦੀ, ਮਹਿੰਗੀਆਂ ਕਿਤਾਬਾਂ ਤੇ ਸਟੇਸ਼ਨਰੀ, ਸਲੇਬਸ ਤੋਂ ਵੱਖਰੀਆਂ, ਸਰਗਰਮੀਆਂ, ਪਿਕਨਿਕ ਤੇ ਨਾਚ ਗਾਣੇ ਵਰਗੇ ਕਈ ਤਰ੍ਹਾਂ ਤਰ੍ਹਾਂ ਦੇ ਬਹਾਨਿਆਂ ਜੋ ਪੈਸਾ ਬਟੋਰਿਆ ਜਾਂਦਾ ਹੈ। ਉਸ ਦਾ ਭੁਗਤਾਨ ਕੰਮਜੋਰ ਵਰਗ ਦੇ ਬੱਚੇ ਕਿਵੇਂ ਕਰ ਸਕਣਗੇ। ਦੂਜੀ ਗੱਲ ਖਾਂਦੇ ਪੀਂਦੇ ਵਰਗ ਦੇ ਬੱਚਿਆਂ ਵੱਲੋਂ ਇਹਨਾ ਬੱਚਿਆਂ ਨਾਲ ਜੋ ਵਰਤਾਅ ਕੀਤਾ ਜਾਵੇਗਾ ਅਤੇ ਉਸ ਨਾਲ ਇਹਨਾਂ ਵਿੱਚ ਜੋ ਹੀਣ ਭਾਵਨਾ ਪੈਦਾ ਹੋਵੇਗੀ ਉਸ ਦਾ ਕੀ ਹੱਲ ਹੈ? ਤੀਜੀ ਗੱਲ ਅੱਠ ਸਾਲ ਮੁਢਲੀ ਸਿੱਖਿਆ ਪੂਰੀ ਹੋਣ ਪਿੱਛੋਂ ਕਾਨੂੰਨ ਦੀ ਧਾਰਾ 12 ਦਾ ਫਾਇਦਾ ਮਿਲਣਾ ਬੰਦ ਹੋ ਜਾਵੇਗਾ। ਫਿਰ ਇਹ ਬੱਚੇ ਸੜਕਾਂ 'ਤੇ ਆ ਜਾਣਗੇ ਅਤੇ ਜਮਾਤ 9 ਤੋਂ 12 ਦੀ ਮਿਡਲ ਜਮਾਤਾਂ ਦੀ ਸਿੱਖਿਆ ਲਈ ਇਹ ਦਰ-ਦਰ ਦੀਆਂ ਠੋਕਰਾਂ ਖਾਣਗੇ ਕਿਉਂਕਿ ਇਸ ਕਾਨੂੰਨ 'ਚ ਕਮਜੋਰ ਵਰਗ ਦੇ ਬੱਚਿਆਂ ਲਈ ਜਮਾਤ 8 ਵੀਂ ਤੱਕ ਦੀ ਸਿੱਖਿਆ ਨੂੰ ਕਾਫੀ ਮੰਨਿਆ ਗਿਆ ਹੈ। ਉਸ ਪਿੱਛੋਂ ਤਾਂ ਪੜ੍ਹਣ ਦਾ ਅਧਿਕਾਰ ਤਾਂ ਸਿਰਫ਼ ਉਹਨਾਂ ਨੂੰ ਹੀ ਹੈ ਜਿਹਨਾਂ ਦੇ ਮਾਪਿਆਂ ਦੀ ਹੈਸੀਅਤ ਬਜ਼ਾਰ ਦੇ ਭਾਅ ਸਿੱਖਿਆ ਖਰੀਦਣ ਦੀ ਹੈ। ਚਲੋ ਹੁਣ ਦੇਖੀਏ ਕਿ ਇਹ ਕਾਨੂੰਨ ਉਸ ਸਰਕਾਰੀ ਪ੍ਰਣਾਲੀ ਬਾਰੇ ਕੀ ਕਹਿੰਦਾ ਹੈ, ਜਿੱਥੇ 80 ਫੀਸਦੀ ਬੱਚੇ ਪੜ੍ਹਦੇ ਹਨ। ਕੁਲ ਮਿਲਾ ਕੇ ਕਾਨੂੰਨ 'ਚ ਸਕੂਲਾਂ ਲਈ ਜੋ ਮਾਪਦੰਡ ਤੇ ਪੈਮਾਨੇ, ਨਿਰਧਾਰਿਤ ਕੀਤੇ ਗਏ ਹਨ। ਉਹ ਲਗਭਗ ਉਹੀ ਹਨ ਜੋ ਸੰਸਾਰ ਬੈਂਕ ਤੇ ਹੋਰ ਕੌਮਾਂਤਰੀ ਵਿਤੀ ਏਜੰਸੀਆਂ ਦੀ ਤਰਜ 'ਤੇ ਸਰਭ ਸਿੱਖਿਆ ਅਭਿਆਨ 'ਚ 10ਵੀ-11ਵੀ ਯੋਜਨਾਵਾਂ ਦੌਰਾਨ ਲਾਗੂ ਹੋ ਚੁੱਕੇ ਹਨ। ਇਸ ਦਾ ਭਾਵ ਹੈ ਕਿ ਸਰਕਾਰੀ ਸਕੂਲਾਂ ਦੀਆਂ ਨੀਵੀ ਪੱਧਰ ਦੀਆਂ ਸਹੂਲਤਾਂ 'ਚ ਸੁਧਾਰ ਲਈ ਸਰਕਾਰ ਨੂੰ ਕੋਈ ਖਾਸ ਵੱਡੀ ਗਰਾਂਟ ਨਹੀਂ ਦੇਣੀ ਪਵੇਗੀ। ਕਲਪਨਾ ਕਰੋ ਕਿ ਕਾਨੂੰਨ ਦੇ ਉਕਤ ਮਾਪਦੰਡ ਤੇ ਪੈਮਾਨਿਆਂ ਦੀ 100 ਫੀਸਦੀ ਵਰਤੋਂ ਕੁਸ਼ਲਤਾ ਨਾਲ ਅਤੇ ਬਿਨਾਂ ਕਿਸੇ ਭ੍ਰਿਸ਼ਟਾਚਾਰ ਦੇ ਅਮਲ 'ਚ ਲਿਆਂਦੀ ਜਾਂਦੀ ਹੈ ਤਾਂ ਸਕੂਲਾਂ ਦੇ ਹਾਲ ਕੀ ਹੋਣਗੇ? ਸਰਕਾਰੀ ਅੰਕੜਿਆਂ 'ਤੇ ਅਧਾਰਤ ਕੁਝ ਕੁ ਮਿਸਾਲਾਂ ਹੀ ਲਓ। ਅਜਿਹਾ ਹੋਣ 'ਤੇ ਵੀ 67 ਫੀਸਦੀ ਮੁਢਲੇ (ਪ੍ਰਾਇਮਰੀ) ਸਕੂਲਾਂ (ਜਮਾਤ ਪਹਿਲੀ ਤੋਂ ਪੰਜਵੀਂ) ਹਰੇਕ ਜਮਾਤ ਲਈ ਵੱਖਰਾ ਅਧਿਆਪਕ ਜਾਂ ਵੱਖਰਾ ਕਮਰਾ ਨਹੀਂ ਮਿਲੇਗਾ। ਯਾਨੀ ਏਨੇ ਸਕੂਲਾਂ 'ਚ ਅਧਿਆਪਕ ਅੱਜ ਵਾਂਗੂੰ ਇਕ ਹੀ ਕਮਰੇ 'ਚ ਇੱਕ ਤੋਂ ਵੱਧ ਜਮਾਤਾਂ ਨੂੰ ਪੜ੍ਹਾਉਣ ਲਈ ਮਜ਼ਬੂਰ ਹੋਣਗੇ। ਤਿੰਨ ਚੌਥਾਈ ਪ੍ਰਾਇਮਰੀ ਸਕੂਲਾਂ ਵਿੱਚ ਵੱਖਰਾ ਕੋਈ ਹੈਡਮਾਸਟਰ ਨਹੀਂ ਦਿੱਤਾ ਜਾਵੇਗਾ। ਅੱਧੇ ਤੋਂ ਵੱਧ ਮਿਡਲ ਤੇ ਉਤਰ ਪ੍ਰਾਇਮਰੀ ਸਕੂਲਾਂ (ਜਮਾਤ 6 ਤੋਂ 8) 'ਚ ਵੱਖਰਾ ਕੋਈ ਹੈਡਮਾਸਟਰ ਨਹੀਂ ਮਿਲ ਸਕੇਗਾ। ਏਨੇ ਹੀ ਮਿਡਲ ਸਕੂਲਾਂ ਵਿੱਚ ਕਲਾ-ਸੰਗੀਤ, ਸਰੀਰਕ ਸਿੱਖਿਆ 'ਤੇ ਅਮਲੀ ਸਿੱਖਿਆ ਲਈ ਅੰਸ਼ਿਕ ਸਮੇਂ ਵਾਲੇ ਅਧਿਆਪਕ ਦਾ ਵੀ ਪ੍ਰਬੰਦ ਨਹੀਂ ਹੋ ਸਕੇਗਾ।

ਪ੍ਰਾਇਮਰੀ ਸਕੂਲਾਂ ਵਿੱਚ ਤਾਂ ਬੱਚਿਆਂ ਦੇ ਵਿਕਾਸ ਲਈ ਇਹਨਾਂ ਮਹੱਤਵਪੂਰਨ ਵਿਸ਼ਿਆਂ ਨੂੰ ਤਾਂ ਕਾਨੂੰਨ ਨੇ ਲਾਜ਼ਮੀ ਹੀ ਨਹੀਂ ਮੰਨਿਆ ਹੈ। ਅਜਿਹੇ ਵਿਸ਼ੇ ਤਾਂ ਸਿਰਫ਼ ਉਹਨਾਂ ਲਈ ਹਨ ਜਿਹਨਾਂ ਦੀ ਹੈਸੀਅਤ ਇਹਨਾਂ ਦੀ ਬਜ਼ਾਰੂ, ਕੀਮਤ ਦੇਣ ਦੀ ਹੈ। ਸਾਨੂੰ 'ਕੁਝ ਵੀ ਨਾ ਹੋਣ ਤੋਂ ਤਾਂ ਅੱਛਾ ਹੈ' ਵਾਲੀ ਮਾਨਸਿਕਤਾ ਤੋਂ ਬਾਹਰ ਨਿਕਲਣਾ ਹੋਵੇਗਾ। ਨਿਰਸੰਦੇਹ ਇਸ ਕਾਨੂੰਨ ਦੇ ਤਿੰਨ ਮਕਸਦ ਸਾਫ਼ ਹਨ। ਪਹਿਲਾਂ, ਖਾਸ ਉਚ ਸ਼੍ਰੇਣੀ ਦੇ ਸਕੂਲਾਂ ਨੂੰ ਛੱਡ ਕੇ ਬਾਕੀ ਪੂਰੀ ਸਰਕਾਰੀ ਸਕੂਲ ਪ੍ਰਣਾਲੀ ਨੂੰ ਕੌਡੀਆਂ ਦੇ ਭਾਅ ਆਉਣ ਵਾਲੇ ਸਾਲਾਂ 'ਚ ਵੇਚਣਾ ਜਾਂ ਤਹਿਸ ਨਹਿਸ ਕਰਨਾ। ਦੂਜਾ ਇਸ ਤੋਂ ਤਹਿ ਹੈ ਕਿ ਮਹਿੰਗੀ ਸਿੱਖਿਆ ਦਾ ਬਜ਼ਾਰ ਫੈਲਾਉਣ ਦੇ ਰਾਹ ਖੁੱਲ੍ਹ ਜਾਣਗੇ। ਤਦ ਸਕੂਲੀ ਸਿੱਖਿਆ ਦੇ ਨਿੱਜੀਕਰਣ ਤੇ ਵਪਾਰੀਕਰਣ ਦੀ ਰਫ਼ਤਾਰ ਤੇਜ ਹੋ ਜਾਵੇਗੀ ਅਤੇ ਮੇਹਨਤਕਸ਼ ਲੋਕਾਂ ਨੂੰ ਸਿੱਖਿਆ ਦੇ ਅਧਿਕਾਰ ਦੇ ਵਧਦੇ ਅਮਲ 'ਚ ਪੜਾਅਵਾਰ ਵਾਂਝਿਆ ਕੀਤਾ ਜਾਵੇਗਾ।

ਇਹ ਯਕੀਨੀ ਬਣਾਉਣ ਲਈ ਜਨਤਕ-ਨਿੱਜੀ ਸਾਂਝ (ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ) ਦੇ ਤਹਿਤ ਜਨਤਕ ਫੰਡ ਨੂੰ ਪਿਛਲੇ ਦਰਵਾਜੇ ਰਾਹੀਂ ਕਾਰਪੋਰੇਟ ਘਰਾਣਿਆਂ ਤੱਕ ਪਹੁੰਚਾਉਣ ਦੀਆਂ ਕਈ ਨੀਤੀਆਂ (ਜਿਵੇਂ ਸਕੂਲ ਵਾਊਚਰ, ਟੈਕਸ ਮੁਆਫੀ, ਘੱਟ ਦਰਾਂ 'ਤੇ ਵਿਆਜ) ਲਾਗੂ ਹੋ ਰਹੀਆਂ ਹਨ। ਤੀਜਾ ਸੰਵਿਧਾਨ ਦੇ ਤਹਿਤ ਸਿੱਖਿਆ (ਉਚ ਸਿੱਖਿਆ ਸਮੇਤ) ਦੇ ਪ੍ਰਤੀ 'ਸਟੇਟ' (ਸਰਕਾਰ) ਨੂੰ ਉਸ ਦੀ ਜੁਆਬਦੇਹੀ ਤੋਂ ਬਰੀ ਕਰਨਾ ਤਾਂ ਕਿ 'ਸਟੇਟ' ਦੀ ਥਾਂ ਬਾਜ਼ਾਰ ਲੈ ਸਕੇ। ਇਸ ਲਈ ਸਰਕਾਰ ਚੁਪਚਾਪ ਸੰਸਾਰ ਵਪਾਰ ਸੰਸਥਾ-ਗੈਟਸ ਦੀ ਮੇਜ 'ਤੇ ਸਿੱਖਿਆ ਨੂੰ ਵਿਸ਼ਵੀ ਮੰਡੀ 'ਚ ਵਿਕਾਊ ਮਾਲ ਵਜੋਂ ਪੇਸ਼ਕਸ ਕਰ ਚੁੱਕੀ ਹੈ। ਜੇ ਦੇਸ਼ ਦੇ ਲੋਕ ਸਿੱਖਿਆ ਅਧਿਕਾਰ ਕਾਨੂੰਨ ਦੇ ਇਹਨਾਂ ਤਿੰਨ ਮਕਸਦਾਂ ਨੂੰ ਸਮਝ ਲੈਣ ਤਾਂ ਸੰਵਿਧਾਨ ਦੇ ਨਜ਼ਰੀਏ ਨਾਲ ਸੱਚੇ ਸਿੱਖਿਆ ਅਧਿਕਾਰ ਲਈ ਇਕ ਵਿਸ਼ਾਲ ਜਨਤਕ ਲਹਿਰ ਖੜ੍ਹੀ ਕਰਨੀ ਸੰਭਵ ਹੋ ਜਾਵੇਗੀ।

# ਕੀ ਆਨਰ ਕਿਲਿੰਗ- ਇਕ ਗੈਰ ਮਨੁਖੀ ਕਾਨੂੰਨ ਹੈ?

ਪਿਛਲੇ ਕੁਝ ਸਾਲਾਂ ਤੋਂ ਭਾਰਤ ਦੇ ਪ੍ਰਿੰਟ ਤੇ ਇਲੈਕ੍ਰਟਾਨਿਕ ਮੀਡੀਆ 'ਚ 'ਆਨਰ ਕਿਲਿੰਗ' ਦੀ ਚਰਚਾ ਹੁੰਦੀ ਰਹੀ ਹੈ ਅਤੇ ਇਹ ਚਰਚਾ ਅੱਜ ਵੀ ਜਾਰੀ ਹੈ। ਮੀਡੀਆ 'ਚ ਕਦੀ-ਕਦੀ ਤਾਂ ਇਸ ਮੁੱਦੇ 'ਤੇ ਜ਼ੋਰ ਸ਼ੋਰ ਨਾਲ ਚਰਚਾ ਹੁੰਦੀ ਹੈ ਅਤੇ ਕਦੀ ਧੀਮੀ ਆਵਾਜ਼ ਨਾਲ। ਪਰ ਮੀਡੀਆ ਦੀਆਂ ਸੁਰਖੀਆਂ ਤੋਂ ਦੂਰ ਇਜਤ ਦੇ ਨਾਂ ਹੇਠ ਹੋਣ ਵਾਲੇ ਸਾਰੇ ਕਤਲ ਤਾਂ ਮੀਡੀਆ ਦੀਆਂ ਸੁਰਖੀਆਂ ਵਿਚ ਆਉਂਦੇ ਹੀ ਨਹੀਂ। ਬਹੁਤ ਸਾਰੇ ਕਤਲ ਤਾਂ ਆਤਮ ਹੱਤਿਆਵਾਂ ਜਾਂ ਦੁਰਘਟਨਾਵਾਂ ਦਸ ਕੇ ਹੀ ਦਬਾ ਦਿੱਤੇ ਜਾਂਦੇ ਹਨ। 'ਆਨਰ ਕਿਲਿੰਗ' ਜਿਵੇਂ ਕਿ ਅੰਗ੍ਰੇਜ਼ੀ ਦੇ ਇਸ ਨਾਂ ਤੋਂ ਹੀ ਜਾਹਿਰ ਹੈ ਕਿ ਇਜ਼ਤ ਦੀ ਖਾਤਰ ਕਿਸੇ ਦਾ ਕਤਲ। 'ਇੱਜ਼ਤ' ਦੇ ਨਾਂ ਹੇਠ ਭਾਰਤ 'ਚ ਹਰ ਸਾਲ ਲਗਭਗ ਇਕ ਹਜ਼ਾਰ ਨੌਜਵਾਨਾਂ (ਇਹ ਅੰਕੜਾ ਸਰਕਾਰੀ ਹੈ ਪਰ ਅਸਲ ਅੰਕੜਾ ਇਸ ਤੋਂ ਕਿਤੇ ਵੱਧ ਹੈ) ਦੀ ਹੱਤਿਆ ਕੀਤੀ ਜਾਂਦੀ ਹੈ। ਇਹਨਾਂ 'ਨੌਜਵਾਨਾਂ' ਦਾ ਕਸੂਰ ਸਿਰਫ ਏਨਾ ਹੀ ਹੁੰਦਾ ਹੈ ਕਿ ਉਹ ਅਪਣਾ ਜੀਵਨ ਸਾਥੀ ਆਪਣੀ ਮੰਨ ਪਸੰਦ ਦਾ ਚੁਨਣ ਦੀ ਜੁਅਰਤ ਕਰਦੇ ਹਨ। ਪਰ ਪਿਛਾਖੜੀਆਂ ਸਮਾਜਕ ਨੈਤਿਕਤਾ ਦੇ ਅਖੌਤੀ ਠੇਕੇਦਾਰਾਂ ਨੂੰ ਏਨਾ ਵੀ ਹਜ਼ਮ ਨਹੀਂ ਹੁੰਦਾ। ਇਹ ਸਿਰਫ ਸਾਡੇ ਦੇਸ਼ ਵਿਚ ਹੀ ਨਹੀਂ ਹੁੰਦਾ ਬਲਕਿ ਕਿਸੇ ਨਾ ਕਿਸੇ ਰੂਪ 'ਚ ਇਹ ਦੁਨੀਆਂ ਦੇ ਕਈ ਦੇਸ਼ਾਂ ਵਿਚ ਹੁੰਦਾ ਹੈ। ਕਈ ਦੇਸ਼ਾਂ 'ਚ ਇੱਜ਼ਤ ਦੇ ਨਾਂ ਹੇਠ ਹੋਣ ਵਾਲੀਆਂ ਹੱਤਿਆਵਾਂ 'ਚ ਬਹੁਤੀਆਂ ਤਾਂ ਔਰਤਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। 'ਵਿਕੀਪੀਡੀਆ' ਦੇ ਅਨੁਸਾਰ ਅਲਬਾਨੀਆ, ਬੰਗਲਾ ਦੇਸ਼, ਜਰਮਨੀ, ਭਾਰਤ, ਇਰਾਨ, ਇਰਾਕ, ਇਜ਼ਰਾਇਲ, ਜਾਰਡਨ, ਇਟਲੀ, ਮੈਕਸੀਕੋ, ਪਾਕਿਸਤਾਨ, ਤੁਰਕੀ, ਯੁਮਾਂਡਾ ਆਦਿ ਦੇਸ਼ਾਂ 'ਚ ਇੱਜ਼ਤ ਦੇ ਨਾਂ ਹੇਠ ਕਤਲ ਕੀਤੇ ਜਾਂਦੇ ਹਨ। ਅਮਰੀਕੀ, ਕਨੇਡਾ, ਜਰਮਨੀ, ਇਟਲੀ, ਸਵੀਡਨ ਆਦਿ ਅਜੇਹੇ ਦੇਸ਼ ਹਨ ਜਿਹਨਾਂ ਦੇ ਉਚ ਇਤਿਹਾਸਕ ਵਿਕਾਸ ਕਾਰਨ ਇਥੋਂ ਦੇ ਸਮਾਜਕ ਤਾਣੇ-ਬਾਣੇ 'ਚ ਜਮਹੂਰੀ ਮੂਲ-ਮਾਣਤਾਵਾਂ ਤੁਲਨਾਤਮਕ ਰੂਪ ਨਾਲ ਜ਼ਿਆਦਾ ਡੂੰਘੀਆਂ ਰਚੀਆਂ ਮਿਚੀਆਂ ਹਨ ਅਤੇ ਔਰਤ ਅੰਦੋਲਨ ਕਾਰਨ ਔਰਤਾਂ ਦੇ ਸਮਾਜਕ ਤੇ ਰਾਜਸੀ ਜੀਵਨ ਵਿਚ ਫੈਸਲੇ ਲੈਣ ਦੇ ਅਧਿਕਾਰ ਨੂੰ ਲੜ ਕੇ ਹਾਸਲ ਕੀਤਾ ਗਿਆ ਹੈ। ਉਥੇ ਕਿਸੇ ਵੀ ਨਾਗਰਿਕ ਦੀ ਨਿਜਤਾ ਤੇ ਵਿਅਕਤੀਗਤ ਆਜ਼ਾਦੀ ਦੀ ਦੂਸਰੇ ਨਾਗਰਿਕ ਇੱਜ਼ਤ ਕਰਦੇ ਹਨ। ਨੌਜਵਾਨਾਂ ਦੇ ਪਿਆਰ ਤੇ ਸ਼ਾਦੀ ਨਾਲ ਸਬੰਧਤ ਫੈਸਲਿਆਂ ਨੂੰ ਉਥੋਂ ਦੇ ਸਮਾਜਾਂ 'ਚ ਖੁਸ਼ੀ ਮੰਜੂਰ ਕੀਤਾ ਜਾਂਦਾ ਹੈ। ਨੌਜਵਾਨਾਂ ਦਾ ਪਿਆਰ ਤੇ ਵਿਆਹ ਦੇ ਮਾਮਲਿਆਂ 'ਚ ਤੀਜੇ ਬੰਦੇ ਦਾ ਦਖਲ ਪੂਰੀ ਤਰ੍ਹਾਂ ਖਤਮ ਹੋ ਚੁਕਿਆ ਹੈ। 'ਆਰੇਂਜਡ ਮੈਰੇਜ' ਦੀ ਰਿਵਾਜ ਬਹੁਤ ਪਹਿਲਾਂ ਹੀ ਉਥੇ ਇਤਿਹਾਸ ਦੇ ਕੂੜੇਦਾਨ 'ਚ ਪਹੁੰਚ ਚੁੱਕੀ ਹੈ। ਇਸ ਸਮੇਂ ਇਹਨਾਂ ਦੇਸ਼ਾਂ ਵਿਚ 'ਆਨਰ ਕਿਲਿੰਗ' ਦੇ ਕੇਸ ਉਹਨਾਂ ਲੋਕਾਂ ਦੇ ਸਾਹਮਣੇ ਆ ਰਹੇ ਹਨ ਜੋ ਪਿਛਲੇ ਦੇਸ਼ਾਂ ਖਾਸ ਕਰਕੇ ਏਸੀਆਈ ਦੇਸ਼ਾਂ ਤੋਂ ਆ ਕੇ ਇਥੇ ਵਸ ਗਏ ਹਨ। ਆਓ 'ਆਨਰ ਕਿਲਿੰਗ' ਦੀ ਇਸ ਵਿਆਪਕ ਪ੍ਰੀਘਟਨਾ 'ਤੇ ਇਕ ਨਜ਼ਰ ਮਾਰੀਏ। ਨਿਊਯਾਰਕ ਟਾਈਮਜ਼ ਦੀ ਇਕ ਰੀਪੋਟ ਮੁਤਾਬਕ 1991 'ਚ ਇਰਾਕੀ ਕੁਰਦਿਸਤਾਨ 'ਚ 12000 ਤੋਂ ਵੀ ਵੱਧ

ਔਰਤਾਂ ਦੀ ਇੱਜ਼ਤ ਦੇ ਨਾਂ ਹੇਠ ਹੱਤਿਆ ਕੀਤੀ ਗਈ। ਬ੍ਰਿਟੇਨ 'ਚ ਹਰ ਸਾਲ 17000 ਤੋਂ ਵੀ ਵੱਧ ਔਰਤਾਂ ਇਸ ਅਖੌਤੀ ਇੱਜ਼ਤ ਲਈ ਹਿੰਸਾ ਦਾ ਸ਼ਿਕਾਰ ਹੋਈਆਂ ਜਿਸ 'ਚ ਕਈ ਵਾਰੀ ਕਤਲ ਵੀ ਸ਼ਾਮਲ ਹੁੰਦਾ ਹੈ। ਬੀਬੀਸੀ ਦੀ 2005 ਦੀ ਰੀਪੋਟ ਅਨੁਸਾਰ ਪਾਕਿਸਤਾਨ 'ਚ 4000 ਤੋਂ ਵੀ ਵੱਧ ਔਰਤਾਂ 'ਆਨਰ ਕਿਲਿੰਗ' ਦਾ ਸ਼ਿਕਾਰ ਹੋਈਆਂ। ਜਿਥੇ ਇਸ ਨੂੰ 'ਕਾਰੋ ਕਾਰੀ' ਦਾ ਨਾਂ ਹੇਠ ਜਾਣਿਆ ਜਾਂਦਾ ਹੈ। ਇਕ ਔਰਤ ਦੇ 'ਆਨਰ ਕਿਲਿੰਗ' ਦੇ ਸ਼ਿਕਾਰ ਹੋਣ ਦਾ ਕਾਰਨ ਸਿਰਫ ਪਿਆਰ ਹੀ ਨਹੀਂ ਬਲਕਿ ਕਈ ਹੋਰ ਕਾਰਨ 'ਇੱਜ਼ਤ' ਦੀ ਖਾਤਰ ਕਿਸੇ ਦੀ ਜਾਨ ਲੈਣ ਦੇ ਹੱਕਦਾਰ ਹੋ ਜਾਂਦੇ ਹਨ। ਖਾਸ ਕਰਕੇ ਔਰਤਾਂ ਦੀ। ਜਿਵੇਂ ਜੇ ਔਰਤ ਪਤੀ ਤੋਂ ਤੰਗ ਆ ਕੇ ਤਲਾਕ ਚਾਹੁੰਦੀ ਹੈ ਜਾਂ ਕਿਸੇ ਹੋਰ ਮਰਦ ਨਾਲ ਸਬੰਧ ਰਖਦੀ ਹੈ, ਆਦਿ। ਬਹੁਤ ਸਾਰੇ ਕੇਸਾਂ 'ਚ ਤਾਂ ਸਿਰਫ ਸ਼ੱਕ ਦੇ ਆਧਾਰ 'ਤੇ ਹੀ ਉਹਨਾਂ ਦੀ ਹੱਤਿਆ ਨੂੰ ਜਾਇਜ਼ ਮੰਨ ਲਿਆ ਜਾਂਦਾ ਹੈ। ਮਿਸਾਲ ਵਜੋਂ ਜਾਰਡਨ 'ਚ 2007 'ਚ ਇਕ 17 ਸਾਲ ਦੀ ਲੜਕੀ ਨੂੰ ਸਿਰਫ ਇਸ ਲਈ ਮਾਰ ਦਿੱਤਾ ਗਿਆ ਕਿਉਂਕਿ ਕਾਤਲਾਂ ਨੂੰ ਸ਼ੱਕ ਸੀ ਕਿ ਉਸ ਦਾ ਕਿਸੇ ਮਰਦ ਨਾਲ ਪਿਆਰ ਸਬੰਧ ਹੈ।

'ਇੱਜ਼ਤ' ਦੇ ਨਾਂ ਹੇਠ ਕਤਲ ਦਾ ਤਰੀਕਾ ਇਨਾ ਘਿਨੌਣਾ ਤੇ ਭਿਅੰਕਰ ਹੁੰਦਾ ਹੈ ਕਿ ਜਿਹੋ ਜਿਹਾ ਕਿ ਜਾਨਵਰਾਂ ਨਾਲ ਵੀ ਨਹੀਂ ਅਪਣਾਇਆ ਜਾਂਦਾ ਹੋਵੇਗਾ। 'ਦੋਸ਼ੀਆਂ' ਨੂੰ ਪੱਥਰ ਮਾਰ ਕੇ, ਗਲਾ ਦਬਾ ਕੇ, ਗੋਲੀ ਮਾਰ ਕੇ ਤੇ ਜਿੰਦਾ ਸਾੜ ਕੇ ਇਹ ਕਾਤਲ ਆਪਣੀ 'ਇੱਜ਼ਤ' ਦੀ ਰਾਖੀ ਕਰਦੇ ਹਨ। ਆਮ ਤੌਰ 'ਤੇ ਔਰਤਾਂ ਨੂੰ ਏਨਾ ਜ਼ਿਆਦਾ ਪ੍ਰੇਸ਼ਾਨ ਕੀਤਾ ਜਾਂਦਾ ਹੈ ਕਿ ਉਹ ਆਤਮ ਹੱਤਿਆ ਕਰਨ ਲਈ ਮਜ਼ਬੂਰ ਹੋ ਜਾਂਦੀਆਂ ਹਨ। ਭਾਵੇਂ ਇਸ ਖਿਲਾਫ ਵੀ ਕਈ ਕਾਨੂੰਨ ਬਣੇ ਹਨ, ਜੋ ਹੋਰ ਕਨੂੰਨਾਂ ਵਾਗੂੰ ਫ਼ਾਇਲਾਂ ਦੀ ਮਿੱਟੀ ਚੱਟ ਰਹੇ ਹਨ, ਜਿਹਨਾਂ 'ਤੇ ਕੋਈ ਅਮਲ ਨਹੀਂ ਹੁੰਦਾ। ਕਈ ਦੇਸ਼ਾਂ 'ਚ ਤਾਂ ਐਸੇ ਵੀ ਕਾਨੂੰਨ ਹਨ ਜੋ ਹੋਰ ਕਾਨੂੰਨਾਂ ਵਾਗੂੰ ਫ਼ਾਇਲਾਂ 'ਚ ਬੰਦ ਹਨ। ਕਈ ਅਜੇਹੇ ਵੀ ਕਨੂੰਨ ਹਨ ਜੋ 'ਸਨਮਾਨ' ਲਈ ਕੀਤੀਆਂ ਜਾਂਦੀਆਂ ਹੱਤਿਆਵਾਂ ਨੂੰ ਜਾਇਜ਼ ਠਹਿਰਾਉਂਦੇ ਹਨ ਅਤੇ ਕਾਤਲਾਂ ਨੂੰ ਅਜਿਹਾ ਕਰਨ ਦੀ ਖੁਲ੍ਹੀ ਛੁੱਟੀ ਦਿੰਦੇ ਹਨ। ਪਾਕਿਸਤਾਨ 'ਚ 'ਆਨਰ ਕਿਲਿੰਗ' ਲਈ ਸਜ਼ਾ ਹੈ ਪਰ ਅਮਲ 'ਚ ਪੁਲਿਸ ਤੇ ਅਦਾਲਤਾਂ ਸ਼ਰੇਆਮ ਇਸ ਦੀ ਉਲੰਘਣਾ ਕਰਦੀਆਂ ਹਨ। ਜੇ ਕਾਤਲ ਇਹ ਦਾਅਵਾ ਕਰ ਦੇਵੇ ਕਿ ਉਸ ਨੇ ਇਹ ਕਰੂਰਤ 'ਇੱਜ਼ਤ' ਲਈ ਕੀਤੀ ਹੈ ਤਾਂ ਉਹ ਦੋਸ਼ ਮੁਕਤ ਹੋ ਜਾਂਦਾ ਹੈ। ਜ਼ਿਆਦਾਤਰ ਕਾਨੂੰਨ ਅਜੇਹੇ ਹਨ ਜੋ ਪੀੜਤਾਂ ਦੀ ਮਦਦ ਨਾ ਕਰਕੇ ਕਾਤਲਾਂ ਦੀ ਰਾਖੀ ਕਰਦੇ ਹਨ। ਪਾਕਿਸਤਾਨ 'ਚ ਜ਼ਿਆ-ਉਲ-ਹੱਕ ਦੀ ਹਕੂਮਤ ਸਮੇਂ ਬਣੇ ਕਨੂੰਨ ਅਨੁਸਾਰ ਕਾਤਲ ਪੀੜਤ ਦੇ ਰਿਸ਼ਤੇਦਾਰਾਂ ਨੂੰ ਕੁਝ ਮੁਆਵਜਾ ਦੇ ਕੇ ਆਰਾਮ ਨਾਲ ਬਰੀ ਹੋ ਜਾਂਦੇ ਹਨ। ਇਹ ਕਾਨੂੰਨ ਅੱਜ ਵੀ ਪਾਕਿਸਤਾਨ 'ਚ 'ਕਾਰੋ-ਕਾਰੀ' ਨੂੰ ਖੁੱਲੇਆਮ ਹੱਲਾਸ਼ੇਰੀ ਦੇ ਰਿਹਾ ਹੈ। ਬਹੁਤੇ ਕੇਸਾਂ ਵਿਚ ਤਾਂ ਕਾਤਿਲ ਪੀੜਤ ਦਾ ਕਰੀਬੀ ਰਿਸ਼ਤੇਦਾਰ ਹੀ ਹੁੰਦਾ ਹੈ। ਇਸ ਲਈ ਉਸ ਨੂੰ ਮੁਆਫ਼ੀ ਦੇ ਲਈ ਬਿਨ੍ਹਾਂ ਕਿਸੇ ਮੁਆਵਜਾ ਦਿਤੇ ਮੁਕਤੀ ਮਿਲ ਜਾਂਦੀ ਹੈ। ਜਾਰਡਨ ਦੇ ਮੌਜੂਦਾ ਕਾਨੂੰਨ "ਪੈਨਲ ਕੋਡ 304" ਮੁਤਾਬਕ ਜਿਸ ਨੂੰ ਆਪਣੀ ਪਤਨੀ ਜਾਂ ਔਰਤ ਰਿਸ਼ਤੇਦਾਰ ਦੇ 'ਨਜਾਇਜ਼' ਸਬੰਧਾਂ ਦਾ ਪਤਾ ਲੱਗ ਗਿਆ ਹੈ, ਉਹ ਉਸ ਨੂੰ ਮਾਰ ਸਕਦਾ ਹੈ ਜਾਂ ਜ਼ਖਮੀ ਕਰ ਸਕਦਾ ਹੈ ਤੇ ਬਿਨਾਂ ਕਿਸੇ ਸਜ਼ਾ ਦੇ ਖੁਲ੍ਹੇਆਮ

ਘੁੰਮ ਸਕਦਾ ਹੈ। ਸੀਰੀਆਈ ਕਾਨੂੰਨ ਮੁਤਾਬਕ ਵੀ ਜੇ ਕਿਸੇ ਦੀ ਪਤਨੀ, ਭੈਣ ਜਾਂ ਔਰਤ ਰਿਸ਼ਤੇਦਾਰ ਦੇ ਕਿਸੇ ਹੋਰ ਮਰਦ ਨਾਲ ਸਬੰਧ ਹੋਣ ਤਾਂ ਉਹ ਉਸ ਦਾ ਕਤਲ ਕਰਨ ਦਾ ਹੱਕਦਾਰ ਹੈ। ਇਹਨਾਂ ਸਾਰੇ ਦੇਸ਼ਾਂ ਦਾ ਕਾਨੂੰਨ ਮਰਦਾਂ ਨੂੰ ਪਰਿਵਾਰ ਦੀ 'ਇੱਜ਼ਤ' ਦੇ ਨਾਂ ਹੇਠ ਔਰਤਾਂ ਦਾ ਕਤਲ ਦੀ ਹੱਲਾਸ਼ੇਰੀ ਦਿੰਦਾ ਹੈ। ਇਹਨਾਂ ਗੈਰ ਮਨੁੱਖੀ ਕਾਤਲਾਂ ਨੂੰ ਕਨੂੰਨੀ ਸੁਰਖਿਆ ਮਿਲੀ ਹੋਈ ਹੈ। ਜੇ ਕਿਸੇ ਵੀ ਰਿਸ਼ਤੇ 'ਚ ਕੋਈ ਵੀ ਸਮਝਦਾਰ ਵਫ਼ਾਦਾਰ ਨਾ ਹੋਵੇ ਤਾਂ ਦੂਜੇ ਸਾਂਝੀਦਾਰ ਨੂੰ ਉਸ ਨੂੰ ਛੱਡਣ ਦਾ ਹੱਕ ਹਾਸਲ ਹੈ ਪਰ ਵਫ਼ਾਈ ਬੇਵਫ਼ਾਈ ਦੇ ਅਧਾਰ 'ਤੇ ਕੋਈ ਵੀ ਕਿਸੇ ਦੀ ਜਾਨ ਲਵੇ, ਇਹ ਅਸਭਿਅਕ ਸਮਾਜ ਦੀ ਹੀ ਨਿਸ਼ਾਨੀ ਹੋ ਸਕਦੀ ਹੈ।

ਜੋ ਸਮਾਜ ਆਪਣੀ ਨੌਜਵਾਨ ਪੀੜ੍ਹੀ ਨੂੰ ਆਪਣੀ ਜ਼ਿੰਦਗੀ ਬਾਰੇ 'ਚ ਫ਼ੈਸਲਿਆਂ ਦੀ ਇਜ਼ਾਜਤ ਨਹੀਂ ਦਿੰਦਾ, ਜਿਥੇ ਪ੍ਰੀਵਾਰਾਂ 'ਚ ਪੁਰਾਣੀ ਪੀੜ੍ਹੀ ਤੇ ਮਰਦਾਂ ਦੀ ਅਤਿਆਚਾਰੀ ਸੱਤਾ ਅਜੇ ਵੀ ਕਾਇਮ ਹੈ, ਜਿਸ ਸਮਾਜ 'ਚ ਰੂੜੀਆਂ ਰਵਾਇਤਾਂ, ਦੇ ਮਜ਼ਬੂਤ ਬੰਧਨ ਅੱਜ ਵੀ ਕਾਇਮ ਹਨ, ਉਹ ਸਮਾਜ ਪੂੰਜੀਵਾਦ ਦੇ ਹਰ ਤਰ੍ਹਾਂ ਦੇ ਅਨਿਆਂ ਨੂੰ ਮੰਨਣ ਲਈ ਮਜ਼ਬੂਰ ਹਨ। ਦਰਅਸਲ 'ਇੱਜ਼ਤ' ਦੇ ਨਾਂ ਹੇਠ ਕਤਲ ਦੀ ਇਹ ਗ਼ੈਰ ਮਨੁੱਖੀ ਪ੍ਰੀਘਟਨਾ ਉਹਨਾਂ ਹੀ ਦੇਸ਼ਾਂ 'ਚ ਵੱਧ ਹੈ ਜਿਥੇ ਬਿਨ੍ਹਾਂ ਕਿਸੇ ਜਮਹੂਰੀ ਇਨਕਲਾਬੀ ਦੇ ਮੱਠੇ ਸੁਧਾਰਾਂ ਦੀ ਲੜੀਵਾਰ ਅਮਲ ਰਾਹੀਂ ਪੂੰਜੀਵਾਦੀ ਵਿਕਾਸ ਹੋਇਆ ਹੈ। ਉਹਨਾਂ ਦੇਸ਼ਾਂ 'ਚ ਪੂੰਜੀਵਾਦੀ ਪੈਦਾਵਾਰ ਸਬੰਧ ਤਾਂ ਕਾਇਮ ਹੋਏ ਹਨ ਪਰ ਇਹ ਪੂੰਜੀਵਾਦੀ ਯੂਰਪੀ ਦੇਸ਼ਾਂ ਵਾਗੂੰ ਇਥੇ ਜਮਹੂਰੀ ਕਦਰਾਂ ਕੀਮਤਾਂ ਲੈ ਕੇ ਨਹੀਂ ਆਏ। ਸਮਾਜਕ ਸਭਿਆਚਾਰਕ ਧਰਾਤਲ 'ਤੇ ਅੱਜ ਵੀ ਇਥੇ ਜਾਗੀਰੂ ਮੁੱਲਾਂ ਦੀ ਜਕੜ ਬੇਹੱਦ ਮਜ਼ਬੂਤ ਹੈ, ਇਹਨਾਂ ਦੇਸ਼ਾਂ (ਭਾਰਤ ਸਮੇਤ) ਦੇ ਸਮਾਜਕ ਸਭਿਆਚਾਰਕ ਤਾਣੇ-ਬਾਣੇ ਵਿਚ ਗ਼ੈਰ ਜਮਹੂਰੀ ਮੁੱਲ ਡੂੰਘੇ ਰਚੇ-ਮਿਚੇ ਹਨ। ਇਸੇ ਕਾਰਨ ਇਥੇ ਨਿਜੀ ਆਜ਼ਾਦੀ ਤੇ ਨਿਜਤਾ ਵਰਗੀਆਂ ਧਾਰਨਾਵਾਂ ਲਈ ਕੋਈ ਥਾਂ ਨਹੀਂ ਹੈ। ਬੰਦੇ ਦੇ ਜੀਵਨ ਦੇ ਹਰ ਫੈਸਲੇ 'ਚ ਸਮਾਜ ਦਖਲ ਦਿੰਦਾ ਹੈ। ਚਾਹੇ ਉਹ ਪਿਆਰ ਦਾ ਸੁਆਲ ਹੋਵੇ ਜਾਂ ਰੁਜ਼ਗਾਰ ਦਾ ਇਸ ਸਮੱਸਿਆ ਦਾ ਹੱਲਃ- ਮੌਜੂਦਾ ਪੂੰਜੀਵਾਦੀ ਵਿਵਸਥਾ ਦੀ ਮੁਨਿਆਦੀ ਤਬਦੀਲੀ ਦੇ ਨਾਲ ਜੁੜਿਆ ਹੋਇਆ ਹੈ। ਨਿਸਚੈ ਹੀ ਸਾਨੂੰ ਪੂੰਜੀਵਾਦੀ ਦੇ ਅੰਤ ਦੀ ਉਡੀਕ ਨਹੀਂ ਕਰਨੀ ਹੋਵੇਗੀ। ਹੁਣ ਤੋਂ ਹੀ ਜ਼ਬਰਦਸਤ ਸਭਿਆਚਾਰਕ ਪ੍ਰਚਾਰ ਤੇ ਔਰਤਾਂ ਦੀ ਆਜ਼ਾਦੀ ਲਈ ਸੰਘਰਸ਼ ਰਾਹੀਂ ਇਹਨਾਂ ਜਾਲਮ ਰੁਝਾਣ ਖਿਲਾਫ਼ ਸੰਘਰਸ਼ ਕਰਨਾ ਪਵੇਗਾ। ਪਰ ਇਹ ਵੀ ਤਹਿ ਹੈ ਕਿ ਇਹਨਾਂ ਸਮਸਿਆਵਾਂ ਦਾ ਟਿਕਾਊ ਹੱਲ ਇਕ ਅਜੇਹੇ ਸਮਾਜਕ ਆਰਥਕ ਢਾਂਚੇ 'ਚ ਹੀ ਸੰਭਵ ਹੈ ਜੋ ਹਰ ਪ੍ਰਕਾਰ ਨਾਲ ਮਨੁੱਖਾਂ 'ਚ ਲੁੱਟ-ਘਸੁੱਟ ਦੇ ਸਬੰਧਾਂ ਨੂੰ ਅਸੰਭਵ ਬਣਾ ਦੇਵੇ।

# ਕੀ ਹੈ ਵਿਸ਼ਵੀਕਰਣ ਦੀ ਦੁਨੀਆਂ ਦਾ ਭੇਦ?

ਜਾਦੂ ਦੇ ਚਿਰਾਗ ਵਾਗੂੰ ਵਿਗਿਆਨ ਦੀ ਸ਼ਕਤੀ ਨਾਲ ਦੁਨੀਆਂ 'ਚ ਨਵੀਆਂ ਤੋਂ ਨਵੀਆਂ ਤਕਨੀਕਾਂ ਦਾ ਵਿਸਫੋਟ ਹੋਇਆ ਹੈ। ਇਸ ਨੇ ਪੂਰੀ ਦੁਨੀਆਂ ਨੂੰ ਆਪਣੀ ਮੁੱਠੀ 'ਚ ਲੈ ਲਿਆ ਹੈ। ਇਸ ਅਸੀਮਤ ਤਕਨੀਕਾਂ ਨੂੰ ਹਾਸਲ ਕਰਕੇ ਪੂੰਜੀਵਾਦ ਆਪਣੀਆਂ ਸਨਅਤਾਂ ਲਈ ਕੱਚਾ ਮਾਲ, ਊਰਜਾ ਦੇ ਸਰੋਤ ਤੇ ਸ਼ਸਤੀ ਮਜ਼ਦੂਰੀ ਲਈ ਪਾਗਲ ਹੋ ਕੇ ਦੇਸ਼ ਦੀ ਪ੍ਰਭੂਸੱਤਾ ਨੂੰ ਰੌਂਦਦੇ ਹੋਏ ਪੂਰੀ ਦੁਨੀਆਂ ਦੀ ਖਾਕ ਛਾਨਣ ਲੱਗਿਆ। ਸਾਮਰਾਜੀ ਪੂੰਜੀਵਾਦ ਆਪਣੇ ਸਨਅਤੀ ਵਿਕਾਸ ਲਈ ਅਫ਼ਰੀਕਾ ਵਰਗੇ ਪਿਛੜੇ ਅਰਥ ਚਾਰਿਆਂ 'ਤੇ ਨਿਰਭਰ ਰਿਹਾ ਹੈ। ਉਸ ਦਾ ਵਿਕਾਸ ਸ਼ੁਰੂ ਤੋਂ ਹੀ ਪ੍ਰਜੀਵੀ ਹੋ ਕੇ ਹੋਇਆ ਹੈ। ਹੁਣ ਉਹ ਅਜਾਰੇਦਾਰ ਪੂੰਜੀ ਦਾ ਮਾਲਕ ਬਣ ਕੇ ਸਾਮਰਾਜੀ ਬਣ ਚੁਕਿਆ ਹੈ ਅਤੇ ਸੰਸਾਰ ਦੇ ਅਰਥ ਚਾਰੇ 'ਤੇ ਕੰਟਰੋਲ ਕਰਨ ਲੱਗਿਆ ਹੈ।

ਸ਼ੁਰੂ 'ਚ ਯੂਰਪ ਦੇ ਦੇਸ਼ ਬ੍ਰਿਟੇਨ, ਫ੍ਰਾਂਸ, ਜਰਮਨੀ ਆਦਿ ਦੇ ਪਾਸ ਊਰਜਾ ਨਾਲ ਸੰਚਾਲਿਤ ਮਸ਼ੀਨਾਂ ਆ ਜਾਣ 'ਤੇ ਉਦਯੋਗੀਕਰਨ ਲਈ ਦੱਖਣ-ਪੂਰਬ ਏਸ਼ੀਆ, ਅਫ੍ਰੀਕਾ ਤੇ ਦੱਖਣੀ ਅਮਰੀਕਾ ਦੇ ਕੁਦਰਤੀ ਸਾਧਨਾਂ ਦੀ ਲੁੱਟ ਦਾ ਇਕ ਨਵਾਂ ਦੌਰ ਸ਼ੁਰੂ ਹੋਇਆ। ਸਪੇਨ, ਪੁਰਤਗਾਲ ਵਰਗੇ ਦੇਸ਼ਾਂ ਦੇ ਨਾਵਿਕਾਂ ਨਵੀਂ ਦੁਨੀਆਂ ਦੀ ਖੋਜ ਵਿਚ ਲੰਬੀਆਂ ਸਮੁੰਦਰੀ ਯਾਤਰਾਵਾਂ 'ਤੇ ਨਿਕਲ ਪਏ। ਇਹਨਾਂ ਨਾਵਿਕਾਂ ਦੇ ਸਫ਼ਰ 'ਚ ਕੋਲੰਬਸ ਤੇ ਵਾਸਕੋਡੀਗਾਮਾ ਨਵੀਂ ਦੁਨੀਆਂ ਦੀ ਖੋਜ 'ਚ ਮੁਗਲ ਹਕੂਮਤ ਸਮੇਂ ਭਾਰਤ ਆਇਆ ਤਾਂ ਸਪੇਨੀ ਨਾਵਿਕ ਕੋਲੰਬਸ ਰਾਸਤਾ ਭਟਕ ਜਾਣ ਕਰਕੇ ਭਾਰਤ ਦੀ ਬਜਾਏ ਅਕਤੂਬਰ 1942 'ਚ ਵਹਾਮਾ ਸਥਾਨ 'ਤੇ ਪਹੁੰਚ ਗਿਆ। ਜਿਸ ਦੀ ਪਿਛੋਂ ਅਮਰੀਕਾ ਦੇ ਨਾਂ ਹੇਠ ਪਹਿਚਾਣ ਬਣੀ। ਉਸ ਨੂੰ ਭਾਰਤ ਸਮਝ ਕੇ ਉਥੋਂ ਦੇ ਮੂਲ ਨਿਵਾਸੀਆਂ ਨੂੰ ਰੈਡ ਇੰਡੀਅਨ ਕਹਿ ਕੇ ਬੁਲਾਇਆ। ਯੂਰਪ ਦੇ ਨਵ-ਜਾਗਰਣ ਦੇ ਸਮੇਂ ਉਥੋਂ ਦੇ ਦੇਸ਼ਾਂ ਦੇ ਨਾਗਰਿਕਾਂ 'ਚ ਵਪਾਰ ਲਈ ਸਮੁੰਦਰੀ ਸਫ਼ਰ ਰਾਹੀਂ ਨਵੀਂ ਦੁਨੀਆਂ ਦੀਆਂ ਖੋਜਾਂ 'ਚ ਰੁਚੀ ਪੈਦਾ ਹੋਈ ਸੀ। ਉਹਨਾਂ ਨੇ ਪੂਰੀ ਦੁਨੀਆਂ ਦੀ ਖਾਕ ਛਾਣੀ। ਸਪੈਨੀ, ਡਚ, ਫਰਾਂਸੀਸੀ, ਪੁਰਤ ਗਾਲੀ, ਬ੍ਰਿਟੇਨ ਆਦਿ ਨੇ ਕੁਦਰਤੀ ਤੇ ਖਣਿਜ ਦੌਲਤ ਦੀ ਲੁੱਟ ਲਈ ਅਫ਼ਰੀਕਾ, ਦੱਖਣੀ, ਅਮਰੀਕਾ, ਅਸਟ੍ਰੇਲੀਆ ਤੇ ਦੱਖਣ ਪੂਰਬ ਏਸ਼ੀਆ 'ਚ ਆਪਣੀਆਂ-ਆਪਣੀਆਂ ਬਸਤੀਆਂ ਦੀ ਸਥਾਪਨਾ ਕੀਤੀ। ਸਸਤੀ ਮਜ਼ਦੂਰੀ ਲਈ ਲੋਕਾਂ ਨੂੰ ਗੁਲਾਮ ਬਣਾ ਕੇ ਉਹਨਾਂ ਦਾ ਵਪਾਰ ਕੀਤਾ ਜਾਣ ਲੱਗਿਆ। ਕੋਲੰਬਸ ਦੇ ਅਮਰੀਕਾ ਪਹੁੰਚਣ ਦੇ ਪੰਜਾਹ ਸਾਲਾਂ ਦੇ ਅੰਦਰ ਜਿਥੇ ਸਪੇਨ ਨੇ ਮੈਕਸਿਕੋ, ਪੀਰੂ ਤੇ ਵੈਟ ਇੰਡੀਸ ਦੀਪਾਂ 'ਤੇ ਕਬਜ਼ਾ ਕਰ ਲਿਆ ਸੀ, ਉਥੇ ਪੁਰਤਗਾਲ ਨੇ ਬ੍ਰਾਜੀਲ ਨੂੰ ਆਪਣੀ ਬਸਤੀ ਬਣਾਇਆ ਤੇ ਉਥੇ ਉਹਨਾਂ ਨੇ ਸੋਨੇ, ਚਾਂਦੀ, ਤੰਬਾਕੂ ਤੇ ਨੀਲ ਦੇ ਪੱਤੇ ਲਾਏ। ਵੱਡੇ ਪੈਮਾਨੇ 'ਤੇ ਗੰਨੇ ਦੀ ਖੇਤੀ ਸ਼ੁਰੂ ਕੀਤੀ। ਸਰੀਰਕ ਮਜ਼ਦੂਰੀ ਵਾਲੇ ਇਹ ਸਭ ਕੰਮ ਉਥੋਂ ਦੇ ਮੂਲ ਨਿਵਾਸੀਆਂ ਤੋਂ ਕਰਵਾਏ ਗਏ। ਅਮਰੀਕਾ 'ਚ ਸੋਨੇ ਚਾਂਦੀ ਦੇ ਨਾਲ ਵੱਖ-ਵੱਖ ਖਣਿਜ ਪਦਾਰਥਾਂ ਨੂੰ ਧਰਤੀ ਹੇਠੋਂ ਕੱਢਣ ਲਈ ਭਾਰੀ ਮਾਤਰਾ 'ਚ ਪੱਛਮੀ ਅਫ਼ਰੀਕਾ ਤੋਂ ਗੁਲਾਮਾਂ ਦੀ ਬਰਾਮਦ ਸ਼ੁਰੂ ਹੋਈ ਜਿਸ ਦਾ ਪਹਿਲਾ ਜਥਾ 1520 ਈਸਵੀਂ 'ਚ ਅਮਰੀਕਾ ਪਹੁੰਚਿਆ। ਗੁਲਾਮਾਂ ਦਾ ਇਹ ਵਪਾਰ 16ਵੀਂ

ਸਦੀ ਦੌਰਾਨ ਨਿਰੰਤਰ ਵਧਦਾ ਗਿਆ। ਨਵੀਂ ਦੁਨੀਆਂ ਦੇ ਮੋਹਰੀ ਦੇਸ਼ ਅਮਰੀਕਾ ਦੀ ਉਸਾਰੀ ਉਥੋਂ ਦੇ ਮੂਲ ਨਿਵਾਸੀ ਰੈਡ ਇੰਡੀਅਨਾਂ ਅਤੇ ਅਫ਼ਰੀਕਾ ਤੋਂ ਗੁਲਾਮ ਬਣਾ ਕੇ ਲਿਆਂਦੇ ਗਏ ਲੋਕਾਂ ਦੀ ਖ਼ੂਨ-ਪਸੀਨੇ ਨਾਲ ਲਿਬੜੀਆਂ ਲਾਸ਼ਾਂ 'ਤੇ ਕੀਤਾ ਗਿਆ। 'ਅਗਿਆਤ ਅਫ਼ਰੀਕਾ' ਨਾਮਕ ਆਪਣੀ ਰਚਨਾ 'ਚ ਪੇਟ੍ਰਿਸ ਲੁੰਮਬਾ ਨੇ ਅਫਰੀਕਾ ਦੇ ਉਹਨਾਂ ਗੁਲਾਮਾਂ ਸਬੰਧੀ ਲਿਖਿਆ ਹੈ 'ਗੁਲਾਮਾਂ ਦੀ ਲੋੜ ਸਿਰਫ਼ ਚੀਨੀ ਦੇ ਲਈ ਨਹੀਂ ਜਾਂ ਸਿਰਫ਼ ਵੈਸਟ ਇੰਡੀਅਨ ਦੀਪਾਂ ਦੇ ਲਈ ਨਹੀਂ ਸੀ। ਤੰਬਾਕੂ ਤੇ ਪਿੱਛੋਂ ਕਪਾਹ ਦੇ ਬਾਗਬਾਨਾ ਲਈ ਗੁਲਾਮ ਦੇ ਜਥਿਆਂ ਦੀ ਲੋੜ ਸੀ ਅਤੇ 1760 ਤਕ ਵਰਜੀਨੀਆਂ ਦੀ ਚਾਰ ਲੱਖ ਦੀ ਅਬਾਦੀ ਦਾ ਅੱਧਾ ਹਿੱਸਾ ਕ੍ਰੀਤਦਾਸ ਸੀ। ਸਪੇਨੀ, ਪੁਰਤਗਾਲੀ ਤੇ ਫਰਾਂਸੀਸੀ ਉਪ ਨਿਵੇਸ਼ਾਂ ਵਿਚ ਵੀ ਗੁਲਾਮਾਂ ਦੀ ਗਿਣਤੀ 'ਚ ਭਿਅੰਕਰ ਵਾਧਾ ਹੋ ਗਿਆ ਸੀ। 1800 ਈਸਵੀਂ ਤੱਕ ਸਪੇਨੀ ਅਮਰੀਕਾ 'ਚ 'ਸੱਤ ਲੱਖ 76 ਹਜ਼ਾਰ ਅਫ਼੍ਰੀਕੀ ਗੁਲਾਮ ਸਨ। 18ਵੀਂ ਸਦੀ ਦੇ ਉਤਰਾਅ 'ਚ 642000 ਅਫਰੀਕੀ ਗੁਲਾਮ ਬ੍ਰਾਜ਼ੀਲ ਭੇਜੇ ਜਾ ਚੁਕੇ ਸਨ ਅਤੇ 1775 'ਚ ਸਿਰਫ਼ ਫ਼੍ਰਾਂਸੀਸੀ ਦੇ ਵੇਸਟ ਏਜਿਜ 'ਚ 5 ਲੱਖ ਗੁਲਾਮ ਸਨ। ਇਕ ਅਨੁਮਾਨ ਮੁਤਾਬਕ ਅਟਲਾਂਟਿਕ ਦਾਸ ਵਪਾਰ ਦੇ ਅਮਲ 'ਚ ਲਗਭਗ ਡੇਢ ਕਰੋੜ ਗੁਲਾਮ ਸ਼ਾਮਲ ਸਨ। ਲੁਮੁੰਬਾ ਅੱਗੇ ਲਿਖਦੇ ਹਨ ਕਿ "ਦਾਸ ਬਣਾਉਣ ਦਾ ਅਮਲ ਇਕ ਦੁਕਾ ਅਗਵਾ ਦੀਆਂ ਘਟਨਾਵਾਂ ਨਾਲ ਸ਼ੁਰੂ ਹੋਇਆ ਸੀ ਪਰ ਬਹੁਤ ਹੀ ਛੇਤੀ ਇਹ ਜਥੇਬੰਦ ਰੂਪ ਲੈ ਗਿਆ। ਸਤਾਰਵੀਂ ਤੇ ਅਠਾਰਵੀਂ ਸ਼ਤਾਬਦੀ ਦੌਰਾਨ ਇਹ ਵਪਾਰ ਆਪਣੀ ਸਿਖਰ 'ਤੇ ਸੀ ਜਦ ਅੰਗਰੇਜ਼ਾਂ, ਡੱਚਾਂ, ਫਰਾਂਸੀਸੀਆਂ, ਡੇਂਸ, ਪੁਰਤਗਾਲੀਆਂ, ਜਰਮਨਾਂ ਤੇ ਸਵੀਡਨ ਨਿਵਾਸੀਆਂ ਪਾਸ ਪੂਰੇ ਪੱਛਮ ਅਫਰੀਕੀ ਤੱਟ ਤੇ ਲਗਭਗ 50 ਕਿਲੇ ਸਨ ਜਿਥੇ ਅਫਰੀਕਾ ਦੇ ਅੰਦਰੂਨੀ ਇਲਾਕਿਆਂ ਤੋਂ ਗੁਲਾਮ ਲਿਆਂਦੇ ਜਾਂਦੇ ਸਨ। ਇਹਨਾਂ ਕਿਲਿਆਂ ਵਿਚ ਇਹਨਾਂ ਦਾਸਾਂ ਦੀ ਖਰੀਦੋ-ਫਰੋਖਤ ਹੁੰਦੀ ਸੀ ਤੇ ਉਥੋਂ ਹੀ ਇਹ ਸੁਦੂਰ ਅਟਲਾਂਟਿਕ ਦੇ ਪਾਰ ਭੇਜ ਦਿੱਤੇ ਜਾਂਦੇ ਸਨ"। ਉਹਨਾਂ ਦਸਿਆ ਕਿ ਇਸ ਗੁਲਾਮ ਵਪਾਰ ਲਈ ਸਥਾਨਕ ਨਿਵਾਸੀਆਂ ਨੂੰ ਕਿਸ ਤਰ੍ਹਾਂ ਆਪਸ 'ਚ ਲੜਾਇਆ ਗਿਆ। ਉਹ ਲਿਖਦੇ ਹਨ ਕਿ "ਇਸ ਵਪਾਰ ਦੇ ਸਿੱਟੇ ਬੜੇ ਭਿਅੰਕਰ ਸਿੱਧ ਹੋਏ ਅਤੇ ਪੂਰੇ ਅਫਰੀਕਾ 'ਚ ਹਫ਼ੜਾ-ਦਫ਼ੜੀ ਫੈਲ ਗਈ। ਇਕ ਜਨਜਾਤੀ ਦੂਜੇ 'ਤੇ ਹਮਲਾ ਕਰਦੀ ਤੇ ਉਸ ਨੂੰ ਬੰਦੀ ਬਣਾ ਕੇ ਗੁਲਾਮਾਂ ਵਜੋਂ ਗੋਰੇ ਲੋਕਾਂ ਨੂੰ ਸੌਂਪ ਦਿੰਦੀ ਜਿਸ ਤੋਂ ਉਹਨਾਂ ਨੂੰ ਮੁਨਾਫ਼ਾ ਹੁੰਦਾ"। ਇਤਿਹਾਸ ਦੇ ਪੰਨਿਆਂ 'ਤੇ ਅੰਕਿਤ ਇਹਨਾਂ ਠੋਸ ਤੱਥਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਨਅਤੀ ਵਿਕਾਸ ਤੇ ਪੂੰਜੀ ਦਾ ਆਦਿਮ ਵਹਾਅ ਕੁਦਰਤੀ ਸਾਧਨਾਂ ਦੀ ਲੁੱਟ, ਤੇ ਲੱਖਾਂ ਗੁਲਾਮਾਂ ਦੇ ਜਬਰ, ਲੁੱਟ-ਘਸੁੱਟ ਤੇ ਸੋਸ਼ਣ ਨਾਲ ਹੋਇਆ ਹੈ। ਇਸ ਦੀ ਜੜ੍ਹ 'ਚ ਮਨੁੱਖਤਾ ਦੀ ਚੀਕ ਪੁਕਾਰ, ਆਹਾਂ, ਕਰਾਹਾਂ ਨਾਲ ਭਰੀਆਂ ਸੰਵੇਦਨਾਵਾਂ ਦੇ ਲਈ ਕੋਈ ਥਾਂ ਨਹੀਂ ਹੈ। ਬ੍ਰਿਟੇਨ ਨੇ ਭਾਰਤ ਨੂੰ ਆਪਣੀ ਬਸਤੀ ਬਣਾਇਆ ਜਦ ਅੰਗਰੇਜ ਇਥੇ ਆਏ ਸਨ ਤਾਂ ਇਥੇ ਸ਼ਕਤੀਸ਼ਾਲੀ ਮੁਗ਼ਲ ਹਕੂਮਤ ਸੀ। ਪਿੰਡਾਂ ਤੋਂ ਲੈ ਕੇ ਕਸਬਿਆਂ ਤੇ ਸ਼ਹਿਰਾਂ ਤੱਕ ਇਕ ਹਕੂਮਤੀ ਪ੍ਰਬੰਧ ਕਾਇਮ ਸੀ। ਅੱਗੇ ਚੱਲ ਕੇ ਕੇਂਦਰੀ ਹਕੂਮਤੀ ਪ੍ਰਬੰਧ 'ਚ ਬਿਖਰਾਅ ਆਇਆ। ਈਸਟ ਇੰਡੀਆ ਕੰਪਨੀ ਨੇ ਰਾਜਿਆਂ ਨਵਾਬਾਂ ਦੀ ਆਪਸੀ ਰੰਜਸ਼ ਦਾ ਫ਼ਾਇਦਾ ਉਠਾ ਕੇ ਛਲ ਤੇ ਮਾਤ ਦੀ ਖੇਡ ਖੇਡਦਿਆਂ ਕ੍ਰਮਵਾਰ ਆਪਣੇ ਸਾਮਰਾਜ ਦਾ ਵਿਸਥਾਰ ਕਰਦੇ ਗਏ। ਇਸ ਦੌਰ

'ਚ ਉਹਨਾਂ ਨੂੰ 1857 'ਚ ਭਾਰਤ ਵਿਆਪੀ ਲੋਕ ਬਗਾਵਤ ਦਾ ਸਾਹਮਣਾ ਕਰਨਾ ਪਿਆ। ਇਸ ਨੂੰ ਕੁਚਲਣ ਪਿਛੋਂ ਇੰਗਲੈਂਡ ਦੀ ਰਾਣੀ ਨੇ ਇਸ ਨੂੰ ਆਪਣੀ ਬਸਤੀ ਐਲਾਨ ਦਿਤਾ ਅਤੇ 200 ਸਾਲਾਂ ਤਕ ਬੇਰਹਿਮ ਲੁੱਟ ਘਸੁੱਟ ਤੇ ਜਬਰ ਕੀਤਾ। ਦੂਜੀ ਸੰਸਾਰ ਜੰਗ ਪਿਛੋਂ ਬ੍ਰਿਟੇਨ ਸਾਰੇ ਪਾਸਿਆਂ ਤੋਂ ਕੰਮਜ਼ੋਰ ਹੋ ਗਿਆ। ਇਸ ਲਈ ਅੰਗਰੇਜਾਂ ਨੇ ਭਾਰਤ 'ਤੇ ਸਿੱਧੀ ਹਕੂਮਤ ਕਰਨੀ ਛੱਡ ਦਿੱਤੀ ਤੇ ਸੱਤਾ ਤਬਦੀਲੀ ਕਰ ਦਿੱਤੀ। ਉਸ ਪਿਛੋਂ ਉਹਨਾਂ ਨੇ ਅਮਰੀਕਾ ਵਰਗੀਆਂ ਹੋਰ ਸਾਮਰਾਜੀ ਸ਼ਕਤੀਆਂ ਨਾਲ ਮਿਲ ਕੇ ਇਸ ਦੇਸ਼ ਨੂੰ ਆਪਣੀ ਨਵੀਂ ਬਸਤੀ ਬਣਾ ਕੇ ਲੁੱਟ ਕਰਨੀ ਸ਼ੁਰੂ ਕਰ ਦਿੱਤੀ।

1947 'ਚ ਅੰਗਰੇਜਾਂ ਵਲੋਂ ਸੱਤਾ ਤਬਦੀਲੀ ਪਿਛੋਂ ਉਸ ਵੇਲੇ ਦੇ ਦੇਸ਼ ਪ੍ਰਧਾਨ ਮੰਤਰੀ ਜਵਾਹਰ ਨਾਲ ਨਹਿਰੂ ਨਾਲ ਮਿਲ ਕੇ ਦੇਸ਼ ਦੇ ਵਿਕਾਸ ਦਾ ਜੋ ਮਾਡਲ ਅਪਣਾਇਆ ਗਿਆ ਉਸ ਲਈ ਪੂੰਜੀ ਤੇ ਤਕਨੀਕ ਦੀ ਲੋੜ ਸੀ ਜਿਸ ਦੀ ਦੇਸ਼ 'ਚ ਬਹੁਤ ਘਾਟ ਸੀ। ਇਸ ਲਈ ਅਮਰੀਕਾ, ਇੰਗਲੈਂਡ, ਜਰਮਨ ਤੇ ਹੋਰ ਸਾਮਰਾਜੀ ਦੇਸ਼ਾਂ ਤੋਂ ਉਚੀ ਵਿਆਜ ਦਰ 'ਤੇ ਕਰਜਾ ਲਿਆ ਗਿਆ। ਇਸ ਤਰ੍ਹਾਂ ਪੂੰਜੀ ਤੇ ਤਕਨਾਲੋਜੀ ਦੀ ਵਿਵਸਥਾ ਕੀਤੀ ਗਈ। ਸਨਅਤੀ ਕਰਨ ਦਾ ਬੁਨਿਆਦੀ ਢਾਂਚਾ ਖੜ੍ਹਾ ਕਰਦੇ-ਕਰਦੇ ਦੇਸ਼ ਏਨਾ ਜ਼ਿਆਦਾ ਕਰਜੇ 'ਚ ਡੁੱਬ ਗਿਆ ਕਿ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਦੇ ਹਕੂਮਤੀ ਅਰਸੇ 'ਚ ਦਰਾਮਦ ਸਾਮਗਰੀ ਦੇ ਭੁਗਤਾਨ ਲਈ ਰਿਜ਼ਰਵ ਬੈਂਕ 'ਚ ਸਿਰਫ਼ ਇਕ ਹਫ਼ਤੇ ਲਈ ਹੀ ਵਿਦੇਸ਼ੀ ਕਰੰਸੀ ਬਾਕੀ ਰਹਿ ਗਈ, ਪ੍ਰਬੰਧਕੀ ਖਰਚਿਆਂ ਨੂੰ ਚਲਾਉਣਾ ਔਖਾ ਹੋ ਗਿਆ ਅਤੇ ਦੇਸ਼ ਦੀ ਸ਼ਾਖ ਏਨੀ ਡਿੱਗ ਪਈ ਕਰਜਾ ਦਾਤਾ ਪੱਛਮੀ ਦੇਸ਼ਾਂ ਸੰਸਾਰ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ ਨੇ ਹੋਰ ਕਰਜਾ ਦੇਣ ਤੋਂ ਮਨਾ ਕਰ ਦਿੱਤਾ। ਦੇਸ਼ ਦਾ ਅਰਥ ਚਾਰਾ ਦਿਵਾਲੀਆਂ ਹੋਣ ਕੰਡੇ ਪੁੱਜ ਗਿਆ ਤਾ ਅਜੇਹੇ ਭਿਆਨਕ ਆਰਥਕ ਸੰਕਟ ਦੇ ਸਮੇਂ ਹਜ਼ਾਰਾਂ ਟਨ ਸੋਨਾ ਗਹਿਣੇ ਰਖ ਕੇ ਵਿਦੇਸ਼ੀ ਕਰੰਸੀ ਦਾ ਜੁਗਾੜ ਕੀਤਾ ਗਿਆ। ਸੰਨ 1990 ਪਿਛੋਂ ਦੁਨੀਆਂ ਦੀ ਹਾਲਤ ਤੇਜ਼ੀ ਨਾਲ ਬਦਲੀ। ਅਮਰੀਕੀ ਸਾਮਰਾਜ ਦੀ ਮੁਕਾਬਲੇ ਦੀ ਮਹਾਂਸ਼ਕਤੀ ਸੋਵੀਅਤ ਸਮਾਜਕ ਸਾਮਰਾਜਵਾਦ ਆਪਣੇ ਅੰਦਰੂਨੀ ਵਿਰੋਧਾਂ ਕਾਰਨ ਟੁੱਟ ਕੇ ਪੰਦਰਾਂ ਟੁਕੜਿਆਂ 'ਚ ਤਬਦੀਲ ਹੋ ਗਿਆ। ਅਜੇਹੇ 'ਚ ਅਮਰੀਕਾ ਖੁਦ ਨੂੰ ਇਕੋ ਇਕ ਮਹਾਂਸ਼ਕਤੀ ਵਜੋਂ ਵੇਖਣ ਲੱਗਿਆ ਉਸ ਨੇ ਇਕਵੀਂ ਸਦੀ ਨੂੰ ਅਮਰੀਕੀ ਸਦੀ ਹੋਣ ਦਾ ਐਲਾਨ ਕਰ ਦਿੱਤਾ। ਤਦ ਤਕ ਕੰਪਿਊਟਰ, ਇੰਟਰਨੈੱਟ ਆਦਿ ਰਾਹੀਂ ਸੂਚਨਾਂ ਤਕਨੋਲੋਜੀ ਆਪਣੀ ਪੈਂਠ ਪੂਰੀ ਦੁਨੀਆਂ 'ਚ ਜਮ੍ਹਾਂ ਚੁੱਕੀ ਸੀ। ਦੂਜੀ ਸੰਸਾਰ ਜੰਗ ਪਿਛੋਂ ਸਾਮਰਾਜੀ ਸ਼ਕਤੀਆਂ ਨੇ ਸਿੱਧੀ ਬਸਤੀਵਾਦੀ ਹਕੂਮਤ ਦੀ ਥਾਂ ਪੂੰਜੀ, ਤਕਨੀਕ ਤੇ ਬਾਜ਼ਾਰ ਦੇ ਦਮ 'ਤੇ ਅਸਿੱਧੀ ਲੁੱਟ-ਘਸੁੱਟ ਦਾ ਨਵ-ਬਸਤੀਵਾਦੀ ਤਰੀਕਾ ਅਪਣਾਇਆ ਸੀ। ਉਪ ਗ੍ਰਹਿ ਰਾਹੀਂ ਚਲਦੀ ਕੌਮਾਂਤਰੀ ਦੂਰ ਸੰਚਾਰ ਤਕਨੋਲੋਜੀ ਨੇ ਨਵ-ਬਸਤੀਆਂ 'ਤੇ ਕੰਟਰੋਲ ਸੌਖਾ ਕਰ ਦਿੱਤਾ। ਅਜੇਹੀਆਂ ਹਾਲਤਾਂ 'ਚ ਸੰਸਾਰ ਬੈਂਕ ਤੇ ਆਈ.ਐਮ.ਐਫ ਵਰਗੀਆਂ ਸਾਮਰਾਜੀ ਵਿਤੀ ਸੰਸਥਾਵਾਂ ਨੇ ਨਵੀਆਂ ਸ਼ਰਤਾਂ ਲਾਉਣੀਆਂ ਸ਼ੁਰੂ ਕਰ ਦਿਤੀਆਂ। ਅਮਰੀਕਾ ਤੇ ਯੂਰਪ ਦੇ ਦੇਸ਼ਾਂ ਨੇ ਸੋਚੀ-ਸਮਝੀ ਨੀਤੀ ਅਤੇ ਪ੍ਰੋਗਰਾਮ ਅਨੁਸਾਰ ਆਪਣੀਆਂ ਫ਼ੈਕਟਰੀਆਂ 'ਚ ਤਿਆਰ ਮਾਲ ਦੀ ਵਿਕਰੀ ਤੇ ਆਪਣੀ ਅਥਾਹ ਪੂੰਜੀ ਤੇ ਵਿਕਸਤ ਤਕਨੋਲੋਜੀ ਦੀ ਵਰਤੋਂ ਕਰਕੇ ਪਿਛੜੇ ਦੇਸ਼ ਦੀ ਧਰਤੀ ਦੇ ਕੁਦਰਤੀ ਮਾਲ ਖਜਾਨੇ, ਊਰਜਾ ਸਰੋਤਾਂ, ਪਾਣੀ ਜੰਗਲ-ਜ਼ਮੀਨ ਤੇ

ਸਸਤੀ ਮਜ਼ਦੂਰੀ ਤੇ ਕਬਜ਼ਾ ਕਰਨ ਲਈ ਉਦਾਰ ਆਰਥਕ ਨੀਤੀਆਂ ਨੂੰ ਲਾਗੂ ਕਰਨ ਵਾਲੀ ਨਿੱਜੀਕਰਨ ਤੇ ਬਜਾਰੀਕਰਨ 'ਤੇ ਅਧਾਰਤ ਵਿਸ਼ਵੀਕਰਨ ਦਾ ਖੁੱਲ੍ਹਾ ਅਰਥਚਾਰਾ ਲਾਗੂ ਕਰ ਦਿੱਤਾ। ਇਸ 'ਚ ਸਰਹੱਦ ਦੇ ਸਾਰੇ ਅੜਿਕੇ ਯਾਨੀ ਕਸਟਮ ਡਿਊਟੀ, ਸੀਮਾ ਟੈਕਸ ਆਦਿ ਹੌਲੀ-ਹੌਲੀ ਖਤਮ ਜਾਂ ਘੱਟ ਕਰ ਦਿੱਤੇ ਗਏ। ਸੰਨ 1991 'ਚ ਉਸ ਵੇਲੇ ਦੇ ਵਿੱਤ ਮੰਤਰੀ ਮਨਮੋਹਨ ਸਿੰਘ ਨੇ ਦੇਸ਼ ਨੂੰ ਆਰਥਕ ਸੰਕਟ ਤੋਂ ਉਭਾਰਨ ਲਈ ਉਦਾਰੀਕਰਨ-ਨਿੱਜੀਕਰਨ ਤੇ ਵਿਸ਼ਵੀਕਰਨ ਦੀਆਂ ਨੀਤੀਆਂ ਨੂੰ ਰਵਾਇਤੀ ਤੌਰ 'ਤੇ ਲਾਗੂ ਕਰ ਦਿੱਤਾ। ਸੰਨ 1984 'ਚ ਵਿਸ਼ਵ ਵਪਾਰ ਸੰਸਥਾ (WTO) ਦਾ ਗਠਨ ਜਿਸ ਦਾ ਭਾਰਤ ਮੈਂਬਰ ਬਣ ਗਿਆ। ਉਦੋਂ ਤੋਂ ਇਸ ਦੀ ਸ਼ਰਤਾਂ ਮੰਨ ਕੇ ਦੇਸ਼ ਦਾ ਅਰਥਚਾਰੇ ਨੂੰ ਸਾਮਰਾਜੀਆਂ ਦੇ ਜਮਾਤੀ ਹਿੱਤਾਂ ਦੀ ਪੂਰਤੀ ਲਈ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਗਿਆ। ਹੁਣ ਦੇਸ਼ 'ਚ ਬਾਹਰੋਂ ਪੂੰਜੀ ਦੇ ਆਉਣ ਜਾਣ ਦੀ ਪੂਰੀ ਖੁੱਲੀ ਛੁਟੀ ਹੈ। ਪਾਬੰਦੀਆਂ ਤੋਂ ਮੁਕਤ ਅਜੇਹੀ ਖੁੱਲ੍ਹੀ ਅਰਥਵਿਵਸਥਾ 'ਚ ਅਥਾਹ ਪੂੰਜੀ ਤੇ ਤਕਨੋਲੋਜੀ ਦੇ ਨਾਲ ਬਹੁ ਕੌਮੀ ਕੰਪਨੀਆਂ ਤੇ ਸਨਅਤਕਾਰ ਅਥਾਹ ਮੁਨਾਫ਼ੇ ਕਮਾ ਰਹੇ ਹਨ। ਸਾਡੇ ਦੇਸ਼ 'ਚ ਸਰਕਾਰੀ ਸਹਿਯੋਗ ਨਾਲ ਕੁਦਰਤੀ ਖਣਿਜ ਦੌਲਤ ਦੇ ਰੂਪ 'ਚ ਕੱਚਾ ਮਾਲ, ਜ਼ਮੀਨ, ਊਰਜਾ ਦੇ ਸਰੋਤ ਕੌਡੀਆਂ ਦੇ ਭਾ ਮਿਲ ਰਹੇ ਹਨ। ਖੇਤੀ ਖੇਤਰ ਦੀ ਦੁਰਦਸ਼ਾ ਨਾਲ ਬੇਰੁਜ਼ਗਾਰਾਂ ਦੀ ਫ਼ੌਜ ਠੇਕਾ ਮਜ਼ਦੂਰ ਜਾਂ ਦਿਹਾੜੀਦਾਰ ਮਜ਼ਦੂਰ ਵਜੋਂ ਆਪਣੀ ਕਿਰਤ ਵੇਚਣ ਲਈ ਮਜ਼ਬੂਰ ਹਨ। ਇਹਨਾਂ ਸਹੂਲਤਾਂ ਬਦਲੇ ਹਾਕਮ ਪਾਰਟੀਆਂ ਦੇ ਰਾਜ ਨੇਤਾ ਤੇ ਨੌਕਰਸ਼ਾਹੀ ਵੀ ਮਾਲਾ-ਮਾਲ ਹੋ ਰਹੀ ਹੈ। ਇਸ ਤਰ੍ਹਾਂ ਦੇ ਸਨਅਤੀ ਵਿਕਾਸ ਨੂੰ ਕਿਹਾ ਜਾ ਰਿਹਾ ਹੈ ਕਿ "ਹੁਣ ਵਿਸ਼ਵੀਕਰਨ ਦੇ ਦੌਰ 'ਚ ਪੂਰੀ ਦੁਨੀਆਂ ਦੇ ਸਾਰੇ ਦੇਸ਼ ਇਕ ਦੂਜੇ 'ਤੇ ਨਿਰਭਰ ਹੋ ਗਏ। ਇਸ ਲਈ ਹੁਣ ਪਹਿਲਾਂ ਦੇ ਸਮੇਂ ਦੀ ਆਤਮਾ ਨਿਰਭਰਤਾ ਦੇ ਸਿਧਾਂਤਾ ਨੂੰ ਭੁੱਲ ਜਾਣਾ ਚਾਹੀਦਾ ਹੈ। ਦੇਸ਼ ਦੀ ਪ੍ਰਭੂਸੱਤਾ, ਦੀ ਗੱਲ ਨਾ ਕਰੋ, ਵਿਸ਼ਵੀਕਰਨ ਦੇ ਇਸ ਦੌਰ 'ਚ ਦੇਸ਼ ਦਾ ਕੋਈ ਮਹੱਤਵ ਨਹੀਂ ਰਿਹਾ। ਪਰ ਸੁਆਲ ਤਾਂ ਇਹ ਹੈ ਕਿ ਇਸ ਆਪਸੀ ਨਿਰਭਰ ਅਰਥਚਾਰੇ 'ਚ ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਦੀ ਆਤਮ ਨਿਰਭਰਤਾ ਕੈਸੀ ਹੈ? ਇਸ ਪ੍ਰਬੰਧ 'ਚ ਅਰਬਪਤੀ ਤੇ ਭੁੱਖ ਨਾਲ ਮਰਨ ਵਾਲਾ ਕੀ ਇਕ ਹੀ ਸਾਥ ਹਨ? ਕਿਉਂ ਏਨੀ ਹਜ਼ਾਰ ਗੁਣਾ ਫ਼ਰਕ ਹੈ? ਕੀ ਇਸ ਆਪਸੀ ਨਿਰਭਰ ਪ੍ਰਬੰਧ 'ਚ ਪੈਦਾਵਾਰੀ ਸ਼ਕਤੀਆਂ ਅਨੁਸਾਰ ਸਮਾਜਕ ਪ੍ਰਬੰਧ ਜਾਂ ਸਮਾਜਕ ਸਬੰਧ ਵੀ ਬਦਲ ਗਏ ਹਨ? ਸਾਮਰਾਜੀ ਵਿਸ਼ਵੀਕਰਨ ਦੇ ਇਸ ਦੌਰ 'ਚ ਪੂੰਜੀ ਦੀ ਤਾਕਤ ਨਾਲ ਨਿਜੀਕਰਨ ਤੇ ਬਜ਼ਾਰੀਕਰਨ ਦੇ ਪੂਰੇ ਸਮਾਜ ਤੇ ਭਾਰੂ ਹੋ ਗਿਆ ਹੈ। ਕਿਸੇ ਵੀ ਬੰਦੇ ਦੇ ਰੋਟੀ ਦੇ ਸਾਧਨ ਸਥਾਈ ਨਹੀਂ ਹਨ। ਵੱਡੀਆਂ-ਵੱਡੀਆਂ ਸਨਅਤਾਂ ਤੇ ਕੰਪਨੀਆਂ ਲੋਕਾਂ ਨੂੰ ਉਦੋਂ ਤਕ ਹੀ ਕੰਮ 'ਤੇ ਲਾਈ ਰਖਦੀਆਂ ਹਨ ਜਦ ਤਕ ਪ੍ਰੋਜੈਕਟ ਲਈ ਉਹਨਾਂ ਦੀ ਲੋੜ ਹੁੰਦੀ ਹੈ। ਮੈਨੇਜਰ ਤਕ ਠੇਕੇ ਉਪਰ ਰੱਖੇ ਜਾਣ ਲੱਗੇ ਹਨ ਅਤੇ ਕੰਮ ਮੁਕਦਿਆਂ ਹੀ ਹਟਾ ਦਿੱਤੇ ਜਾਂਦੇ ਹਨ ਤਾਂ ਮਜ਼ਦੂਰ ਦੀ ਕੀ ਔਕਾਤ? ਸਿਖਿਅਤ ਅਤੇ ਅਣਪੜ੍ਹ ਨੌਜਵਾਨਾਂ ਨੂੰ ਕੰਪਨੀਆਂ ਵਲੋਂ ਸਿਖਲਾਈ ਦੇ ਕੇ ਮਾਲ ਦੀ ਤਰ੍ਹਾਂ ਤਿਆਰ ਕੀਤਾ ਜਾਂਦਾ ਹੈ। ਉਹ ਰੋਟੀ ਰੋਜ਼ੀ ਲਈ ਇਕ ਕੰਪਨੀ ਤੋਂ ਦੂਜੀ ਕੰਪਨੀ ਦੇ ਹੱਥੋਂ ਜਿਣਸ ਬਣ ਕੇ ਵਿਕਦੇ ਰਹਿੰਦੇ ਹਨ। ਬੁਢਾਪੇ 'ਚ ਪੈਨਸ਼ਨ ਜਾਂ ਹੋਰ ਕਿਸੇ ਸਮਾਜਕ ਸੁਰਖਿਆ ਦੀ ਘਾਟ ਕਾਰਨ ਬਹੁਤੇ ਲੋਕ ਕਸ਼ਟ-ਮੁਸੀਬਤਾਂ ਨਾਲ ਭਰੀ ਜ਼ਿੰਦਗੀ ਜਿਉਂਦੇ ਹਨ।

ਇਸ ਨਿਜੀਕਰਨ ਦੀ ਬਾਜ਼ਾਰ ਵਿਵਸਥਾ ’ਚ ਖੇਤੀ ’ਤੇ ਕਬਜਾ ਕਰਕੇ ਕਿਸਾਨ ਜੰਗਲ ਤੇ ਕਬਜਾ ਕਰਕੇ ਆਦੀਵਾਸੀ, ਪ੍ਰੋਜੈਕਟਾਂ ਤੋਂ ਹਟਾਏ ਜਾਣ ਵਾਲੇ ਨੌਜਵਾਨ, ਮਜ਼ਦੂਰੀ ਦੇ ਕੰਮਾਂ ਤੋਂ ਕੱਢੇ ਜਾਣ ਵਾਲੇ ਮਜ਼ਦੂਰ, ਇਹ ਸਭ ਆਪਣੀ ਰੋਟੀ ਰੋਜ਼ੀ ਕਮਾਉਣ ਲਈ ਜਿਣਸ ਬਣ ਕੇ ਵਿਕ ਰਹੇ ਹਨ। ਵੈਸੇ ਵੀ ਕੁਦਰਤੀ ਦੌਲਤ, ਊਰਜਾ ਦੇ ਸਰੋਤ, ਖੇਤ ਸਭ ਬਾਜ਼ਾਰ ਵਸਤੂ ਬਣ ਵਿਕ ਰਹੇ ਹਨ। ਇਲਾਜ ਵੀ ਡਾਕਟਰਾਂ ਦੇ ਹੱਥੋਂ ਵਿਕ ਰਹੀ ਹੈ। ਅੱਜ ਨਿਜੀ ਜਾਇਦਾਦ ਇੱਕਠੀ ਕਰਨ ਦਾ ਅਧਿਕਾਰ ਕਾਰਪੋਰੇਟ ਜਗਤ ਨੂੰ ਹੀ ਰਹਿ ਗਿਆ ਹੈ। ਉਹਨਾਂ ਨੇ ਸਭ ਚੀਜ਼ਾਂ ਨੂੰ ਬਾਜ਼ਾਰਾਂ ਦਾ ਵਿਕਾਊ ਮਾਲ ਬਣਾ ਦਿੱਤਾ ਹੈ। ਨਿਜੀਕਰਨ ਦੇ ਪ੍ਰਬੰਧ ਨੇ ਉਹਨਾਂ ਨੂੰ ਪੈਦਾਵਾਰ ਤੇ ਖਰੀਦੋ-ਫਰੋਖਤ ਦੀ ਪੂਰੀ ਆਜ਼ਾਦੀ ਦੇ ਦਿਤੀ ਹੈ। ਵਿਸ਼ਵੀਕਰਨ, ਨਿੱਜੀਕਰਨ, ਵਪਾਰੀਕਰਨ, ਬਜ਼ਾਰੀਕਰਨ ਖੁੱਲੇ ਅਰਥਚਾਰੇ, ਉਦਾਰ ਆਰਥਕ ਨੀਤੀ ਆਦਿ ਨਾਲ ਕਾਰਪੋਰੇਟ ਜਗਤ ਤੇ ਬਹੁਕੌਮੀ ਕੰਪਨੀਆਂ ਨੂੰ ਫ਼ਾਇਦਾ ਹੋ ਰਿਹਾ ਹੈ। ਅੱਜ ਸਾਡੇ ਦੇਸ਼ ’ਚ ਭ੍ਰਿਸ਼ਟਾਚਾਰ, ਮਹਿੰਗਾਈ, ਕਿਸਾਨਾਂ ਦੀਆਂ ਜ਼ਮੀਨ ਹਥਿਆਉਣ, ਕੁਦਰਤੀ ਦੌਲਤ ਦੀ ਲੁੱਟ ਵਰਗੀਆਂ ਅਨੇਕਾਂ ਸਮਸਿਆਵਾਂ ਹਨ। ਇਸ ਦੇ ਲਈ ਮੁੱਖ ਤੌਰ ’ਤੇ ਜ਼ੁੰਮੇਵਾਰ ਯੂ.ਪੀ.ਏ ਤੇ ਐਨ.ਡੀ.ਏ ਵਰਗੀਆਂ ਹਾਕਮ ਜਮਾਤ ਦੀਆਂ ਪਾਰਟੀਆਂ ਹਨ। ਜਿੰਨਾਂ ਨੇ ਅਜਿਹੀਆਂ ਨੀਤੀਆਂ ਲਾਗੂ ਕੀਤੀਆਂ ਜਿਸ ਦੇ ਸਿੱਟੇ ਵਜੋਂ ਇਹ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਦੇਸ਼ ’ਚ ਭਿਅੰਕਰ ਗ਼ਰੀਬੀ, ਬੇਰੁਜ਼ਗਾਰੀ ਭੁਖਮਰੀ, ਨਾ-ਬਰਾਬਰੀ, ਲੁਟ-ਘਸੁਟ, ਅਰਾਜਕਤਾ ਨਿਰੰਤਰ ਵਧ ਰਹੀ ਹੈ। ਸੰਨ 1991 ’ਚ ਸਾਮਰਾਜੀ ਵਿਸ਼ਵੀਕਰਨ ਦੀਆਂ ਨਵ-ਉਦਾਰਵਾਦੀ ਨੀਤੀਆਂ ਨੂੰ ਲਾਗੂ ਕੀਤੇ ਜਾਣ ਪਿਛੋਂ ਪਿਛੇ 20-22 ਸਾਲਾਂ ’ਚ ਸਮਸਿਆਵਾਂ ਜ਼ਿਆਦਾ ਤੇਜ਼ੀ ਨਾਲ ਕਿਉਂ ਵਧੀਆਂ ਹਨ? ਕੀ ਇਹਨਾਂ ਨਾਲ ਦੇਸ਼ ’ਚ ਕੋਈ ਆਰਥਕ, ਸਮਾਜਕ ਜਾਂ ਰਾਜਸੀ ਫ਼ਰਕ ਪਿਆ ਹੈ? ਬਹਿਸ ਮੁੱਖ ਤੌਰ ’ਤੇ ਇਹਨਾਂ ਮੌਲਿਕ ਮੁਦਿਆਂ ’ਤੇ ਹੋਣੀ ਚਾਹੀਦੀ ਹੈ। ਸਮਸਿਆਂ ਦੀ ਜੜ੍ਹ ਫੜਨੀ ਪੈਣੀ ਹੈ। ਕੌਮਨ ਵੈਲਥ ਖੇਡਾਂ ਤੋਂ ਲੈ ਕੇ 2-ਜੀ ਘਪਲੇ ਤਕ ਕਈ ਘੋਟਾਲੇ ਹੋਏ ਹਨ। ਕਾਂਗਰਸ ਤੇ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਮੌਕੇ ਘਟਾਲੇ ਇਕੋ ਜਿਹੇ ਹੀ ਹੋਏ ਹਨ। ਹਰ ਸੂਬੇ ’ਚ ਪ੍ਰਸ਼ਾਸਨ ਭ੍ਰਿਸ਼ਟਾਚਾਰ ਦਾ ਅੱਡਾ ਬਣ ਕੇ ਰਹਿ ਗਿਆ ਹੈ। ਮਧੂ ਕੌਡਾ ਤੋਂ ਲੈ ਕੇ ਯੈਦੂਰੱਪਾ ਤਕ ਇਸ ਦੀ ਮਿਸਾਲ ਹਨ। ਨੇਤਾ ਤੇ ਅਫ਼ਸਰ ਭ੍ਰਿਸ਼ਟਾਚਾਰ ਨਾਲ ਦੇਸ਼ ਦੇ ਅਰਥਚਾਰੇ ਨੂੰ ਖੋਖਲਾ ਕਰ ਰਹੇ ਹਨ ਤੇ ਨਿਜੀ ਘਰਾਣਿਆਂ ਨੂੰ ਫ਼ਾਇਦਾ ਪਹੁੰਚਾ ਰਹੇ ਹਨ।

ਦੂਜੇ ਪਾਸੇ ਵਿਕਾਸ ਦੇ ਬਹਾਨੇ ਕਿਸਾਨਾਂ ਤੋਂ ਜ਼ਬਰੀ ਜ਼ਮੀਨ ਖੋਹ ਕੇ ਜਿਸ ਤਰ੍ਹਾਂ ਖੇਤੀ ਨੂੰ ਬੁਰੀ ਤਰ੍ਹਾਂ ਵਿਗਾੜਿਆ ਜਾ ਰਿਹਾ ਹੈ, ਜਿਸ ਪ੍ਰਕਾਰ ਜੰਗਲਾਂ ਨੂੰ ਨਸ਼ਟ ਕਰਕੇ ਆਦੀਵਾਸੀਆਂ ਨੂੰ ਉਜਾੜ ਕੇ ਉਥੋਂ ਦੀ ਕੁਦਰਤੀ ਖਣਿਜ ਦੌਲਤ ਨੂੰ ਕਾਰਪੋਰੇਟ ਜਗਤ ਨੂੰ ਲੁਟਾਇਆ ਜਾ ਰਿਹਾ ਹੈ। ਕੀ ਇਹ ਸਭ ਅਮਲ ਭ੍ਰਿਸ਼ਟਾਚਾਰ ਨਹੀਂ? ਆਪਣੀ ਰੋਟੀ ਰੋਜ਼ੀ ਦੇ ਅਧਾਰ ਖੇਤੀ ਭੂਮੀ ਨੂੰ ਬਚਾਉਣ ਲਈ ਸੰਘਰਸਸ਼ੀਲ ਭੱਠਾ ਪ੍ਰਸੋਲ ਤੋਂ ਲੈ ਕੇ ਮੇਰਠ, ਆਗਰਾ, ਅਲੀਗੜ੍ਹ, ਹਾਥਰਸ ਤਕ ਤੇ ਉੜੀਸਾ ਦੇ ਕਲਿੰਗਾਨਗਰ ਪਾਸਕੋ, ਬੰਗਾਲ, ਦੀ ਸਿੰਗੂਰ, ਨੰਦੀਗ੍ਰਾਮ, ਮਹਾਂਰਾਸ਼ਟਰ ਦੇ ਜੈਤਾਪੁਰ ਤੋਂ ਲੈ ਕੇ ਸਤੀਸ਼ਗੜ੍ਹ ਮੱਧ ਪ੍ਰਦੇਸ਼ ਤਕ ਪੂਰੇ ਦੇਸ਼ ਦੇ ਕਿਸਾਨਾਂ ਤੇ ਆਦੀਵਾਸੀਆਂ ਤੇ ਲਾਠੀਆਂ ਗੋਲੀਆਂ ਨਾਲ ਜ਼ੁਲਮ ਹੋ ਰਿਹਾ ਹੈ। ਕਿਉਂ? ‘ਅਪਰੇਸ਼ਨ ਗ੍ਰੀਨ ਹੰਟ’ ਰਾਹੀਂ ਘਰੇਲੂ ਜੰਗ ਵਰਗੀ

ਹਾਲਤ ਕਿਉਂ ਪੈਦਾ ਕੀਤੀ ਜਾ ਰਹੀ ਹੈ? ਕੀ ਵਿਸ਼ਵੀਕਰਨ ਇਸ ਲਈ ਲਾਗੂ ਕੀਤਾ ਗਿਆ ਸੀ ਕਿ ਸਰਕਾਰ ਲੋਕ ਭਲਾਈ ਦੀ ਯੋਜਨਾਵਾਂ ਨੂੰ ਖਤਮ ਕਰਕੇ ਪਰ ਉਥੇ ਸਰਕਾਰ ਦੀ ਮਦਦ ਨਾਲ ਬਹੁਕੌਮੀ ਨਿਗਮਾ ਤੇ ਸਨਅਤੀ ਘਰਾਣਿਆਂ ਨੂੰ ਕਾਰਖਾਨੇ ਉਸਾਰਨ ਲਈ ਅੰਨ ਪੈਦਾ ਕਰਨ ਵਾਲੀਆਂ ਜ਼ਮੀਨਾਂ ਦੇ ਕੱਚੇ ਮਾਲ ਲਈ ਕੁਦਰਤੀ ਖਣਿਜ ਦੌਲਤ ਅਤੇ ਕੰਮ ਕਰਨ ਲਈ ਸਸਤੇ ਮਜ਼ਦੂਰ ਮੁਹੱਈਆ ਕਰਵਾਏ ਜਾਣ? ਸਨਅਤਕਾਰਾਂ ਲਈ ਵਿਸ਼ੇਸ਼ ਆਰਥਕ ਖੇਤਰਾਂ ਦੀ ਸੇਜ ਸਜਾ ਕੇ ਸਭ ਤਰ੍ਹਾਂ ਦੇ ਟੈਕਸਾਂ ਤੋਂ ਰਿਆਇਤ ਤੇ ਕਿਰਤ ਕਾਨੂੰਨਾਂ ਤੋਂ ਛੋਟ ਕਿਸ ਦੇ ਹਿੱਤ ਵਿਚ ਹੈ? ਇਸ ਲੁਟ ਦਾ ਵਿਰੋਧ ਕਰਨ ਵਾਲਿਆਂ ਨੂੰ ਬੇਰਹਿਮੀ ਨਾਲ ਕੁਚਲਿਆ ਜਾਵੇ ਅਤੇ ਉਹਨਾਂ ਨੂੰ ਦੇਸ਼-ਧ੍ਰੋਹੀ ਤੇ ਵਿਕਾਸ ਦਾ ਦੁਸ਼ਮਣ ਦਸਿਆ ਜਾਵੇ। ਅਜੇਹੇ ਸਭ ਕੰਮ ਕਿਸੇ ਸੋਚੀ ਸਮਝੀ ਠੋਸ ਕਾਰਜ ਨੀਤੀ ਬਗੈਰ ਸੰਭਵ ਨਹੀਂ ਹੋ ਸਕਦੇ ਤਾਂ ਫਿਰ ਉਹ ਕਿਹੜੀਆਂ ਨੀਤੀਆਂ ਹਨ ਤੇ ਇਹਨਾਂ ਨੀਤੀਆਂ ਨੂੰ ਕਿਸ ਜਮਾਤ ਦੇ ਹਿੱਤ ਵਿਚ ਲਾਗੂ ਕੀਤਾ ਜਾ ਰਿਹਾ ਹੈ? ਅੱਜ ਦੀ ਸੰਸਾਰੀਕਰਨ ਦੀ ਵਿਵਸਥਾ 'ਚ ਇਹਨਾਂ ਸੁਆਲਾਂ ਦਾ ਜੁਆਬ ਮਿਲਣਾ ਲਾਜ਼ਮੀ ਹੈ।

# ਮਿੰਨੀ ਕਹਾਣੀ / ਚੌਂਕਸੀ ਠਾਣੇਦਾਰ ਦੀ

"ਕਈ ਜੱਜ ਵੀ ਬੜੇ ਅਜੀਬ ਹੁੰਦੇ ਐ ਯਾਰ! ਜੇ ਪੁਲਸ ਰਿਮਾਂਡ ਦੇ ਦਿੰਦਾ ਸਾਡੀਆਂ ਤਾਂ ਪੰਜੇ ਉਗਲਾਂ ਘਿਉ 'ਚ ਹੋ ਜਾਂਦੀਆਂ ਜਦੋਂ ਪਟਾ ਚਾੜਦੇ, ਜੇ ਬਹੁਤਾ ਨਹੀਂ ਤਾਂ ਵੀਹ-ਤੀਹ ਹਜ਼ਾਰ ਤਾਂ ਵੱਟ 'ਤੇ ਜ਼ਰੂਰ ਹੱਥ ਲੱਗਦਾ। ਬਦਨਾਮੀ ਤੋਂ ਤਾਂ ਹਰ ਕੋਈ ਡਰਦੈ। ਖੈਰ, ਸਾਅਮੀ ਵੀ ਤਾਂ ਕਿਹੜੀ ਘੱਟ ਮੋਟੀ ਸੀ। ਜਨ ਸਿਹਤ ਮਹਿਕਮੇ ਦਾ ਉਚ ਅਫਸਰ ਹੋਣਾ ਕੋਈ ਮਾਮੂਲੀ ਗੱਲ ਤਾਂ ਨੀ, ਉਪਰਲੀ ਕਮਾਈ ਲੋਹੜੇ ਦੀ ਹੁੰਦੀ ਹੈ। ਜੇ ਪੁਲਸ ਰਿਮਾਂਡ 'ਚ ਸਾਡੇ ਕੋਲ ਦੋ-ਚਾਰ ਦਿਨ ਵੀ ਰਹਿ ਜਾਂਦਾ .. ..। ਐਵੇਂ ਜੱਜ ਪਤੰਦਰ ਨੇ ਬਣੀ ਬਣਾਈ ਖੀਰ ਡੋਹਲ ਤੀ। ਹੋਇਆ ਨਾ ਉਹੀ ਖੇਡਾਂ ਨਾ ਖੇਡਣ ਦੇਵਾਂ" ਹਜ਼ਾਰਾਂ ਰੁਪਏ ਰਿਸ਼ਵਤ ਲੈਂਦਿਆਂ ਇਕ ਅਦਾਲ 'ਚ ਪੇਸ਼ ਕਰਕੇ ਆਇਆ ਚੌਂਕਸੀ ਠਾਣੇਦਾਰ ਮੱਘਰ ਸਿਉਂ ਆਪਣੇ ਰੀਡਰ ਨਾਲ ਬੈਠਾ ਪੈਗ ਵੀ ਲਾਈ ਜਾ ਰਿਹਾ ਸੀ ਤੇ ਅਫਸੋਸ ਵੀ ਜ਼ਾਹਿਰ ਕਰੀ ਜਾ ਰਿਹਾ ਸੀ ਜਿਵੇਂ ਕੁੜੀ ਦੱਬ ਕੇ ਆਇਆ ਹੋਵੇ।

"ਮੈਂ ਤਾਂ ਬਥੇਰੇ ਚਿਰ ਦਾ ਉਸ ਨੂੰ ਸਮਝਾਉਂਦੀ ਸੀ ਐਵੇਂ ਮਹਿਕਮੇ ਨਾਲ ਵੈਰ ਨਹੀਂ ਪਾਈਦਾ, ਕੁਝ ਨਾ ਕੁਝ ਹਰ ਮਹੀਨੇ ਸਾਨੂੰ ਵੀ ਹੱਥ ਝਾੜਦਾ ਰਹਿੰਦਾ, ਨਾ ਆਪ ਔਖਾ ਹੁੰਦਾ, ਨਾ ਸਾਨੂੰ ਔਖੇ ਕਰਦਾ। ਐਵੇਂ ਤਾਂ ਨਹੀਂ ਸਿਆਣੇ ਆਖਦੇ- ਵੰਡ ਖਾਊ ਖੰਡ ਖਾਊ, ਕੱਲਾ ਖਾਊ ਜ਼ਹਿਰ ਖਾਊ। ਨਾਲ ਸਾਹਿਬ ਥੋਡੀ ਕੋਠੀ ਦੀ ਮੁਰੰਮਤ ਵੀ ਕਰਵਾ ਲੈਂਦੇ। ਸਾਡੇ ਨਾਲ ਸੂਤ ਰਹਿੰਦਾ ਤਾਂ ਜੇਹਲ ਦਾ ਮੂੰਹ ਤਾਂ ਘੱਟੋ-ਘੱਟ ਨਾ ਵੇਖਦਾ" ਥਾਣੇਦਾਰ ਦੀ ਗੱਲ 'ਤੇ ਮੋਹਰ ਲਾਉਂਦਿਆਂ ਤੇ ਪਟਿਆਲਾ ਸ਼ਾਹੀ ਪੈਗ ਮਾਰਦਿਆਂ ਰੀਡਰ ਵੀ ਆਪ ਮੁਹਾਰੇ ਹੀ ਸਾਰੀ ਗੱਲ ਕਹਿ ਗਿਆ। "ਅਜੇ ਕੀ ਹੋਇਆ? ਫਾਇਲ ਤਾਂ ਆਪਾਂ ਹੀ ਤਿਆਰ ਕਰਨੀ ਹੈ। ਕੇਸ ਅਜਿਹੀਆਂ ਮੇਖਾਂ ਲਾ ਕੇ ਬਣਾਵਾਂਗੇ ਕਿ ਯਾਦ ਰੱਖੂ। ਚੋਰ ਮੋਰ ਵੀ ਜਿਹੜੀ ਰਖਾਂਗੇ, ਛੇਤੀ ਕੀਤੇ ਤਾਂ ਦਿੱਸਣੀ ਨਹੀਂ। ਆਪੇ ਤਰੀਕਾਂ ਭੁਗਤਦਾ ਪੋਲਾ ਹੋਜੂ, ਅਸੀਂ ਕਿਹੜਾ ਕੱਚੀਆਂ ਗੋਲੀਆਂ ਖੇਡੇ ਹਾਂ? ਜੇ ਪੁੱਤ ਮੇਰੇ ਨੂੰ ਤੱਕਲੇ ਵਾਗੂੰ ਸਿੱਧਾ ਨਾ ਕਰ ਤਾਂ ਮੈਨੂੰ ਕੌਣ ਆਖੂ ਝੋਟੇ ਕੁੱਟ। ਆਪਾਂ ਤਾਂ ਅੱਜ ਤਾਈਂ ਝੋਟੇ ਹੀ ਚੋਏ ਹਨ" ਥਾਣੇਦਾਰ ਨੇ ਦੂਜਾ ਪੈਗ ਗਲੇ ਹੇਠ ਉਤਾਰਦਿਆਂ ਬੜ੍ਹਕ ਮਾਰੀ। "ਆਹੋ ਜੀ ਪਾਣੀ ਤਾਂ ਪੁਲਾਂ ਹੇਠੋਂ ਹੀ ਲੰਘਣਾ ਹੈ। ਆਖਰਕਰ ਦਰਿਆ 'ਚ ਰਹਿ ਕੇ ਮਗਰਮੱਛਾਂ ਨਾਲ ਵੈਰ, ਗੱਡੀ ਇਸ ਤਰ੍ਹਾਂ ਕਿੰਨੀ ਕੁ ਦੇਰ ਚਲੂ। ਜੇ ਹੋਰ ਨਾ ਸਰਿਆ ਤਾਂ ਉਸ ਦਾ ਵਕੀਲ ਪਟ ਲਾਂਗੇ। ਕੁਝ ਨਾ ਕੁਝ ਜਦੋਂ ਸਾਥੋਂ ਕੇਸ ਅੰਦਰਲੀ ਚੋਰ ਮੋਰੀ ਪੁੱਛਣ ਆਇਆ।" ਰੀਡਰ ਆਪਣੇ ਮਹਿਕਮਾਨਾ ਤਜਰਬੇ ਦੇ ਵਿਸਵਾਸ਼ ਨਾਲ ਬੋਲਿਆ। "ਥੋਨੂੰ ਜਨਾਬ ਵੱਡੇ ਸਾਹਿਬ ਨੇ ਯਾਦ ਕੀਤੈ। ਕਹਿੰਦੇ ਹਨ ਭ੍ਰਿਸ਼ਟਾਚਾਰ ਵਿਰੋਧੀ ਜਿਹੜਾ ਹਫਤਾ ਕੱਲ੍ਹ ਸ਼ੁਰੂ ਹੋਣਾ ਹੈ, ਉਸ ਦੀ ਤਿਆਰੀ ਵਾਲੀ ਫਾਈਲ ਲੈ ਕੇ ਆਉਣ ਅੱਜ ਕੋਠੀ ਸ਼ਾਮ ਨੂੰ" ਮਹਿਕਮੇ ਦੇ ਅਰਦਲੀ ਗੋਪੀ ਚੰਦ ਨੇ ਕੰਨ 'ਚ ਆ ਫੂਕ ਮਾਰੀ। "ਪਤਾ ਨਹੀਂ ਸਾਡੇ ਸ਼ਾਬ ਨੂੰ ਕੀ ਹੋਇਆ ਪਿਆ ਹੈ? ਅੱਜ ਕੱਲ੍ਹ ਅਜੇ ਪਰਸੋਂ ਹੀ ਤਾਂ ਉਹਨਾਂ ਡਿਫਾਲਟਰਾਂ ਦੀ ਲਿਸਟ ਦਿੱਤੀ ਸੀ ਜਿਹੜੇ ਮਹੀਨਾ ਨਹੀਂ ਭਰਦੇ। ਸਾਡੇ ਹੱਕ ਮਾਰਦੇ ਐ। ਹੋਰ ਪਤਾ ਨਹੀਂ ਕੀਹਨੂੰ-ਕੀਹਨੂੰ ਦੱਸਣੈ ਸਾਹਿਬ ਨੇ ਭ੍ਰਿਸ਼ਟਾਚਾਰ ਵਿਰੋਧੀ ਹਫ਼ਤੇ ਬਾਰੇ?" ਇਹੋ ਜਿਹੀ ਹੋਰ ਕਿੰਨੀ ਹੀ ਬੁੜਬੁੜ ਕਰਦਾ ਉਹ ਰੀਡਰ ਨੂੰ ਫਾਇਲ ਸਮੇਤ ਸਕੂਟਰ 'ਤੇ ਲੈ ਕੇ ਸਾਹਿਬ ਦੀ ਕੋਠੀ ਵੱਲ ਰਵਾਨਾ ਹੋ ਗਿਆ।

✪✪✪